**Golden State Realty** JASSI GILL Broker/Owner



Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

**Harmit S Toor** Bay East Brokers, Inc. BEB BAY EAST BROKERS



Help you Buy, Sell & Loans:
- Residential & Commercial Property
- Business Opportunity

'2021 Platinum Award in recognition of outstanding achievement in Residential and/or Commercial Sales/Listing'

Broker - MLO
BRE Lic.# 01462579
NMLS ID 358820
Broker Corp Lic: 02007516

Ph: 925-202-7027
HDtoor@gmail.com, WWW.BayEastBrokers.Com

COVERED CALIFORNIA | Certified Insurance Agent | Global Green INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann

Mann Insurance Brokers Inc.
4123 Dyer St., #230, Union City, CA 94587



Twenty-Fourth Year of Publication | ਮਿਡਵੈਸਟ ਐਡੀਸ਼ਨ | Price 50¢ | Email:punjabtimes1@gmail.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ | www.punjabtimesusa.com


# ਪੰਜਾਬ ਟਾਈਮਜ਼


Punjab Times, Vol 24, Issue 31; August 5, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਖਾਲਿਸਤਾਨ ਪੱਖੀਆਂ 'ਤੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ:** ਕੇਂਦਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਵਿਦੇਸ਼ਾਂ ਵਿਚ ਸਰਗਰਮ ਖਾਲਿਸਤਾਨੀਆਂ ਅਤੇ ਉਨ੍ਹਾਂ ਦੇ ਪੰਜਾਬ ਰਹਿੰਦੇ ਪਰਿਵਾਰਾਂ ਉਤੇ ਮੁੜ ਸ਼ਿਕੰਜਾ ਕੱਸਿਆ ਹੈ। ਏਜੰਸੀ ਨੇ ਪੰਜਾਬ ਤੇ ਹਰਿਆਣਾ ਵਿਚ 31 ਟਿਕਾਣਿਆਂ ਉਤੇ ਛਾਪੇ ਮਾਰੇ ਹਨ। ਇਸ ਦੌਰਾਨ ਕੇਂਦਰੀ ਜਾਂਚ ਏਜੰਸੀ ਵੱਲੋਂ ਮਨੁੱਖੀ ਭਲਾਈ ਲਈ ਕੰਮ ਕਰਦੀ ਖਾਲਸਾ ਏਡ ਦੇ ਭਾਰਤ ਵਿਚ ਮੁਖੀ ਅਮਰਪ੍ਰੀਤ ਸਿੰਘ ਦੇ ਪਟਿਆਲਾ ਸਥਿਤ ਘਰ ਅਤੇ ਰਿਸ਼ੀ ਕਲੋਨੀ ਸਥਿਤ ਦਫਤਰ ਤੇ ਸਟੋਰ ਵਿਚ ਵੀ ਛਾਪੇ ਮਾਰੇ। ਯਾਦ ਰਹੇ ਕਿ ਕਿਸਾਨ ਅੰਦੋਲਨ ਦੌਰਾਨ ਵੀ ਏਜੰਸੀ ਨੇ ਇਸ ਸੰਸਥਾ ਉਤੇ ਵਿਦੇਸ਼ੀ ਫੰਡਿੰਗ ਬਹਾਨੇ ਸ਼ਿਕੰਜਾ ਕੱਸਿਆ ਸੀ।

ਕੌਮੀ ਜਾਂਚ ਏਜੰਸੀ ਨੇ ਪਿੰਡ ਸਰਾਵਾਂ ਬੋਦਲਾ ਦੀ ਢਾਣੀ 'ਚ ਵਸਦੇ ਕਿਸਾਨ ਪਰਿਵਾਰ ਸਤਨਾਮ ਸਿੰਘ ਦੇ ਘਰ ਦਸਤਕ ਦਿੱਤੀ। ਆਈ.ਐਨ.ਏ. ਦੀ ਤਿੰਨ ਮੈਂਬਰੀ ਟੀਮ ਇੱਥੇ ਤਕਰੀਬਨ ਸਵੇਰੇ ਸਾਢੇ ਛੇ ਵਜੇ ਪੁੱਜੀ ਅਤੇ ਲਗਭਗ ਢਾਈ ਘੰਟੇ ਤੱਕ ਪੜਤਾਲ ਕੀਤੀ। ਦੱਸਿਆ ਜਾ ਰਿਹਾ ਹੈ ਕਿ ਸਤਨਾਮ ਸਿੰਘ ਦਾ ਭਰਾ ਇੰਗਲੈਂਡ ਰਹਿੰਦਾ ਹੈ। ਆਈ.ਐਨ.ਆਈ. ਉਸ ਦੇ ਨਾਲ ਫੋਨ 'ਤੇ ਪਰਿਵਾਰਕ ਮੈਂਬਰਾਂ ਦੀ ਹੋਈ ਗੱਲਬਾਤ ਦੀ ਜਾਂਚ ਪੜਤਾਲ ਲਈ ਪੁੱਜੀ। ਏਜੰਸੀ ਪਿੱਛੇ ਜਿਹੇ ਇੰਗਲੈਂਡ 'ਚ ਭਾਰਤੀ ਸਫ਼ਾਰਤੀਖਾਨੇ ਮੂਹਰੇ ਵਿਰੋਧ ਪ੍ਰਦਰਸ਼ਨ ਮਾਮਲੇ 'ਚ ਪੜਤਾਲੀ ਕਰ ਰਹੀ ਹੈ। ਪਤਾ ਲੱਗਿਆ ਹੈ ਕਿ ਆਈ.ਐਨ.ਆਈ. ਅਧਿਕਾਰੀ ਜਾਂਦੇ ਹੋਏ ਪਰਿਵਾਰ ਦਾ ਮੋਬਾਈਲ ਫੋਨ ਆਗਾਮੀ ਜਾਂਚ ਲਈ ਨਾਲ ਲੈ ਗਏ।



### ਗੈਂਗਸਟਰ ਸਚਿਨ ਬਿਸ਼ਨੋਈ ਨੂੰ ਭਾਰਤ ਲਿਆਂਦਾ

**ਨਵੀਂ ਦਿੱਲੀ:** ਗਾਇਕ ਸਿੱਧੂ ਮੂਸੇਵਾਲਾ ਕੇਸ ਦੇ ਮੁਲਜ਼ਮਾਂ ਵਿਚੋਂ ਇਕ ਗੈਂਗਸਟਰ ਸਚਿਨ ਬਿਸ਼ਨੋਈ ਨੂੰ ਭਾਰਤ ਲਿਆਂਦਾ ਗਿਆ ਹੈ। ਸਚਿਨ ਗੈਂਗਸਟਰ ਲਾਰੇਂਸ ਬਿਸ਼ਨੋਈ ਦਾ ਭਤੀਜਾ ਹੈ। ਦਿੱਲੀ ਪੁਲਿਸ ਦੀ ਟੀਮ ਅਜ਼ਰਬਾਈਜਾਨ ਤੋਂ ਉਸ ਨੂੰ ਭਾਰਤ ਲਿਆਈ ਹੈ। ਉਹ ਪਿਛਲੇ ਸਾਲ ਮਈ 'ਚ ਮੂਸੇਵਾਲਾ ਦੇ ਕਤਲ ਤੋਂ ਬਾਅਦ ਫਰਜ਼ੀ ਪਾਸਪੋਰਟ ਰਾਹੀਂ ਫਰਾਰ ਹੋ ਗਿਆ ਸੀ। ਸਚਿਨ ਨੂੰ ਹਾਲ ਹੀ ਵਿਚ ਅਜ਼ਰਬਾਈਜਾਨ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਹ ਭਾਰਤ ਵਿਚ ਰਹਿੰਦਿਆਂ ਕਈ ਅਪਰਾਧਿਕ ਘਟਨਾਵਾਂ ਵਿਚ ਸ਼ਾਮਲ ਸੀ। ਉਸ ਨੇ ਸਿੱਧੂ ਮੂਸੇਵਾਲਾ ਨੂੰ ਕਤਲ ਕਰਵਾਉਣ ਦੀ ਯੋਜਨਾ ਬਣਾਈ ਸੀ।

ਉਧਰ, ਕੌਮੀ ਜਾਂਚ ਏਜੰਸੀ ਨੇ ਵਿਦੇਸ਼ਾਂ 'ਚ ਰਹਿੰਦੇ ਗੈਂਗਸਟਰ-ਖਾਲਿਸਤਾਨੀਆਂ ਉਤੇ ਸ਼ਿਕੰਜਾ ਦੱਸਦਿਆਂ ਕੈਨੇਡਾ ਅਤੇ ਪਾਕਿਸਤਾਨ ਵਿਚ ਰਹਿ ਰਹੇ 6 ਲੋਕਾਂ ਨੂੰ ਭਗੌੜਾ ਐਲਾਨ ਦਿੱਤਾ ਹੈ। ਇਨ੍ਹਾਂ ਵਿਚ ਕੈਨੇਡਾ ਵਾਸੀ ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ, ਰਮਨਦੀਪ ਸਿੰਘ ਉਰਫ ਰਮਨ ਜੱਜ, ਲਖਬੀਰ ਸਿੰਘ ਸੰਧੂ ਉਰਫ ਲੰਡਾ ਸ਼ਾਮਲ ਹਨ। ਇਸ ਦੇ ਨਾਲ ਹੀ ਪਾਕਿਸਤਾਨ ਸਥਿਤ ਹਰਵਿੰਦਰ ਸਿੰਘ ਸੰਧੂ ਉਰਫ ਰਿੰਦਾ, ਲਖਬੀਰ ਸਿੰਘ ਰੋਡੇ ਅਤੇ ਵਧਾਵਾ ਸਿੰਘ ਬੱਬਰ ਵੀ ਮੁੱਖ ਤੌਰ ਉਤੇ ਸ਼ਾਮਲ ਹਨ। ਐਨ.ਆਈ.ਏ. ਨੇ 22 ਜੁਲਾਈ 2023 ਨੂੰ ਡੱਲਾ, ਲੰਡਾ ਅਤੇ ਰਿੰਦਾ ਸਮੇਤ 9 ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖਲ ਕੀਤੀ ਸੀ। ਇਹ ਪਾਬੰਦੀਸ਼ੁਦਾ ਖਾਲਿਸਤਾਨ ਪੱਖੀ ਸੰਗਠਨਾਂ ਜਿਵੇਂ ਖਾਲਿਸਤਾਨ ਲਿਬਰੇਸ਼ਨ ਫੋਰਸ, ਬੱਬਰ ਖਾਲਸਾ ਇੰਟਰਨੈਸ਼ਨਲ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਆਦਿ ਦੇ ਮੁਖੀਆਂ/ਮੈਂਬਰਾਂ ਦੀਆਂ ਕਥਿਤ ਭਾਰਤ ਵਿਰੋਧੀ ਗਤੀਵਿਧੀਆਂ ਨਾਲ ਸਬੰਧਿਤ ਹਨ।

ਚੇਤੇ ਰਹੇ ਕਿ ਕਿਸਾਨ ਅੰਦੋਲਨ ਤੋਂ ਲੈ ਕੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਬਹਾਨੇ ਭਾਰਤ ਵਿਚ ਸਿੱਖ ਨੌਜਵਾਨਾਂ ਦੀ ਫੜ-ਫੜਾਈ ਲਈ ਛੇੜੀ ਮੁਹਿੰਮ ਦਾ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੇ ਡਟ ਕੇ ਵਿਰੋਧ ਕੀਤਾ ਸੀ। ਇਸ ਦੌਰਾਨ ਕੈਨੇਡਾ, ਅਮਰੀਕਾ, ਇੰਗਲੈਂਡ ਸਥਿਤ ਭਾਰਤੀ ਦੂਤਘਰਾਂ ਅੱਗੇ ਪ੍ਰਦਰਸ਼ਨ ਕੀਤੇ ਗਏ ਸਨ। ਇਨ੍ਹਾਂ ਪ੍ਰਦਰਸ਼ਨਾਂ ਵਿਚ ਹੋਏ ਇਕੱਠ ਤੇ ਏਕੇ ਨੇ ਭਾਰਤੀ ਏਜੰਸੀਆਂ ਨੂੰ ਵੀ ਸੋਚੀਂ ਪਾ ਦਿੱਤਾ ਸੀ। ਜਿਸ ਪਿੱਛੋਂ ਭਾਰਤ ਦਾ ਖ਼ੁਫ਼ੀਆ ਤੰਤਰ ਇਸ ਦਾ ਤੋੜ ਲੱਭਣ ਵਿਚ


*(ਬਾਕੀ ਸਫਾ 6 'ਤੇ)*


## ਹੁਣ ਹਰਿਆਣਾ 'ਚ ਹਿੰਸਾ

**ਗੁਰੂਗ੍ਰਾਮ:** ਮਨੀਪੁਰ ਤੋਂ ਬਾਅਦ ਇਕ ਹੋਰ ਭਾਜਪਾ ਸੱਤਾ ਵਾਲੇ ਸੂਬੇ ਵਿਚ ਫਿਰਕੂ ਹਿੰਸਾ ਭੜਕ ਗਈ ਹੈ। ਹਰਿਆਣਾ ਦੇ ਨੂਹ ਵਿਚ ਧਾਰਮਿਕ ਯਾਤਰਾ ਦੌਰਾਨ ਦੋ ਫਿਰਕਿਆਂ ਵਿਚ ਹੋਈ ਹਿੰਸਕ ਝੜਪ ਦੌਰਾਨ ਹੋਮਗਾਰਡ ਦੇ ਦੋ ਜਵਾਨਾਂ ਸਣੇ 5 ਲੋਕਾਂ ਦੀ ਮੌਤ ਹੋ ਗਈ, ਜਦਕਿ ਦਰਜਨਾਂ ਪੁਲਿਸ ਕਰਮੀ ਜ਼ਖ਼ਮੀ ਹੋ ਗਏ।

ਨੂਹ ਜ਼ਿਲ੍ਹੇ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਯਾਤਰਾ ਨੂੰ ਰੋਕਣ 'ਤੇ ਦੋ ਸਮੂਹਾਂ ਵਿਚ ਪੱਥਰਬਾਜ਼ੀ ਹੋਈ। ਇਸ ਦੌਰਾਨ ਭੀੜ ਨੇ ਕਾਰਾਂ ਨੂੰ ਅੱਗ ਲਗਾ ਦਿੱਤੀ। ਹਿੰਸਕ ਘਟਨਾ ਦੌਰਾਨ ਇਕ ਦਰਜਨ ਤੋਂ ਵੱਧ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਪੁਲਿਸ ਨੇ ਭੀੜ ਨੂੰ ਖਦੇੜਨ ਲਈ ਅੱਥਰੂ ਗੈਸ ਦੇ ਗੋਲੇ ਦਾਗੇ। ਇਸ ਦੌਰਾਨ ਨੂਹ ਦਾ ਸੇਕ ਗੁਰੂਗ੍ਰਾਮ ਤੱਕ ਪੁੱਜ ਗਿਆ ਹੈ ਤੇ ਸੈਕਟਰ 57 ਵਿਚ ਮਸਜਿਦ ਨੂੰ ਅੱਗ ਲਗਾ ਦਿੱਤੀ ਗਈ। ਭੀੜ ਨੇ ਗੋਲੀ ਚਲਾ ਕੇ 26 ਸਾਲਾ ਨੌਜਵਾਨ ਦੀ ਹੱਤਿਆ ਕਰ ਦਿੱਤੀ। ਹਰਿਆਣਾ ਸਰਕਾਰ ਨੇ ਨੂਹ ਜ਼ਿਲ੍ਹੇ ਵਿਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਕੇਂਦਰ


*(ਬਾਕੀ ਸਫਾ 6 'ਤੇ)*



## ਰਣਜੀਤ ਬਾਵਾ ਦਾ ਲਾਈਵ ਕਾਨਸਰਟ 26 ਅਗਸਤ ਨੂੰ

**ਸ਼ਿਕਾਗੋ:** ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ (ਮਿੱਡਵੈਸਟ) ਵਲੋਂ 26 ਅਗਸਤ, ਸ਼ਨਿਚਰਵਾਰ ਨੂੰ 'ਪੰਜਾਬ ਬੋਲਦਾ' ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਉੱਘਾ ਪੰਜਾਬੀ ਗਾਇਕ ਰਣਜੀਤ ਬਾਵਾ ਲਾਈਵ ਕਾਨਸਰਟ ਰਾਹੀਂ ਆਪਣੇ ਫਨ ਦਾ ਮੁਜ਼ਾਹਰਾ ਕਰੇਗਾ। ਕਲੱਬ ਦੇ ਪ੍ਰਧਾਨ ਸ. ਅੰਮ੍ਰਿਤਪਾਲ ਗਿੱਲ ਨੇ ਦੱਸਿਆ ਕਿ ਇਹ ਪ੍ਰੋਗਰਾਮ North Shore Center For The Performing Arts In Skokie 9599 Skokie Blvd. Skokie, IL 60099 ਵਿਖੇ ਹੋਵੇਗਾ। ਉਨ੍ਹਾਂ ਨੇ ਮਿੱਡਵੈਸਟ ਦੇ ਪੰਜਾਬੀਆਂ ਨੂੰ ਪਰਿਵਾਰਾਂ ਸਣੇ ਇਸ ਲਾਈਵ ਕਾਨਸਰਟ ਵਿਚ ਪੁੱਜ ਕੇ ਰਣਜੀਤ ਬਾਵਾ ਦੀ ਗਾਇਕੀ ਦਾ ਆਨੰਦ ਮਾਣਨ ਦਾ ਸੱਦਾ ਦਿੱਤਾ ਹੈ।




ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਸ. ਅੰਮ੍ਰਿਤਪਾਲ ਗਿੱਲ ਨਾਲ 920-460-1001, ਅਮਰਦੇਵ ਸਿੰਘ ਬੰਦੇਸ਼ਾ ਨਾਲ 708-612-7963 'ਤੇ, ਦਰਸ਼ਨ ਪੰਮਾ ਨਾਲ 847-561-7101 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916



MEHAR INSURANCE



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloeda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine | Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS




Services
- We do Same day IRP Plates
- Truck Permits
- New company
- Truck ELD
- Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# ਯੂਨਾਈਟਡ ਹੈਲਥ ਸੈਂਟਰ ਦੀ ਫਰਿਜ਼ਨੋ ਬਰਾਂਚ ਦਾ ਉਦਘਾਟਨ

**ਫਰਿਜ਼ਨੋ:** ਸੈਂਟਰਲ ਵੈਲੀ ਕੈਲੀਫੋਰਨੀਆ ਵਿਖੇ ਲੰਮੇ ਸਮੇਂ ਤੋਂ ਸਿਹਤ ਸੇਵਾਵਾਂ ਦਿੰਦੇ ਆ ਰਹੇ ਯੂਨਾਈਟਡ ਹੈਲਥ ਕੇਅਰ ਗਰੁੱਪ ਵੱਲੋਂ ਆਪਣਾ 30ਵਾਂ ਕਲੀਨਿਕ ਫਰਿਜ਼ਨੋ ਦੇ ਮਾਰਕਸ ਅਤੇ ਐਸ਼ਲੈਂਨ



ਐਵਿਨਿਊ 'ਚ ਖੋਲ੍ਹਿਆ ਗਿਆ ਹੈ।

ਲੰਘੇ ਵੀਰਵਾਰ ਇਸ ਕਲੀਨਿਕ ਦੀ ਗਰੈਂਡ ਓਪਨਿੰਗ ਮੌਕੇ ਗਰੁੱਪ ਦੇ ਪ੍ਰੈਜ਼ੀਡੈਂਟ ਅਤੇ ਸੀਈਓ, ਜਸਟਿਨ ਪਰੀਅਸ ਨੇ ਰੀਬਨ ਕੱਟਿਆ। ਉਨ੍ਹਾਂ ਕਿਹਾ ਕਿ ਜਿੱਥੇ ਸੈਂਟਰਲ ਵੈਲੀ ਦਾ ਇਹ ਸਾਡਾ 30ਵਾਂ ਕਲੀਨਿਕ ਹੈ, ਓਥੇ ਫਰਿਜ਼ਨੋ ਸਿਟੀ ਦਾ ਇਹ ਅੱਠਵਾਂ ਕਲੀਨਿਕ ਬਣ ਚੁੱਕਾ ਹੈ। ਉਨ੍ਹਾਂ ਸਮੂਹ ਸਟਾਫ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਸੀਂ ਜੀਅ ਜਾਨ ਨਾਲ ਲੋਕਾਂ ਨੂੰ ਸਿਹਤ ਸੇਵਾਵਾਂ ਦੇਵਾਂਗੇ।

ਗਰੁੱਪ ਦੇ ਚੀਫ ਐਡਮਨਿਸਟ੍ਰੇਟਿਵ ਅਫਸਰ ਮਗੇਲ ਰੁਡਰਿਗਸ ਨੇ ਕਿਹਾ ਕਿ ਇਹ ਕਲੀਨਿਕ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖ ਕੇ ਖੋਲ੍ਹਿਆ ਗਿਆ ਹੈ, ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡਾ ਸਟਾਫ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇਗਾ।

ਪੰਜਾਬੀ ਭਾਈਚਾਰੇ ਨੂੰ ਮੁੱਖ ਰੱਖ ਕੇ ਡਾ. ਸਿਮਰਜੀਤ ਸਿੰਘ ਧਾਲੀਵਾਲ ਇਸ ਕਲੀਨਿਕ 'ਤੇ ਹਮੇਸ਼ਾਂ ਆਪਣੇ ਸਟਾਫ ਸਮੇਤ ਹਾਜ਼ਰ ਰਹਿਣਗੇ। ਡਾਕਟਰ ਸਿਮਰਜੀਤ ਧਾਲੀਵਾਲ ਨੇ ਕਿਹਾ ਕਿ ਚਾਹੇ ਕਿਸੇ ਕੋਲ ਇੰਸ਼ੋਰੈਂਸ ਹੈ ਜਾਂ ਨਹੀਂ ਸਾਡੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਹਨ। ਅਤੇ ਅਸੀਂ ਇਸ ਕਲੀਨਿਕ ਤੋਂ ਹਰ ਪ੍ਰਕਾਰ ਦੀਆਂ ਸੇਵਾਵਾਂ ਦੇਵਾਂਗੇ, ਜਿੱਥੇ ਫੈਮਲੀ ਮੈਡੀਸਨ, ਕੈਰੋਪਰੈਕਟਰ, ਮਨੋਵਗਿਆਨਕ ਰੋਗ, ਦੰਦਾਂ ਅਤੇ ਅੱਖਾਂ ਦੀਆਂ ਬਿਮਾਰੀਆਂ ਦਾ ਇਲਾਜ ਤਸੱਲੀਬਖਸ਼ ਤਰੀਕੇ ਨਾਲ ਕੀਤਾ ਜਾਵੇਗਾ। ਇੱਥੇ ਜਲਦ ਅਰਜੰਟ ਕੇਅਰ ਦੀਆਂ ਸੇਵਾਵਾਂ ਵੀ ਸ਼ੁਰੂ ਹੋਣਗੀਆਂ।

ਇਸ ਮੌਕੇ ਕਲੀਨਿਕ ਦਾ ਟੂਰ ਵੀ ਦਿੱਤਾ ਗਿਆ। ਇਸ ਮੌਕੇ ਫਰਿਜ਼ਨੋ ਖੇਤਰ ਦੇ ਕਾਂਗਰਸਮੈਨ ਜਿੰਮ ਕੌਸਟਾ ਦੇ ਦਫ਼ਤਰ ਤੋਂ ਨੁਮਾਇੰਦੇ ਪਹੁੰਚੇ ਹੋਏ ਸਨ। ਮੇਅਰ ਜੈਰੀ ਡਾਇਰ ਦੇ ਦਫ਼ਤਰ ਤੋਂ ਪਤਵੰਤੇ ਪਹੁੰਚੇ ਹੋਏ ਸਨ। ਸੈਨੇਟਰ ਡਾਇਨ ਫਾਈਨਸਟਾਈਨ ਦੇ ਦਫ਼ਤਰ ਤੋ ਵਫ਼ਦ ਆਇਆ ਹੋਇਆ ਸੀ। ਫਰਿਜ਼ਨੋ ਦੇ ਡਿਸਟਰਿਕਟ ਵੰਨ ਦੀ ਕੌਂਸਲ ਮੈਂਬਰ ਐਨਾਲੀਸਾ ਪਰੀਅਸ ਨੇ ਯੂਨਾਈਟਡ ਹੈਲਥ ਸੈਂਟਰ ਦੇ ਸਮੂਹ ਸਟਾਫ ਨੂੰ ਨਵੇਂ ਕਲੀਨਿਕ ਲਈ ਵਧਾਈਆਂ ਦਿੱਤੀਆਂ।

ਜਸਟਿਨ ਪਰੀਅਸ ਨੂੰ ਸਾਰੇ ਰਾਜਨੀਤਕ ਦਫ਼ਤਰਾਂ ਦੇ ਨੁਮਾਇੰਦਿਆਂ ਵੱਲੋਂ ਸਰਟੀਫਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪੂਰੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਟੀਵੀ ਹੋਸਟ ਇਮਲੀ ਅਰਵਿੰਨ ਨੇ ਕੀਤਾ।

ਅਖੀਰ ਵਿਚ ਨਿਊਜ਼ੀਲੈਂਡ ਅਤੇ ਹਵਾਈਅਨ ਡਾਂਸ ਨੇ ਸਭ ਨੂੰ ਝੂਮਣ ਲਾ ਦਿੱਤਾ। ਅਖੀਰ ਦੁਪਹਿਰ ਦੇ ਖਾਣੇ ਨਾਲ ਅਮਿੱਟ ਪੈੜਾਂ ਛੱਡਦਾ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

***ਰਿਪੋਰਟ: -ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

# ਯੂਨਾਈਟਡ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ 17 ਸਤੰਬਰ ਨੂੰ

**ਕੈਲੀਫੋਰਨੀਆ:** ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਇੱਥੇ



*ਸ. ਅਮੋਲਕ ਸਿੰਘ ਗਾਖਲ ਦੀ ਮਰਹੂਮ ਸੰਦੀਪ ਨੰਗਲ ਅੰਬੀਆਂ ਨਾਲ ਇਕ ਪੁਰਾਣੀ ਤਸਵੀਰ।*




*ਸ. ਤੀਰਥ ਸਿੰਘ ਗਾਖਲ*

17 ਸਤੰਬਰ ਨੂੰ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਕੌਮਾਂਤਰੀ ਪੱਧਰ ਦੀਆਂ ਕਬੱਡੀ ਟੀਮਾਂ ਹਿੱਸਾ ਲੈਣਗੀਆਂ।

ਇਸ ਕਬੱਡੀ ਕੱਪ ਮੌਕੇ ਏ ਐਂਡ ਆਈ ਟਰੱਕਿੰਗ ਦੇ ਮਾਲਕ ਤੇ ਉਘੇ ਕਾਰੋਬਾਰੀ ਸ. ਅਮੋਲਕ ਸਿੰਘ ਗਾਖਲ, ਯੂਨਾਇਟਡ ਸਪੋਰਟਸ ਕਲੱਬ ਕੈਲੀਫੋਰਨੀਆ, ਬਲਜੀਤ ਸੰਧੂ ਤੇ ਬੇਅ ਏਰੀਆ ਸਪੋਰਟਸ ਕਲੱਬ ਵਲੋਂ ਮਰਹੂਮ ਕਬੱਡੀ ਖਿਡਾਰੀ ਸ. ਸੰਦੀਪ ਨੰਗਲ ਅੰਬੀਆਂ ਦੀ ਪਤਨੀ ਤੇ ਬੱਚਿਆਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ। ਕਬੱਡੀ ਕੱਪ ਦੇ ਰੂਹ-ਏ-ਰਵਾਂ ਸ. ਅਮੋਲਕ ਸਿੰਘ ਗਾਖਲ ਤੇ ਤੀਰਥ ਸਿੰਘ ਗਾਖਲ ਨੇ ਸੰਦੀਪ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਭਾਰਤ ਤੇ ਪੰਜਾਬ ਸਰਕਰ ਨੂੰ ਅਪੀਲ ਕੀਤੀ ਹੈ ਕਿ ਸੰਦੀਪ ਨੰਗਲ ਅੰਬੀਆਂ ਦੇ ਪਰਿਵਾਰ ਨੂੰ ਜਲਦ ਤੋਂ ਜਲਦ ਇਨਸਾਫ਼ ਦਿਵਾਇਆ ਜਾਵੇ ਤੇ ਮੁਲਜ਼ਮਾਂ ਨੂੰ ਫੜ ਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਜ਼ਿਕਰਯੋਗ ਹੈ ਕਿ ਸੰਦੀਪ ਸਿੰਘ ਨੰਗਲ ਅੰਬੀਆਂ ਦਾ ਪਿਛਲੇ ਸਾਲ ਖੇਡ ਮੈਦਾਨ ਵਿਚ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪਰ ਉਸ ਦੇ ਪਰਿਵਾਰ ਨੂੰ ਅਜੇ ਵੀ ਇਨਸਾਫ਼ ਦੀ ਉਡੀਕ ਹੈ।




***ਸਾਡੇ ਸਾਰੇ ਗੁਰੂਆਂ ਅਤੇ ਸ਼ਹੀਦਾਂ ਨੇ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਮਜ਼ਬੂਤ ਅਤੇ ਸਥਾਈ ਨੀਂਹ ਬਣਾਈ ਹੈ। ਸਾਡੇ ਪੂਰਵਜਾਂ ਨੇ ਇਸ ਸਿਧਾਂਤ ਦਾ ਸਨਮਾਨ ਕੀਤਾ। ਅਜੋਕਾ ਪੰਜਾਬ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਸਾਡੇ ਵਿਚੋਂ ਹਰੇਕ ਨੂੰ, ਖਾਸ ਕਰਕੇ ਪ੍ਰਵਾਸੀ ਭਾਰਤੀਆਂ ਨੂੰ, ਆਪੋ-ਆਪਣੇ ਪਿੰਡ ਵਿਚ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਨੀਂਹ ਨੂੰ ਮੁੜ ਤੋਂ ਮਜ਼ਬੂਤ ਕਰਨ ਅਤੇ ਉਸ ਦਿਸ਼ਾ ਨੂੰ ਬਦਲਣ ਦੀ ਲੋੜ ਹੈ। ਹੇਠਾਂ ਇੱਕ ਉਦਾਹਰਨ ਹੈ ਕਿ ਕਈ ਸਾਰੀਆਂ ਜ਼ਿੰਦਗੀਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹੋ। ਪ੍ਰਵਾਸੀ ਭਾਰਤੀ ਖਾਲਸਾ ਏਡ ਦੇ ਸਹਿਯੋਗ ਨਾਲ ਮੇਰਾ ਪਿੰਡ 360 ਸੈਂਟਰ ਹੋਰ ਖੋਲ੍ਹ ਰਹੇ ਹਨ।***

Number of Persons Receiving Various Services.
6 Month's work report of Mera Pind 360 Center @ Vill: Kotli Araian, Block Adampur Doaba, Jalandhar

| Sr No | Activities | First Half of 2023 | Remarks |
|---|---|---|---|
| 1 | Monthly Financial Help to Needy | 134 | From more than 10 villages |
| 2 | Financial help to the needy Students | 15 | For Higher Education |
| 3 | Books issued from library | 310 | All age groups |
| 4 | Historic Day Competition attendees | 570 | From various Schools & Villages |
| 5 | E-Health Checck-Up Patients | 645 | From Surroundings villages |
| 6 | Blood tests | 260 | As recommended by NRI Doctors/Free |
| 7 | Supplements & Drugs issued | 370 | As recommended by NRI Doctors/Free |
| 8 | IT Skills Trainees | 25 | No Charge |
| 9 | Farmers attending Seminar | 15 | From Various Villags |
| 10 | CSC Services + From filling | 840 | No Service Charge |
| 11 | Pan/Adhar Card linkage | 2260 | No Service Charge |
| 12 | Color Print Outs | 4600 | No Service Charge |
| 13 | Passport Size Photos | 1460 | No Service Charge |
| 14 | Non-Woven bags | 1000 | Free of cost |
| 15 | Jute Bag Trainees | 35 | Free of cost |
| 16 | Various Application Writing | 34 | Free of cost |
| 17 | Railway Tickets | 2 | Govt. Charges Only |
| 18 | Voter Card Apply | 6 | Free of Cost |
| 19 | Passport Apply | 8 | Govt. Charges Only |
| 20 | First MERA PIND 360 Center open at LOPON | 1 | Associated with Khalsa Aid International |

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਭੁਪਿੰਦਰ ਐਸ ਹੁੰਦਲ, ਫੋਨ 630-802-2179**

# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦੇ ਕਵੀ ਦਰਬਾਰ 'ਚ ਕਵੀਆਂ ਨੇ ਖੂਬਸੂਰਤ ਮਾਹੌਲ ਸਿਰਜਿਆ

**ਸਰੀ:** ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਕਰਵਾਏ ਗਏ ਮਾਸਿਕ ਕਵੀ ਦਰਬਾਰ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਕਵੀਆਂ ਨੇ ਆਪਣੇ ਵੱਖ ਵੱਖ ਅੰਦਾਜ਼ ਅਤੇ ਕਲਾਮ ਰਾਹੀਂ ਖੂਬਸੂਰਤ ਕਾਵਿਕ ਮਾਹੌਲ



ਸਿਰਜਿਆ। ਕਵੀ ਦਰਬਾਰ ਦੀ ਪ੍ਰਧਾਨਗੀ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਕੀਤੀ।

ਮੰਚ ਸੰਚਾਲਕ ਹਰਚੰਦ ਸਿੰਘ ਗਿੱਲ ਨੇ ਸ਼ਾਮਲ ਹੋਏ ਕਵੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਖਸੂਸੀ ਲਹਿਜ਼ੇ ਵਿਚ ਕਵੀਆਂ ਨੂੰ ਪੇਸ਼ ਕੀਤਾ। ਕਵੀ ਦਰਬਾਰ ਵਿਚ, ਬਲਬੀਰ ਸਿੰਘ ਸੰਘਾ, ਅਵਤਾਰ ਸਿੰਘ ਬਰਾੜ, ਮਾਸਟਰ ਮਲਕੀਤ ਸਿੰਘ ਗਿੱਲ, ਦਰਸ਼ਨ ਸਿੰਘ ਅਟਵਾਲ, ਗੁਰਦਰਸ਼ਨ ਸਿੰਘ ਤਤਲਾ, ਤੇਜਿੰਦਰ ਕੌਰ ਬੈਂਸ, ਗੁਰਮੀਤ ਸਿੰਘ ਕਾਲਕਟ, ਗੁਰਚਰਨ ਸਿੰਘ ਸੇਖੋਂ, ਮਨਜੀਤ ਸਿੰਘ ਮੱਲ੍ਹਾ, ਜਗਜੀਤ ਸੇਖੋਂ, ਅਮਰੀਕ ਸਿੰਘ ਲੇਹਲ, ਗੁਰਦਰਸ਼ਨ ਬਾਦਲ, ਹਰਦਮ ਸਿੰਘ ਮਾਨ, ਨਿਰੰਜਣ ਸਿੰਘ ਲਹਿਲ, ਚਮਕੌਰ ਸਿੰਘ ਸੇਖੋਂ, ਸੁਖਦੇਵ ਸਿੰਘ ਦਰਦੀ, ਸੁਰਜੀਤ ਸਿੰਘ ਗਿੱਲ, ਰਣਜੀਤ ਸਿੰਘ ਨਿੱਝਰ, ਅਮਰ ਸਿੰਘ ਮੁੰਡੀ, ਭਗਵਾਨ ਸਿੰਘ ਅਟਵਾਲ ਨੇ ਕਵਿਤਾਵਾਂ ਅਤੇ ਗੀਤਾਂ ਦੀ ਪੇਸ਼ਕਾਰੀ ਨਾਲ ਸਰੋਤਿਆਂ ਦੀ ਖੂਬ ਵਾਹਵਾ ਖੱਟੀ।

ਕਵੀ ਦਰਬਾਰ ਵਿਚ ਪੰਜਾਬ ਤੋਂ ਆਏ ਬਨੂੜ ਮਾਰਕੀਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਸਿੰਘ ਜੱਸੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਉਨ੍ਹਾਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਬਹੁਤ ਸਾਰੇ ਕਵੀਆਂ ਦੀਆਂ ਰਚਨਾਵਾਂ ਉੱਚਪਾਏ ਦੀਆਂ ਸਨ। ਉਨ੍ਹਾਂ ਮਹਾਨ ਸ਼ਹੀਦ ਊਧਮ ਸਿੰਘ ਦੀ ਬਰਸੀ ਮੌਕੇ ਉਨ੍ਹਾਂ ਨੂੰ ਯਾਦ ਕੀਤਾ ਅਤੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਅਮਰ ਸਿੰਘ ਮੁੰਡੀ ਨੇ ਸੈਂਟਰ ਲਈ 500 ਡਾਲਰ ਭੇਟ ਕੀਤੇ ਅਤੇ ਭਗਵਾਨ ਸਿੰਘ ਅਟਵਾਲ ਨੇ ਸਭਨਾਂ ਲਈ ਚਾਹ ਪਾਣੀ ਦਾ ਪ੍ਰਬੰਧ ਕੀਤਾ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰੇ ਕਵੀਆਂ, ਸਹਿਯੋਗੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰਸਿੱਧ ਕਵੀਸ਼ਰ ਅਤੇ ਸ਼ਾਇਰ ਚਮਕੌਰ ਸਿੰਘ ਸੇਖੋਂ ਵੱਲੋਂ ਕਿਤਾਬ 'ਸੰਘਰਸ਼ੀ ਯੋਧੇ' ਮਾਰਕੀਟ ਕਮੇਟੀ ਬਨੂੜ ਦੇ ਚੇਅਰਮੈਨ ਜਸਵਿਦਰ ਸਿੰਘ ਜੱਸੀ ਨੂੰ ਭੇਟ ਕੀਤੀ ਗਈ।

## ਛੋਟਾ ਜਹਾਜ਼ ਉਡਾਣ ਭਰਨ ਸਮੇਂ ਹੋਇਆ ਤਬਾਹ, 3 ਮੌਤਾਂ

**ਸੈਕਰਾਮੈਂਟੋ:** ਕੈਲੀਫੋਰਨੀਆ ਦੇ ਇਕ ਹਵਾਈ ਅੱਡੇ 'ਤੇ ਉਡਾਣ ਭਰਨ ਸਮੇਂ ਇਕ ਛੋਟਾ ਜਹਾਜ਼ ਤਬਾਹ ਹੋ ਗਿਆ। ਪਾਇਲਟ ਸਮੇਤ ਜਹਾਜ਼ ਵਿਚ ਸਵਾਰ ਸਾਰੇ 3 ਵਿਅਕਤੀ ਮਾਰੇ ਗਏ। ਫੈਡਰਲ ਐਵੀਏਸ਼ਨ ਅਧਿਕਾਰੀਆਂ ਅਨੁਸਾਰ ਇਕ ਇੰਜਣ ਵਾਲਾ ਬੀਚ ਕਰਾਫਟ ਪੀ 35 ਅਪਲੈਂਡ ਸ਼ਹਿਰ ਦੇ ਕੇਬਲ ਏਅਰਪੋਰਟ 'ਤੇ ਸਵੇਰੇ 6.30 ਵਜੇ ਦੇ ਆਸ-ਪਾਸ ਉਡਾਣ ਭਰਨ ਦੇ ਤੁਰੰਤ ਬਾਅਦ ਤਬਾਹ ਹੋ ਗਿਆ। ਸੈਨਬਰ ਨਾਰਡਿਨੋ ਕਾਊਂਟੀ ਫਾਇਰ ਵਿਭਾਗ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਹਾਦਸੇ ਦੇ ਕਾਰਨਾਂ ਬਾਰੇ ਤੁਰੰਤ ਪਤਾ ਨਹੀਂ ਲੱਗ ਸਕਿਆ। ਸੰਘੀ ਹਵਾਬਾਜ਼ੀ ਅਧਿਕਾਰੀਆਂ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੇਗਾ। ਕੈਲੀਫੋਰਨੀਆ ਦਾ ਅਪਲੈਂਡ ਸ਼ਹਿਰ ਲਾਸ ਏਂਜਲਸ ਦੇ ਪੂਰਬ ਵਿਚ ਤਕਰੀਬਨ 36 ਮੀਲ ਦੂਰ ਸਥਿਤ ਹੈ।

## ਮਿਸ਼ੀਗਨ ਵਿਚ ਅਣਪਛਾਤੇ ਵੱਲੋਂ ਕੀਤੀ ਗੋਲੀਬਾਰੀ ਵਿਚ 5 ਜ਼ਖਮੀ, 2 ਦੀ ਹਾਲਤ ਗੰਭੀਰ

**ਮਿਸ਼ੀਗਨ੍** ਇੱਥੋਂ ਦੇ ਸ਼ਹਿਰ ਲੈਂਸਿੰਗ ਦੇ ਇਕ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿਚ ਅਣਪਛਾਤੇ ਵਿਅਕਤੀ ਵੱਲੋਂ ਚਲਾਈਆਂ ਗੋਲੀਆਂ ਨਾਲ 5 ਵਿਅਕਤੀਆਂ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਕਿਹਾ ਹੈ ਕਿ ਜ਼ਖਮੀਆਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਘਟਨਾ ਅੱਧੀ ਰਾਤ ਤੋਂ ਬਾਅਦ 1 ਵਜੇ ਦੇ ਕਰੀਬ ਵਾਪਰੀ।

ਪੁਲਿਸ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਜ਼ਖਮੀਆਂ ਦੀ ਉਮਰ 16 ਤੋਂ 26 ਸਾਲ ਦੇ ਦਰਮਿਆਨ ਹੈ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਮੌਕੇ ਤੋਂ ਹਥਿਆਰ ਬਰਾਮਦ ਕੀਤੇ ਹਨ ਪਰੰਤੂ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ। ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ ਹੈ। ਇਹ ਵੀ ਨਹੀਂ ਪਤਾ ਲੱਗ ਸਕਿਆ ਕਿ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦੇਣ ਵਾਲਾ ਵਿਅਕਤੀ ਇਕ ਸੀ ਜਾਂ ਇਕ ਤੋਂ ਵੱਧ ਸਨ। ਪੁਲਿਸ ਨੇ ਮਾਮਲੇ ਦੀ ਜਾਂਚ ਵਿਚ ਆਮ ਲੋਕਾਂ ਨੂੰ ਮਦਦ ਦੀ ਅਪੀਲ ਕੀਤੀ ਹੈ।


ਛੋਟੇ ਟਰੱਕ ਡਰਾਈਵਰਾਂ ਤੇ ਵੈਨ ਡਰਾਈਵਰਾਂ ਦੀ ਲੋੜ

174 ਵੈਸਟ ਸਟੇਵ ਮਿਲ ਰੋਡ ਰੋਜਰਸ (ਅਰਕਨਸਾਂਸ) ਵਿਖੇ ਛੋਟੇ ਟਰੱਕ ਡਰਾਈਵਰਾਂ, ਵੈਨ ਡਰਾਈਵਰਾਂ ਅਤੇ ਵੇਅਰਹਾਊਸ ਵਿਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ।

ਚਾਹਵਾਨ ਸੰਪਰਕ ਕਰਨ:

ਸੁਖਪਾਲ ਸਿੰਘ ਚਾਂਦੀ; ਫੋਨ: 479-544-7066

Wanted Small Truck Drivers and Van Drivers

Small Truck drivers, Van drivers and Warehouse workers needed at 174 West Stave Mill Road Rogers (Arkansas).

Contact: Sukhpal Singh Chandi
Phone: 479-544-7066


# Matrimonials

## ਲੜਕੀ ਦੀ ਲੋੜ ਹੈ

USA based Sharma family looking for a suitable match for their son, age 31, 5'9", currently based in Punjab, India. He has done C.Ped and D.Ped from Punjab university. Pure vegetarian, does not smoke, nor drink. He is very loyal and a loving person and looking forward for someone with similar interest. Girl should be from USA or Canada. Contact us at 248-579-3135 or e-mail: Sharmaabpreet@gmail.com

30-33

Wanted suitable match for Ivy League MBA Jatt Sikh divorced man, age 40, height 5'10" settled in the Bay Area (California). Homeowner and working as a Senior Product Manager in big tech. Moved from Chandigarh (India) to the US 12 years ago. Looking in the US only. Caste no bar. Please contact us @ dhillonravi1983@gmail.com or 408-859-5613.

30-33

Ramgarhia Sikh Family looking for a suitable match for their 29 years old, 5' 11" Boy. Education: B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Please Contact us at: (559) 702- 6844.

30-33

Ramgarhia Sikh Family looking for a suitable match for their 29 years old, 5' 11" Boy. B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Contact us at: (559) 702- 6844.

29-32

## ਲੜਕੇ ਦੀ ਲੋੜ ਹੈ

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.

30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com

29-32

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or e-mail at: pgrrealty@gmail.com

26-29

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com




UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madra
Call For Special Sale Fares

Call: 773-338-5603

# ਜੰਮੂ ਕਸ਼ਮੀਰ ਵਿਧਾਨ ਸਭਾ 'ਚ ਸਿੱਖਾਂ ਲਈ ਰਾਖਵੀਆਂ ਸੀਟਾਂ ਦੀ ਮੰਗ ਭਖੀ

## ਕਈ ਦਹਾਕਿਆਂ ਤੋਂ ਜੰਮੂ ਕਸ਼ਮੀਰ ਵਿੱਚ ਰਹਿ ਰਹੇ ਹਨ ਮਕਬੂਜ਼ਾ ਕਸ਼ਮੀਰ ਤੋਂ ਉੱਜੜ ਕੇ ਆਏ ਸਿੱਖ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਹੈ ਕਿ ਜੰਮੂ ਕਸ਼ਮੀਰ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ ਹੈ ਅਤੇ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਦੋ ਸੀਟਾਂ ਸਿੱਖ ਭਾਈਚਾਰੇ ਲਈ ਉਸੇ ਤਰਜ਼ 'ਤੇ ਰਾਖਵੀਆਂ ਰੱਖੀਆਂ ਜਾਣ, ਜਿਵੇਂ ਦੋ ਸੀਟਾਂ ਕਸ਼ਮੀਰੀ ਪੰਡਤਾਂ ਤੇ ਇਕ ਸੀਟ ਮਕਬੂਜ਼ਾ ਕਸ਼ਮੀਰ ਦੇ ਰਿਫਿਊਜੀਆਂ ਲਈ ਯੂਟੀ ਜੰਮੂ ਕਸ਼ਮੀਰ ਪੁਨਰਗਠਨ ਬਿੱਲ ਵਿਚ ਰਾਖਵੀਆਂ ਕਰਨ ਦੀ ਤਜਵੀਜ਼ ਹੈ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਨੂੰ ਸਿੱਖ ਭਾਈਚਾਰੇ ਦੇ ਨਾਲ-ਨਾਲ 1947 ਵਿਚ ਮਕਬੂਜ਼ਾ ਕਸ਼ਮੀਰ 'ਚੋਂ ਉੱਜੜੇ ਲੋਕਾਂ ਦੀ ਜਥੇਬੰਦੀ ਮੂਵਮੈਂਟ ਫਾਰ ਜਸਟਿਸ ਫਾਰ ਰਿਫਿਊਜੀਜ਼ ਆਫ 1947 ਤੋਂ ਮੰਗ ਪੱਤਰ ਪ੍ਰਾਪਤ ਹੋਏ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਇਹ ਮੰਨਣਾ ਹੈ ਕਿ ਸਿੱਖਾਂ ਵਾਸਤੇ ਜੰਮੂ ਤੇ ਕਸ਼ਮੀਰ ਖਿਤੇ ਵਿਚ ਸੀਟ ਰਾਖਵੀਂ ਹੋਣੀ ਚਾਹੀਦੀ ਹੈ, ਜਦਕਿ ਇਕ ਸੀਟ ਸਿੱਖਾਂ ਸਣੇ ਉਨ੍ਹਾਂ ਵਾਸਤੇ ਰਾਖਵੀਂ ਹੋਣੀ ਚਾਹੀਦੀ ਹੈ ਜੋ ਕਿ 1947 ਵਿਚ ਮਕਬੂਜ਼ਾ ਕਸ਼ਮੀਰ ਵਾਲੇ ਹਿੱਸੇ ਤੋਂ ਉੱਜੜ ਕੇ ਆਏ ਸਨ।

ਸੁਖਬੀਰ ਬਾਦਲ ਨੇ ਕਿਹਾ ਕਿ ਹੋਰ ਫਿਰਕਿਆਂ ਲਈ ਸੀਟਾਂ ਰਾਖਵੀਆਂ ਕਰਦਿਆਂ ਜੰਮੂ-ਕਸ਼ਮੀਰ ਵਿਚ ਸਿੱਖ ਘੱਟ ਗਿਣਤੀ ਭਾਈਚਾਰੇ ਨੂੰ ਅਣਡਿੱਠ ਕਰਨਾ ਸਿੱਖ ਕੌਮ ਨਾਲ ਅਨਿਆਂ ਹੋਵੇਗਾ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਵਿਚ ਸਿੱਖਾਂ ਦੀ ਆਬਾਦੀ ਵੀ ਓਨੀ ਹੀ ਹੈ, ਜਿੰਨੀ ਕਿ ਕਸ਼ਮੀਰੀ ਪੰਡਤਾਂ ਦੀ ਹੈ ਅਤੇ ਸਿੱਖਾਂ ਨੇ ਵੀ 1947 ਵਿਚ ਬਹੁਤ ਮੁਸ਼ਕਲਾਂ ਝੱਲੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਹਮੇਸ਼ਾ ਜੰਮੂ ਕਸ਼ਮੀਰ ਲਈ ਡਟੀ ਰਹੀ ਹੈ। ਸ੍ਰੀ ਬਾਦਲ ਨੇ ਇਹ ਵੀ ਕਿਹਾ ਕਿ ਇਕੱਲੇ ਜੰਮੂ ਖਿਤੇ ਵਿਚ ਤਿੰਨ ਲੱਖ ਸਿੱਖ ਰਹਿੰਦੇ ਹਨ, ਜੋ ਕਿ 1947 ਵਿਚ ਮਕਬੂਜ਼ਾ ਕਸ਼ਮੀਰ ਤੋਂ ਉੱਜੜ ਕੇ ਆਏ ਸਨ ਅਤੇ ਉਨ੍ਹਾਂ ਨੂੰ ਆਬਾਦੀ ਦੇ ਲਿਹਾਜ਼ ਨਾਲ ਵਿਧਾਨ ਸਭਾ ਵਿਚ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ।

### ਧਾਰਮਿਕ ਮਾਮਲਿਆਂ 'ਚ ਦਖਲ ਦੇਣ ਵਾਲਿਆਂ ਨੂੰ ਮੂੰਹ ਤੋੜ ਜਵਾਬ ਦੇਵਾਂਗੇ: ਸੁਖਬੀਰ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖ ਧਾਰਮਿਕ ਮਾਮਲਿਆਂ ਵਿਚ ਦਖਲ ਬਰਦਾਸ਼ਤ ਨਹੀਂ ਕਰਨਗੇ ਅਤੇ ਖਾਲਸਾ ਪੰਥ ਮੂੰਹ ਤੋੜ ਜਵਾਬ ਦੇਵੇਗਾ। ਇਤਿਹਾਸ ਅਨੁਸਾਰ ਇਸ ਤੋਂ ਪਹਿਲਾਂ ਵੀ ਕਈ ਤਾਨਾਸ਼ਾਹਾਂ ਤੇ ਵਿਦੇਸ਼ੀ ਸ਼ਾਸਕਾਂ ਨੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਦੇ ਯਤਨ ਕੀਤੇ ਸਨ ਜਿਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਗੁਰਬਾਣੀ ਪ੍ਰਸਾਰਨ ਦੇ ਮਾਮਲੇ 'ਤੇ ਖਾਲਸਾ ਪੰਥ ਨੂੰ ਧਮਕਾਉਣ ਵਿਚ ਅਸਫਲ ਰਹਿਣ ਮਗਰੋਂ ਭਗਵੰਤ ਮਾਨ ਹੁਣ ਸ਼੍ਰੋਮਣੀ ਕਮੇਟੀ ਤੇ ਇਸ ਦੇ ਸੇਵਾਦਾਰਾਂ ਤੇ ਮੁਲਾਜ਼ਮਾਂ ਵੱਲੋਂ ਇਕ ਸਦੀ ਤੋਂ ਕੀਤੀ ਜਾ ਰਹੀ ਸੇਵਾ ਵਿਚ ਵਿਘਨ ਪਾਉਣ ਲਈ ਘਟੀਆ ਹੱਥਕੰਡੇ ਅਪਣਾ ਰਹੇ ਹਨ। ਇਸ ਵਰਤਾਰੇ ਖ਼ਿਲਾਫ਼ ਅਕਾਲੀ ਦਲ ਸੂਬੇ 'ਚ ਪ੍ਰਦਰਸ਼ਨ ਸ਼ੁਰੂ ਕੀਤੇ ਹਨ ਤੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਮੁੱਖ ਮੰਤਰੀ ਦੇ ਪੁਤਲੇ ਸਾੜ ਕੇ ਵਿਰੋਧ ਕੀਤਾ ਜਾਵੇਗਾ।

# ਬਗਦਾਦ 'ਚ ਗੁਰਦੁਆਰੇ ਦੀ ਸੇਵਾ ਸੰਭਾਲ ਸ਼੍ਰੋਮਣੀ ਕਮੇਟੀ ਕਰੇਗੀ

**ਅੰਮ੍ਰਿਤਸਰ:** ਇਰਾਕ ਦੇ ਬਗਦਾਦ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰੇ ਦੀ ਮੁੜ ਉਸਾਰੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਬੀਤੇ ਦਿਨੀਂ 'ਮਿਸ਼ਨ ਬਾਬਾ ਨਾਨਕ ਬਗ਼ਦਾਦ' ਨਾਂ ਦੀ ਸੰਸਥਾ ਦੇ ਪ੍ਰਧਾਨ ਹਰਜੀਤ ਸਿੰਘ ਸੋਢੀ ਤੇ ਗੁਰੂ ਘਰ ਦੇ ਸ਼ਰਧਾਲੂ ਸੂਰਜ ਭਵਾਲ ਅੰਮ੍ਰਿਤਸਰ ਆਏ ਸਨ ਅਤੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕਰਕੇ ਇਹ ਇੱਛਾ ਪ੍ਰਗਟਾਈ ਸੀ ਕਿ ਬਗ਼ਦਾਦ ਸਥਿਤ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਦੀ ਸੇਵਾ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਈ ਜਾਵੇ। ਇਸ ਲਈ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨਾਲ ਲੋੜੀਂਦਾ ਪੱਤਰ ਵਿਹਾਰ ਕੀਤਾ ਜਾਵੇ। ਇਤਿਹਾਸਕ ਹਵਾਲਿਆਂ ਅਨੁਸਾਰ ਆਪਣੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਬਗ਼ਦਾਦ ਗਏ ਸਨ, ਜਿੱਥੇ ਉਨ੍ਹਾਂ ਦੀ ਯਾਦ ਵਿਚ ਇਹ ਗੁਰਦੁਆਰਾ ਬਣਾਇਆ ਗਿਆ ਸੀ। ਇਰਾਕ ਅੰਦਰ ਕੁਝ ਸਮਾਂ ਪਹਿਲਾਂ ਹਾਲਾਤ ਵਿਗੜਨ ਕਾਰਨ ਤੇ ਜੰਗ ਦੌਰਾਨ ਗੁਰਦੁਆਰੇ ਦੀ ਇਮਾਰਤ ਨੂੰ ਵੀ ਨੁਕਸਾਨ ਪੁੱਜਿਆ ਸੀ। ਉਨ੍ਹਾਂ ਕਿਹਾ ਕਿ ਇਸ ਗੁਰਦੁਆਰੇ ਦੀ ਲੋੜੀਂਦੀ ਸੇਵਾ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਵਿਚਾਰ-ਵਟਾਂਦਰਾ ਕਰ ਕੇ ਭਾਰਤ ਸਰਕਾਰ ਕੋਲ ਪਹੁੰਚ ਕੀਤੀ ਜਾਵੇਗੀ।



# ਸ਼੍ਰੋਮਣੀ ਕਮੇਟੀ ਵੱਲੋਂ ਸੈਟੇਲਾਈਟ ਚੈਨਲ ਲਈ ਕੋਸ਼ਿਸ਼ਾਂ ਤੇਜ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਉੱਚ-ਪੱਧਰੀ ਵਫ਼ਦ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਆਪਣਾ ਸੈਟੇਲਾਈਟ ਚੈਨਲ ਸਥਾਪਤ ਕਰਨ ਲਈ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਸਿੰਘ ਠਾਕੁਰ ਨਾਲ ਦਿੱਲੀ ਵਿਚ ਮੁਲਾਕਾਤ ਕੀਤੀ। ਵਫ਼ਦ ਨੇ ਸੈਟੇਲਾਈਟ ਚੈਨਲ ਦੀ ਸਥਾਪਨਾ ਲਈ ਲੋੜੀਂਦੀ ਪ੍ਰਵਾਨਗੀ ਮੰਗੀ। ਵਫ਼ਦ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਕੁਲਵੰਤ ਸਿੰਘ ਮੰਨਣ ਅਤੇ ਸਰਵਣ ਸਿੰਘ ਕੁਲਾਰ ਸ਼ਾਮਲ ਸਨ। ਇਸ ਮੌਕੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਮੌਜੂਦ ਸਨ। ਸ੍ਰੀ ਧਾਮੀ ਨੇ ਕਿਹਾ ਕਿ ਉਹ ਯਤਨ ਕਰ ਰਹੇ ਹਨ ਕਿ ਆਪਣਾ ਚੈਨਲ ਸਥਾਪਤ ਹੋਣ 'ਤੇ ਦੂਰਦਰਸ਼ਨ ਦੀ ਫ੍ਰੀ ਡਿਸ਼ 'ਤੇ ਵੱਧ ਤੋਂ ਵੱਧ ਸੰਗਤ ਤੱਕ ਵੀ ਗੁਰਬਾਣੀ ਕੀਰਤਨ ਪਹੁੰਚੇ। ਇਸ ਭਾਵਨਾ ਨੂੰ ਕੇਂਦਰੀ ਮੰਤਰੀ ਨਾਲ ਸਾਂਝਾ ਕੀਤਾ ਗਿਆ ਹੈ ਅਤੇ ਉਨ੍ਹਾਂ ਨੇ ਸੰਜੀਦਾ ਗੌਰ ਕਰਦਿਆਂ ਕਾਰਵਾਈ ਅੱਗੇ ਵਧਾਉਣ ਦਾ ਭਰੋਸਾ ਦਿੱਤਾ ਹੈ।



ਉਧਰ, ਧਰਮੀ ਫੌਜੀਆਂ ਨੇ ਅਕਾਲ ਤਖਤ ਕੋਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਿਤ ਕਰਨ ਲਈ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਇਜਾਜ਼ਤ ਮੰਗੀ ਹੈ। ਸ਼੍ਰੋਮਣੀ ਕਮੇਟੀ ਨੇ ਗੁਰਬਾਣੀ ਦੇ ਪ੍ਰਸਾਰਨ ਦੇ ਸਾਰੇ ਅਧਿਕਾਰਾਂ ਨੂੰ ਆਪਣੇ ਕੋਲ ਰੱਖਿਆ ਹੈ ਅਤੇ ਹਾਲ ਹੀ ਵਿਚ ਆਪਣਾ ਯੂ-ਟਿਊਬ ਚੈਨਲ ਬਣਾਇਆ ਹੈ। ਸਿੱਖ ਸੰਸਥਾ ਵੱਲੋਂ ਜਲਦੀ ਹੀ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਥੇ ਹੀ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਫੈਮਿਲੀ ਵੈਲਫੇਅਰ ਐਸੋਸੀਏਸ਼ਨ ਜਥੇਬੰਦੀ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਸਾਧਨਾਂ ਰਾਹੀ ਇਕ ਸੈਟੇਲਾਈਟ ਚੈਨਲ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜੋ ਗੁਰਬਾਣੀ ਦਾ ਪ੍ਰਸਾਰਨ ਕਰੇਗਾ। ਇਹ ਚੈਨਲ ਮੁਫਤ ਹੋਵੇਗਾ।

# ਬਹਿਬਲ ਗੋਲੀ ਕਾਂਡ: ਪੁਲਿਸ ਜਿਪਸੀ ਵਾਪਸ ਦੇਣ ਤੋਂ ਇਨਕਾਰ

**ਫਰੀਦਕੋਟ:** ਫਰੀਦਕੋਟ ਅਦਾਲਤ ਨੇ ਬਹਿਬਲ ਗੋਲੀ ਕਾਂਡ 'ਚ ਪੁਲਿਸ ਅਧਿਕਾਰੀਆਂ ਵੱਲੋਂ ਧਰਨਾ ਦੇ ਰਹੀ ਸਿੱਖ ਸੰਗਤ ਖ਼ਿਲਾਫ਼ ਝੂਠੀ ਗਵਾਹੀ ਲਈ ਕਥਿਤ ਖੁਦ ਗੋਲੀਆਂ ਮਾਰ ਕੇ ਤਿਆਰ ਕੀਤੀ ਸਰਕਾਰੀ ਜਿਪਸੀ ਮੋਗਾ ਪੁਲਿਸ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਬਹਿਬਲ ਗੋਲੀ ਕਾਂਡ 'ਚ ਦੋ ਸਿੱਖ ਨੌਜਵਾਨਾਂ ਦੀ ਮੌਤ ਤੋਂ ਬਾਅਦ ਮੌਕੇ 'ਤੇ ਹਾਜ਼ਰ ਪੁਲਿਸ ਅਧਿਕਾਰੀਆਂ ਨੇ ਆਪਣੀ ਹੀ ਜਿਪਸੀ 'ਤੇ ਗੋਲੀਆਂ ਮਾਰ ਦਿੱਤੀਆਂ ਸਨ ਅਤੇ ਬਾਅਦ 'ਚ ਦਾਅਵਾ ਕੀਤਾ ਸੀ ਕਿ ਧਰਨਾਕਾਰੀਆਂ ਨੇ ਪੁਲਿਸ 'ਤੇ ਗੋਲੀਆਂ ਚਲਾਈਆਂ ਸਨ, ਜੋ ਜਿਪਸੀ 'ਤੇ ਲੱਗੀਆਂ।



ਇਹ ਜਿਪਸੀ ਮੋਗਾ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਦੇ ਸੁਰੱਖਿਆ ਕਰਮਚਾਰੀਆਂ ਦੀ ਸੀ। ਮੋਗਾ ਪੁਲਿਸ ਨੇ ਪਟੀਸ਼ਨ ਦਾਇਰ ਕਰ ਕੇ ਚੱਲਦੇ ਮੁਕੱਦਮੇ ਤੱਕ ਜਿਪਸੀ ਦੀ ਸਪੁਰਦਦਾਰੀ ਦੇਣ ਦੀ ਮੰਗ ਕੀਤੀ ਸੀ ਪਰ ਵਿਸ਼ੇਸ਼ ਜਾਂਚ ਟੀਮ ਨੇ ਕਿਹਾ ਕਿ ਉੱਚ ਪੁਲਿਸ ਅਧਿਕਾਰੀਆਂ ਖਿਲਾਫ਼ ਸੰਗਤ 'ਤੇ ਝੂਠੇ ਕੇਸ ਬਣਾਉਣ ਦਾ ਇਹ ਸਭ ਤੋਂ ਅਹਿਮ ਸਬੂਤ ਹੈ। ਇਸ ਲਈ ਇਹ ਜਿਪਸੀ ਜਾਂਚ ਟੀਮ ਕੋਲ ਹੀ ਰਹਿਣੀ ਚਾਹੀਦੀ ਹੈ। ਅਦਾਲਤ ਨੇ ਜਿਪਸੀ ਦੀ ਸਪੁਰਦਦਾਰੀ ਦੇਣ ਤੋਂ ਇਨਕਾਰ ਕਰਦਿਆਂ ਮੋਗਾ ਪੁਲਿਸ ਦੀ ਅਰਜ਼ੀ ਖਾਰਜ ਕਰ ਦਿੱਤੀ ਹੈ। ਬਹਿਬਲ ਗੋਲੀ ਕਾਂਡ 'ਚ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋਏ। ਅਦਾਲਤ ਨੇ ਇਸ ਕੇਸ ਦੀ ਅਗਲੀ ਤਰੀਕ 19 ਅਗਸਤ ਤੈਅ ਕੀਤੀ ਹੈ ਅਤੇ ਇਲਾਕਾ ਮੈਜਿਸਟਰੇਟ ਤੋਂ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ 'ਚ ਪੇਸ਼ ਹੋਏ ਚਲਾਨਾਂ ਦੀ ਮੁਕੰਮਲ ਰਿਪੋਰਟ ਵੀ ਤਲਬ ਕੀਤੀ ਹੈ।

# ਮੰਡ ਵੱਲੋਂ ਜਥੇਦਾਰ ਰਘਬੀਰ ਸਿੰਘ ਨੂੰ ਮੁੜ ਮੁਲਾਕਾਤ ਦਾ ਸੱਦਾ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ 9 ਅਗਸਤ ਨੂੰ ਮੁੜ ਮੁਲਾਕਾਤ ਦਾ ਸੱਦਾ ਦਿੱਤਾ ਹੈ। ਇਸ ਤੋਂ ਪਹਿਲਾਂ ਦਿੱਤੇ ਗਏ ਸੱਦੇ ਤਹਿਤ ਭਾਈ ਮੰਡ ਤੇ ਉਨ੍ਹਾਂ ਦੇ ਸਮਰਥਕ ਸ੍ਰੀ ਅਕਾਲ ਤਖ਼ਤ 'ਤੇ ਪਹੁੰਚੇ ਸਨ, ਜਿਥੇ ਉਨ੍ਹਾਂ ਲਗਭਗ ਡੇਢ ਘੰਟਾ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਉਡੀਕ ਕੀਤੀ, ਪਰ ਉਨ੍ਹਾਂ ਦੇ ਨਾ ਆਉਣ ਮਗਰੋਂ ਉਹ ਪਰਤ ਗਏ। ਜ਼ਿਕਰਯੋਗ ਹੈ ਕਿ ਮੁਤਵਾਜ਼ੀ ਜਥੇਦਾਰ ਵੱਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਗਈ ਹੈ ਕਿ ਜਥੇਦਾਰਾਂ ਦੀ ਆਪਸੀ ਏਕਤਾ ਲਈ ਮੁਲਾਕਾਤ ਕੀਤੀ ਜਾਵੇ।

ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਹੋ ਸਕਦਾ ਹੈ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਕਿਸੇ ਰੁਝੇਵੇਂ 'ਚ ਹੋਣ। ਇਸ ਲਈ ਉਨ੍ਹਾਂ ਇਕ ਵਾਰ ਮੁੜ ਮੁਲਾਕਾਤ ਦਾ ਸੱਦਾ ਪੱਤਰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ 9 ਅਗਸਤ ਨੂੰ ਉਹ 11 ਤੋਂ 1 ਵਜੇ ਦਰਮਿਆਨ ਸ੍ਰੀ ਅਕਾਲ ਤਖਤ ਵਿਖੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਉਡੀਕ ਕਰਨਗੇ।

ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਿੱਜੀ ਸਹਾਇਕ ਨੇ ਦੱਸਿਆ ਕਿ ਸਾਬਕਾ ਕਾਰਜਕਾਰੀ ਜਥੇਦਾਰ ਦੇ ਨਾਂ 'ਤੇ ਪੱਤਰ ਤਾਂ ਆਇਆ ਸੀ, ਪਰ ਮੌਜੂਦਾ ਜਥੇਦਾਰ ਦੇ ਨਾਂ ਕੋਈ ਪੱਤਰ ਨਹੀਂ ਪੁੱਜਿਆ ਹੈ।

# ਬਾਦਲ ਅਕਾਲੀ ਦਲ ਦੇ ਮਹਿਲਾ ਵਿੰਗ ਦੀ ਬਗਾਵਤ ਮਾਝੇ ਤੱਕ ਪੁੱਜੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਮਹਿਲਾ ਵਿੰਗ ਦੀ ਨਵੀਂ ਮੁਖੀ ਥਾਪੇ ਜਾਣ ਮਗਰੋਂ ਅਕਾਲੀ ਦਲ ਦੀਆਂ ਬਾਗੀ ਹੋਈਆਂ ਬੀਬੀਆਂ ਦਾ ਕਾਫਲਾ ਲੰਬਾ ਹੁੰਦਾ ਜਾ ਰਿਹਾ ਹੈ। ਇਸਤਰੀ ਵਿੰਗ ਦੀ ਬਗਾਵਤ ਹੁਣ ਮਾਝੇ ਤੱਕ ਪੁੱਜ ਗਈ ਹੈ। ਮਾਝੇ ਦੇ ਕਈ ਜ਼ਿਲ੍ਹਿਆਂ ਦੇ ਇਸਤਰੀ ਵਿੰਗ ਦੀਆਂ ਬੀਬੀਆਂ ਨੇ ਇਕੱਠੇ ਹੋ ਕੇ ਇਸ ਫੈਸਲੇ ਖ਼ਿਲਾਫ਼ ਨਾਰਾਜ਼ਗੀ ਪ੍ਰਗਟਾਈ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

ਇੱਥੇ ਇਸਤਰੀ ਅਕਾਲੀ ਦਲ ਨਾਲ ਸਬੰਧਤ ਬੀਬੀਆਂ ਪਰਮਜੀਤ ਕੌਰ ਲਾਂਡਰਾਂ, ਹਰਪ੍ਰੀਤ ਕੌਰ ਬਰਨਾਲਾ, ਹਰਪ੍ਰੀਤ ਕੌਰ ਮੁਖਮੈਲਪੁਰ ਦੀ ਅਗਵਾਈ ਹੇਠ ਮੀਟਿੰਗ ਹੋਈ ਜਿਸ ਵਿਚ ਮਾਝੇ ਦੇ ਅੰਮ੍ਰਿਤਸਰ, ਤਰਨ ਤਾਰਨ ਤੇ ਗੁਰਦਾਸਪੁਰ ਜ਼ਿਲ੍ਹਿਆਂ ਤੋਂ ਇਸਤਰੀ ਅਕਾਲੀ ਦਲ ਨਾਲ ਸਬੰਧਤ ਬੀਬੀਆਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਵੀ ਸ਼ਮੂਲੀਅਤ ਕਰਦਿਆਂ ਬੀਬੀਆਂ ਨੂੰ ਸਮਰਥਨ ਦਿੱਤਾ।

ਸੀਨੀਅਰ ਆਗੂ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸਾਰੇ ਫੈਸਲੇ ਲੋਕਤੰਤਰੀ ਢੰਗ ਤਰੀਕੇ ਨਾਲ ਹੋਣੇ ਚਾਹੀਦੇ ਹਨ ਤਾਂ ਹੀ ਪਾਰਟੀ ਅੱਗੇ ਨਾਲੋਂ ਮਜ਼ਬੂਤ ਹੋਵੇ। ਟਕਸਾਲੀ ਅਕਾਲੀ ਬੀਬੀਆਂ ਦੀ ਮੀਟਿੰਗ ਵਿਚ ਵੱਖ-ਵੱਖ



ਜ਼ਿਲ੍ਹਿਆਂ ਤੋਂ ਬੀਬੀਆਂ ਸ਼ਾਮਲ ਹੋਈਆਂ।

ਇਸ ਤੋਂ ਪਹਿਲਾਂ ਪਾਰਟੀ ਦੀ ਪੰਜਾਬ ਦੀਆਂ ਬੀਬੀਆਂ ਨੇ ਦਿੱਲੀ ਇਕਾਈ ਦੀਆਂ ਬੀਬੀਆਂ ਦਾ ਸਾਥ ਹਾਸਲ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਗਈ ਇਸ ਨਿਯੁਕਤੀ ਨੂੰ ਮੁੜ ਚੁਣੌਤੀ ਦਿੱਤੀ ਹੈ।

ਅਕਾਲੀ ਦਲ ਦੀ ਸੀਨੀਅਰ ਆਗੂ ਪਰਮਜੀਤ ਕੌਰ ਲਾਂਡਰਾ ਨੇ ਦੱਸਿਆ ਕਿ ਇਸਤਰੀ ਅਕਾਲੀ ਦਲ (ਦਿੱਲੀ ਸਟੇਟ) ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਬੀਬੀ ਰਣਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਦਿੱਲੀ ਇਕਾਈ ਦੀ ਕੋਰ ਕਮੇਟੀ ਦੀਆਂ ਬੀਬੀਆਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿਚ ਚਰਚਾ ਕੀਤੀ ਗਈ ਕਿ ਸ਼੍ਰੋਮਣੀ ਅਕਾਲੀ ਦਲ ਸਿਰਮੌਰ ਜਥੇਬੰਦੀ ਹੈ, ਜਿਸ ਦਾ ਇਤਿਹਾਸ ਸ਼ਾਨਾਮੱਤਾ ਤੇ ਕੁਰਬਾਨੀਆਂ ਵਾਲਾ ਹੈ।

ਉਨ੍ਹਾਂ ਕਿਹਾ ਕਿ ਇਸ ਪਾਰਟੀ ਦੇ ਆਪਣੇ ਪੰਥਕ ਸਿਧਾਂਤ ਤੇ ਪਰਪੱਕ ਵਿਚਾਰਧਾਰਾ ਹੈ, ਜਿਸ ਤੋਂ ਪਾਰਟੀ ਪਿਛਲੇ ਕੁਝ ਸਮੇਂ ਤੋਂ ਥਿੜਕਦੀ ਜਾ ਰਹੀ ਹੈ। ਇਹੀ ਕਾਰਨ ਹੈ ਕਿ ਕੁਝ ਦਿਨ ਪਹਿਲਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸਤਰੀ ਅਕਾਲੀ ਦਲ ਦੀ ਗੈਰ ਅਕਾਲੀ, ਗੈਰ ਪੰਥਕ, ਆਂਗਣਵਾੜੀ ਵਰਕਰ ਦੀ ਬਤੌਰ ਪ੍ਰਧਾਨ ਨਿਯੁਕਤੀ ਕੀਤੀ ਹੈ। ਉਨ੍ਹਾਂ ਸੁਖਬੀਰ ਤੋਂ ਇਹ ਮੰਗ ਵੀ ਕੀਤੀ ਹੈ ਕਿ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ।

# ਲਾਭਪਾਤਰੀਆਂ ਦੇ ਘਰ-ਘਰ ਆਟਾ-ਕਣਕ ਪੁੱਜਦੀ ਕਰੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਸੂਬੇ 'ਚ ਆਟਾ-ਦਾਲ ਸਕੀਮ ਦਾ ਲਾਭ ਲੈਣ ਵਾਲੇ ਲਾਭਪਾਤਰੀਆਂ ਨੂੰ ਆਟਾ ਜਾਂ ਕਣਕ ਘਰਾਂ ਤੱਕ ਪੁੱਜਦੀ ਕਰਨ ਲਈ ਕੌਮੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ.) ਅਧੀਨ ਮਾਡਲ ਫੇਅਰ ਪ੍ਰਾਈਸ ਸ਼ਾਪਸ ਦੇ ਸੰਕਲਪ ਦੀ ਸ਼ੁਰੂਆਤ ਕਰਨ ਲਈ ਮਨਜ਼ੂਰੀ ਦੇ ਦਿੱਤੀ ਹੈ।



ਇਸ ਦੇ ਨਾਲ ਹੀ ਮੰਤਰੀ ਮੰਡਲ ਨੇ ਪਟਿਆਲਾ ਤੇ ਅੰਮ੍ਰਿਤਸਰ ਡੈਂਟਲ ਕਾਲਜਾਂ ਦੇ ਨੌਂ ਵਿਭਾਗਾਂ 'ਚ ਟੀਚਿੰਗ ਫੈਕਲਟੀ ਦੀਆਂ 39 ਅਸਾਮੀਆਂ ਸੁਰਜੀਤ ਕਰਨ ਅਤੇ ਸੀ.ਐਮ. ਦੀ ਯੋਗਸ਼ਾਲਾ ਪ੍ਰੋਜੈਕਟ ਲਈ 14 ਹੋਰ ਸੁਪਰਵਾਈਜ਼ਰ ਤੇ 200 ਟਰੇਨਰ ਭਰਤੀ ਕਰਨ ਦਾ ਫੈਸਲਾ ਕੀਤਾ ਹੈ।

ਸੂਬਾ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਮੰਤਰੀ ਮੰਡਲ ਨੇ ਆਟਾ-ਦਾਲ ਸਕੀਮ ਦੀ ਲਾਭਪਾਤਰੀਆਂ ਦੇ ਘਰਾਂ 'ਚ ਪੈਕੇਜਡ ਆਟਾ/ਪੈਕੇਜਡ ਕਣਕ ਦੀ ਵੰਡ ਲਈ ਸੋਧੀ ਹੋਈ ਵਿਧੀ ਨੂੰ ਵੀ ਪ੍ਰਵਾਨਗੀ ਦਿੱਤੀ। ਹੁਣ ਆਟਾ ਤੇ ਕਣਕ ਦੀ ਵੰਡ ਰਾਸ਼ਨ ਡਿੱਪੂਆਂ ਤੋਂ ਜਾਂ ਰਾਸ਼ਨ ਡਿੱਪੂ ਹੋਲਡਰ ਵੱਲੋਂ ਵਿਸ਼ੇਸ਼ ਸੀਲਬੰਦ ਪੈਕੇਟਾਂ 'ਚ ਲਾਭਪਾਤਰੀਆਂ ਦੇ ਘਰਾਂ ਦੇ ਦਰਵਾਜ਼ੇ ਜਾਂ ਨਜ਼ਦੀਕੀ ਮੋਟਰ ਪੁਆਇੰਟ 'ਤੇ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਆਟਾ ਤੇ ਕਣਕ ਦੇਣ ਸਮੇਂ ਸਾਰੀਆਂ ਲੋੜੀਂਦੀਆਂ ਸ਼ਰਤਾਂ ਜਿਵੇਂ ਕਿ ਬਾਇਓਮੀਟ੍ਰਿਕ ਪੜਤਾਲ, ਲਾਭਪਾਤਰੀ ਨੂੰ ਪ੍ਰਿੰਟ ਕੀਤੀ ਵਜ਼ਨ ਰਸੀਦ ਤੇ ਹੋਰ ਜ਼ਰੂਰਤਾਂ ਨੂੰ ਯਕੀਨੀ ਪੂਰਾ ਕੀਤਾ ਜਾਵੇਗਾ। ਇਸ ਲਈ ਮਾਰਕਫੈੱਡ ਦੀ ਮਦਦ ਵੀ ਲਈ ਜਾਵੇਗੀ। ਦੂਜੇ ਪਾਸੇ ਮਾਰਕਫੈੱਡ ਨੇ ਸੂਬੇ 'ਚ 500 ਡਿੱਪੂ ਖੋਲ੍ਹਣ ਦਾ ਫੈਸਲਾ ਕੀਤਾ ਹੈ। ਸੂਬਾ ਸਰਕਾਰ ਨੇ ਸਰਕਾਰੀ ਡੈਂਟਲ ਕਾਲਜ ਤੇ ਹਸਪਤਾਲ, ਅੰਮ੍ਰਿਤਸਰ ਤੇ ਪਟਿਆਲਾ ਦੇ ਨੌਂ ਵਿਭਾਗਾਂ ਵਿੱਚ ਟੀਚਿੰਗ ਫੈਕਲਟੀ ਦੀ 39 ਅਸਾਮੀਆਂ ਨੂੰ ਸੁਰਜੀਤ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਵਿਚ ਪੰਜ ਪ੍ਰੋਫੈਸਰਾਂ, 10 ਐਸੋਸੀਏਟ ਪ੍ਰੋਫੈਸਰਾਂ ਅਤੇ 24 ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਵੀ ਸ਼ਾਮਲ ਹਨ।

ਇਸ ਦੇ ਨਾਲ ਹੀ ਸ੍ਰੀ ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ, ਹੁਸ਼ਿਆਰਪੁਰ ਦੀ ਸਰਪ੍ਰਸਤੀ ਹੇਠ ਸੀ.ਐਮ. ਦੀ ਯੋਗਸ਼ਾਲਾ ਪ੍ਰੋਜੈਕਟ ਲਈ 14 ਸੁਪਰਵਾਈਜ਼ਰ ਤੇ 200 ਯੋਗਾ ਟਰੇਨਰ ਦੀ ਭਰਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ 'ਚ ਤਿੰਨ ਰੀਡਰਾਂ, ਚਾਰ ਜੂਨੀਅਰ ਸਕੇਲ ਸਟੈਨੋਗ੍ਰਾਫ਼ਰਾਂ ਅਤੇ ਚਾਰ ਅਹਿਲਮਦਾਂ ਸਮੇਤ 11 ਅਸਾਮੀਆਂ ਸੁਰਜੀਤ ਕਰਨ ਨੂੰ ਵੀ ਝੰਡੀ ਦੇ ਦਿੱਤੀ। ਇਸ ਤੋਂ ਇਲਾਵਾ ਸੇਵਾਦਾਰਾਂ ਦੀਆਂ ਦੋ ਅਸਾਮੀਆਂ ਆਊਟ ਸੋਰਸ ਰਾਹੀਂ ਭਰੀਆਂ ਜਾਣਗੀਆਂ।

## ਸਸਤੀ ਰੇਤਾ-ਬਜਰੀ ਦੇਣ ਬਾਰੇ ਨੀਤੀ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਖਪਤਕਾਰਾਂ ਨੂੰ ਸਸਤੀਆਂ ਦਰਾਂ 'ਤੇ ਰੇਤਾ ਅਤੇ ਬਜਰੀ ਮੁਹੱਈਆ ਕਰਨ ਲਈ ਪੰਜਾਬ ਕਰੱਸ਼ਰ ਨੀਤੀ-2023 ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਗੈਰ-ਕਾਨੂੰਨੀ ਮਾਈਨਿੰਗ ਰੋਕਣ ਅਤੇ ਸੂਬੇ 'ਚ ਮਾਈਨਰ ਮਿਨਰਲਜ਼ ਦੀ ਸਪਲਾਈ ਵਧਾਉਣ ਲਈ ਪੰਜਾਬ ਮਾਈਨਰ ਮਿਨਰਲਜ਼ ਰੂਲਜ਼-2013 'ਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸੂਬਾ ਸਰਕਾਰ ਨੇ ਇਸ ਸਾਲ 13 ਮਾਰਚ ਨੂੰ ਪੰਜਾਬ ਮਾਈਨਰ ਮਿਨਰਲਜ਼ ਨੀਤੀ-2023 ਨੋਟੀਫਾਈ ਕੀਤੀ ਸੀ। ਮੰਤਰੀ ਮੰਡਲ ਨੇ ਪੰਜਾਬ ਦੀਆਂ 366 ਗਊਸ਼ਾਲਾਵਾਂ ਦੀ ਪਹਿਲੀ ਅਕਤੂਬਰ 2022 ਤੋਂ 30 ਜੂਨ 2023 ਤੱਕ ਦੇ ਬਿਜਲੀ ਬਿੱਲਾਂ ਦੇ 8.50 ਕਰੋੜ ਰੁਪਏ ਦੇ ਬਕਾਏ ਦੀ ਰਕਮ ਗਊ ਸੈੱਸ ਦੀ ਰਕਮ ਵਿਚੋਂ ਐਡਜਸਟ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਹੈ। ਕੈਬਨਿਟ ਨੇ ਕਿਰਤ ਵਿਭਾਗ ਦੀ ਮੁੜ ਸੰਰਚਨਾ ਪਿੱਛੋਂ ਗਰੁੱਪ-ਏ ਦੇ ਨਵੇਂ ਵਿਭਾਗੀ ਨਿਯਮ ਬਣਾਉਣ ਤੇ ਸੋਧ ਕਰਨ ਸਬੰਧੀ ਵੀ ਹਰੀ ਝੰਡੀ ਦਿੱਤੀ। ਸਰਕਾਰ ਦੇ ਤਰਜਮਾਨ ਅਨੁਸਾਰ, ਪੰਜਾਬ ਸਰਕਾਰ ਹੌਲੀ-ਹੌਲੀ ਕਰ ਕੇ ਲੋਕਾਂ ਦੇ ਸਾਰੇ ਮਸਲਿਆਂ ਦਾ ਹੱਲ ਕੱਢੇਗੀ, ਬੱਸ ਲੋਕਾਂ ਨੂੰ ਥੋੜ੍ਹਾ ਸਬਰ ਤੋਂ ਕੰਮ ਲੈਣਾ ਪਵੇਗਾ।

# ਹੁਣ ਪੰਜਾਬ ਦੇ ਖਿਡਾਰੀਆਂ ਨੂੰ ਮਿਲਣਗੇ ਗੱਫੇ



**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਖੇਡਾਂ ਦੇ ਖੇਤਰ ਵਿਚ ਸੂਬੇ ਦੀ ਸ਼ਾਨ ਬਹਾਲ ਲਈ ਨਵੀਂ ਖੇਡ ਨੀਤੀ-2023 ਨੂੰ ਹਰੀ ਝੰਡੀ ਦਿੱਤੀ ਹੈ। ਇਹ ਖੇਡ ਨੀਤੀ ਹਾਕੀ ਕੋਚ ਸੁਰਿੰਦਰ ਸਿੰਘ ਸੋਢੀ, ਗੁਰਬਖ਼ਸ਼ ਸਿੰਘ ਸੰਧੂ, ਰਾਜਦੀਪ ਸਿੰਘ ਗਿੱਲ, ਡਾ. ਰਾਜ ਕੁਮਾਰ ਸ਼ਰਮਾ ਤੇ ਜਨਰਲ ਚੀਮਾ ਦੀ ਅਗਵਾਈ ਹੇਠਲੀ ਟੀਮ ਨੇ ਇਕ ਸਾਲ ਦੀ ਮਿਹਨਤ ਨਾਲ ਤਿਆਰ ਕੀਤੀ ਹੈ।

ਨਵੀਂ ਖੇਡ ਨੀਤੀ-2023 ਤਹਿਤ ਕੋਚ ਤੇ ਖੇਡ ਮਾਹਿਰਾਂ ਦੀ ਢੁਕਵੀਂ ਗਿਣਤੀ ਨਾਲ ਪਿੰਡਾਂ, ਸ਼ਹਿਰਾਂ ਅਤੇ ਜ਼ਿਲ੍ਹਾ ਤੇ ਸੂਬਾ ਪੱਧਰ 'ਤੇ ਮਿਆਰੀ ਖੇਡ ਢਾਂਚਾ ਵਿਕਸਤ ਹੋਵੇਗਾ। ਇਸ ਨੀਤੀ ਤਹਿਤ ਕੌਮੀ ਤੇ ਕੌਮਾਂਤਰੀ ਪੱਧਰ ਅਤੇ ਹੋਰ ਖੇਡ ਟੂਰਨਾਮੈਂਟਾਂ ਦੇ ਜੇਤੂ ਖਿਡਾਰੀਆਂ ਲਈ ਕਰੋੜਾਂ ਰੁਪਏ ਦੇ ਨਕਦ ਇਨਾਮਾਂ ਤੇ ਨੌਕਰੀਆਂ ਦੇਣ ਦੇ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਖਿਡਾਰੀਆਂ ਦੇ ਕੋਚਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਨਵੀਂ ਖੇਡ ਨੀਤੀ ਅਨੁਸਾਰ ਖਿਡਾਰੀਆਂ ਨੂੰ ਤਿਆਰੀ ਲਈ ਇਕ ਲੱਖ ਰੁਪਏ ਤੋਂ 15 ਲੱਖ ਰੁਪਏ ਤੱਕ ਦੀ ਵਿੱਤੀ ਮਦਦ ਕੀਤੀ ਜਾਵੇਗੀ। ਇਹ ਨੀਤੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਕੋਚਾਂ ਦੀ ਸਿਖਲਾਈ ਲਈ ਮੌਕੇ ਮੁਹੱਈਆ ਕਰਵਾਉਣ 'ਤੇ ਆਧਾਰਿਤ ਹੋਵੇਗੀ। ਇਸ ਵਿੱਚ ਪੈਰਾ ਖਿਡਾਰੀਆਂ ਦੀਆਂ ਸਹੂਲਤਾਂ ਦੇਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

## ਧਰਮੀ ਫੌਜੀਆਂ ਦਾ ਗੁਜ਼ਾਰਾ ਭੱਤਾ ਵਧਾਇਆ

**ਚੰਡੀਗੜ੍ਹ:** ਸੂਬਾ ਸਰਕਾਰ ਨੇ ਸਾਕਾ ਨੀਲਾ ਤਾਰਾ ਸਮੇਂ ਪ੍ਰਭਾਵਿਤ ਧਰਮੀ ਫੌਜੀਆਂ ਨੂੰ ਮਿਲਣ ਵਾਲਾ ਮਹੀਨਾਵਾਰ ਗੁਜ਼ਾਰਾ ਭੱਤਾ 10 ਹਜ਼ਾਰ ਰੁਪਏ ਤੋਂ ਵਧਾ ਕੇ 12 ਹਜ਼ਾਰ ਰੁਪਏ ਮਹੀਨਾ ਕਰ ਦਿੱਤਾ ਹੈ। ਮੰਤਰੀ ਮੰਡਲ ਦੇ ਫੈਸਲੇ ਦਾ ਲਾਭ ਸੂਬੇ ਦੇ 76 ਧਰਮੀ ਫੌਜੀਆਂ ਨੂੰ ਮਿਲੇਗਾ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਫੈਸਲਾ ਵਧ ਰਹੀ ਮਹਿੰਗਾਈ, ਮੌਜੂਦਾ ਹਾਲਾਤ ਤੇ ਧਰਮੀ ਫੌਜੀਆਂ ਦੇ ਵਧੇ ਖਰਚਿਆਂ ਦੇ ਮੱਦੇਨਜ਼ਰ ਲਿਆ ਹੈ।

# ਸਾਬਕਾ ਸੰਸਦ ਮੈਂਬਰਾਂ ਦੀ ਪੈਨਸ਼ਨ ਸਕੱਤਰਾਂ ਤੋਂ ਵੱਧ ਰੱਖਣ ਦੀ ਮੰਗ

**ਫ਼ਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਾਬਕਾ ਸੰਸਦ ਮੈਂਬਰਾਂ ਦੀ ਪੈਨਸ਼ਨ ਉਤੇ ਰੋਕ ਲਾਉਣ ਦੀ ਬਜਾਇ ਉਨ੍ਹਾਂ ਨੂੰ ਸਕੱਤਰ ਤੋਂ ਵੱਧ ਪੈਨਸ਼ਨ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਰੁਤਬੇ ਨੂੰ ਕਾਇਮ ਰੱਖਦਿਆਂ ਸਮਾਜ ਸੇਵਾ ਜਾਰੀ ਰੱਖ ਸਕਣ।



ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੇ ਲੋਕ ਸਭਾ ਸਪੀਕਰ ਨੂੰ ਪੱਤਰ ਵੀ ਭੇਜਿਆ ਹੈ। ਸ੍ਰੀ ਮਾਨ ਨੇ ਆਖਿਆ ਕਿ ਸੰਸਦ ਮੈਂਬਰਾਂ ਦੀ ਆਪਣੇ ਹਲਕਾ ਵਾਸੀਆਂ ਪ੍ਰਤੀ ਹਮੇਸ਼ਾਂ ਹੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਪਰ ਜਦੋਂ ਉਹ ਸੇਵਾਮੁਕਤ ਹੋ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਸਿਆਸੀ ਅਤੇ ਸਮਾਜਿਕ ਸਰਗਰਮੀਆਂ ਘਟਣ ਦੀ ਥਾਂ ਵੱਧ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਆਪਣੇ ਹਲਕਿਆਂ ਅੰਦਰ ਲੋਕਾਂ ਦੇ ਸਮਾਗਮਾਂ 'ਚ ਜਾਣਾ ਪੈਂਦਾ ਹੈ, ਜਿਸ ਕਰਕੇ ਉਨ੍ਹਾਂ ਨੂੰ ਦੀ ਸਕੱਤਰ ਦੇ ਬਰਾਬਰ ਪੈਨਸ਼ਨ ਦਿੱਤੀ ਜਾਣੀ ਹੈ।

# ਰਿਸ਼ਵਤ ਦੇ ਦੋਸ਼ ਵਿਚ ਸਿਪਾਹੀ ਕਾਬੂ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਸਾਈਬਰ ਸੈੱਲ ਪਟਿਆਲਾ ਵਿਖੇ ਤਾਇਨਾਤ ਸਿਪਾਹੀ ਕਰਮਬੀਰ ਸਿੰਘ ਨੂੰ 10000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ 'ਚ ਸਬ-ਇੰਸਪੈਕਟਰ (ਐਸ.ਆਈ.) ਅਤੇ ਪੱਤਰਕਾਰ ਖਿਲਾਫ਼ ਵੀ ਮਾਮਲਾ ਦਰਜ ਕੀਤਾ ਗਿਆ ਹੈ।



ਵਿਜੀਲੈਂਸ ਬਿਊਰੋ ਨੇ ਇਹ ਕਾਰਵਾਈ ਪਰਦੀਪ ਸਿੰਘ ਵਾਸੀ ਪਟਿਆਲਾ ਦੀ ਸ਼ਿਕਾਇਤ 'ਤੇ ਕੀਤੀ ਹੈ। ਇਥੇ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਪਰਦੀਪ ਸਿੰਘ ਨੇ ਥਾਣਾ ਵਿਜੀਲੈਂਸ ਬਿਊਰੋ ਪਟਿਆਲਾ ਵਿਖੇ ਪਹੁੰਚ ਕੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦਾ ਅਤੇ ਉਸ ਦੀ ਪਤਨੀ ਦਾ ਝਗੜਾ ਚੱਲ ਰਿਹਾ ਹੈ, ਜਿਸ ਦੀ ਜਾਂਚ ਸਾਈਬਰ ਸੈੱਲ ਪਟਿਆਲਾ ਦੇ ਇੰਚਾਰਜ ਸਬ ਇੰਸਪੈਕਟਰ (ਐਸ.ਆਈ.) ਪ੍ਰਿਤਪਾਲ ਸਿੰਘ ਨੂੰ ਸੌਂਪੀ ਗਈ ਸੀ। ਉਸ ਦੀ ਮੁਲਾਕਾਤ ਪ੍ਰਿਤਪਾਲ ਸਿੰਘ ਨਾਲ ਪ੍ਰੈਸ ਰਿਪੋਰਟਰ ਐਸ.ਐਸ. ਮਲਹੋਤਰਾ ਰਾਹੀਂ ਹੋਈ। ਐਸ.ਆਈ. ਨੇ ਉਸ ਨੂੰ ਕਿਹਾ ਕਿ ਉਸ ਨਾਲ ਤਾਇਨਾਤ ਸਿਪਾਹੀ ਕਰਮਬੀਰ ਸਿੰਘ ਕੋਲ ਪਹੁੰਚ ਕਰਕੇ ਉਹ ਉਸ ਨੂੰ ਸਾਰੇ ਮਾਮਲੇ ਦੀ ਜਾਣਕਾਰੀ ਦੇਵੇ। ਇਸ ਤੋਂ ਬਾਅਦ ਜਦੋਂ ਸ਼ਿਕਾਇਤਕਰਤਾ ਕਰਮਬੀਰ ਸਿੰਘ ਨੂੰ ਮਿਲਿਆ ਤਾਂ ਉਸ ਨੇ ਸ਼ਿਕਾਇਤਕਰਤਾ ਦੇ ਪੱਖ ਵਿਚ ਰਿਪੋਰਟ ਤਿਆਰ ਕਰਨ ਬਦਲੇ ਉਸ ਤੋਂ 20 ਹਜ਼ਾਰ ਰੁਪਏ ਦੀ ਕਥਿਤ ਰਿਸ਼ਵਤ ਮੰਗੀ। ਬੁਲਾਰੇ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਕਾਂਸਟੇਬਲ ਕਰਮਬੀਰ ਸਿੰਘ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੇ ਤੌਰ 'ਤੇ 10,000 ਰੁਪਏ ਦੀ ਪਹਿਲੀ ਕਿਸ਼ਤ ਲੈਂਦੇ ਹੋਏ ਮੌਕੇ 'ਤੇ ਕਾਬੂ ਕਰ ਲਿਆ।

# ਪਣ-ਬਿਜਲੀ ਨਾਲ ਪੰਜਾਬ ਨੂੰ ਕਰੋੜਾਂ ਦੀ ਬਚਤ

**ਪਟਿਆਲਾ:** ਪੰਜਾਬ ਵਿਚ ਡੈਮਾਂ ਵਿਚ ਪਾਣੀ ਦਾ ਪੱਧਰ ਲਗਾਤਾਰ ਵਧਿਆ ਹੋਇਆ ਹੈ, ਜਿਸ ਦੇ ਸਿੱਟੇ ਵਜੋਂ ਸੂਬੇ ਵਿਚ ਪਿਛਲੇ ਕਈ ਦਿਨਾਂ ਤੋਂ ਪਣ ਬਿਜਲੀ ਉਤਪਾਦਨ ਜੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਡੈਮਾਂ ਵਿਚ ਪਾਣੀ ਦੇ ਵਧੇ ਪੱਧਰ ਸਦਕਾ ਸੂਬਾ ਸਰਕਾਰ ਨੂੰ ਥਰਮਲ ਪਲਾਂਟਾਂ ਰਾਹੀਂ ਵਧੇਰੇ ਬਿਜਲੀ ਤਿਆਰ ਨਹੀਂ ਕਰਨੀ ਪੈ ਰਹੀ ਹੈ। ਇਸ ਨਾਲ ਕੋਲੇ ਦੀ ਖਪਤ ਵਿਚ ਵੀ ਭਾਰੀ ਨਿਘਾਰ ਆਇਆ ਹੈ, ਜਿਸ ਕਾਰਨ ਸੂਬਾ ਸਰਕਾਰ ਦੇ ਕਰੋੜਾਂ ਰੁਪਏ ਦੀ ਬੱਚਤ ਹੋ ਰਹੀ ਹੈ। ਮੀਂਹ ਕਰ ਕੇ ਲਗਾਤਾਰ ਭਾਰੀ ਮਾਤਰਾ ਵਿਚ ਆ ਰਹੇ ਪਾਣੀ ਸਦਕਾ ਭਾਖੜਾ ਪਾਵਰ ਹਾਊਸ, ਡੇਹਰ ਪਾਵਰ ਹਾਊਸ, ਬੀ.ਬੀ.ਐਮ.ਬੀ. ਅਧੀਨ ਪੌਂਗ ਪਾਵਰ ਹਾਊਸ ਅਤੇ ਰਣਜੀਤ ਸਾਗਰ ਡੈਮ ਰਾਹੀਂ ਪੂਰੀ ਸਮਰੱਥਾ ਨਾਲ ਬਿਜਲੀ ਉਤਪਾਦਨ ਕੀਤਾ ਜਾ ਰਿਹਾ ਹੈ। ਪਿਛਲੇ ਪੰਜ ਦਿਨਾਂ ਦੌਰਾਨ ਭਾਖੜਾ ਵੱਲੋਂ ਰੋਜ਼ਾਨਾ 363 ਲੱਖ ਯੂਨਿਟ, ਡੇਹਰ ਵੱਲੋਂ 145 ਤੋਂ 150 ਲੱਖ ਯੂਨਿਟ ਤੇ ਪੌਂਗ ਪਾਵਰ



ਹਾਊਸ ਵੱਲੋਂ 85 ਲੱਖ ਯੂਨਿਟ ਬਿਜਲੀ ਤਿਆਰ ਕੀਤੀ ਜਾ ਰਹੀ ਹੈ। ਬੀ.ਬੀ.ਐਮ.ਬੀ. ਅਧੀਨ ਸਮੁੱਚੇ ਤੌਰ 'ਤੇ 24 ਜੁਲਾਈ ਨੂੰ ਰਿਕਾਰਡ 615.14 ਲੱਖ ਯੂਨਿਟ ਬਿਜਲੀ ਦਾ ਉਤਪਾਦਨ ਕੀਤਾ ਗਿਆ ਹੈ। ਇਸ ਵਿਚੋਂ ਪੰਜਾਬ ਨੂੰ ਆਪਣੇ ਬਣਦੇ ਹਿੱਸੇ ਵਜੋਂ 217 ਲੱਖ ਯੂਨਿਟ ਬਿਜਲੀ ਪ੍ਰਾਪਤ ਹੋ ਰਹੀ ਹੈ। ਇਸੇ ਤਰ੍ਹਾਂ ਰਣਜੀਤ ਸਾਗਰ ਡੈਮ ਵਿਚ ਸਾਰੀਆਂ ਚਾਰ ਯੂਨਿਟਾਂ ਵੱਲੋਂ ਆਪਣੀ ਸਮਰੱਥਾ ਦਾ 110 ਫੀਸਦ ਉਤਪਾਦਨ ਕਰਦੇ ਹੋਏ ਰੋਜ਼ਾਨਾ 155 ਲੱਖ ਯੂਨਿਟ ਤੋਂ ਵੱਧ ਬਿਜਲੀ ਤਿਆਰ ਕੀਤੀ ਜਾ ਰਹੀ ਹੈ। ਪੀ.ਐਸ.ਪੀ.ਸੀ.ਐਲ. ਦੇ ਇਕ ਅਧਿਕਾਰੀ ਨੇ ਕਿਹਾ ਕਿ ਨਿੱਜੀ ਥਰਮਲਾਂ ਰਾਹੀਂ ਬਿਜਲੀ ਦਾ ਉਤਪਾਦਨ ਸੂਬੇ ਨੂੰ ਮਹਿੰਗਾ ਪੈਂਦਾ ਹੈ, ਜਦਕਿ ਪਾਣੀ ਰਾਹੀਂ ਤਿਆਰ ਕੀਤੀ ਜਾਣ ਵਾਲੀ ਬਿਜਲੀ ਸਸਤੀ ਪੈਂਦੀ ਹੈ ਅਤੇ ਇਸ ਨਾਲ ਕੋਲੇ ਦੀ ਬੱਚਤ ਵੀ ਹੁੰਦੀ ਹੈ।

# ਸੜਕ ਹਾਦਸੇ: ਜ਼ਖਮੀਆਂ ਦੀ ਮਦਦ ਕਰਨ ਵਾਲਿਆਂ ਨੂੰ ਇਨਾਮ ਮਿਲੇਗਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੜਕ ਹਾਦਸਿਆਂ ਦੌਰਾਨ ਲੋਕਾਂ ਦੀ ਜਾਨ ਬਚਾਉਣ ਵਾਲੇ ਮਦਦਗਾਰ ਵਿਅਕਤੀਆਂ ਨੂੰ ਪੰਜ-ਪੰਜ ਹਜ਼ਾਰ ਰੁਪਏ ਇਨਾਮ ਦੇਣ ਦੀ ਯੋਜਨਾ ਉਲੀਕੀ ਹੈ। ਇਹ ਪ੍ਰਗਟਾਵਾ ਚੰਡੀਗੜ੍ਹ ਸਥਿਤ ਪੰਜਾਬ ਭਵਨ 'ਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਦੀ ਮੀਟਿੰਗ ਦੌਰਾਨ ਕੀਤਾ।




ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਸੜਕ ਹਾਦਸੇ ਦੇ ਸ਼ਿਕਾਰ ਲੋਕਾਂ ਦੀ ਮਦਦ ਕਰਨ ਵਾਲੇ ਵਿਅਕਤੀ ਨੂੰ ਹਸਪਤਾਲ ਦੇ ਡਾਕਟਰ ਜਾਂ ਪੁਲਿਸ ਵੱਲੋਂ ਇਕ ਸਰਟੀਫਿਕੇਟ ਦਿੱਤਾ ਜਾਵੇਗਾ, ਜਿਸ ਨਾਲ ਉਹ ਡਿਪਟੀ ਕਮਿਸ਼ਨਰ ਦਫਤਰ ਰਾਹੀਂ ਇਹ ਰਾਸ਼ੀ ਲੈਣ ਦੇ ਯੋਗ ਹੋਵੇਗਾ। ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਦੇ ਚੇਅਰਮੈਨ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਯੋਜਨਾ ਦੀ ਮਦਦ ਨਾਲ ਸੜਕ ਹਾਦਸਿਆਂ ਵਿਚ ਜ਼ਖ਼ਮੀ ਹੋਏ ਲੋਕਾਂ ਦੀ ਜਾਨ ਬਚਾਈ ਜਾ ਸਕੇਗੀ। ਮੀਟਿੰਗ 'ਚ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਸੈਰ-ਸਪਾਟੇ ਦੇ ਵੱਡੇ ਕੇਂਦਰ ਅੰਮ੍ਰਿਤਸਰ ਨੂੰ ਮਾਡਲ ਟਰੈਫਿਕ ਸਿਟੀ ਬਣਾਉਣ ਲਈ 2.56 ਕਰੋੜ ਰੁਪਏ ਜਾਰੀ ਕੀਤੇ ਜਾਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀਆਂ ਲਈ ਡਿਪਟੀ ਕਮਿਸ਼ਨਰਾਂ ਨੂੰ ਪਹਿਲੇ ਪੜਾਅ 'ਚ ਚਾਰ ਕਰੋੜ ਰੁਪਏ ਜਾਰੀ ਕੀਤੇ ਗਏ ਹਨ।

# ਅਨੁਸੂਚਿਤ ਜਾਤੀ ਦੇ ਜਾਅਲੀ ਸਰਟੀਫਿਕੇਟ ਰੱਦ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਅਨੁਸੂਚਿਤ ਜਾਤੀ ਵਰਗ ਦੇ ਦੋ ਜਾਅਲੀ ਸਰਟੀਫਿਕੇਟ ਰੱਦ ਕੀਤੇ ਹਨ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਬਲਵਿੰਦਰ ਕੁਮਾਰ ਵਾਸੀ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ਅਤੇ ਸਰਕਾਰੀ ਮਿਡਲ ਸਕੂਲ ਜੰਡਪੁਰ, ਜ਼ਿਲ੍ਹਾ ਮੁਹਾਲੀ ਦੀ ਹਿੰਦੀ ਮਿਸਟਰੈੱਸ ਜਸਵੀਰ ਕੌਰ ਦਾ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਰੱਦ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪਿੰਡ ਪਮਾਲੀ ਦੀ ਕੋਰ ਕਮੇਟੀ ਦੇ ਮੈਂਬਰ ਜਸਵੀਰ ਸਿੰਘ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਗਈ ਸੀ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਪੈਂਦੇ ਮਮਦੋਟ ਦੇ ਵਸਨੀਕ ਬਲਵਿੰਦਰ ਕੁਮਾਰ ਨੇ ਅਨੁਸੂਚਿਤ ਜਾਤੀ ਦਾ ਜਾਅਲੀ ਸਰਟੀਫਿਕੇਟ ਬਣਾਇਆ ਹੋਇਆ ਹੈ। ਇਸ ਆਧਾਰ 'ਤੇ ਉਸ ਨੇ ਬੀ.ਐਸ.ਸੀ. (ਖੇਤੀਬਾੜੀ) ਦੀ ਡਿਗਰੀ ਤੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ ਵੈਟਨਰੀ ਸਾਇੰਸਜ਼ ਲੁਧਿਆਣਾ 'ਚ ਨੌਕਰੀ ਪ੍ਰਾਪਤ ਕੀਤੀ ਹੋਈ ਹੈ। ਇਸੇ ਤਰ੍ਹਾਂ ਬਲਵੀਰ ਸਿੰਘ ਵਾਸੀ ਪਿੰਡ ਆਲਮਪੁਰ ਪਟਿਆਲਾ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਗਈ ਸੀ ਕਿ ਜ਼ਿਲ੍ਹਾ ਮੁਹਾਲੀ ਦੇ ਪਿੰਡ ਜੰਡਪੁਰ ਦੇ ਮਿਡਲ ਸਕੂਲ ਦੀ ਹਿੰਦੀ ਮਿਸਟਰੈਸ ਜਸਵੀਰ ਕੌਰ ਨੇ ਜੱਟ ਸਿੱਖ ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਨ੍ਹਾਂ ਸ਼ਿਕਾਇਤਾਂ ਨੂੰ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮਾਮਲਿਆਂ ਬਾਰੇ ਵਿਭਾਗ ਕੋਲ ਭੇਜਿਆ ਸੀ। ਰਾਜ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਵਿਜੀਲੈਂਸ ਸੈੱਲ ਦੀ ਰਿਪੋਰਟ ਵਿਚਾਰਦੇ ਹੋਏ ਬਲਵਿੰਦਰ ਕੁਮਾਰ ਤੇ ਜਸਵੀਰ ਕੌਰ ਦੇ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਰੱਦ ਕਰ ਦਿੱਤੇ ਹਨ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੀ.ਏ.ਯੂ. ਵਿਦਿਆਰਥਣਾਂ ਨੇ ਅਧਿਆਪਕਾਂ 'ਤੇ ਸਰੀਰਕ ਸ਼ੋਸ਼ਣ ਦੇ ਦੋਸ਼ ਲਾਏ

**ਲੁਧਿਆਣਾ:** ਪੀ.ਏ.ਯੂ. ਵਿਚ ਵੱਖ-ਵੱਖ ਕੋਰਸਾਂ ਦੀ ਪੜ੍ਹਾਈ ਕਰਦੀਆਂ ਵਿਦਿਆਰਥਣਾਂ ਵੱਲੋਂ ਰਾਜਪਾਲ ਨੂੰ ਲਿਖੀ ਚਿੱਠੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ ਚਿੱਠੀ ਵਿਚ ਵਿਦਿਆਰਥਣਾਂ ਨੇ ਅਧਿਆਪਕਾਂ 'ਤੇ ਸਰੀਰਕ ਸ਼ੋਸ਼ਣ ਅਤੇ ਛੇੜ-ਛਾੜ ਦੇ ਦੋਸ਼ ਲਾਏ ਹਨ। ਦੂਜੇ ਪਾਸੇ ਇਸ ਮਾਮਲੇ 'ਚ ਪੀ.ਏ.ਯੂ. ਪ੍ਰਸ਼ਾਸਨ ਨੇ ਇਕ ਅਧਿਆਪਕ ਦਾ ਤਬਾਦਲਾ ਹੋਰ ਸਟੇਸ਼ਨ 'ਤੇ ਕਰ ਦਿੱਤਾ ਹੈ।

ਪੀ.ਏ.ਯੂ. ਦੀਆਂ ਵਿਦਿਆਰਥਣਾਂ ਵੱਲੋਂ ਰਾਜਪਾਲ ਨੂੰ ਲਿਖੀ ਇਸ ਚਿੱਠੀ ਵਿਚ ਸ਼ਿਕਾਇਤ ਕੀਤੀ ਹੈ ਕਿ ਪੀ.ਏ.ਯੂ. ਵਿਚ ਅਧਿਆਪਕਾਂ ਵੱਲੋਂ ਕੁੜੀਆਂ ਨਾਲ ਕਥਿਤ ਗਲਤ ਵਿਹਾਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨਾਲ ਛੇੜ-ਛਾੜ ਕੀਤੀ ਜਾਂਦੀ ਹੈ। ਇਸ ਸਬੰਧੀ ਕਈ ਵਾਰ ਸਬੰਧਤ ਅਧਿਕਾਰੀਆਂ ਨੂੰ ਵੀ ਦੱਸਿਆ ਗਿਆ ਪਰ ਹਰ ਵਾਰ ਮਾਮਲੇ ਨੂੰ ਦਬਾ ਲਿਆ ਜਾਂਦਾ ਹੈ। ਹੁਣ ਵੀ ਇਕ ਅੰਡਰ-ਗ੍ਰੈਜੂਏਟ ਵਿਦਿਆਰਥਣ ਨਾਲ ਇਸ ਤਰ੍ਹਾਂ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਵੀ ਸ਼ਿਕਾਇਤ ਕੀਤੀ ਪਰ ਕੋਈ ਹੱਲ ਨਹੀਂ ਹੋਇਆ। ਦੂਜੇ ਪਾਸੇ 'ਵਰਸਿਟੀ ਦੇ ਕਈ ਅਧਿਆਪਕਾਂ ਨੇ ਨਾਮ ਨਾ ਲਿਖਣ ਦੀ ਸ਼ਰਤ 'ਤੇ ਦੱਸਿਆ ਕਿ ਅਧਿਆਪਕ-ਵਿਦਿਆਰਥੀ ਦਾ ਰਿਸ਼ਤਾ ਬੜਾ ਪਵਿੱਤਰ ਹੁੰਦਾ ਹੈ। ਜੇਕਰ ਕੋਈ ਅਧਿਆਪਕ ਇਸ ਰਿਸ਼ਤੇ ਨਾਲ ਖਿਲਵਾੜ ਕਰਦਾ ਹੈ ਤਾਂ ਉਸ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ।

ਪੀ.ਏ.ਯੂ. ਦੇ ਅੱਪਰ ਨਿਰਦੇਸ਼ਕ ਟੀ.ਐੱਸ. ਰਿਆੜ ਨੇ ਕਿਹਾ ਕਿ ਇਹ ਮਾਮਲਾ ਕਰੀਬ ਇਕ ਮਹੀਨੇ ਪਹਿਲਾਂ ਦਾ ਹੈ। ਇਸ ਸਬੰਧੀ ਸ਼ਿਕਾਇਤ ਨਿਵਾਰਨ ਕਮੇਟੀ ਗਠਿਤ ਕੀਤੀ ਹੋਈ ਹੈ। ਸਬੰਧਤ ਅਧਿਆਪਕ ਤੋਂ ਕੋਰਸ ਦੀ ਪੜ੍ਹਾਈ ਕਰਦੇ ਸਾਰੇ ਵਿਦਿਆਰਥੀ ਵਾਪਸ ਲੈ ਲਏ ਸਨ। ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲੇ ਵਿਚ ਤੁਰਤ ਜੋ ਫੈਸਲਾ ਲੈਣਾ ਹੁੰਦਾ ਹੈ, ਉਹ ਲਿਆ ਜਾ ਚੁੱਕਾ ਹੈ ਅਤੇ ਬਾਕੀ ਦੋਵੇਂ ਪੱਖ ਘੋਖਣ ਤੋਂ ਬਾਅਦ ਜੋ ਵੀ ਦੋਸ਼ੀ ਪਾਇਆ ਗਿਆ, ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਚਿੱਠੀ ਬੇ-ਨਾਮੀ ਹੈ।

## ਪੰਜਾਬ ਨਾਲ ਸਬੰਧਤ ਮਸਲਿਆਂ ਦਾ ਹੱਲ ਕਰਵਾਵਾਂਗੇ: ਢੀਂਡਸਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਉਦੇਸ਼ ਕੇਂਦਰ ਕੋਲੋਂ ਪੰਜਾਬ ਨਾਲ ਸਬੰਧਤ ਮਸਲਿਆਂ ਦਾ ਹੱਲ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਵੀ ਲਿਖਿਆ ਹੈ। ਸ੍ਰੀ ਢੀਂਡਸਾ ਨੇ ਪ੍ਰਧਾਨ ਮੰਤਰੀ ਨੂੰ ਜੇਲ੍ਹਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਦੋਸ਼ੀਆਂ ਵਿਰੁੱਧ ਕਾਰਵਾਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਛੇਤੀ ਕਰਵਾਉਣ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਮੁੱਦਾ, ਕਿਸਾਨਾਂ ਅਤੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਮੁਆਫੀ, ਵਪਾਰ ਲਈ ਵਾਹਗਾ ਬਾਰਡਰ ਖੋਲ੍ਹਣ ਆਦਿ ਤੋਂ ਇਲਾਵਾ ਉਚੇਚੇ ਤੌਰ 'ਤੇ ਸੂਬੇ ਵਿਚ ਆਏ ਹੜ੍ਹ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਵਿਸ਼ੇਸ਼ ਵਿੱਤੀ ਪੈਕਜ ਜਾਰੀ ਕਰਨ ਦੀ ਮੰਗ ਕੀਤੀ ਹੈ।

## ਭਗਵੰਤ ਵੱਲੋਂ ਸ਼ਹੀਦਾਂ ਨੂੰ ਭਾਰਤ ਰਤਨ ਦੇਣ ਦੀ ਵਕਾਲਤ

**ਸੁਨਾਮ:** ਸ਼ਹੀਦ ਊਧਮ ਸਿੰਘ ਦੇ 84ਵੇਂ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜਮਹੂਰੀਅਤ ਦਾ ਘਾਣ ਕਰਕੇ ਸ਼ਹੀਦਾਂ ਦੀ ਮਹਾਨ ਵਿਰਾਸਤ ਨੂੰ ਢਾਹ ਲਾਈ ਹੈ। ਉਨ੍ਹਾਂ ਊਧਮ ਸਿੰਘ, ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਸ਼ਹੀਦਾਂ ਨੂੰ 'ਭਾਰਤ ਰਤਨ ਐਵਾਰਡ' ਦੇਣ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਨੂੰ 'ਭਾਰਤ ਰਤਨ ਐਵਾਰਡ' ਦੇਣ ਨਾਲ ਐਵਾਰਡ ਦਾ ਮਾਣ ਹੋਰ ਵਧੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੰਡਨ ਤੋਂ ਸ਼ਹੀਦ ਊਧਮ ਸਿੰਘ ਦਾ ਨਿੱਜੀ ਸਮਾਨ ਵਾਪਸ ਲਿਆਉਣ ਲਈ ਸਿਰਤੋੜ ਯਤਨ ਕਰੇਗੀ। ਪਾਕਿਸਤਾਨ ਵਿਚ ਪਈਆਂ ਸ਼ਹੀਦ ਭਗਤ ਸਿੰਘ ਨਾਲ ਜੁੜੀਆਂ ਵਸਤਾਂ ਨੂੰ ਵੀ ਵਾਪਸ ਲਿਆਂਦਾ ਜਾਵੇਗਾ। ਸੁਨਾਮ ਦੇ ਮਹਾਰਾਜਾ ਪੈਲੇਸ ਵਿਚ ਹੋਏ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਪੰਜਾਬੀਆਂ ਦੇ ਅਣਖੀਲੇ ਸੁਭਾਅ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਊਧਮ ਸਿੰਘ ਨੇ 21 ਸਾਲਾਂ ਬਾਅਦ ਜੱਲ੍ਹਿਆਂਵਾਲਾ ਬਾਗ ਦੇ ਖੂਨੀ ਕਾਂਡ ਦਾ ਬਦਲਾ ਲੰਡਨ ਦੇ ਕੈਕਸਟਨ ਹਾਲ ਵਿਚ ਜਾ ਕੇ ਲਿਆ ਸੀ।

## ਹੜ੍ਹਾਂ ਮਗਰੋਂ ਹੁਣ ਡੇਂਗੂ ਨੇ ਪੈਰ ਪਸਾਰ

**ਚੰਡੀਗੜ੍ਹ:** ਪੰਜਾਬ ਵਿਚ ਜਿੱਥੇ ਹੜ੍ਹਾਂ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਹੁਣ ਡੇਂਗੂ ਨੇ ਤੇਜ਼ੀ ਨਾਲ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਹੁਣ ਤੱਕ ਸੂਬੇ ਵਿਚ ਡੇਂਗੂ ਦੇ 440 ਕੇਸ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚੋਂ 114 ਐਕਟਿਵ ਕੇਸ ਹਨ। ਇਸ ਸਬੰਧੀ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਸਣੇ ਚਾਰ ਮੰਤਰੀਆਂ ਨੇ ਅੰਤਰ-ਵਿਭਾਗੀ ਮੀਟਿੰਗ ਕੀਤੀ ਜਿਸ ਵਿਚ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੀ ਮੌਜੂਦ ਸਨ।

ਡਾ. ਬਲਬੀਰ ਸਿੰਘ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ-ਬੋਰਨ ਬਿਮਾਰੀਆਂ ਦੇ ਫੈਲਣ ਨੂੰ ਰੋਕਣ ਲਈ ਮਿਲ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਮੱਛਰਾਂ ਦੇ ਲਾਰਵੇ 'ਤੇ ਨਜ਼ਰ ਰੱਖਣ ਲਈ ਸਿਹਤ, ਸਥਾਨਕ ਸਰਕਾਰਾਂ, ਜਲ ਸਪਲਾਈ ਤੇ ਸੈਨੀਟੇਸ਼ਨ, ਟਰਾਂਸਪੋਰਟ ਅਤੇ ਪੇਂਡੂ ਵਿਕਾਸ ਵਿਭਾਗਾਂ ਨੂੰ ਵੱਖ-ਵੱਖ ਖੇਤਰਾਂ ਅਤੇ ਰਿਹਾਇਸ਼ਾਂ ਦੀ ਚੈਕਿੰਗ ਲਈ ਗ੍ਰਾਮ ਸਿਹਤ, ਸੈਨੀਟੇਸ਼ਨ ਅਤੇ ਪੋਸ਼ਣ ਕਮੇਟੀਆਂ ਅਤੇ ਮਹਿਲਾ ਆਰੋਗਿਆ ਸਮਿਤੀ (ਐਮ.ਏ.ਐਸ.) ਨਾਲ ਤਾਲਮੇਲ ਜ਼ਰੀਏ ਕੰਮ ਕਰਨ ਦੀ ਅਪੀਲ ਕੀਤੀ।

## ਜੁਲਾਈ 'ਚ ਮੀਂਹ ਨੇ ਰਿਕਾਰਡ ਤੋੜੇ

**ਚੰਡੀਗੜ੍ਹ:** ਪੰਜਾਬ ਵਿਚ ਮੌਨਸੂਨ ਨੇ ਇਸ ਵਾਰ ਆਮ ਨਾਲੋਂ ਹਫਤਾ ਪਹਿਲਾਂ ਦਸਤਕ ਦਿੱਤੀ ਤੇ ਸੂਬੇ ਵਿਚ ਜੁਲਾਈ ਮਹੀਨੇ ਪਏ ਮੀਂਹ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਕਈ ਦਿਨ ਲਗਾਤਾਰ ਪਏ ਭਰਵੇਂ ਮੀਂਹ ਕਾਰਨ ਸੂਬੇ ਦੇ ਦਰਿਆਵਾਂ ਵਿਚ ਪਾਣੀ ਦਾ ਪੱਧਰ ਇੰਨਾ ਉੱਚਾ ਹੋ ਗਿਆ ਕਿ ਅੱਧਾ ਸੂਬਾ ਇਨ੍ਹਾਂ ਦੇ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ। ਹੁਣ ਤੱਕ ਸੂਬੇ ਦੇ 19 ਜ਼ਿਲ੍ਹਿਆਂ 'ਚ ਲਗਭਗ 1500 ਪਿੰਡ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਮੌਸਮ ਵਿਭਾਗ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਸ ਸਾਲ ਪੰਜਾਬ ਵਿਚ ਮੀਂਹ ਨੇ ਹੁਣ ਤੱਕ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਅੰਕੜਿਆਂ ਮੁਤਾਬਕ ਸੂਬੇ 'ਚ ਇਸ ਵਾਰ ਜੁਲਾਈ ਮਹੀਨੇ ਦੌਰਾਨ ਆਮ ਨਾਲੋਂ 44 ਫੀਸਦ ਵੱਧ (231.8 ਐਮ.ਐਮ) ਮੀਂਹ ਪਿਆ ਹੈ, ਜਦਕਿ ਮੌਸਮ ਵਿਭਾਗ ਵੱਲੋਂ ਇਸ ਵਾਰ 161.4 ਐਮ.ਐਮ. ਮੀਂਹ ਪੈਣ ਦਾ ਅੰਦਾਜ਼ਾ ਲਾਇਆ ਗਿਆ ਸੀ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਸਾਲ 2002 ਵਿਚ ਸੂਬੇ 'ਚ ਸਭ ਤੋਂ ਘੱਟ ਮੀਂਹ (50.4 ਐਮ.ਐਮ) ਪਿਆ ਸੀ।

## ਖਾਲਿਸਤਾਨ ਪੱਖੀਆਂ 'ਤੇ ਸ਼ਿਕੰਜਾ ਕੱਸਿਆ

*(ਪਹਿਲੇ ਸਫੇ ਦੀ ਬਾਕੀ)*

ਜੁਟ ਗਿਆ ਸੀ। ਇਸ ਤੋਂ ਬਾਅਦ ਕੌਮੀ ਜਾਂਚ ਏਜੰਸੀ ਨੇ ਸਬੰਧਿਤ ਮੁਲਕਾਂ ਕੋਲ ਰੋਸ ਪ੍ਰਦਰਸ਼ਨਾਂ ਵਿਚ ਸ਼ਾਮਲ ਲੋਕਾਂ ਖ਼ਿਲਾਫ ਕਾਰਵਾਈ ਦੀ ਮੰਗ ਕੀਤੀ, ਉੱਥੇ ਉਨ੍ਹਾਂ ਦੇ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਦੇ ਘਰ ਛਾਪੇ ਸ਼ੁਰੂ ਕਰ ਦਿੱਤੇ।

ਇਸ ਮੁਹਿੰਮ ਦੌਰਾਨ ਵਿਦੇਸ਼ਾਂ ਵਿਚ ਖਾਲਿਸਤਾਨੀ ਸਮਰਥਕਾਂ ਦੀਆਂ ਹੱਤਿਆਵਾਂ ਪਿੱਛੇ ਵੀ ਭਾਰਤੀ ਏਜੰਸੀਆਂ ਦੇ ਹੱਥ ਹੋਣ ਦੇ ਦੋਸ਼ ਲੱਗੇ। ਇਕ ਮਹੀਨੇ ਵਿਚ ਕਈ ਖਾਲਿਸਤਾਨੀ ਸਮਰਥਕਾਂ ਦੀ ਹੱਤਿਆ ਹੋਈ। ਸਭ ਤੋਂ ਪਹਿਲਾਂ ਮਈ ਮਹੀਨੇ ਲਾਹੌਰ ਵਿਚ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦੀ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਪੰਜਵੜ 1990 ਤੋਂ ਪਾਕਿਸਤਾਨ ਵਿਚ ਰਹਿ ਰਿਹਾ ਸੀ। ਇਸ ਤੋਂ ਬਾਅਦ ਖਾਲਿਸਤਾਨੀ ਸਮਰਥਕ ਅਵਤਾਰ ਸਿੰਘ ਖੰਡਾ ਦੀ ਬਰਮਿੰਘਮ ਦੇ ਇਕ ਹਸਪਤਾਲ ਵਿਚ ਮੌਤ ਹੋ ਗਈ। ਇਸ ਤੋਂ ਬਾਅਦ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਹੱਤਿਆਵਾਂ ਪਿੱਛੋਂ ਕਈ ਦੇਸ਼ਾਂ ਵਿਚ ਭਾਰਤੀ ਦੂਤਘਰਾਂ ਦੀ ਘੇਰਾਬੰਦੀ ਕੀਤੀ ਗਈ। ਦੋਸ਼ ਲੱਗੇ ਕਿ ਇਹ ਕਤਲ ਭਾਰਤੀ ਏਜੰਸੀਆਂ ਨੇ ਵਿਦੇਸ਼ਾਂ ਵਿਚ ਏਕਾ ਤੋੜਨ ਲਈ ਕਰਵਾਏ ਹਨ। ਇਨ੍ਹਾਂ ਖਾਲਿਸਤਾਨੀ ਸਮਰਥਕਾਂ ਦੀ ਮੌਤ ਤੋਂ ਬਾਅਦ ਸਿੱਖ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ 'ਤੇ ਕਾਰਵਾਈ ਦੀ ਚਰਚਾ ਛਿੜੀ। ਐਨ.ਆਈ.ਏ. ਦੀ ਪੰਜਾਬ ਵਿਚ ਤਾਜ਼ਾ ਕਾਰਵਾਈ ਤੋਂ ਜਾਪ ਰਿਹਾ ਹੈ ਕਿ ਭਾਰਤ ਵੱਲੋਂ ਵਿਦੇਸ਼ਾਂ ਵਿਚ ਸਰਗਰਮ ਖਾਲਿਸਤਾਨੀ ਪੱਖੀਆਂ ਦੇ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਉਤੇ ਸ਼ਿਕੰਜਾ ਕੱਸ ਕੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਹੁਣ ਹਰਿਆਣਾ 'ਚ ਹਿੰਸਾ

*(ਪਹਿਲੇ ਸਫੇ ਦੀ ਬਾਕੀ)*

ਤੋਂ ਰੈਪਿਡ ਐਕਸ਼ਨ ਫੋਰਸ ਦੀਆਂ 20 ਕੰਪਨੀਆਂ ਹਫਤੇ ਲਈ ਮੰਗੀਆਂ ਹਨ। ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ।

ਤਣਾਅ ਮਗਰੋਂ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਹਰਿਆਣਾ ਸਰਕਾਰ ਨੇ 'ਤਿੱਖੇ ਫਿਰਕੂ ਤਣਾਅ' ਨਾਲ ਨਜਿੱਠਣ ਲਈ ਇਲਾਕੇ ਵਿਚ ਮੋਬਾਈਲ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ। ਪੁਲਿਸ ਅਨੁਸਾਰ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ 'ਬ੍ਰਿਜ ਮੰਡਲ ਜਲਅਭਿਸ਼ੇਕ ਯਾਤਰਾ' ਕੱਢੀ ਜਾ ਰਹੀ ਸੀ ਜਿਸ ਨੂੰ ਨੂਹ ਵਿਚ ਖੇੜਲਾ ਮੋੜ 'ਤੇ ਨੌਜਵਾਨਾਂ ਦੇ ਇਕ ਧੜੇ ਨੇ ਰੋਕਿਆ ਅਤੇ ਜਲੂਸ 'ਤੇ ਪੱਥਰਬਾਜ਼ੀ ਸ਼ੁਰੂ ਕਰ ਦਿੱਤੀ। ਯਾਤਰਾ ਵਿਚ ਸ਼ਾਮਲ ਲੋਕਾਂ ਨੇ ਵੀ ਯਾਤਰਾ ਨੂੰ ਰੋਕਣ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨਾਂ 'ਤੇ ਪਥਰਾਅ ਕੀਤਾ। ਬਹੁ-ਗਿਣਤੀ ਮੁਸਲਿਮ ਵਸੋਂ ਵਾਲੇ ਨੂਹ ਵਿਚ ਹਿੰਸਕ ਘਟਨਾਵਾਂ ਦੀ ਖਬਰ ਫੈਲਣ ਮਗਰੋਂ ਸੂਬੇ ਦੇ ਹੋਰ ਜ਼ਿਲ੍ਹਿਆਂ ਵਿਚ ਵੀ ਰੋਹ ਫੈਲ ਗਿਆ।

## ਨਿਊ ਯਾਰਕ ਪੁਲਿਸ 'ਚ ਸਿੱਖ ਨੂੰ ਦਾੜ੍ਹੀ ਵਧਾਉਣ ਤੋਂ ਰੋਕਣ ਦਾ ਵਿਰੋਧ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਅਮਰੀਕਾ ਦੇ ਨਿਊ ਯਾਰਕ ਵਿਚ ਪੁਲਿਸ 'ਚ ਡਿਊਟੀ ਕਰ ਰਹੇ ਇਕ ਸਿੱਖ ਨੌਜਵਾਨ ਨੂੰ ਦਾੜ੍ਹੀ ਵਧਾਉਣ ਤੋਂ ਰੋਕਣਾ ਮੰਦਭਾਗਾ ਹੈ। ਇਹ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਵਿਕਾਸ ਵਿਚ ਸਿੱਖਾਂ ਦਾ ਵੱਡਾ ਯੋਗਦਾਨ ਹੈ ਪਰ ਦੁੱਖ ਦੀ ਗੱਲ ਹੈ ਕਿ ਇਸ ਨੂੰ ਅੱਖੋਂ ਪਰੋਖੇ ਕਰ ਕੇ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਅਮਰੀਕਾ ਵਰਗੇ ਦੇਸ਼ ਨੂੰ ਸਿੱਖਾਂ ਦੀ ਪਛਾਣ, ਮਰਿਆਦਾ, ਰਵਾਇਤਾਂ ਅਤੇ ਪਰੰਪਰਾਵਾਂ ਬਾਰੇ ਸਮਝ ਹੋਣ ਦੇ ਬਾਵਜੂਦ ਉਸ ਦਾ ਅਜਿਹਾ ਨਿਯਮ ਹੈਰਾਨੀਜਨਕ ਹੈ। ਸਿੱਖਾਂ ਲਈ ਕੇਸਾਂ ਦਾ ਵੱਡਾ ਮਹੱਤਵ ਹੈ। ਇਨ੍ਹਾਂ ਨੂੰ ਸਿੱਖ ਜਾਨ ਤੋਂ ਵੱਧ ਪਿਆਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਕੇਂਦਰੀ ਵਿਦੇਸ਼ ਮੰਤਰਾਲੇ ਨੂੰ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਕੂਟਨੀਤਕ ਪੱਧਰ 'ਤੇ ਅਮਰੀਕਾ ਸਰਕਾਰ ਕੋਲ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚਲੀਆਂ ਸਿੱਖ ਜਥੇਬੰਦੀਆਂ ਨੂੰ ਵੀ ਇਸ ਸਬੰਧੀ ਅੱਗੇ ਆਉਣਾ ਚਾਹੀਦਾ ਹੈ। ਇਸ ਦੌਰਾਨ ਗਰੇਵਾਲ ਨੇ ਯੂ.ਕੇ 'ਚ ਅਵਤਾਰ ਸਿੰਘ ਖੰਡਾ ਦੀਆਂ ਅੰਤਿਮ ਰਸਮਾਂ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀਜ਼ਾ ਨਾ ਦੇਣ ਦੀ ਵੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮਨੁੱਖੀ ਹੱਕਾਂ ਦੀ ਸਿੱਧੀ ਉਲੰਘਣਾ ਹੈ।

## ਕਿਸਾਨੀ ਮਸਲਿਆਂ ਬਾਰੇ ਵਿਚਾਰ-ਚਰਚਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੂਬੇ ਦੇ ਕਿਸਾਨਾਂ ਨੂੰ ਲਿਫਟ ਪੰਪਾਂ ਦੀ ਵਰਤੋਂ ਅਤੇ ਕਿਸਾਨਾਂ ਦੀਆਂ ਹੋਰ ਸਮੱਸਿਆਵਾਂ ਦੇ ਯੋਗ ਹੱਲ ਲਈ ਸਬੰਧਤ ਵਿਭਾਗਾਂ ਨਾਲ ਵਿਚਾਰ-ਚਰਚਾ ਕੀਤੀ। ਪੰਜਾਬ ਵਿਧਾਨ ਸਭਾ 'ਚ ਹੋਈ ਇਸ ਮੀਟਿੰਗ 'ਚ ਪੰਜਾਬ ਦੇ ਸਿੰਜਾਈ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਵਿਸ਼ੇਸ਼ ਮੁੱਖ ਸਕੱਤਰ ਖੇਤੀਬਾੜੀ ਵਿਭਾਗ ਕੇ.ਏ.ਪੀ. ਸਿਨਹਾ ਅਤੇ ਹੋਰ ਅਫਸਰਾਂ ਨੇ ਸ਼ਿਰਕਤ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪਾਕਿਸਤਾਨ ਨੇ ਡਰੋਨਾਂ ਰਾਹੀਂ ਸਰਹੱਦ ਪਾਰੋਂ ਨਸ਼ਾ ਸੁੱਟਣ ਦੀ ਗੱਲ ਕਬੂਲੀ

**ਚੰਡੀਗੜ੍ਹ:** ਪਿਛਲੇ ਕੁਝ ਵਰ੍ਹਿਆਂ ਵਿਚ ਡਰੋਨਾਂ ਰਾਹੀਂ ਸਰਹੱਦ ਪਾਰੋਂ ਨਸ਼ਾ ਤਸਕਰੀ ਦਾ ਰੁਝਾਨ ਵਧਿਆ ਹੈ। ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਇਸ ਦਾ ਸਭ ਤੋਂ ਵੱਧ ਸ਼ਿਕਾਰ ਹੋਇਆ ਹੈ। ਹੁਣ ਪਾਕਿਸਤਾਨ ਨੇ ਵੀ ਇਹ ਗੱਲ ਕਬੂਲ ਲਈ ਹੈ ਕਿ ਡਰੋਨਾਂ ਰਾਹੀਂ ਤਸਕਰੀ ਦਾ ਸਿਲਸਿਲਾ ਜਾਰੀ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਸੁਰੱਖਿਆ ਮਾਮਲਿਆਂ ਦੇ ਵਿਸ਼ੇਸ਼ ਸਹਾਇਕ/ਸਲਾਹਕਾਰ ਮਲਿਕ ਮੁਹੰਮਦ ਅਹਿਮਦ ਖਾਨ ਨੇ ਪੱਤਰਕਾਰ ਹਾਮਿਦ ਮੀਰ ਨਾਲ ਗੱਲਬਾਤ ਕਰਦਿਆਂ ਸਵੀਕਾਰ ਕੀਤਾ ਹੈ ਕਿ ਸਮਗਲਰ ਪਾਕਿਸਤਾਨ ਤੋਂ ਭਾਰਤ ਵਿਚ ਨਸ਼ੇ ਪਹੁੰਚਾਉਣ ਲਈ ਡਰੋਨਾਂ ਦੀ ਵਰਤੋਂ ਕਰ ਰਹੇ ਹਨ। ਖਾਨ ਲਹਿੰਦੇ ਪੰਜਾਬ ਦੀ 'ਪ੍ਰੋਵਿੰਸ਼ੀਅਲ ਅਸੈਂਬਲੀ' ਵਿਚ ਕਸੂਰ ਤੋਂ ਚੁਣਿਆ ਹੋਇਆ ਨੁਮਾਇੰਦਾ ਹੈ।



ਕਸੂਰ ਸਰਹੱਦੀ ਜ਼ਿਲ੍ਹਾ ਹੈ ਅਤੇ ਇੱਥੋਂ ਸਮਗਲਰ ਡਰੋਨਾਂ ਰਾਹੀਂ ਨਸ਼ੇ ਚੜ੍ਹਦੇ ਪੰਜਾਬ ਪਹੁੰਚਾਉਂਦੇ ਹਨ। ਪਿਛਲੇ ਸਮੇਂ ਵਿਚ ਪੰਜਾਬ ਪੁਲਿਸ ਅਤੇ ਬਾਰਡਰ ਸਕਿਉਰਿਟੀ ਫੋਰਸ ਨੇ ਕਈ ਥਾਵਾਂ ਤੋਂ ਡਰੋਨਾਂ ਰਾਹੀਂ ਸਮੱਗਲ ਕੀਤੇ ਗਏ ਹੈਰੋਇਨ ਫੜੀ ਹੈ।

ਪਿਛਲੇ ਹਫਤੇ ਨਸ਼ਿਆਂ ਦੀ ਤਸਕਰੀ ਅਤੇ ਕੌਮੀ ਸੁਰੱਖਿਆ ਬਾਰੇ ਕਾਨਫਰੰਸ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਡਰੋਨਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਨ ਦਾ ਸੁਝਾਅ ਦਿੱਤਾ ਸੀ। ਕੇਂਦਰੀ ਗ੍ਰਹਿ ਮੰਤਰੀ ਨੇ ਐਲਾਨ ਕੀਤਾ ਹੈ ਕਿ ਡਰੋਨਾਂ ਬਾਰੇ ਨਵੀਂ ਨੀਤੀ ਦਾ ਐਲਾਨ ਜਲਦੀ ਕੀਤਾ ਜਾਵੇਗਾ। ਇਸ ਸਮੇਂ ਅਫ਼ਗਾਨਿਸਤਾਨ ਹੈਰੋਇਨ ਬਣਾਉਣ ਦਾ ਮੁੱਖ ਕੇਂਦਰ ਹੈ। ਉੱਥੇ ਬਣਾਈ ਗਈ ਹੈਰੋਇਨ ਦਾ ਲਗਭਗ ਅੱਧਾ ਹਿੱਸਾ ਪਾਕਿਸਤਾਨ ਰਾਹੀਂ ਅਫਰੀਕਾ, ਯੂਰਪ ਦੇ ਕਈ ਮੁਲਕਾਂ ਅਤੇ ਅਮਰੀਕਾ ਵਿਚ ਪਹੁੰਚਦਾ ਹੈ। ਇਸ ਵਿਚੋਂ ਕੁਝ ਹਿੱਸਾ ਚੜ੍ਹਦੇ ਪੰਜਾਬ, ਰਾਜਸਥਾਨ ਤੇ ਜੰਮੂ ਕਸ਼ਮੀਰ ਵਿਚ ਵੀ ਭੇਜਿਆ ਜਾਂਦਾ ਹੈ।

ਪੰਜਾਬ ਵਿਚ ਇਹ ਸਮੱਸਿਆ ਕਾਫ਼ੀ ਗੰਭੀਰ ਹੈ ਕਿਉਂਕਿ ਕੇਂਦਰ ਤੇ ਸੂਬਾ ਸਰਕਾਰਾਂ ਦੇ ਯਤਨਾਂ ਦੇ ਬਾਵਜੂਦ ਸਮਗਲਿੰਗ ਜਾਰੀ ਹੈ। ਕੇਂਦਰੀ ਏਜੰਸੀ ਨਾਰਕੋਟਿਕ ਕੰਟਰੋਲ ਬਿਊਰੋ (ਐਨ.ਸੀ.ਬੀ), ਬੀ.ਐਸ.ਐਫ. ਤੇ ਪੰਜਾਬ ਪੁਲਿਸ ਨੇ ਭਾਵੇਂ ਤਸਕਰੀ ਕਰਨ ਵਾਲੇ ਕਈ ਗਰੋਹ ਫੜੇ ਹਨ ਪਰ ਤਸਕਰੀ ਦਾ ਸਿਲਸਿਲਾ ਨਹੀਂ ਰੁਕਿਆ। ਯਾਦ ਰਹੇ ਕਿ ਇਹ ਤਸਕਰੀ ਪੰਜਾਬ ਦਾ ਭਖਦਾ ਮਸਲਾ ਹੈ ਪਰ ਇਸ ਨੂੰ ਅਜੇ ਤੱਕ ਠੱਲ੍ਹ ਨਹੀਂ ਪੈ ਸਕੀ ਹੈ। ਇਸ ਮਸਲੇ 'ਤੇ ਸਿਆਸਤ ਵੀ ਬਥੇਰੀ ਹੁੰਦੀ ਹੈ। ਕੈਪਟਨ ਅਮਰਿੰਦਰ ਸਿੰਘ ਸਾਲ 2017 ਵਿਚ ਇਸ ਮਸਲੇ ਬਾਰੇ ਚੋਣ ਵਾਅਦਾ ਕਰ ਕੇ ਸਰਕਾਰ ਬਣਾਉਣ ਵਿਚ ਵੀ ਕਾਮਯਾਬ ਹੋ ਗਏ ਸਨ। ਹੋਰ ਪਾਰਟੀਆਂ ਵੀ ਇਸ ਮਸਲੇ 'ਤੇ ਵਾਅਦੇ ਅਤੇ ਦਾਅਵੇ ਅਕਸਰ ਕਰਦੀਆਂ ਰਹਿੰਦੀਆਂ ਹਨ।

# ਪੰਜਾਬੀ ਗਾਇਕ ਸੁਰਿੰਦਰ ਛਿੰਦਾ ਦਾ ਦੇਹਾਂਤ

**ਲੁਧਿਆਣਾ:** 'ਪੁੱਤ ਜੱਟਾਂ ਦੇ', 'ਜੱਟ ਜਿਉਣਾ ਮੌੜ' ਅਤੇ 'ਯਾਰਾਂ ਦਾ ਟਰੱਕ ਬੱਲੀਏ' ਜਿਹੇ ਯਾਦਗਾਰ ਗੀਤਾਂ ਲਈ ਜਾਣੇ ਜਾਂਦੇ ਪੰਜਾਬੀ ਲੋਕ ਗਾਇਕ ਸੁਰਿੰਦਰ ਛਿੰਦਾ ਦਾ ਲੰਮੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। 20 ਮਈ, 1953 ਵਿਚ ਜਨਮੇ ਛਿੰਦਾ ਨੇ ਕੁੱਝ ਦਿਨ ਪਹਿਲਾਂ ਫੂਡ ਪਾਈਪ ਦਾ ਆਪਰੇਸ਼ਨ ਕਰਵਾਇਆ ਸੀ, ਜਿਸ ਮਗਰੋਂ ਢਿੱਡ 'ਚ ਇਨਫੈਕਸ਼ਨ ਵਧਣ 'ਤੇ ਉਨ੍ਹਾਂ ਨੂੰ ਸਾਹ ਲੈਣ 'ਚ ਪਰੇਸ਼ਾਨੀ ਹੋਣ ਲੱਗ ਪਈ ਸੀ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਜੋਗਿੰਦਰ ਕੌਰ, ਬੇਟੇ ਮਨਿੰਦਰ ਛਿੰਦਾ ਅਤੇ ਸਿਮਰਨ ਛਿੰਦਾ ਹਨ। ਜਿਵੇਂ ਹੀ ਸੁਰਿੰਦਰ ਛਿੰਦਾ ਦੇ ਦੇਹਾਂਤ ਦੀ ਖ਼ਬਰ ਫੈਲੀ ਤਾਂ ਪੰਜਾਬੀ ਗਾਇਕੀ ਤੇ ਫਿਲਮ ਇੰਡਸਟਰੀ ਦੇ ਨਾਲ ਨਾਲ ਉਨ੍ਹਾਂ ਦੇ ਚਾਹੁਣ ਵਾਲਿਆਂ 'ਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਆਪਣੇ ਕਰੀਅਰ ਦੌਰਾਨ ਕਈ ਮਕਬੂਲ ਫਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਜਲਵੇ ਵੀ ਦਿਖਾਏ ਸਨ ਜਿਨ੍ਹਾਂ 'ਚ 'ਪੁੱਤ ਜੱਟਾਂ ਦੇ', 'ਉੱਚਾ ਦਰ ਬਾਬੇ ਨਾਨਕ ਦਾ' ਅਤੇ 'ਬਦਲਾ ਜੱਟੀ ਦਾ' ਸ਼ਾਮਲ ਹਨ।

ਸੁਰਿੰਦਰ ਛਿੰਦਾ ਲੁਧਿਆਣਾ ਦੇ ਪਿੰਡ ਛੋਟੀ



ਇਆਲੀ ਦੇ ਜੰਮਪਲ ਸਨ ਅਤੇ ਚਾਰ ਸਾਲ ਦੀ ਉਮਰ ਤੋਂ ਹੀ ਉਨ੍ਹਾਂ ਨੂੰ ਸੰਗੀਤ ਦੀ ਚੇਟਕ ਲੱਗ ਗਈ ਸੀ। ਸੰਗੀਤ ਉਨ੍ਹਾਂ ਨੂੰ ਵਿਰਾਸਤ 'ਚ ਮਿਲਿਆ ਸੀ। ਉਨ੍ਹਾਂ ਦੇ ਪਿਤਾ ਉਸਤਾਦ ਮਿਸਤਰੀ ਬਚਨ ਰਾਮ ਤੇ ਮਾਤਾ ਵਿਦਿਆਵਤੀ ਸਨ। ਉਸਤਾਦ ਮਿਸਤਰੀ ਬਚਨ ਰਾਮ ਨੇ ਛਿੰਦਾ ਨੂੰ ਗਾਇਕੀ ਸਿਖਾਈ ਅਤੇ ਜਸਵੰਤ ਭੰਵਰਾ ਤੋਂ ਸੰਗੀਤ ਦੇ ਗੁਰ ਸਿੱਖ ਕੇ ਉਨ੍ਹਾਂ 'ਚ ਹੋਰ ਨਿਖਾਰ ਆ ਗਿਆ। ਛਿੰਦਾ ਨੇ ਆਪਣੀ ਮੁੱਢਲੀ ਸਿੱਖਿਆ ਪੁਰਾਣੇ ਸ਼ਹਿਰ ਦੇ ਸਰਕਾਰੀ ਸਕੂਲ ਹਾਤਾ ਸ਼ੇਰ ਜੰਗ 'ਚ ਪੂਰੀ ਕੀਤੀ ਸੀ। ਸਕੂਲੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਸੁਰਿੰਦਰ ਛਿੰਦਾ ਨੇ ਮਕੈਨੀਕਲ ਇੰਜੀਨੀਅਰਿੰਗ ਦਾ ਕੋਰਸ ਕੀਤਾ। ਕੋਰਸ ਪੂਰਾ ਕਰਨ ਮਗਰੋਂ ਉਨ੍ਹਾਂ ਨੂੰ ਲੁਧਿਆਣਾ ਵਿਚ ਨੌਕਰੀ ਮਿਲ ਗਈ, ਪਰ ਉਹ ਗਾਇਕ ਬਣਨਾ ਚਾਹੁੰਦੇ ਸਨ। ਨੌਕਰੀ ਛੱਡਣ ਤੋਂ ਬਾਅਦ ਸੁਰਿੰਦਰ ਛਿੰਦਾ ਨੇ ਆਪਣਾ ਪਹਿਲਾ ਗੀਤ 'ਉੱਚਾ ਬੁਰਜ ਲਾਹੌਰ ਦਾ' ਕੱਢਿਆ ਜੋ ਕਾਫੀ ਮਕਬੂਲ ਹੋਇਆ। ਇਸ ਤੋਂ ਬਾਅਦ ਛਿੰਦੇ ਨੇ ਗੀਤਾਂ ਦੀ ਝੜੀ ਲਾ ਦਿੱਤੀ ਤੇ ਉਨ੍ਹਾਂ 40 ਤੋਂ ਵੱਧ ਕੈਸੇਟਾਂ ਕੱਢੀਆਂ। 1979 ਵਿਚ ਸੁਰਿੰਦਰ ਛਿੰਦਾ ਦੀ ਐਲਬਮ 'ਰੱਖ ਲੈ ਕਲੀਂਡਰ ਯਾਰਾ' ਸੁਪਰ ਹਿੱਟ ਹੋਈ। ਗਾਇਕੀ ਮਗਰੋਂ ਸੁਰਿੰਦਰ ਛਿੰਦਾ ਨੇ ਕਈ ਹਿੱਟ ਫਿਲਮਾਂ ਕੀਤੀਆਂ, ਜਿਨ੍ਹਾਂ ਵਿਚ 'ਪੁੱਤ ਜੱਟਾਂ ਦੇ', 'ਉੱਚਾ ਦਰ ਬਾਬੇ ਨਾਨਕ ਦਾ', 'ਬਦਲਾ ਜੱਟੀ ਦਾ', 'ਜੱਟ ਜਿਉਣਾ ਮੌੜ' ਤੇ 'ਪਟੋਲਾ' ਸ਼ਾਮਲ ਹਨ। ਸ਼ਾਨਦਾਰ ਗਾਇਕੀ ਤੇ ਅਦਾਕਾਰੀ ਲਈ ਉਨ੍ਹਾਂ ਨੂੰ 'ਪੰਜਾਬ ਗੌਰਵ ਰਤਨ ਪੁਰਸਕਾਰ', 'ਸ਼੍ਰੋਮਣੀ ਗਾਇਕ ਪੁਰਸਕਾਰ' ਸਮੇਤ ਵਿਦੇਸ਼ਾਂ ਵਿਚ ਵੀ ਕਈ ਪੁਰਸਕਾਰ ਮਿਲੇ ਸਨ।

# ਸੰਗਰੂਰ ਦੇ 67 ਪਿੰਡਾਂ ਤੇ 20 ਵਾਰਡਾਂ ਵੱਲੋਂ ਨਸ਼ਿਆਂ ਖਿਲਾਫ ਮਤੇ ਪਾਸ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਜ਼ਿਲ੍ਹਾ ਸੰਗਰੂਰ ਦੇ 67 ਪਿੰਡਾਂ ਤੇ 20 ਵਾਰਡਾਂ ਨੇ ਨਸ਼ਾ ਵੇਚਣ ਵਾਲਿਆਂ ਦਾ ਸਮਾਜਿਕ ਬਾਈਕਾਟ ਕਰਨ ਅਤੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦਾ ਮਤਾ ਪਾਸ ਕੀਤਾ। ਇਹ ਕਦਮ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰੀ, ਸਮਾਜ ਵਿਰੋਧੀ ਅਨਸਰਾਂ ਤੇ ਅਪਰਾਧੀਆਂ ਨੂੰ ਕਾਬੂ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਸਦਕਾ ਚੁੱਕਿਆ ਗਿਆ ਹੈ। ਇਸ ਤੋਂ ਇਕ ਦਿਨ ਪਹਿਲਾਂ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਦੋ ਨਸ਼ਿਆਂ ਲਈ ਬਦਨਾਮ ਇਲਾਕਿਆਂ ਪਿੰਡ ਮਿੱਡਾ ਤੇ ਮਲੋਟ ਦੇ ਮੁਹੱਲਾ ਛੱਜਘਰ ਦੇ ਵਾਸੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਲਿਆ ਸੀ।

ਜਾਣਕਾਰੀ ਅਨੁਸਾਰ ਇਹ ਮੁਹਿੰਮ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪਟਿਆਲਾ ਰੇਂਜ ਦੇ ਦੋ ਜ਼ਿਲ੍ਹਿਆਂ ਸੰਗਰੂਰ ਤੇ ਬਰਨਾਲਾ 'ਚ ਚਲਾਈ ਗਈ। ਇਹ ਕਾਰਵਾਈ ਆਈ.ਜੀ. ਪਟਿਆਲਾ ਰੇਂਜ ਮੁਖਵਿੰਦਰ ਸਿੰਘ ਛੀਨਾ ਦੀ ਨਿਗਰਾਨੀ ਹੇਠ ਕੀਤੀ ਗਈ। ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਲੋਕਾਂ ਨੂੰ ਸੂਬੇ ਵਿਚੋਂ ਨਸ਼ੇ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਤਾਂ ਕਿ ਸੂਬੇ ਨੂੰ 'ਰੰਗਲਾ ਪੰਜਾਬ' ਬਣਾਇਆ ਜਾ ਸਕੇ। ਡੀ.ਜੀ.ਪੀ. ਨੇ ਕਿਹਾ ਕਿ ਇਸ ਕਾਰਵਾਈ ਦੌਰਾਨ ਪੁਲਿਸ ਟੀਮਾਂ ਨੇ 8 ਐਫ.ਆਈ.ਆਰਜ਼. ਦਰਜ ਕਰਕੇ 11 ਸਮਾਜ ਵਿਰੋਧੀ ਅਨਸਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ 60 ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ। ਐਸ.ਐਸ.ਪੀ. ਸੰਗਰੂਰ ਸੁਰਿੰਦਰ ਲਾਂਬਾ ਅਤੇ ਐਸ.ਐਸ.ਪੀ. ਬਰਨਾਲਾ ਸੰਦੀਪ ਕੁਮਾਰ ਮਲਿਕ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੇ ਆਪੋ-ਆਪਣੇ ਜ਼ਿਲ੍ਹਿਆਂ ਵਿਚ ਕਾਰਵਾਈ ਕੀਤੀ।

# ਡੋਪ ਟੈਸਟ ਪ੍ਰਕਿਰਿਆ ਨੂੰ ਹੋਰ ਸਖਤ ਕਰਨ ਦੀ ਸਿਫਾਰਸ਼

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਅਸਲਾ ਲਾਇਸੈਂਸ ਜਾਰੀ ਕਰਨ ਅਤੇ ਇਸ ਨੂੰ ਨਵਿਆਉਣ ਲਈ ਲਾਜ਼ਮੀ ਡੋਪ ਟੈਸਟ ਦੀ ਪ੍ਰਕਿਰਿਆ ਵਿਚ ਬੇਨੇਮੀਆਂ ਦੇ ਤੱਥ ਸਾਹਮਣੇ ਆਉਣ ਤੋਂ ਬਾਅਦ ਸਖਤ ਕਦਮ ਉਠਾਉਣ ਦੀ ਸਿਫਾਰਸ਼ ਕੀਤੀ ਹੈ।




ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਦੀਆਂ ਟੀਮਾਂ ਵੱਲੋਂ ਸੂਬੇ ਭਰ ਦੇ ਸਰਕਾਰੀ ਹਸਪਤਾਲਾਂ ਦੀ ਕੀਤੀ ਗਈ ਚੈਕਿੰਗ ਦੌਰਾਨ ਡੋਪ ਟੈਸਟ ਕਰਨ ਦੀ ਪ੍ਰਕਿਰਿਆ ਵਿਚ ਕੁਝ ਬੇਨੇਮੀਆਂ ਅਤੇ ਖਾਮੀਆਂ ਪਾਈਆਂ ਗਈਆਂ ਸਨ, ਜਿਵੇਂ ਕਿ ਡੋਪ ਟੈਸਟ ਵਾਲੇ ਰਜਿਸਟਰ ਵਿਚ ਡੋਪ ਟੈਸਟ ਕਰਵਾਉਣ ਵਾਲੇ ਵਿਅਕਤੀ ਦੀ ਫੋਟੋ ਨਹੀਂ ਸੀ ਅਤੇ ਰਜਿਸਟਰ 'ਤੇ ਪੇਜ ਨੰਬਰ ਵੀ ਨਹੀਂ ਦਰਸਾਏ ਹੋਏ ਸਨ।

ਇਸ ਤੋਂ ਇਲਾਵਾ ਇਹ ਵੀ ਸਾਹਮਣੇ ਆਇਆ ਸੀ ਕਿ ਡੋਪ ਟੈਸਟ ਦੀਆਂ ਰਿਪੋਰਟਾਂ ਸਬੰਧਤ ਵਿਅਕਤੀਆਂ ਨੂੰ ਹੱਥੀਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਦੋਂਕਿ ਰਿਪੋਰਟ ਸਬੰਧਤ ਵਿਅਕਤੀ ਨੂੰ ਦਸਤੀ ਨਹੀਂ ਦਿੱਤੀ ਜਾਣੀ ਚਾਹੀਦੀ। ਬੁਲਾਰੇ ਨੇ ਦੱਸਿਆ ਕਿ ਡੋਪ ਟੈਸਟ ਦੀ ਪ੍ਰਕਿਰਿਆ ਵਿਚ ਪਾਈਆਂ ਗਈਆਂ ਇਨ੍ਹਾਂ ਬੇਨੇਮੀਆਂ ਤੋਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਡੋਪ ਟੈਸਟ ਦੀ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਅਤੇ ਕਾਰਗਰ ਬਣਾਉਣ ਲਈ ਉੱਚ ਅਧਿਕਾਰੀਆਂ ਨੂੰ ਪੱਤਰ ਲਿਖਿਆ ਜਾਵੇਗਾ ਤਾਂ ਜੋ ਡੋਪ ਟੈਸਟ ਦੇ ਮਿਆਰ ਨੂੰ ਕਾਇਮ ਰੱਖਿਆ ਜਾ ਸਕੇ।

ਵਿਜੀਲੈਂਸ ਨੇ ਸੁਝਾਅ ਦਿੱਤੇ ਹਨ ਕਿ ਡੋਪ ਟੈਸਟ ਰਿਪੋਰਟ ਦੀ ਕਾਪੀ ਸਬੰਧਤ ਹਸਪਤਾਲ ਦੇ ਰਿਕਾਰਡ ਵਿਚ ਰੱਖੀ ਜਾਣੀ ਚਾਹੀਦੀ ਹੈ ਅਤੇ ਡੋਪ ਟੈਸਟ ਵਾਸਤੇ ਡਾਕਟਰਾਂ ਅਤੇ ਟੈਕਨੀਸ਼ੀਅਨਾਂ ਨੂੰ ਰੋਟੇਸ਼ਨ ਵਿਚ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਪ੍ਰਕਿਰਿਆ ਵਿੱਚ ਕਿਸੇ ਵੀ ਏਜੰਟ ਦੀ ਸ਼ਮੂਲੀਅਤ ਸੰਭਵ ਨਾ ਹੋ ਸਕੇ।

# ਹਾਦਸੇ 'ਚ ਮਾਰੇ ਜਾਣ ਵਾਲੇ ਸੈਨਿਕਾਂ ਦੇ ਪਰਿਵਾਰਾਂ ਨੂੰ ਵੀ ਮੁਆਵਜ਼ਾ ਮਿਲੇਗਾ

**ਅੰਮ੍ਰਿਤਸਰ:** ਕਾਰਗਿਲ ਵਿਜੈ ਦਿਵਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਐਲਾਨ ਕੀਤਾ ਕਿ ਜੇਕਰ ਕਿਸੇ ਫੌਜੀ ਦੀ ਕਿਸੇ ਤਰ੍ਹਾਂ ਦੇ ਹਾਦਸੇ (ਜੰਗ ਤੋਂ ਇਲਾਵਾ) ਵਿਚ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਿਵਾਰ ਨੂੰ 25 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗਰਾਂਟ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਡਿਊਟੀ ਦੌਰਾਨ ਅਪਾਹਿਜ ਹੋਏ ਸੈਨਿਕਾਂ ਲਈ ਵਿੱਤੀ ਸਹਾਇਤਾ ਦੁੱਗਣੀ ਕਰਨ ਅਤੇ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੇ ਨਾਨ-ਪੈਨਸ਼ਨਰ ਸਾਬਕਾ ਸੈਨਿਕਾਂ ਦੀ ਵਿੱਤੀ ਸਹਾਇਤਾ ਵਧਾਉਣ ਦੇ ਵੀ ਐਲਾਨ ਕੀਤੇ ਗਏ। 'ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਐਂਡ ਮਿਊਜ਼ੀਅਮ' ਵਿਖੇ ਕਾਰਗਿਲ ਵਿਜੈ ਦਿਵਸ ਮੌਕੇ ਸਮਾਗਮ ਕੀਤਾ ਗਿਆ ਜਿਸ ਵਿਚ ਮੁੱਖ ਮੰਤਰੀ ਨੇ ਅਗਵਾਈ




ਕਰਦਿਆਂ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 76 ਤੋਂ 100 ਫੀਸਦੀ ਦਿਵਿਆਂਗ ਹੋਏ ਸੈਨਿਕਾਂ ਨੂੰ ਹੁਣ 20 ਲੱਖ ਦੀ ਬਜਾਏ 40 ਲੱਖ ਰੁਪਏ ਐਕਸ-ਗ੍ਰੇਸ਼ੀਆ ਮਿਲੇਗੀ, 51 ਤੋਂ 75 ਫੀਸਦੀ ਦਿਵਿਆਂਗ ਹੋਏ ਸੈਨਿਕਾਂ ਨੂੰ 10 ਦੀ ਬਜਾਏ 20 ਲੱਖ ਰੁਪਏ ਅਤੇ 25 ਫੀਸਦੀ ਤੋਂ 50 ਫੀਸਦੀ ਦਿਵਿਆਂਗ ਹੋਏ ਸੈਨਿਕਾਂ ਨੂੰ 5 ਲੱਖ ਰੁਪਏ ਦੀ ਬਜਾਏ 10 ਲੱਖ ਰੁਪਏ ਐਕਸ-ਗ੍ਰੇਸ਼ੀਆ ਰਾਸ਼ੀ ਮਿਲੇਗੀ। ਉਨ੍ਹਾਂ ਕਿਹਾ ਕਿ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੇ ਨਾਨ-ਪੈਨਸ਼ਨਰ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੀਆਂ ਵਿਧਵਾਵਾਂ ਲਈ ਮਹੀਨਾਵਾਰ ਮਾਲੀ ਸਹਾਇਤਾ 6 ਹਜ਼ਾਰ ਰੁਪਏ ਤੋਂ ਵਧਾ ਕੇ 10 ਹਜ਼ਾਰ ਰੁਪਏ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਬਹਾਦਰ ਸੈਨਿਕਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਭਗਵੰਤ ਮਾਨ ਨੇ ਕਿਹਾ ਕਿ ਸੱਤਾ ਵਿਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਦੇਸ਼ ਦੀ ਖ਼ਾਤਰ ਜਾਨਾਂ ਕੁਰਬਾਨ ਕਰਨ ਵਾਲਿਆਂ ਦੇ ਸਨਮਾਨ ਵਜੋਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਕ-ਇਕ ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਸੀ।

# ਅਮਰੀਕਾ ਤੋਂ ਚੱਲਦੇ ਡਰੱਗ ਮਾਫੀਆ ਦਾ ਪਰਦਾਫਾਸ਼

**ਗੁਰਦਾਸਪੁਰ:** ਪੁਲਿਸ ਨੇ ਹੈਰੋਇਨ ਤਸਕਰਾਂ ਦੇ ਇਕ ਗਰੋਹ ਦਾ ਪਰਦਾਫਾਸ਼ ਕੀਤਾ ਹੈ ਜਿਸ ਨੂੰ ਅਮਰੀਕਾ ਤੋਂ ਚਲਾਇਆ ਜਾ ਰਿਹਾ ਸੀ। ਪੁਲਿਸ ਨੇ ਇਕ ਔਰਤ ਸਣੇ ਇਸ ਗਰੋਹ ਦੇ ਤਿੰਨ ਮੈਂਬਰਾਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ 80 ਕਰੋੜ ਰੁਪਏ ਦੇ ਮੁੱਲ ਦੀ 18 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਗ੍ਰਿਫਤਾਰ ਔਰਤ ਦੇ ਸਬੰਧ ਕ੍ਰੋਏਸ਼ੀਆ ਮੁਲਕ ਨਾਲ ਦੱਸੇ ਗਏ ਹਨ। ਇਸ ਗਰੋਹ ਦੀ ਕਾਰਵਾਈ ਅਮਰੀਕਾ ਬੈਠਾ ਮਨਦੀਪ ਸਿੰਘ ਧਾਲੀਵਾਲ ਚਲਾ ਰਿਹਾ ਸੀ ਜੋ ਗ੍ਰਿਫਤਾਰ ਕੀਤੀ ਗਈ ਤਿੱਕੜੀ ਨਾਲ ਲਗਾਤਾਰ ਫੋਨ ਰਾਹੀਂ ਸੰਪਰਕ ਵਿਚ ਸੀ।

ਪੰਜਾਬ ਪੁਲਿਸ ਵੱਲੋਂ ਖੁਫੀਆ ਏਜੰਸੀਆਂ 'ਰਾਅ' ਅਤੇ 'ਆਈ.ਬੀ' ਕੋਲੋਂ ਮਨਦੀਪ ਸਿੰਘ ਦੇ ਅਸਲ ਸ਼ਹਿਰ ਅਤੇ ਟਿਕਾਣੇ ਦੀ ਜਾਣਕਾਰੀ ਸਬੰਧੀ ਮਦਦ ਲਈ ਜਾਵੇਗੀ। ਐਸ.ਐਸ.ਪੀ. ਹਰੀਸ਼ ਦਯਾਮਾ ਨੇ ਦੱਸਿਆ ਕਿ ਸਪੈਸ਼ਲ ਸੈੱਲ ਦੀ ਟੀਮ ਵੱਲੋਂ ਡੀ.ਐਸ.ਪੀ. ਸੁਖਪਾਲ ਸਿੰਘ ਦੀ ਦੇਖ-ਰੇਖ ਵਿਚ ਕੁਗਰ ਮਿਲ ਪਨਿਆੜ ਵਿਚ ਨਾਕਾਬੰਦੀ ਦੌਰਾਨ ਇਕ ਕਾਰ ਨੰਬਰ ਪੀ.ਬੀ-31- 1679 ਸਵਿਫਟ ਡਿਜ਼ਾਇਰ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਜਾਂਚ ਕੀਤੀ ਤਾਂ ਉਸ ਵਿਚੋਂ 18 ਕਿੱਲੋ ਹੈਰੋਇਨ ਬਰਾਮਦ ਹੋਈ। ਕਾਰ ਸਵਾਰਾਂ ਦੀ ਪਛਾਣ




ਵਿਕਰਮਜੀਤ ਸਿੰਘ ਉਰਫ ਵਿੱਕੀ ਪੁੱਤਰ ਸਵਰਨ ਸਿੰਘ ਵਾਸੀ ਜਖੇਪਲ ਥਾਣਾ ਧਰਮਗੜ੍ਹ, ਜ਼ਿਲ੍ਹਾ ਸੰਗਰੂਰ, ਸੰਦੀਪ ਕੌਰ ਉਰਫ ਹਰਮਨ ਪਤਨੀ ਪਰਮਿੰਦਰ ਸਿੰਘ ਵਾਸੀ ਮੀਮਸਾ ਥਾਣਾ ਧੂਰੀ ਜ਼ਿਲ੍ਹਾ ਸੰਗਰੂਰ ਅਤੇ ਕੁਲਦੀਪ ਸਿੰਘ ਉਰਫ ਕਾਲਾ ਪੁੱਤਰ ਦਰਸ਼ਨ ਸਿੰਘ ਵਾਸੀ ਗੁੜੱਦੀ ਥਾਣਾ ਭੀਖੀ ਜ਼ਿਲ੍ਹਾ ਮਾਨਸਾ ਵਜੋਂ ਹੋਈ। ਇਸ ਤੋਂ ਇਲਾਵਾ ਕਾਰ ਵਿਚੋਂ ਕੈਮਰਾ ਵੀ ਬਰਾਮਦ ਹੋਇਆ ਹੈ।

ਐਸ.ਐਸ.ਪੀ. ਨੇ ਦੱਸਿਆ ਕਿ ਪੁੱਛ-ਪੜਤਾਲ ਤੋਂ ਸਾਹਮਣੇ ਆਇਆ ਹੈ ਕਿ ਤਿੰਨੇ ਜਣੇ ਹੈਰੋਇਨ ਦੀ ਖੇਪ ਸ੍ਰੀਨਗਰ ਤੋਂ ਲੈ ਕੇ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਡਰੱਗ ਰੈਕਟ ਦਾ ਸਰਗਨਾ ਮਨਦੀਪ ਸਿੰਘ ਧਾਲੀਵਾਲ ਹੈ ਜੋ ਹੈਰੋਇਨ ਮੰਗਵਾਉਣ ਅਤੇ ਸਪਲਾਈ ਕਰਨ ਦਾ ਕੰਮ ਕਰਦਾ ਹੈ, ਜਿਸ ਵੱਲੋਂ ਇਹ ਡਰੱਗ ਰੈਕਟ ਅਮਰੀਕਾ ਤੋਂ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੁਲਦੀਪ ਸਿੰਘ ਉਰਫ ਕਾਲਾ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਧਾਰਾਵਾਂ ਹੇਠ ਦੋ ਕੇਸ ਦਰਜ ਹਨ। ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛ-ਪੜਤਾਲ ਕੀਤੀ ਜਾਵੇਗੀ।

# ਪਾਕਿਸਤਾਨ 'ਚ ਆਤਮਘਾਤੀ ਹਮਲੇ ਦੌਰਾਨ 46 ਹਲਾਕ



**ਪੇਸ਼ਾਵਰ:** ਅਫ਼ਗਾਨਿਸਤਾਨ ਦੀ ਹੱਦ ਨਾਲ ਲੱਗਦੇ ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨਖਵਾ 'ਚ ਇਕ ਕੱਟੜਪੰਥੀ ਇਸਲਾਮੀ ਸਿਆਸੀ ਪਾਰਟੀ ਦੀ ਮੀਟਿੰਗ ਦੌਰਾਨ ਆਤਮਘਾਤੀ ਹਮਲਾਵਰ ਵੱਲੋਂ ਕੀਤੇ ਗਏ ਧਮਾਕੇ ਵਿਚ ਇਕ ਸਥਾਨਕ ਆਗੂ ਮੌਲਾਨਾ ਜ਼ਿਆਉੱਲਾ ਜਨ ਸਣੇ 46 ਵਿਅਕਤੀ ਹਲਾਕ ਹੋ ਗਏ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ। ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਦੁਸ਼ਮਣ ਅਤਿਵਾਦੀਆਂ ਦਾ ਸਫਾਇਆ ਕੀਤਾ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਇਹ ਧਮਾਕਾ ਕਬਾਇਲੀ ਜਿਲ੍ਹੇ ਬਜੌਰ ਦੀ ਰਾਜਧਾਨੀ ਖਾਸ ਵਿਚ ਜਮੀਅਤ ਉਲੇਮਾ-ਏ-ਇਸਲਾਮ-ਫਜ਼ਲ (ਜੇ.ਯੂ.ਆਈ-ਐੱਫ) ਦੇ ਵਰਕਰਾਂ ਦੇ ਸੰਮੇਲਨ ਦੌਰਾਨ ਹੋਇਆ। ਪੁਲਿਸ ਤੇ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਧਮਾਕੇ 'ਚ ਘੱਟੋ ਘੱਟ 46 ਲੋਕ ਮਾਰੇ ਗਏ ਹਨ ਤੇ 100 ਤੋਂ ਵੱਧ ਜ਼ਖ਼ਮੀ ਹੋਏ ਹਨ। ਇਸ ਸਬੰਧੀ ਟੀਵੀ 'ਤੇ ਨਸ਼ਰ ਹੋਈਆਂ ਵੀਡੀਓਜ 'ਚ ਲੋਕ ਇੱਧਰ-ਉੱਧਰ ਭੱਜਦੇ ਦਿਖਾਈ ਦੇ ਰਹੇ ਹਨ। ਜਦੋਂ ਇਹ ਧਮਾਕਾ ਹੋਇਆ ਤਾਂ 500 ਤੋਂ ਵੱਧ ਲੋਕ ਕਨਵੈਨਸ਼ਨ 'ਚ ਹਿੱਸਾ ਲੈ ਰਹੇ ਸਨ। ਜੇ.ਯੂ.ਆਈ-ਐੱਫ ਦੇ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ ਨੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਤੇ ਸੂਬੇ ਦੇ ਮੁੱਖ ਮੰਤਰੀ ਆਜਮ ਖਾਨ ਤੋਂ ਮੰਗ ਕੀਤੀ ਕਿ ਇਸ ਘਟਨਾ ਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਪਾਰਟੀ ਵਰਕਰਾਂ ਨੂੰ ਹਸਪਤਾਲ ਪਹੁੰਚ ਕੇ ਜ਼ਖ਼ਮੀਆਂ ਲਈ ਖ਼ੂਨਦਾਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, 'ਜੇ.ਯੂ.ਆਈ.ਐਫ. ਵਰਕਰ ਸ਼ਾਂਤ ਰਹਿਣ ਅਤੇ ਸੰਘੀ ਤੇ ਸੂਬਾਈ ਸਰਕਾਰਾਂ ਜ਼ਖ਼ਮੀਆਂ ਨੂੰ ਢੁਕਵਾਂ ਇਲਾਜ ਮੁਹੱਈਆ ਕਰਵਾਉਣ।' ਜੇ.ਯੂ.ਆਈ.ਐਫ. ਦੇ ਆਗੂ ਹਾਫਿਜ਼ ਹਮਦੁੱਲ੍ਹਾ ਨੇ ਜੀਓ ਨਿਊਜ ਨਾਲ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਵੀ ਕਨਵੈਨਸ਼ਨ 'ਚ ਸ਼ਾਮਲ ਹੋਣ ਲਈ ਜਾਣਾ ਸੀ ਪਰ ਕੁਝ ਨਿੱਜੀ ਕਾਰਨਾਂ ਕਰਕੇ ਉਹ ਜਾ ਨਹੀਂ ਸਕੇ। ਉਨ੍ਹਾਂ ਕਿਹਾ, 'ਮੈਂ ਇਸ ਧਮਾਕੇ ਦੀ ਸਖਤੀ ਨਾਲ ਆਲੋਚਨਾ ਕਰਦਾ ਹਾਂ ਤੇ ਇਸ ਘਟਨਾ ਪਿਛਲੇ ਲੋਕਾਂ ਨੂੰ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਇਹ ਜਹਾਦ ਨਹੀਂ ਬਲਕਿ ਅਤਿਵਾਦ ਹੈ। ਇਹ ਮਨੁੱਖਤਾ ਤੇ ਬਜੌਰ 'ਤੇ ਹਮਲਾ ਹੈ।' ਦੱਸਣਾ ਬਣਦਾ ਹੈ ਕਿ ਅਗਸਤ 2021 ਵਿਚ ਤਾਲਿਬਾਨ ਦੇ ਮੁੜ ਅਫ਼ਗਾਨਿਸਤਾਨ ਦੀ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਪਾਕਿਸਤਾਨ 'ਤੇ ਅਤਿਵਾਦੀ ਹਮਲੇ ਵੱਧ ਗਏ ਹਨ ਅਤੇ ਅੰਤਰਿਮ ਸ਼ਾਸਕਾਂ ਨੇ ਸਰਹੱਦ ਪਾਰੋਂ ਹੋਣ ਵਾਲੇ ਹਮਲਿਆਂ ਲਈ ਜ਼ਿੰਮੇਵਾਰ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਸਮੇਤ ਅਤਿਵਾਦੀਆਂ ਖ਼ਿਲਾਫ਼ ਫੈਸਲਾਕੁਨ ਕਾਰਵਾਈ ਦਾ ਸੱਦਾ ਦਿੱਤਾ ਹੈ।

## ਆਦਮਪੁਰ ਹਵਾਈ ਅੱਡੇ ਤੋਂ ਮੁੜ ਸ਼ੁਰੂ ਹੋਣਗੀਆਂ ਉਡਾਣਾਂ

**ਜਲੰਧਰ:** ਆਦਮਪੁਰ ਘਰੇਲੂ ਹਵਾਈ ਅੱਡੇ ਤੋਂ ਲਗਭਗ ਤਿੰਨ ਸਾਲ ਬਾਅਦ ਬੰਗਲੂਰੂ, ਗੋਆ, ਕੋਲਕਾਤਾ, ਨਾਂਦੇੜ ਅਤੇ ਹਿੰਡਨ ਲਈ ਸਿੱਧੀਆਂ ਉਡਾਣਾਂ ਸ਼ੁਰੂ ਹੋਣ ਜਾ ਰਹੀਆਂ ਹਨ। ਕੁਝ ਦਿਨ ਪਹਿਲਾਂ ਖੋਲ੍ਹੇ ਗਏ ਟੈਂਡਰਾਂ ਵਿਚ ਸਪਾਈਸਜੈੱਟ ਅਤੇ ਸਟਾਰ ਏਅਰ ਏਅਰਲਾਈਨਜ਼ ਕੰਪਨੀਆਂ ਨੂੰ ਆਦਮਪੁਰ ਹਵਾਈ ਅੱਡੇ ਤੋਂ ਉਡਾਣ ਭਰਨ ਦੇ ਠੇਕੇ ਮਿਲੇ ਹਨ। ਇਸ ਸਬੰਧੀ ਆਦਮਪੁਰ ਹਵਾਈ ਅੱਡੇ 'ਤੇ ਸਾਰੇ ਇੰਤਜ਼ਾਮ ਕੀਤੇ ਜਾ ਰਹੇ ਹਨ। ਆਉਂਦੇ ਚਾਰ ਮਹੀਨਿਆਂ 'ਚ ਇੱਥੋਂ ਉਡਾਣਾਂ ਸ਼ੁਰੂ ਹੋ ਸਕਦੀਆਂ ਹਨ। ਆਦਮਪੁਰ ਵਿਚ 110 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਟਰਮੀਨਲ ਤਿਆਰ ਕੀਤਾ ਗਿਆ ਹੈ। ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਰਿੰਕੂ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਆਦਮਪੁਰ ਘਰੇਲੂ ਹਵਾਈ ਅੱਡਾ ਮੁੜ ਚਾਲੂ ਕਰਨ ਲਈ ਸਾਰੀਆਂ ਅਧਿਕਾਰਿਤ ਰਸਮਾਂ ਪੂਰੀਆਂ ਹੋ ਚੁੱਕੀਆਂ ਹਨ। ਇਹ ਦੁਆਬੇ ਦੇ ਵਸਨੀਕਾਂ ਲਈ ਵੱਡੀ ਰਾਹਤ ਹੋਵੇਗੀ।

# ਲਿਬੀਆ ਦੀ ਤ੍ਰਿਪੋਲੀ ਜੇਲ੍ਹ ਵਿਚੋਂ 17 ਭਾਰਤੀ ਨੌਜਵਾਨ ਰਿਹਾਅ

**ਨਵੀਂ ਦਿੱਲੀ:** ਲਿਬੀਆ ਵਿਚ ਪਿਛਲੇ 6 ਮਹੀਨਿਆਂ ਤੋਂ ਤ੍ਰਿਪੋਲੀ ਦੀ ਜੇਲ੍ਹ ਵਿਚ ਕੈਦ 17 ਭਾਰਤੀ ਨੌਜਵਾਨ ਰਿਹਾਅ ਹੋ ਗਏ। ਰਾਜ ਸਭਾ ਮੈਂਬਰ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਦੱਸਿਆ ਕਿ ਪੰਜਾਬ ਤੇ ਦਿੱਲੀ ਦੇ ਕੁਝ ਟਰੈਵਲ ਏਜੰਟਾਂ ਨੇ ਪੰਜਾਬ ਅਤੇ ਹਰਿਆਣਾ ਦੇ ਇਨ੍ਹਾਂ ਨੌਜਵਾਨਾਂ ਨਾਲ ਪ੍ਰਤੀ ਵਿਅਕਤੀ ਕਰੀਬ 11 ਲੱਖ ਦੀ ਠੱਗੀ ਮਾਰੀ ਹੈ।

ਇਹ ਸਾਰੇ ਫਰਵਰੀ 2023 ਵਿਚ ਭਾਰਤ ਛੱਡ ਕੇ ਦੁਬਈ, ਫਿਰ ਮਿਸਰ ਦੇ ਰਸਤੇ ਇਟਲੀ ਚਲੇ ਗਏ ਤੇ ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਲਿਬੀਆ ਵਿੱਚ ਉਤਾਰ ਕੇ ਜੁਵਾਰਾ ਸ਼ਹਿਰ ਵਿਚ ਰੱਖਿਆ ਗਿਆ। ਇੱਥੇ ਉਨ੍ਹਾਂ ਨੂੰ ਭੋਜਨ-ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਰੱਖਿਆ ਗਿਆ ਤੇ ਸਰੀਰਕ ਸ਼ੋਸ਼ਣ ਕੀਤਾ ਜਾ ਰਿਹਾ ਸੀ। ਸ੍ਰੀ ਸਾਹਨੀ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਮਈ ਵਿਚ ਇਸ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਨੇ ਇਸ ਸਬੰਧੀ ਟਿਊਨੀਸ਼ੀਆ ਸਥਿਤ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ। ਮਗਰੋਂ ਇਨ੍ਹਾਂ ਸਾਰੇ ਲੜਕਿਆਂ ਨੂੰ ਬਚਾਉਣ ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕੀਤੀ।

ਰਾਜ ਸਭਾ ਮੈਂਬਰ ਦੇ ਦਫਤਰ ਇਨ੍ਹਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਲਗਾਤਾਰ ਸੰਪਰਕ ਵਿਚ ਸਨ। ਸ਼ੁਰੂ ਵਿਚ ਮੁੱਖ ਚਿੰਤਾ ਉਨ੍ਹਾਂ ਨੂੰ ਸਥਾਨਕ ਮਾਫੀਆ ਦੀ ਗੁਲਾਮੀ ਤੋਂ ਬਾਹਰ ਕੱਢਣਾ ਸੀ। ਸਾਹਨੀ ਨੇ ਦੱਸਿਆ ਕਿ ਉਨ੍ਹਾਂ ਦੀ ਕੌਂਸਲਰ ਤੱਕ ਪਹੁੰਚ ਕਰਨ ਦੀ ਪ੍ਰਕਿਰਿਆ ਖਤਮ ਹੋ ਗਈ ਤੇ ਲਿਬੀਆ ਦੇ ਅਧਿਕਾਰੀਆਂ ਨੇ ਇਨ੍ਹਾਂ ਨੌਜਵਾਨਾਂ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ।

# ਖਿਡਾਰੀਆਂ ਨੂੰ ਦਿੱਤੇ ਖਾਣੇ ਵਿਚੋਂ ਕਿਰਲੀ ਨਿਕਲੀ

**ਮੁਹਾਲੀ:** ਇਥੇ ਸੈਕਟਰ-63 ਸਥਿਤ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਦੇ ਹੋਸਟਲ ਵਿਚ ਖਿਡਾਰੀਆਂ ਨੂੰ ਦਿੱਤੇ ਗਏ ਸਵੇਰ ਦੇ ਨਾਸ਼ਤੇ ਵਿਚੋਂ ਮਰੀ ਹੋਈ ਕਿਰਲੀ ਨਿਕਲੀ, ਜਿਸ ਮਗਰੋਂ ਸਾਰੇ ਬੱਚਿਆਂ ਵਿਚ ਬੇਚੈਨੀ ਪੈਦਾ ਹੋ ਗਈ ਤੇ ਕੁਝ ਬੱਚਿਆਂ ਨੇ ਉਲਟੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸੰਸਥਾ ਦੇ ਪ੍ਰਬੰਧਕਾਂ ਨੇ ਉਥੇ ਮੌਜੂਦ 13 ਤੋਂ 16 ਸਾਲ ਉਮਰ ਵਰਗ ਦੇ ਲਗਭਗ 50 ਬੱਚਿਆਂ ਨੂੰ ਤੁਰਤ ਮੁਹਾਲੀ ਫੇਜ-6 ਸਥਿਤ ਸਿਵਲ ਹਸਪਤਾਲ ਲਿਆਂਦਾ, ਜਿਥੇ ਬਾਅਦ ਦੁਪਹਿਰ 2 ਵਜੇ ਤੱਕ ਸਾਰੇ ਬੱਚਿਆਂ ਨੂੰ ਡਾਕਟਰਾਂ ਦੀ ਨਿਗਰਾਨੀ ਹੇਠ ਰੱਖਿਆ ਗਿਆ।



ਹਸਪਤਾਲ ਦੇ ਐਸ.ਐਮ.ਓ ਡਾ. ਐਚ.ਐਸ. ਚੀਮਾ ਨੇ ਦੱਸਿਆ ਕਿ ਸਵੇਰੇ 8 ਵਜੇ ਤੋਂ ਬਾਅਦ ਉਨ੍ਹਾਂ ਕੋਲ ਇਹ ਬੱਚੇ ਪਹੁੰਚੇ ਸਨ, ਜੋ ਘਬਰਾਏ ਹੋਏ ਤੇ ਉਲਟੀਆਂ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਦੋ-ਤਿੰਨ ਬੱਚਿਆਂ ਨੂੰ ਗੁਲੂਕੋਸ ਲਾਇਆ ਗਿਆ, ਜਦਕਿ ਹੋਰ ਕਿਸੇ ਬੱਚੇ ਨੂੰ ਦਵਾਈ ਦੇਣ ਦੀ ਲੋੜ ਨਹੀਂ ਪਈ। ਸਿਹਤ ਵਿਭਾਗ ਦੀ ਡਾਇਰੈਕਟਰ ਡਾ. ਆਦਰਸ਼ਪਾਲ ਕੌਰ ਤੇ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਨੇ ਦੱਸਿਆ ਕਿ ਬੱਚਿਆਂ ਦੀ ਸਿਹਤ ਬਿਲਕੁਲ ਠੀਕ ਹੈ ਤੇ ਡਰਨ ਵਾਲੀ ਕੋਈ ਗੱਲ ਨਹੀਂ ਹੈ। ਇਸ ਮੌਕੇ ਮੁਹਾਲੀ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਵਪਾਰ ਮੰਡਲ ਦੇ ਪ੍ਰਧਾਨ ਵਿਨੀਤ ਵਰਮਾ ਤੇ ਸਾਬਕਾ ਕੌਂਸਲਰ ਆਰਪੀ ਸ਼ਰਮਾ ਨੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਮੰਗੀ ਹੈ। ਇਸ ਸਬੰਧੀ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

# ਭਾਰਤ ਨੂੰ 2047 ਤੱਕ ਵਿਕਸਤ ਬਣਾਉਣ ਲਈ ਬੁਨਿਆਦੀ ਢਾਂਚੇ ਤੇ ਨਿਵੇਸ਼ ਦੀ ਲੋੜ: ਸੀਤਾਰਾਮਨ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਖਿਆ ਹੈ ਕਿ ਭਾਰਤ ਨੂੰ 2047 ਤੱਕ ਵਿਕਸਿਤ ਰਾਸ਼ਟਰ ਬਣਾਉਣ ਲਈ ਸਰਕਾਰ ਚਾਰ ਪਹਿਲੂਆਂ ਉਤੇ ਧਿਆਨ ਦੇ ਰਹੀ ਹੈ। ਇਹ ਪਹਿਲੂ ਬੁਨਿਆਦੀ ਢਾਂਚਾ, ਨਿਵੇਸ਼, ਨਵੀਆਂ ਕਾਢਾਂ ਤੇ ਹਰ ਵਰਗ ਨੂੰ ਬਰਾਬਰ ਮੌਕੇ ਦੇਣਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਕੋਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤੈਅ ਕੀਤੇ ਟੀਚੇ ਨੂੰ ਪੂਰਾ ਕਰਨ ਲਈ ਲੋੜੀਂਦੇ ਸਰੋਤ ਹਨ। ਉਨ੍ਹਾਂ ਕਿਹਾ ਕਿ ਨਿਵੇਸ਼ਕਾਂ ਦੇ ਹਿੱਤ ਵਿਚ ਸਰਕਾਰ ਦੇ ਕਈ ਸੁਧਾਰਾਂ ਦੇ ਨਾਲ ਹੀ ਭਾਰਤ ਦੀ ਇਕ ਵੱਡੀ ਜਵਾਨ ਆਬਾਦੀ ਹੈ ਤੇ ਅਰਥਚਾਰੇ ਦੀ ਜ਼ਰੂਰਤ ਮੁਤਾਬਕ ਉਨ੍ਹਾਂ ਨੂੰ ਮਾਹਿਰ ਬਣਾਉਣ ਦਾ ਲਾਭ ਮਿਲੇਗਾ। ਵਿੱਤ ਮੰਤਰੀ ਨੇ ਕਿਹਾ ਕਿ 2047 ਤੱਕ ਭਾਰਤ ਨੂੰ ਇਕ ਵਿਕਸਿਤ ਦੇਸ਼ ਬਣਾਉਣ ਦੇ ਟੀਚੇ ਦੇ ਨਾਲ 'ਚਾਰ ਵੱਖ-ਵੱਖ ਪਹਿਲੂਆਂ ਉਤੇ ਜੋਰ ਦਿੱਤਾ ਗਿਆ ਹੈ। ਅਸੀਂ ਬੁਨਿਆਦੀ ਢਾਂਚੇ ਉਤੇ ਬਹੁਤ ਜੋਰ ਦੇ ਰਹੇ ਹਾਂ। ਪਿਛਲੇ ਤਿੰਨ ਤੋਂ ਪੰਜ ਸਾਲਾਂ ਵਿਚ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਸਰਕਾਰੀ ਖਰਚ ਵਿਚ ਕਾਫੀ ਵਾਧਾ ਹੋਇਆ ਹੈ ਤੇ 2023-24 ਵਿਚ ਇਹ ਅੰਕੜਾ 10 ਲੱਖ ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।' ਉਨ੍ਹਾਂ ਕਿਹਾ



ਕਿ ਬੁਨਿਆਦੀ ਢਾਂਚੇ ਦੇ ਨਾਲ ਹੀ ਨਿਵੇਸ਼ ਉਤੇ ਵੀ ਜੋਰ ਦਿੱਤਾ ਜਾ ਰਿਹਾ ਹੈ। ਅਜਿਹੇ ਵਿਚ ਜਨਤਕ ਤੇ ਪ੍ਰਾਈਵੇਟ, ਦੋਵਾਂ ਖੇਤਰਾਂ ਵਿਚ ਹਿੱਸੇਦਾਰੀ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਡਿਜੀਟਲ ਬੁਨਿਆਦੀ ਢਾਂਚੇ ਜਿਹੇ ਖੇਤਰਾਂ ਨੂੰ ਮਹੱਤਵ ਦਿੱਤਾ ਗਿਆ ਹੈ। ਸੀਤਾਰਾਮਨ ਨੇ ਸੀ.ਆਈ.ਆਈ. ਵੱਲੋਂ ਕਰਵਾਏ ਇਕ ਸਮਾਗਮ ਵਿਚ ਕਿਹਾ, 'ਅਸੀਂ ਜਨਤਕ ਨਿਵੇਸ਼ ਤੇ ਪ੍ਰਾਈਵੇਟ ਨਿਵੇਸ਼, ਦੋਵਾਂ ਦੀ ਤਲਾਸ਼ ਕਰ ਰਹੇ ਹਾਂ। ਇਸ ਲਈ ਮਾਹੌਲ ਸਾਜ਼ਗਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤੀਸਰੀ ਤਰਜੀਹ ਨਵੀਆਂ ਕਾਢਾਂ ਦੀ ਹੈ। ਸਰਕਾਰ ਨੇ ਜੈਵਿਕ ਈਂਧਨ ਦਾ ਇਸਤੇਮਾਲ ਘੱਟ ਕਰਨ ਦੇ ਨਾਲ ਹੀ ਪੁਲਾੜ, ਪਰਮਾਣੂ ਊਰਜਾ ਸਣੇ ਕਈ ਖੇਤਰਾਂ ਨੂੰ ਪ੍ਰਾਈਵੇਟ ਉੱਦਮੀਆਂ ਲਈ ਖੋਲ੍ਹਿਆ ਹੈ। ਉਨ੍ਹਾਂ ਕਿਹਾ ਕਿ ਇਸ ਸਭ ਦੇ ਨਾਲ ਹੀ ਇਹ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ ਕਿ ਅਸੀਂ ਜੋ ਕੁਝ ਵੀ ਕਰ ਰਹੇ ਹਾਂ, ਉਸ ਦਾ ਲਾਭ ਭਾਰਤ ਦੇ ਹਰ ਵਰਗ ਨੂੰ ਮਿਲੇ।

# ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਦਾ ਵਫਦ ਅਹਿਮਦਾਬਾਦ ਪੁੱਜਾ




**ਮੁਹਾਲੀ:** ਸਿੱਖਿਆ ਦੇ ਖੇਤਰ ਵਿਚ ਇਨਕਲਾਬ ਲਿਆਉਣ ਦੇ ਉਦੇਸ਼ ਨਾਲ ਇਕ ਹੋਰ ਅਹਿਮ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ (ਆਈ.ਆਈ.ਐਮ.) ਅਹਿਮਦਾਬਾਦ ਤੋਂ ਵਿਸ਼ੇਸ਼ ਸਿਖਲਾਈ ਲੈਣ ਲਈ ਸਕੂਲ ਮੁਖੀਆਂ ਦੇ ਪਹਿਲੇ ਬੈਚ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਇਸ ਦਿਨ ਨੂੰ ਪੰਜਾਬ ਦੇ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਕਰਾਰ ਦਿੰਦਿਆਂ ਕਿਹਾ ਕਿ ਜਿੱਥੇ ਪ੍ਰਿੰਸੀਪਲਾਂ ਦਾ ਵਫ਼ਦ ਸਿੰਗਾਪੁਰ ਤੋਂ ਸਿਖਲਾਈ ਲੈ ਕੇ ਵਾਪਸ ਆ ਰਿਹਾ ਹੈ, ਉੱਥੇ ਇਕ ਹੋਰ ਬੈਚ ਆਪਣੀ ਮੁਹਾਰਤ ਨਿਖਾਰਨ ਲਈ ਅਹਿਮਦਾਬਾਦ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਪਹਿਲੀ ਤਰਜੀਹ ਹੈ ਤਾਂ ਜੋ ਉਹ ਵਿਸ਼ਵ ਭਰ ਵਿੱਚ ਕਾਨਵੈਂਟ ਸਕੂਲਾਂ 'ਚ ਪੜ੍ਹੇ-ਲਿਖੇ ਵਿਦਿਆਰਥੀਆਂ ਦਾ ਮੁਕਾਬਲਾ ਕਰ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਚੰਗੇ ਕੋਚ ਵਧੀਆ ਖਿਡਾਰੀ ਪੈਦਾ ਕਰਦੇ ਹਨ, ਉਵੇਂ ਇਕ ਤਜਰਬੇਕਾਰ ਅਧਿਆਪਕ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦੇ ਟਾਕਰੇ ਲਈ ਤਿਆਰ ਕਰਨ ਵਿਚ ਸਹਾਈ ਹੋਵੇਗਾ। 'ਸਿੱਖਿਆ ਖੇਤਰ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ ਅਤੇ ਵਿਦਿਆਰਥੀਆਂ ਨੂੰ ਗੁਣਕਾਰੀ ਵਿਦਿਆ ਦੇਣ ਲਈ ਹਰਸੰਭਵ ਯਤਨ ਕੀਤੇ ਜਾਣਗੇ।' ਉਨ੍ਹਾਂ ਕਲਪਨਾ ਕੀਤੀ ਕਿ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੇਸ਼ ਭਰ ਵਿਚ ਮਿਆਰੀ ਸਿੱਖਿਆ ਦੇ ਧੁਰੇ ਵਜੋਂ ਉੱਭਰੇਗਾ।

ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨੇ ਸਾਧਦਿਆਂ ਭਗਵੰਤ ਮਾਨ ਨੇ ਕਿਹਾ ਕਿ ਪੁਰਾਣੇ ਆਗੂ ਸੱਤਾ ਹਥਿਆਉਣ ਤੋਂ ਬਾਅਦ ਲੋਕਾਂ ਵਿਚ ਜਾਣਾ ਪਸੰਦ ਨਹੀਂ ਕਰਦੇ ਸਨ। ਇਸ ਦੇ ਉਲਟ ਉਹ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਰੋਜ਼ਾਨਾ ਕਿਸੇ ਨਾ ਕਿਸੇ ਸਮਾਗਮ ਵਿਚ ਸ਼ਾਮਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਈਸਾਈ ਭਾਈਚਾਰੇ ਵੱਲੋਂ ਮਨੀਪੁਰ ਘਟਨਾਵਾਂ ਖਿਲਾਫ ਰੋਸ ਮਾਰਚ

**ਅੰਮ੍ਰਿਤਸਰ:** ਮਨੀਪੁਰ ਵਿਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਦੇ ਰੋਸ ਵਜੋਂ ਈਸਾਈ ਭਾਈਚਾਰੇ ਵੱਲੋਂ ਰੋਸ ਮਾਰਚ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਮਨੀਪੁਰ ਦੇ ਮੁੱਖ ਮੰਤਰੀ ਨੂੰ ਅਹੁਦੇ ਤੋਂ ਹਟਾਉਣ, ਸਰਕਾਰ ਨੂੰ ਬਰਖ਼ਾਸਤ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰਨ ਅਤੇ ਮੁਲਜ਼ਮਾਂ ਨੂੰ ਸਖਤ ਸਜਾਵਾਂ ਦੇਣ ਦੀ ਮੰਗ ਕੀਤੀ।

ਇਸ ਮੌਕੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮਾਰਚ 'ਚ ਸ਼ਮੂਲੀਅਤ ਕਰਦਿਆਂ ਕਿਹਾ ਕਿ ਮਨੀਪੁਰ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ ਕੇਂਦਰ ਸਰਕਾਰ ਚੁੱਪ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਪੁੱਛਿਆ ਕਿ ਜਿਵੇਂ ਉੱਤਰ ਪ੍ਰਦੇਸ ਵਿਚ ਇਕ ਫਿਰਕੇ ਖ਼ਿਲਾਫ਼ ਬੁਲਡੋਜ਼ਰ ਚਲਾਏ ਗਏ ਸਨ, ਕੀ ਉਸੇ ਤਰ੍ਹਾਂ ਹੁਣ ਮਨੀਪੁਰ ਵਿਚ ਵੀ ਬੁਲਡੋਜ਼ਰ ਚੱਲਣਗੇ? ਉਨ੍ਹਾਂ ਮਨੀਪੁਰ ਦੇ ਮੁੱਖ ਮੰਤਰੀ ਨੂੰ ਤੁਰਤ ਅਹੁਦੇ ਤੋਂ ਹਟਾਉਣ ਅਤੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ। ਇਸ ਤੋਂ ਪਹਿਲਾਂ ਈਸਾਈ ਭਾਈਚਾਰੇ ਦੇ ਆਗੂ ਇੱਥੇ ਸਥਾਨਕ ਸੇਂਟ ਫਰਾਂਸਿਸ ਸਕੂਲ 'ਚ ਇਕੱਠੇ ਹੋਏ ਤੇ ਰੋਸ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਦਫਤਰ ਗਏ, ਜਿੱਥੇ ਉਨ੍ਹਾਂ ਰਾਸ਼ਟਰਪਤੀ, ਪੰਜਾਬ ਦੇ ਰਾਜਪਾਲ ਅਤੇ ਮਹਿਲਾ ਕੌਮੀ ਕਮਿਸ਼ਨ ਦੇ ਨਾਮ ਮੰਗ ਪੱਤਰ ਸੌਂਪਿਆ।

## ਵੱਖਰੇ ਪ੍ਰਸ਼ਾਸਨ ਦੀ ਮੰਗ ਖਿਲਾਫ ਰੋਸ ਰੈਲੀ

**ਇੰਫਾਲ:** ਕੁਕੀ ਭਾਈਚਾਰੇ ਦੇ ਰਿਹਾਇਸ਼ੀ ਖੇਤਰਾਂ ਲਈ ਵੱਖਰੇ ਪ੍ਰਸ਼ਾਸਨ ਦੀ ਮੰਗ ਖ਼ਿਲਾਫ਼ ਇਥੇ ਰੈਲੀ ਕੀਤੀ ਗਈ। ਇਸ ਰੈਲੀ ਵਿਚ ਸੂਬੇ ਦੇ ਪੰਜ ਜ਼ਿਲ੍ਹਿਆਂ ਤੋਂ ਲੋਕਾਂ ਨੇ ਹਿੱਸਾ ਲਿਆ ਤੇ ਉੱਤਰ-ਪੂਰਬੀ ਸੂਬੇ ਲਈ ਖੇਤਰੀ ਅਖੰਡਤਾ ਦੀ ਮੰਗ ਕੀਤੀ। ਮਨੀਪੁਰ ਦੀ ਅਖੰਡਤਾ ਬਾਰੇ ਤਾਲਮੇਲ ਕਮੇਟੀ (ਕੋਕੋਮੀ) ਦੀ ਅਗਵਾਈ ਹੇਠ ਕੱਢੀ ਗਈ ਰੈਲੀ ਇੰਫਾਲ ਪੱਛਮੀ ਜਿਲ੍ਹੇ ਦੇ ਥਾਂਗਮੇਈਬੈਂਡ ਤੋਂ ਸ਼ੁਰੂ ਹੋਈ ਅਤੇ ਇੰਫਾਲ ਪੂਰਬੀ ਜ਼ਿਲ੍ਹੇ ਦੇ ਹਪਤਾ ਕਾਂਗਜੇਈਬੁਨੰਦ ਪਹੁੰਚ ਕੇ ਖਤਮ ਹੋਈ। ਮੁਜ਼ਾਹਰਾਕਾਰੀਆਂ ਨੇ ਹੱਥਾਂ 'ਚ ਨਾਅਰੇ ਲਿਖੀਆਂ ਤਖਤੀਆਂ ਫੜੀਆਂ ਹੋਈਆਂ ਸਨ ਤੇ ਉਹ ਵੱਖਰੇ ਪ੍ਰਸ਼ਾਸਨ ਦੀ ਮੰਗ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਸਨ।

# ਸੀਚੇਵਾਲ ਦੇ ਯਤਨਾਂ ਸਦਕਾ ਮਸਕਟ ਵਿਚ ਫਸੀਆਂ ਔਰਤਾਂ ਵਤਨ ਪਰਤੀਆਂ

**ਜਲੰਧਰ:** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਦੋ ਔਰਤਾਂ ਨੂੰ ਮਸਕਟ ਤੋਂ ਸੁਰੱਖਿਅਤ ਪੰਜਾਬ ਲਿਆਂਦਾ ਗਿਆ ਹੈ। ਬਲਬੀਰ ਸਿੰਘ ਸੀਚੇਵਾਲ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਦੋਵੇਂ ਔਰਤਾਂ ਨੂੰ ਲੈਣ ਪਹੁੰਚੇ। ਇਸ ਮੌਕੇ ਉਨ੍ਹਾਂ ਦੋਵੇਂ ਔਰਤਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ ਤੇ ਟਰੈਵਲ ਏਜੰਟਾਂ ਵਿਰੁੱਧ ਢੁਕਵੀਂ ਕਾਰਵਾਈ ਕਰਨ ਅਤੇ ਉਨ੍ਹਾਂ ਤੋਂ ਠੱਗੇ ਗਏ ਪੈਸੇ ਵਾਪਸ ਦਿਵਾਉਣ ਦਾ ਭਰੋਸਾ ਦਿੱਤਾ।

ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਦੋਵਾਂ ਵਿਚੋਂ ਇਕ ਮਹਿਲਾ ਕਪੂਰਥਲਾ ਦੇ ਪਿੰਡ ਸੰਧੂ ਚੱਠਾ ਦੀ ਵਸਨੀਕ ਹੈ ਜੋ ਕਿ ਤਿੰਨ ਮਹੀਨੇ ਪਹਿਲਾਂ ਮਸਕਟ ਗਈ ਸੀ। ਉਸ ਦੀ ਮਾਸੀ ਨੇ ਹੀ ਧੋਖੇ ਨਾਲ ਉਸ ਨੂੰ ਫਸਾਇਆ ਸੀ। ਇਸ ਮਹਿਲਾ ਦੀ ਮਾਸੀ ਨੇ ਸਿਹਤ ਖਰਾਬ ਹੋਣ ਦਾ ਬਹਾਨਾ ਲਾ ਕੇ ਉਸ ਨੂੰ ਆਪਣੀ ਥਾਂ ਕੰਮ ਕਰਨ ਲਈ ਮਸਕਟ ਸੱਦਿਆ ਸੀ, ਪਰ ਉੱਥੇ ਪਹੁੰਚਣ 'ਤੇ ਉਸ ਨੂੰ ਸ਼ਰੀਫਾ ਨਾਂ ਦੀ ਇਕ ਔਰਤ ਕੋਲ ਭੇਜ ਦਿੱਤਾ ਤੇ ਉਸ ਦਾ ਪਾਸਪੋਰਟ ਵੀ ਖੋਹ ਲਿਆ। ਦੂਜੀ ਮਹਿਲਾ ਫਤਹਿਗੜ੍ਹ ਸਾਹਿਬ ਦੀ ਰਹਿਣ ਵਾਲੀ ਹੈ ਜੋ ਕਿ 14 ਮਈ ਨੂੰ ਮਸਕਟ ਗਈ ਸੀ। ਉਸ ਨੂੰ ਰਿਸ਼ਤੇਦਾਰੀ ਵਿਚੋਂ ਇਕ ਲੜਕੀ ਨੇ ਦੱਸਿਆ ਸੀ ਕਿ ਘਰਾਂ ਵਿਚ ਕੰਮ ਕਰ ਕੇ ਵਧੀਆ ਕਮਾਈ ਹੁੰਦੀ ਹੈ ਪਰ ਹਵਾਈ ਅੱਡੇ ਤੋਂ ਟਰੈਵਲ ਏਜੰਟ ਉਸ ਨੂੰ ਟਰੇਨਿੰਗ ਦੇਣ ਦੇ ਬਹਾਨੇ ਲੈ ਗਿਆ ਤੇ ਕਮਰੇ ਵਿਚ ਬੰਦ ਕਰ ਦਿੱਤਾ। ਉੱਥੇ ਸ਼ੀਆ ਨਾਂ ਦੀ ਔਰਤ ਉਸ ਨਾਲ ਕੁੱਟਮਾਰ ਕਰਦੀ ਸੀ ਤੇ ਭਾਰਤ ਤੋਂ ਪੈਸੇ ਮੰਗਵਾਉਣ ਲਈ ਕਹਿੰਦੀ ਸੀ। ਇਸ ਸਬੰਧੀ ਉਸ ਕੋਲੋਂ ਇੱਕ ਵੀਡੀਓ ਵੀ ਬਣਵਾਈ ਗਈ ਸੀ। ਸੰਤ ਸੀਚੇਵਾਲ ਨੇ ਕਿਹਾ ਕਿ ਮਸਕਟ ਤੋਂ ਪਰਤੀਆਂ ਔਰਤਾਂ ਨੇ ਦੱਸਿਆ ਹੈ ਕਿ ਹਾਲੇ ਵੀ ਉੱਥੇ ਵੱਡੀ ਗਿਣਤੀ ਔਰਤਾਂ ਫਸੀਆਂ ਹੋਈਆਂ ਹਨ। ਉਧਰ, ਤਲਵੰਡੀ ਭਾਈ ਦੇ ਪਿੰਡ ਲੱਲ੍ਹੇ ਦੇ ਇਕ ਗਰੀਬ ਪਰਿਵਾਰ ਦੀ ਨੌਜਵਾਨ ਲੜਕੀ ਅਰਸ਼ਦੀਪ ਕੌਰ ਨੂੰ ਇਕ ਏਜੰਟ ਨੇ ਕਤਰ ਭੇਜਣ ਦੀ ਥਾਂ ਬਗਦਾਦ ਭੇਜ ਦਿੱਤਾ ਹੈ। ਅਰਸ਼ਦੀਪ ਦੇ ਮਾਤਾ-ਪਿਤਾ ਵੱਲੋਂ ਆਪਣੇ ਨਾਲ ਹੋਈ ਇਸ ਠੱਗੀ ਦੀ ਸ਼ਿਕਾਇਤ ਪੁਲਿਸ ਕੋਲ ਕੀਤੀ ਗਈ ਹੈ।




ਪ੍ਰਾਪਤ ਜਾਣਕਾਰੀ ਅਨੁਸਾਰ ਅਰਸ਼ਦੀਪ ਦੀ ਮਾਤਾ ਬਲਜਿੰਦਰ ਕੌਰ ਪਤਨੀ ਹੀਰਾ ਸਿੰਘ ਵਾਸੀ ਲੱਲ੍ਹੇ ਨੇ ਥਾਣਾ ਤਲਵੰਡੀ ਭਾਈ ਵਿਚ ਸ਼ਿਕਾਇਤ ਦਿੱਤੀ ਹੈ ਕਿ ਉਸ ਦੀ ਧੀ ਲੁਧਿਆਣਾ ਦੀ ਇਕ ਫੈਕਟਰੀ ਵਿਚ ਕੰਮ ਕਰਦੀ ਸੀ, ਜਿੱਥੇ ਉਸ ਨਾਲ ਕੰਮ ਕਰਨ ਵਾਲੀ ਮਮਤਾ ਵਾਸੀ ਅੰਮ੍ਰਿਤਸਰ ਕੁਝ ਸਮਾਂ ਪਹਿਲਾਂ ਕਤਰ ਚਲੀ ਗਈ ਸੀ।

ਬਲਜਿੰਦਰ ਕੌਰ ਨੇ ਦੋਸ਼ ਲਾਇਆ ਕਿ ਮਮਤਾ ਨੇ ਅਰਸ਼ਦੀਪ ਨੂੰ ਸੋਨੀਆ ਨਾਂ ਦੀ ਇਕ ਏਜੰਟ ਨਾਲ ਮਿਲਵਾਇਆ ਤੇ ਸੋਨੀਆ ਨੇ 90 ਹਜ਼ਾਰ ਰੁਪਏ ਲੈ ਕੇ ਅਰਸ਼ਦੀਪ ਦਾ ਵੀਜ਼ਾ ਲਗਵਾਇਆ। ਉਪਰੰਤ ਲੰਘੀ 9 ਮਾਰਚ ਨੂੰ ਅਰਸ਼ਦੀਪ ਕਤਰ ਲਈ ਰਵਾਨਾ ਹੋਈ ਸੀ। ਬਲਜਿੰਦਰ ਕੌਰ ਨੇ ਦੱਸਿਆ ਕਿ ਏਜੰਟ ਧੋਖੇ ਨਾਲ ਅਰਸ਼ਦੀਪ ਨੂੰ ਕਤਰ ਦੀ ਥਾਂ ਪਹਿਲਾਂ ਦੁਬਈ ਅਤੇ ਫਿਰ ਇਰਾਕ ਲੈ ਗਈ। ਉਸ ਮਗਰੋਂ ਅਰਸ਼ਦੀਪ ਦਾ ਪਰਿਵਾਰ ਨਾਲ ਸੰਪਰਕ ਟੁੱਟ ਗਿਆ। ਬਲਜਿੰਦਰ ਕੌਰ ਨੇ ਦੱਸਿਆ ਕਿ ਬਗਦਾਦ ਵਿਚ ਅਰਸ਼ਦੀਪ ਦੀ ਸਰੀਰਕ ਤੇ ਮਾਨਸਿਕ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ ਤੇ ਉਨ੍ਹਾਂ ਦੀ ਮਾਲੀ ਹਾਲਤ ਅਜਿਹੀ ਨਹੀਂ ਕਿ ਉਹ ਆਪਣੀ ਧੀ ਨੂੰ ਵਾਪਸ ਲਿਆ ਸਕਣ।

## ਕੈਨੇਡਾ ਵਿਚ ਗੋਲੀ ਮਾਰ ਕੇ ਪੰਜਾਬੀ ਗੈਂਗਸਟਰ ਦੀ ਹੱਤਿਆ



**ਵੈਨਕੂਵਰ:** ਇਥੋਂ ਨੇੜਲੇ ਸ਼ਹਿਰ ਰਿਚਮੰਡ ਵਿਚ ਯੂਨਾਈਟਿਡ ਨੇਸ਼ਨ ਗੈਂਗ ਨਾਲ ਸਬੰਧਤ ਇਕ ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਅਨੁਸਾਰ ਮ੍ਰਿਤਕ ਦੀ ਪਛਾਣ ਰਵਿੰਦਰ ਸਮਰਾ (37) ਵਜੋਂ ਹੋਈ ਹੈ, ਜੋ ਕਈ ਮਾਮਲਿਆਂ ਵਿਚ ਲੋੜੀਂਦਾ ਸੀ। ਜਾਂਚ ਟੀਮ ਦੇ ਬੁਲਾਰੇ ਕਾਰਪੋਰਲ ਸੁੱਖੀ ਢੇਸੀ ਨੇ ਦੱਸਿਆ ਕਿ ਰਿਚਮੰਡ ਦੇ ਮਿਲਨ ਰੋਡ 'ਤੇ ਗੋਲੀ ਚੱਲਣ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਟੀਮ ਤੁਰੰਤ ਮੌਕੇ 'ਤੇ ਪੁੱਜੀ। ਜ਼ਖਮੀ ਹੋਏ ਸਮਰਾ ਨੂੰ ਮੈਡੀਕਲ ਅਮਲੇ ਨੇ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਦਮ ਤੋੜ ਗਿਆ। ਰਵਿੰਦਰ ਦੇ ਵੱਡੇ ਭਰਾ ਅਮਰਪ੍ਰੀਤ ਸਮਰਾ ਦੀ ਬੀਤੀ 28 ਮਈ ਨੂੰ ਵਿਆਹ ਸਮਾਗਮ 'ਚ ਆਉਂਦੇ ਸਮੇਂ ਹੱਤਿਆ ਕਰ ਦਿੱਤੀ ਗਈ ਸੀ। ਦੋਵੇਂ ਭਰਾ ਯੂਨਾਈਟਿਡ ਨੇਸ਼ਨ ਗੈਂਗ ਨਾਲ ਸਬੰਧਤ ਸਨ।

## ਮਾਨਸਾ ਵਿਚ ਨਸ਼ਾ ਵਿਰੋਧੀ ਲਹਿਰ ਉਤੇ ਭਖੀ ਸਿਆਸਤ

**ਮਾਨਸਾ:** ਇੱਥੋਂ ਨਸ਼ਿਆਂ ਖਿਲਾਫ਼ ਲਹਿਰ ਨੂੰ ਖੜ੍ਹੀ ਕਰਨ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿਚ ਸਿਆਸਤ ਭਖਣ ਲੱਗ ਪਈ ਹੈ। ਨੌਜਵਾਨ ਨੂੰ ਮਾਨਸਾ ਪੁਲਿਸ ਵੱਲੋਂ ਦੂਜੀ ਵਾਰ ਫੜਨ ਅਤੇ ਜੇਲ੍ਹ ਭੇਜਣ ਦੇ ਮਾਮਲੇ ਵਿਚ ਰਾਜ ਦੀਆਂ ਲਗਭਗ ਸਾਰੀਆਂ ਸਿਆਸੀ ਧਿਰਾਂ ਦੇ ਆਗੂਆਂ ਨੇ ਉਸ ਦੇ ਪਰਿਵਾਰ ਅਤੇ ਜ਼ਿਲ੍ਹਾ ਕਚਹਿਰੀਆਂ ਵਿਚ ਚੱਲ ਰਹੇ ਧਰਨੇ ਵਿਚ ਪੁੱਜ ਕੇ ਉਸ ਦਾ ਸਾਥ ਦੇਣ ਦਾ ਜਨਤਕ ਤੌਰ 'ਤੇ ਦਾਅਵਾ ਕੀਤਾ ਹੈ।

ਜ਼ਿਲ੍ਹਾ ਕਚਹਿਰੀਆਂ ਵਿਚ ਲੱਗੇ ਪੱਕੇ ਮੋਰਚੇ ਨੂੰ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ, ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਇਕ ਸੁਖਪਾਲ ਸਿੰਘ ਖਹਿਰਾ, ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਕਿਸਾਨ ਆਗੂ ਰਾਕੇਸ਼ ਟਿਕੈਤ, ਜਗਜੀਤ ਸਿੰਘ ਡੱਲੇਵਾਲ, ਡਾ. ਦਰਸ਼ਨ ਪਾਲ, ਸੁਰਜੀਤ ਸਿੰਘ ਫੂਲ, ਰੁਲਦੂ ਸਿੰਘ ਮਾਨਸਾ ਸਣੇ ਹੋਰ ਦਰਜਨਾਂ ਆਗੂਆਂ ਨੇ ਸੰਬੋਧਨ ਕੀਤਾ।




ਇਸ ਮੁਹਿੰਮ ਤਹਿਤ ਹੁਣ ਪਿੰਡ-ਪਿੰਡ ਨਸ਼ਿਆਂ ਵਿਰੋਧੀ ਕਮੇਟੀਆਂ ਬਣਨ ਲੱਗੀਆਂ ਹਨ। ਭਾਵੇਂ ਕੁਝ ਲੋਕ ਪਰਵਿੰਦਰ ਝੋਟਾ ਦੇ ਢੰਗ ਨੂੰ ਪਸੰਦ ਨਹੀਂ ਕਰਦੇ, ਪਰ ਉਸ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਜੰਗ ਦੀ ਹਰ ਕੋਈ ਹਾਮੀ ਭਰਨ ਲੱਗਿਆ ਹੈ।

## ਮੂਸੇਵਾਲਾ ਕਤਲ ਕੇਸ: ਲਾਰੈਂਸ ਸਣੇ 25 ਮੁਲਜ਼ਮਾਂ ਖਿਲਾਫ ਸੁਣਵਾਈ ਹੋਵੇਗੀ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਗੈਂਗਸਟਰਾਂ ਖ਼ਿਲਾਫ਼ ਪਹਿਲੀ ਚਾਰਜਸ਼ੀਟ ਦਾਇਰ ਕਰਨ ਤੋਂ ਕਰੀਬ 11 ਮਹੀਨਿਆਂ ਬਾਅਦ ਮਾਨਸਾ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਸੁਰਭੀ ਪਰਾਸ਼ਰ ਦੀ ਅਦਾਲਤ ਨੇ ਚਾਰਜਸ਼ੀਟ ਸੈਸ਼ਨ ਅਦਾਲਤ ਮਾਨਸਾ ਨੂੰ ਸੌਂਪ ਦਿੱਤੀ ਹੈ।

ਹੁਣ 9 ਅਗਸਤ ਤੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਸਣੇ 25 ਮੁਲਜ਼ਮਾਂ ਖ਼ਿਲਾਫ਼ ਮਾਨਸਾ ਦੀ ਜ਼ਿਲ੍ਹਾ ਤੇ ਸੈਸ਼ਨ ਅਦਾਲਤ ਵਿਚ ਸੁਣਵਾਈ ਸ਼ੁਰੂ ਹੋਵੇਗੀ। ਜੇਲ੍ਹ ਪ੍ਰਸ਼ਾਸਨ ਨੇ ਸਾਰੇ 25 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਸਾਹਮਣੇ ਪੇਸ਼ ਕੀਤਾ। ਮਾਨਸਾ ਦੇ ਸੀ.ਜੇ.ਐਮ. ਸੁਰਭੀ ਪਰਾਸ਼ਰ ਨੇ ਕਿਹਾ ਕਿ ਆਈ.ਪੀ.ਸੀ. ਦੀ ਧਾਰਾ 302 (ਕਤਲ) ਅਤੇ 307 (ਹੱਤਿਆ ਦੀ ਕੋਸ਼ਿਸ਼) ਅਧੀਨ ਅਪਰਾਧ ਵਿਸ਼ੇਸ਼ ਤੌਰ 'ਤੇ ਸੈਸ਼ਨ ਕੋਰਟ 'ਚ ਸੁਣਵਾਈ ਯੋਗ ਹਨ। ਉਨ੍ਹਾਂ ਕਿਹਾ ਕਿ 9 ਅਗਸਤ ਨੂੰ ਸਾਰੇ ਮੁਲਜ਼ਮਾਂ ਦੇ ਪ੍ਰੋਡਕਸ਼ਨ ਵਰੰਟ ਜਾਰੀ ਕਰ ਕੇ ਉਨ੍ਹਾਂ ਨੂੰ ਸੈਸ਼ਨ ਕੋਰਟ ਵਿਚ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਕੇਸ ਵਿਚ 26 ਮੁਲਜ਼ਮਾਂ 'ਚੋਂ ਸਿਰਫ਼ ਜੋਗਿੰਦਰ ਸਿੰਘ ਜੋਗਾ ਦਾ ਸਪਲੀਮੈਂਟਰੀ ਚਲਾਨ ਪੇਸ਼ ਨਾ ਹੋਣ ਕਾਰਨ 25 ਮੁਲਜ਼ਮਾਂ ਖਿਲਾਫ਼ ਸੈਸ਼ਨ ਅਦਾਲਤ 'ਚ ਸੁਣਵਾਈ ਹੋਵੇਗੀ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਚ ਛੇ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਲਾਰੈਂਸ ਬਿਸ਼ਨੋਈ ਗਰੋਹ ਦੇ ਮੈਂਬਰ ਗੈਂਗਸਟਰ ਗੋਲਡੀ ਬਰਾੜ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ।



# ਰਾਜਪਾਲ ਨੂੰ ਵਫਦ ਮਿਲਿਆ; ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦਾ ਇਕ ਵਫ਼ਦ ਇੱਥੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮਿਲਿਆ। ਅਕਾਲੀ ਆਗੂਆਂ ਨੇ ਪੰਜਾਬ ਸਰਕਾਰ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲ ਦੇਣ ਦਾ ਦੋਸ਼ ਲਾਉਂਦਿਆਂ ਇਸ ਸਬੰਧੀ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਅਕਾਲੀ ਦਲ ਦੇ ਵਫ਼ਦ ਨੇ ਹੜ੍ਹਾਂ ਕਾਰਨ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਸਰਕਾਰ ਨੂੰ ਤੁਰੰਤ ਹਦਾਇਤ ਦੇਣ ਦੀ ਮੰਗ ਵੀ ਕੀਤੀ ਹੈ।

ਵਫ਼ਦ ਨੇ ਰਾਜਪਾਲ ਤੋਂ ਇਹ ਵੀ ਮੰਗ ਕੀਤੀ ਕਿ ਸੂਬਾ ਸਰਕਾਰ ਵੱਲੋਂ ਵਿਭਾਗਾਂ ਵਿਚ ਕੀਤੀਆਂ ਜਾ ਰਹੀਆਂ ਬੇਨੇਮੀਆਂ ਨੂੰ ਠੱਲ੍ਹਿਆ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਆਬਕਾਰੀ ਨੀਤੀ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜਿਸ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਵਫ਼ਦ 'ਚ ਸ਼ਾਮਲ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕੰਮ 'ਚ ਦਖਲ ਦੇਣ ਦੇ ਉਦੇਸ਼ ਤਹਿਤ ਸਰਕਾਰ ਨੇ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਬਣਾਈ ਯੂਨੀਅਨ ਨੂੰ ਗੈਰਕਾਨੂੰਨੀ ਢੰਗ ਨਾਲ ਮਾਨਤਾ ਦਿੱਤੀ ਹੈ। ਧਾਰਮਿਕ ਮਾਮਲਿਆਂ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ ਤੇ ਸਰਕਾਰਾਂ ਨੂੰ ਕਿਸੇ ਵੀ ਧਰਮ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਇਸ ਮਾਮਲੇ ਵਿਚ ਤੁਰਤ ਦਖਲ ਦੇਣ। ਮੀਟਿੰਗ ਦੌਰਾਨ ਵਫ਼ਦ ਨੇ ਚੰਡੀਗੜ੍ਹ ਨਗਰ ਨਿਗਮ ਵੱਲੋਂ ਪੰਜਾਬ ਅਤੇ ਹੋਰ ਸੂਬਿਆਂ ਵਿਚ ਰਜਿਸਟਰਡ ਵਾਹਨਾਂ ਲਈ ਸ਼ਹਿਰ ਵਿਚ ਪਾਰਕਿੰਗ ਫੀਸ ਦੁੱਗਣੀ ਲਗਾਉਣ ਦੇ ਫੈਸਲੇ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੱਕ ਹੀ ਮੁਲਕ ਦੇ ਬਾਸ਼ਿੰਦਿਆਂ ਲਈ ਦੋ ਤਰ੍ਹਾਂ ਦੇ ਕਾਨੂੰਨ ਲਾਗੂ ਨਹੀਂ ਕੀਤੇ ਜਾ ਸਕਦੇ। ਸਰਕਾਰ 'ਤੇ ਸੂਬੇ ਵਿਚ ਹੜ੍ਹ ਪੀੜਤਾਂ ਦੀ ਸਾਰ ਨਾ ਲੈਣ ਦਾ ਦੋਸ਼ ਲਾਉਂਦਿਆਂ ਵਫ਼ਦ ਮੈਂਬਰਾਂ ਨੇ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਮੁਹਾਲੀ, ਰੋਪੜ, ਫਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਮਾਨਸਾ, ਜਲੰਧਰ, ਕਪੂਰਥਲਾ, ਨਵਾਂ ਸ਼ਹਿਰ, ਤਰਨ ਤਾਰਨ, ਗੁਰਦਾਸਪੁਰ, ਪਠਾਨਕੋਟ ਤੇ ਅੰਮ੍ਰਿਤਸਰ ਜ਼ਿਲ੍ਹਿਆਂ 'ਚ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੋਇਆ ਹੈ। ਮੀਟਿੰਗ ਮਗਰੋਂ ਅਕਾਲੀ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਕਿਸੇ ਵੀ ਤਰ੍ਹਾਂ ਦੀ ਕੁਦਰਤੀ ਆਫਤ ਆਉਣ ਦੀ ਸੂਰਤ ਵਿਚ ਸਰਕਾਰ ਗਿਰਦਾਵਰੀ ਤੋਂ ਪਹਿਲਾਂ ਪੀੜਤ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਵੇਗੀ, ਇਸ ਲਈ ਹੁਣ ਮੁੱਖ ਮੰਤਰੀ ਆਪਣਾ ਵਾਅਦਾ ਨਿਭਾਉਣ।



## ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਹੱਤਿਆ


**ਜਗਰਾਉਂ:** ਪਿੰਡ ਗੁੜ੍ਹੇ ਦੇ ਕੈਨੇਡਾ ਰਹਿੰਦੇ ਜਸਵੰਤ ਸਿੰਘ ਉਰਫ ਬਿੱਟੂ ਦੀ ਬਰੈਂਪਟਨ (ਟੋਰਾਂਟੋ) ਵਿਚ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪਿੰਡ ਗੁੜ੍ਹੇ ਰਹਿੰਦੇ ਉਸ ਦੇ ਸਕੇ-ਸਬੰਧੀਆਂ ਨੇ ਦੱਸਿਆ ਕਿ ਜਸਵੰਤ ਸਿੰਘ ਬਿੱਟੂ ਪਿਛਲੇ ਦੋ ਦਹਾਕਿਆਂ ਤੋਂ ਕੈਨੇਡਾ 'ਚ ਆਪਣੇ ਪਰਿਵਾਰ ਸਣੇ ਰਹਿ ਰਿਹਾ ਸੀ। ਰਾਤ ਕੁਝ ਜਣੇ ਉਸ ਦੇ ਘਰ ਆਏ ਤੇ ਉਨ੍ਹਾਂ ਨੇ ਬਿੱਟੂ ਦੇ ਸਿਰ ਵਿਚ ਤਿੰਨ ਗੋਲੀਆਂ ਮਾਰੀਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਬਿੱਟੂ ਪਹਿਲਾਂ ਕਲੀਨਸ਼ੇਵ ਸੀ ਪਰ ਉਸ ਨੇ ਕੁਝ ਸਮਾਂ ਪਹਿਲਾਂ ਦਾੜ੍ਹੀ ਕੇਸ ਰੱਖ ਕੇ ਸਿਰ ਉਪਰ ਦੁਮਾਲਾ ਸਜਾਉਣਾ ਸ਼ੁਰੂ ਕਰ ਦਿੱਤਾ ਸੀ।

## ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

**ਮਾਛੀਵਾੜਾ:** ਸਥਾਨਕ ਰੋਪੜ ਰੋਡ 'ਤੇ ਮ੍ਰਿਤਕ ਬੱਚਿਆਂ ਨੂੰ ਦਫ਼ਨਾਉਣ ਲਈ ਬਣੇ ਕਬਰਿਸਤਾਨ ਵਿਚ ਨਸ਼ੇ ਦੀ ਓਵਰਡੋਜ਼ ਨਾਲ ਨੇੜਲੇ ਪਿੰਡ ਮਾਣੇਵਾਲ ਦੇ ਨੌਜਵਾਨ ਮੌਤ ਹੋ ਗਈ। ਵੀਡੀਓ ਵਾਇਰਲ ਹੋਣ ਮਗਰੋਂ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਥਾਣੇ ਪਹੁੰਚ ਕੀਤੀ। ਮ੍ਰਿਤਕ ਦੀ ਪਛਾਣ ਕੁਲਦੀਪ ਸਿੰਘ ਲਾਡੀ (22) ਵਜੋਂ ਹੋਈ। ਮ੍ਰਿਤਕ ਨੌਜਵਾਨ ਦੇ ਭਰਾ ਨੇ ਦੱਸਿਆ ਕਿ ਕੁਲਦੀਪ ਸਿੰਘ ਪਿਛਲੇ ਕੁਝ ਸਮੇਂ ਤੋਂ ਨਸ਼ਿਆਂ ਦਾ ਆਦੀ ਹੋ ਚੁੱਕਾ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਲਾਪਤਾ ਸੀ। ਇਸੇ ਤਰ੍ਹਾਂ ਇੱਥੇ ਪ੍ਰੇਮ ਨਗਰ ਨੇੜੇ ਸਥਾਨਕ ਅਢਿਆਣਾ ਰੋਡ ਦਾ ਵਾਸੀ ਰਾਜ ਕੁਮਾਰ ਦੇ ਨੌਜਵਾਨ ਪੁੱਤਰ ਵਿਜੈ ਕੁਮਾਰ (32) ਮ੍ਰਿਤਕ ਪਾਇਆ ਗਿਆ। ਉਸ ਦੇ ਪਿਤਾ ਨੇ ਪੁਲਿਸ ਨੂੰ ਬਿਆਨ ਦਰਜ ਕਰਵਾਏ ਕਿ ਉਸ ਦਾ ਲੜਕਾ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ।

## ਪੰਜਾਬ ਵਿਚ ਹੜ੍ਹਾਂ ਕਾਰਨ 44 ਮੌਤਾਂ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਕਾਰਨ 19 ਜ਼ਿਲ੍ਹਿਆਂ ਦੇ 1472 ਤੋਂ ਵੱਧ ਪਿੰਡ ਪ੍ਰਭਾਵਿਤ ਹੋਏ ਹਨ। ਇਸ ਦੌਰਾਨ 44 ਵਿਅਕਤੀਆਂ ਦੀ ਮੌਤ ਹੋ ਗਈ ਤੇ 22 ਜ਼ਖਮੀ ਹੋਏ ਹਨ। ਪ੍ਰਾਪਤ ਜਾਣਕਾਰੀ ਹੜ੍ਹਾਂ ਕਾਰਨ ਮਰਨ ਵਾਲਿਆਂ 'ਚੋਂ ਰੂਪਨਗਰ ਦੇ ਤਿੰਨ, ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਦੇ ਦੋ-ਦੋ, ਮੁਹਾਲੀ ਦੇ ਅੱਠ, ਫਰੀਦਕੋਟ ਤੇ ਜਲੰਧਰ ਦੇ ਤਿੰਨ-ਤਿੰਨ, ਪਟਿਆਲਾ ਦੇ 10, ਸੰਗਰੂਰ ਦੇ ਚਾਰ, ਫਿਰੋਜ਼ਪੁਰ, ਮੋਗਾ, ਫਾਜ਼ਿਲਕਾ, ਬਠਿੰਡਾ ਤੇ ਲੁਧਿਆਣਾ ਦੇ ਇਕ-ਇਕ ਵਿਅਕਤੀ ਸ਼ਾਮਲ ਹਨ। ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਸੂਬੇ 'ਚ 377 ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਦੂਜੇ ਪਾਸੇ ਸਰਕਾਰ ਵੱਲੋਂ ਵਿੱਢੇ ਰਾਹਤ ਕਾਰਜਾਂ ਤਹਿਤ 27,286 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਚੁੱਕਾ ਹੈ। ਸੂਬੇ ਵਿਚ ਕੁੱਲ 159 ਰਾਹਤ ਕੈਂਪ ਚੱਲ ਰਹੇ ਹਨ, ਜਿਨ੍ਹਾਂ ਵਿਚ 1478 ਲੋਕ ਰਹਿ ਰਹੇ ਹਨ। ਸਿਹਤ ਵਿਭਾਗ ਵੱਲੋਂ 194 ਮੈਡੀਕਲ ਕੈਂਪ ਲਾਏ ਗਏ ਹਨ ਤੇ 425 ਰੈਪਿਡ ਰਿਸਪੌਂਸ ਟੀਮਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਕਾਰਜਸ਼ੀਲ ਹਨ।



## ਕੈਨੇਡਾ 'ਚ ਮਾਰੇ ਗਏ ਨੌਜਵਾਨ ਦੀ ਮਾਂ ਵੱਲੋਂ ਖ਼ੁਦਕੁਸ਼ੀ

**ਨਵਾਂ ਸ਼ਹਿਰ:** ਜ਼ਿਲ੍ਹੇ ਦੇ ਪਿੰਡ ਕਰੀਮਪੁਰ ਚਾਹਵਾਲਾ ਦੇ ਇਕ ਪਰਿਵਾਰ ਨੂੰ ਦੋਹਰੀ ਮਾਰ ਪਈ ਹੈ। ਦੋ ਹਫਤੇ ਪਹਿਲਾਂ ਕੈਨੇਡਾ ਦੇ ਮਿਸੀਸਾਗਾ ਵਿਚ ਕਾਰ ਖੋਹਣ ਦੀ ਘਟਨਾ ਵਿਚ ਮਾਰੇ ਗਏ 24 ਸਾਲਾ ਵਿਦਿਆਰਥੀ ਗੁਰਵਿੰਦਰ ਨਾਥ (24) ਦੀ ਮਾਂ ਨੇ ਖ਼ੁਦਕੁਸ਼ੀ ਕਰ ਲਈ। ਗੁਰਵਿੰਦਰ ਸਿੰਘ ਕੈਨੇਡਾ ਵਿਚ ਪੜ੍ਹਾਈ ਦੇ ਨਾਲ ਪਿਜ਼ਾ ਡਲਿਵਰੀ ਦਾ ਕੰਮ ਵੀ ਕਰਦਾ ਸੀ। ਉਹ 9 ਜੁਲਾਈ ਨੂੰ ਡਲਿਵਰੀ ਲਈ ਗਿਆ ਸੀ ਜਦੋਂ ਉਸ 'ਤੇ ਹਮਲਾ ਹੋਇਆ। ਕੈਨੇਡਾ ਦੇ ਹਸਪਤਾਲ ਵਿਚ ਪੰਜ ਦਿਨ ਜੇਰੇ ਇਲਾਜ ਰਹਿਣ ਮਗਰੋਂ ਉਸ ਦੀ 14 ਜੁਲਾਈ ਨੂੰ ਮੌਤ ਹੋ ਗਈ ਸੀ। ਉਸ ਦੀ ਮਾਤਾ ਨਰਿੰਦਰ ਕੌਰ ਨੂੰ ਉਹਦੇ ਦੇਹਾਂਤ ਬਾਰੇ ਸੂਚਨਾ ਨਹੀਂ ਦਿੱਤੀ ਗਈ ਸੀ। ਜਦੋਂ ਉਸ ਨੂੰ ਪੁੱਤ ਦੀ ਦੇਹ ਪਿੰਡ ਲਿਆਉਣ ਬਾਰੇ ਪਤਾ ਲੱਗਿਆ ਤਾਂ ਉਹ ਇਸ ਸਦਮੇ ਨੂੰ ਸਹਾਰ ਨਹੀਂ ਸਕੀ ਅਤੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਜਾਨ ਦੇ ਦਿੱਤੀ।

# ਪੰਜਾਬ ਸਰਕਾਰ ਨੇ ਹੜ੍ਹ ਪੀੜਤਾਂ ਲਈ ਕੇਂਦਰ ਤੋਂ ਮਦਦ ਮੰਗੀ



**ਚੰਡੀਗੜ੍ਹ:** ਹੜ੍ਹਾਂ ਕਾਰਨ ਪੰਜਾਬ ਦੇ 19 ਜ਼ਿਲ੍ਹਿਆਂ ਵਿਚ 1475 ਪਿੰਡ ਪ੍ਰਭਾਵਿਤ ਹੋਏ ਹਨ ਜਿੱਥੇ ਵੱਡੀ ਗਿਣਤੀ ਵਿਚ ਲੋਕਾਂ ਦਾ ਆਰਥਿਕ ਤੌਰ 'ਤੇ ਨੁਕਸਾਨ ਹੋਇਆ ਹੈ। ਪੰਜਾਬ ਸਰਕਾਰ ਨੇ ਸੂਬੇ ਦੇ ਹੜ੍ਹ ਪੀੜਤਾਂ ਦੇ ਨੁਕਸਾਨ ਬਾਰੇ ਕੇਂਦਰ ਸਰਕਾਰ ਨੂੰ ਚਿੱਠੀ ਲਿਖ ਕੇ ਮੁਆਵਜ਼ੇ ਦੀ ਮੰਗ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਨੇ ਹੜ੍ਹਾਂ ਕਾਰਨ ਪੰਜਾਬ 'ਚ 1500 ਕਰੋੜ ਰੁਪਏ ਦੇ ਕਰੀਬ ਨੁਕਸਾਨ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਬਣਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਦੀ ਪੁਸ਼ਟੀ ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੀਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਹੜ੍ਹਾਂ ਕਾਰਨ ਹੁਣ ਤੱਕ 44 ਜਣਿਆਂ ਦੀ ਮੌਤ ਹੋ ਚੁੱਕੀ ਹੈ, ਜਦਕਿ 22 ਲੋਕ ਜ਼ਖ਼ਮੀ ਹਨ। ਸੂਬੇ 'ਚ 419 ਘਰ ਪੂਰੀ ਤਰ੍ਹਾਂ ਨੁਕਸਾਨੇ ਗਏ ਹਨ ਅਤੇ 850 ਘਰਾਂ ਦਾ ਮਾਮੂਲੀ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਸੂਬੇ 'ਚ 27 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਵਿਚ 6 ਲੱਖ ਏਕੜ ਦੇ ਕਰੀਬ ਫਸਲ ਪ੍ਰਭਾਵਿਤ ਹੋਈ ਹੈ, ਜਿਸ ਵਿਚੋਂ 2 ਲੱਖ ਏਕੜ ਤੋਂ ਵੱਧ ਫਸਲ ਤਾਂ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਮਦਦ ਲਈ ਵੱਖ-ਵੱਖ ਥਾਵਾਂ 'ਤੇ ਪਨੀਰੀ ਲਗਾਈ ਜਾ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਮੁਫ਼ਤ ਪਨੀਰੀ ਮੁਹੱਈਆ ਕਰਵਾਈ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ 19 ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ। ਇਸ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਹੜ੍ਹ ਪ੍ਰਭਾਵਿਤ ਸੂਬਾ ਘੋਸ਼ਿਤ ਨਹੀਂ ਕੀਤਾ ਜਾ ਰਿਹਾ।

ਉਧਰ, ਸੰਸਦ ਮੈਂਬਰ ਪ੍ਰਨੀਤ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਹੜ੍ਹ ਪੀੜਤ ਲੋਕਾਂ ਲਈ ਸੂਬੇ ਨੂੰ ਵਿਸ਼ੇਸ਼ ਸਹਾਇਤਾ ਪੈਕੇਜ ਦੇਣ ਦੀ ਮੰਗ ਕੀਤੀ ਹੈ। ਕੇਂਦਰ ਵੱਲੋਂ 218.40 ਕਰੋੜ ਫੰਡ ਭੇਜਣ ਲਈ ਧੰਨਵਾਦ ਕਰਦਿਆਂ ਸੰਸਦ ਮੈਂਬਰ ਨੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਰਾਹੀਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਪੈਕੇਜ ਮੰਗਿਆ। ਉਨ੍ਹਾਂ ਕਿਹਾ ਕਿ ਸਾਉਣੀ ਦੀ ਫਸਲ ਤਬਾਹ ਹੋ ਗਈ ਹੈ। ਝੋਨਾ ਦੁਬਾਰਾ ਲਾਉਣ ਦੇ ਬਾਵਜੂਦ ਘਾਟੇ ਦੀ ਪੂਰਤੀ ਨਹੀਂ ਹੋ ਸਕੇਗੀ। ਪੱਤਰ 'ਚ ਉਨ੍ਹਾਂ ਦੱਸਿਆ ਕਿ ਹੜ੍ਹਾਂ ਨੇ ਸੂਬੇ ਦੇ 19 ਜ਼ਿਲ੍ਹਿਆਂ ਵਿਚ ਤਬਾਹੀ ਮਚਾਈ ਹੈ। ਉਨ੍ਹਾਂ ਕਿਹਾ ਕਿ ਹਲਕਾ ਪਟਿਆਲਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਪਟਿਆਲਾ ਖੇਤਰ ਦਾ ਸਵਾ ਲੱਖ ਏਕੜ ਰਕਬਾ ਅਜੇ ਵੀ ਪਾਣੀ ਦੀ ਮਾਰ ਹੇਠ ਹੈ। ਇਸ ਕਰਕੇ ਕੇਂਦਰ ਨੂੰ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ।

## ਪੰਜਾਬ ਸਰਕਾਰ ਹੜ੍ਹ ਪੀੜਤਾਂ ਨੂੰ ਰਾਹਤ ਦੇਣ 'ਚ ਫੇਲ੍ਹ: ਬਾਜਵਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੀੜਤਾਂ ਨੂੰ ਸਮੇਂ ਸਿਰ ਰਾਹਤ ਮੁਹੱਈਆ ਕਰਵਾਉਣ ਵਿਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਚੋਣਾਂ ਤੋਂ ਪਹਿਲਾਂ ਤੇ ਮਗਰੋਂ ਰੈਲੀਆਂ ਦੌਰਾਨ ਜੋ ਦਾਅਵੇ ਕਰਦੇ ਰਹੇ ਹਨ, ਉਨ੍ਹਾਂ ਵਿਚੋਂ ਇਕ ਨੂੰ ਵੀ ਅਮਲ ਵਿਚ ਨਹੀਂ ਲਿਆਂਦਾ ਗਿਆ। ਸ੍ਰੀ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਦਾਅਵਾ ਕੀਤਾ ਸੀ ਕੁਦਰਤੀ ਕਰੋਪੀ ਦੀ ਸਥਿਤੀ ਵਿਚ ਤੁਰਤ ਮੁਆਵਜ਼ੇ ਜਾਰੀ ਕੀਤੇ ਜਾਣਗੇ, ਜਦਕਿ ਹਾਲੇ ਤੱਕ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਉਹ ਆਪਣੇ ਵਾਅਦੇ ਅਨੁਸਾਰ ਪੀੜਤ ਕਿਸਾਨਾਂ ਅਤੇ ਪੰਜਾਬ ਵਾਸੀਆਂ ਨੂੰ ਤੁਰਤ ਮੁਆਵਜ਼ਾ ਜਾਰੀ ਕਰਨ।

# ਭਾਜਪਾ ਵੱਲੋਂ ਮਾਨ ਸਰਕਾਰ ਦੀ ਰਾਜਪਾਲ ਕੋਲ ਸ਼ਿਕਾਇਤ



**ਚੰਡੀਗੜ੍ਹ:** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਸੀਨੀਅਰ ਭਾਜਪਾ ਆਗੂਆਂ ਦਾ ਇਕ ਵਫ਼ਦ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮਿਲਿਆ। ਵਫ਼ਦ ਨੇ ਰਾਜਪਾਲ ਕੋਲ ਸ਼ਿਕਾਇਤ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਣਦੇਖੀ ਕਾਰਨ ਪੰਜਾਬ ਦੇ ਲਗਭਗ ਸਾਰੇ ਜ਼ਿਲ੍ਹਿਆਂ ਵਿਚ ਹੜ੍ਹਾਂ ਕਾਰਨ ਬਦਤਰ ਸਥਿਤੀ ਪੈਦਾ ਹੋਈ ਹੈ ਅਤੇ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੀ ਸਾਰ ਨਹੀਂ ਲੈ ਰਹੀ।

ਇਸ ਵਫ਼ਦ ਵਿਚ ਸੁਨੀਲ ਜਾਖੜ, ਕੇਵਲ ਸਿੰਘ ਢਿੱਲੋਂ, ਲਖਵਿੰਦਰ ਕੌਰ ਗਰਚਾ, ਪਰਮਿੰਦਰ ਬਰਾੜ, ਗੁਰਪ੍ਰੀਤ ਸਿੰਘ ਕਾਂਗੜ, ਅਰਵਿੰਦ ਖੰਨਾ, ਬਲਬੀਰ ਸਿੱਧੂ, ਅਮਨਜੋਤ ਕੌਰ ਰਾਮੂਵਾਲੀਆ, ਜੈਇੰਦਰ ਕੌਰ, ਡਾ. ਸੁਭਾਸ਼ ਸ਼ਰਮਾ, ਰਾਕੇਸ਼ ਰਾਠੌਰ ਤੇ ਰਾਜ ਕੁਮਾਰ ਵੇਰਕਾ ਸ਼ਾਮਲ ਸਨ। ਵਫ਼ਦ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੀ ਨਾਅਹਿਲੀਅਤ ਕਰਕੇ ਹੜ੍ਹਾਂ ਦੀ ਮਾਰ ਹੇਠ ਆਏ ਸੂਬਾ ਵਾਸੀ ਦੁਸ਼ਵਾਰੀਆਂ ਝੱਲ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਜ਼ਿਆਦਾਤਰ ਜਿਲ੍ਹੇ ਹਾਲੇ ਵੀ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹਨ, ਪਰ 'ਆਪ' ਸਰਕਾਰ ਪੀੜਤਾਂ ਨੂੰ ਰਾਹਤ ਦੇਣ ਲਈ ਲੋੜੀਂਦੀ ਯੋਜਨਾਬੰਦੀ ਕਰਦੀ ਨਜ਼ਰ ਨਹੀਂ ਆਉਂਦੀ।

ਰਾਜਪਾਲ ਨੂੰ ਦਿੱਤੇ ਮੰਗ ਪੱਤਰ ਰਾਹੀਂ ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਦੇ ਮੁੱਖ ਮੰਤਰੀ ਨੇ ਰਵਾਇਤੀ ਤੌਰ 'ਤੇ ਆਪਣੇ ਸੀਨੀਅਰ ਅਧਿਕਾਰੀਆਂ ਨਾਲ ਹੜ੍ਹਾਂ ਦੀ ਤਿਆਰੀ ਸਬੰਧੀ ਸਮੀਖਿਆ ਮੀਟਿੰਗ ਕਰਨ ਦੀ ਖੇਚਲ ਵੀ ਨਹੀਂ ਕੀਤੀ। ਦੂਜੇ ਪਾਸੇ ਵਿਧਾਇਕਾਂ ਨੇ ਲੋੜਵੰਦਾਂ ਤੱਕ ਸਮੇਂ ਸਿਰ ਵਿੱਤੀ ਸਹਾਇਤਾ ਅਤੇ ਰਾਹਤ ਸਮੱਗਰੀ ਪਹੁੰਚਾਉਣ ਦੇ ਕਿਸੇ ਵੀ ਸੰਭਾਵੀ ਯਤਨ ਵਿਚ ਸਹਿਯੋਗ ਕਰਨ ਦੀ ਥਾਂ ਸਮੱਸਿਆ ਨੂੰ ਹੋਰ ਵਧਾ ਕੇ ਪੰਜਾਬ ਦੇ ਲੋਕਾਂ ਨੂੰ ਪਰੇਸ਼ਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਬਿਪਤਾ ਦੀ ਸਥਿਤੀ ਵਿੱਚ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹੜਤਾਲ ਕਰਨ ਲਈ ਮਜਬੂਰ ਕੀਤਾ ਗਿਆ, ਜਦਕਿ ਹੜ੍ਹ ਪੀੜਤਾਂ ਨੂੰ ਵਿਸ਼ੇਸ਼ ਗਿਰਦਾਵਰੀ ਮੁਕੰਮਲ ਹੋਣ ਮਗਰੋਂ ਹੀ ਵਿੱਤੀ ਸਹਾਇਤਾ ਮਿਲੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਹੜ੍ਹਾਂ ਦੀ ਇਸ ਸਥਿਤੀ ਵਿੱਚ ਜਿਥੇ ਆਪਣੇ ਜਾਨ-ਮਾਲ ਦੀ ਰਾਖੀ ਲਈ ਜੱਦੋ-ਜਹਿਦ ਕਰ ਰਹੇ ਹਨ ਉਥੇ ਹੀ ਮੁੱਖ ਮੰਤਰੀ ਤੇ ਮੰਤਰੀ ਸਿਰਫ ਫ਼ੋਟੋਆਂ ਖਿਚਵਾਉਣ ਵਿੱਚ ਲੱਗੇ ਹੋਏ ਹਨ।

## ਸਰਕਾਰ ਦੀ ਗਲਤੀ ਦਾ ਖਮਿਆਜ਼ਾ ਭੁਗਤ ਰਹੇ ਨੇ ਲੋਕ: ਜਾਖੜ

**ਫਤਹਿਗੜ੍ਹ** ਸਾਹਿਬ: ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਨਤਮਸਤਕ ਹੋਏ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿਚ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਸਿਰਫ 'ਆਪ' ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਮੌਸਮ ਵਿਭਾਗ ਵੱਲੋਂ 4 ਜੁਲਾਈ ਤੇ 8 ਜੁਲਾਈ ਨੂੰ ਪੰਜਾਬ ਵਿਚ ਭਾਰੀ ਮੀਂਹ ਪੈਣੀ ਦੀ ਸੂਚਨਾ ਦਿੱਤੀ ਗਈ ਸੀ, ਪਰ ਮੁੱਖ ਮੰਤਰੀ ਨੇ ਇਸ ਪਾਸੇ ਬਿਲਕੁਲ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਪ੍ਰਬੰਧ ਕੀਤੇ ਜਾਂਦੇ ਤਾਂ ਸੂਬੇ ਨੂੰ ਇੰਨਾ ਨੁਕਸਾਨ ਨਾ ਝੱਲਣਾ ਪੈਂਦਾ। ਸ੍ਰੀ ਜਾਖੜ ਨੇ ਕਿਹਾ ਕਿ ਸਰਕਾਰ ਦੀ ਨਾਲਾਇਕੀ ਦਾ ਖਮਿਆਜ਼ਾ ਪੰਜਾਬ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ।

# ਰਾਜਪਾਲ ਪੁਰੋਹਿਤ ਵੱਲੋਂ ਹੜ੍ਹ ਮਾਰੇ ਖੇਤਰਾਂ ਦਾ ਦੌਰਾ



**ਜਲੰਧਰ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਲੋਹੀਆਂ ਬਲਾਕ ਵਿਚ ਹੜ੍ਹ ਮਾਰੇ ਖੇਤਰ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਆਈ ਕੇਂਦਰੀ ਟੀਮ ਆਉਂਦੇ 15 ਦਿਨਾਂ ਵਿਚ ਆਪਣਾ ਸਰਵੇਖਣ ਪੂਰਾ ਕਰਕੇ ਰਿਪੋਰਟ ਸੌਂਪ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਦੇ ਆਧਾਰ 'ਤੇ ਹੀ ਹੜ੍ਹ ਪੀੜਤਾਂ ਲਈ ਮੁਆਵਜ਼ਾ ਜਾਰੀ ਕੀਤਾ ਜਾਵੇਗਾ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਮਾਰੇ ਖੇਤਰ ਵਿਚ ਕੀਤੇ ਗਏ ਰਾਹਤ ਅਤੇ ਮੁੜ ਵਸੇਬਾ ਕਾਰਜਾਂ ਦੀ ਸ਼ਲਾਘਾ ਕਰਦਿਆਂ ਰਾਜਪਾਲ ਪੁਰੋਹਿਤ ਨੇ ਕਿਹਾ ਕਿ ਗਿੱਦੜਪਿੰਡੀ ਵਾਸੀਆਂ ਵੱਲੋਂ ਪ੍ਰਸ਼ਾਸਨਿਕ ਰਾਹਤ ਕਾਰਜਾਂ 'ਤੇ ਤਸੱਲੀ ਪ੍ਰਗਟਾਈ ਗਈ ਹੈ, ਜੋ ਚੰਗੀ ਗੱਲ ਹੈ।

ਉਨ੍ਹਾਂ ਕਿਹਾ ਕਿ ਅਗਲਾ ਕੰਮ ਪੀੜਤਾਂ ਨੂੰ ਖ਼ਰਾਬੇ ਦਾ ਬਣਦਾ ਮੁਆਵਜ਼ਾ ਦੇਣਾ ਹੈ, ਜਿਸ ਲਈ ਵੱਖ-ਵੱਖ ਵਿਭਾਗਾਂ ਵੱਲੋਂ ਸਰਵੇਖਣ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੱਲ ਕਰਦਿਆਂ ਸ੍ਰੀ ਪੁਰੋਹਿਤ ਨੇ ਕਿਹਾ ਕਿ ਇਸ ਸਾਲ ਮੌਸਮ ਵਿਭਾਗ ਵਲੋਂ ਆਮ ਨਾਲੋਂ ਜ਼ਿਆਦਾ ਮੀਂਹ ਪੈਣ ਦੀ ਚਿਤਾਵਨੀ ਦਿੱਤੀ ਗਈ ਸੀ ਤੇ ਪਾਣੀ ਛੱਡਣ ਸਬੰਧੀ ਵੀ ਪਹਿਲਾਂ ਹੀ ਅਲਰਟ ਜਾਰੀ ਕਰ ਦਿੱਤਾ ਗਿਆ ਸੀ, ਪਰ ਸੂਬਾ ਸਰਕਾਰ ਵੱਲੋਂ ਸਮਾਂ ਰਹਿੰਦੇ ਡਰੇਨਾਂ ਤੇ ਵੱਡੇ ਨਾਲਿਆਂ ਦੀ ਸਫਾਈ ਨਾ ਕਰਵਾਉਣ ਕਾਰਨ ਸੂਬਾ ਵਾਸੀਆਂ ਨੂੰ ਮੀਂਹ ਦੀ ਵਧੇਰੇ ਮਾਰ ਝੱਲਣੀ ਪਈ ਹੈ।

# ਘੱਗਰ ਦਰਿਆ ਦੀ ਤਬਾਹੀ ਰੋਕਣ ਲਈ ਯੋਜਨਾ ਬਣਾਉਣ ਤੋਂ ਟਲਦੀਆਂ ਰਹੀਆਂ ਸਰਕਾਰਾਂ



**ਚੰਡੀਗੜ੍ਹ:** ਮਾਨਸੂਨ ਦੌਰਾਨ ਘੱਗਰ ਕਿਨਾਰੇ ਵਸੇ ਲਗਭਗ 22 ਕਸਬਿਆਂ ਤੇ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪੈਂਦੀ ਹੈ। ਇਸ ਕਾਰਨ ਪੰਚਕੂਲਾ, ਡੇਰਾਬੱਸੀ ਤੇ ਪਟਿਆਲਾ ਦੇ ਸ਼ਹਿਰੀ ਇਲਾਕਿਆਂ ਵਿਚ ਘੱਗਰ ਦੇ ਕੁਦਰਤੀ ਵਹਾਅ ਵਾਲੇ ਰਾਹ 'ਤੇ ਕੀਤੇ ਗਏ ਕਬਜ਼ੇ ਹਨ, ਜੋ ਮੀਂਹ ਪੈਣ ਮਗਰੋਂ ਘੱਗਰ ਦੇ ਪਾਣੀ ਦੀ ਮਾਰ ਝੱਲਦੇ ਹਨ। ਮਾਨਸੂਨ ਤੋਂ ਇਲਾਵਾ ਲਗਭਗ ਸਾਰਾ ਸਾਲ ਕਈ ਥਾਵਾਂ 'ਤੇ ਘੱਗਰ ਲਗਭਗ ਗਾਇਬ ਹੋ ਜਾਂਦਾ ਹੈ, ਜਿਸ ਕਾਰਨ ਵੱਡੀ ਗਿਣਤੀ ਲੋਕ ਇਸ ਦੇ ਕੁਦਰਤੀ ਵਹਾਅ ਵਾਲੇ ਰਾਹ 'ਤੇ ਕਬਜ਼ੇ ਕਰ ਲੈਂਦੇ ਹਨ।

ਲੋਕਾਂ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਲਈ ਤਕਰੀਬਨ 33 ਸਾਲ ਪਹਿਲਾਂ 'ਘੱਗਰ ਸਟੈਂਡਿਗ ਕਮੇਟੀ' ਹੋਂਦ ਵਿਚ ਆਈ ਸੀ, ਪਰ ਇਹ ਕਮੇਟੀ 320 ਕਿਲੋਮੀਟਰ ਲੰਮੇ ਇਸ ਮੌਸਮੀ ਦਰਿਆ ਦੇ ਕਹਿਰ ਨੂੰ ਠੱਲ੍ਹਣ ਲਈ ਕੋਈ ਯੋਜਨਾ ਤਿਆਰ ਨਹੀਂ ਕਰ ਸਕੀ। ਇਹ ਕਮੇਟੀ 26 ਫਰਵਰੀ 1990 ਦੌਰਾਨ ਕਾਇਮ ਕੀਤੀ ਗਈ ਸੀ। ਕੇਂਦਰੀ ਜਲ ਕਮਿਸ਼ਨ ਦੇ ਰਿਵਰ ਮੈਨੇਜਮੈਂਟ ਵਿੰਗ ਦੇ ਮੈਂਬਰ ਦੀ ਅਗਵਾਈ ਹੇਠਲੀ ਇਸ ਕਮੇਟੀ ਵਿਚ ਕੇਂਦਰੀ ਜਲ ਸਰੋਤ ਮੰਤਰਾਲੇ ਦਾ ਕਮਿਸ਼ਨਰ (ਇੰਡਸ), ਡਾਇਰੈਕਟਰ (ਸੀ.ਡਬਲਿਊ.ਸੀ. ਦਾ ਬੇਸਿਨ ਯੋਜਨਾ ਅਤੇ ਪ੍ਰਬੰਧਨ ਸੰਸਥਾਨ), ਉੱਤਰੀ ਰੇਲਵੇ ਬਰਿੱਜ ਦੇ ਚੀਫ ਇੰਜੀਨੀਅਰ, ਪੰਜਾਬ ਅਤੇ ਹਰਿਆਣਾ ਦੇ ਡਰੇਨੇਜ ਵਿਭਾਗਾਂ ਦੇ ਚੀਫ ਇੰਜੀਨੀਅਰ ਅਤੇ ਰਾਜਸਥਾਨ ਦੇ ਸਿੰਜਾਈ ਵਿਭਾਗ ਦੇ ਚੀਫ ਇੰਜੀਨੀਅਰ ਮੈਂਬਰ ਵਜੋਂ ਸ਼ਾਮਲ ਸਨ। ਅਧਿਕਾਰਤ ਸੂਤਰਾਂ ਅਨੁਸਾਰ ਸੁਪਰੀਮ ਕੋਰਟ ਦੇ 15 ਨਵੰਬਰ 2022 ਦੇ ਹੁਕਮਾਂ ਮਗਰੋਂ ਪੰਜਾਬ ਸਰਕਾਰ ਵੱਲੋਂ ਘੱਗਰ ਲਈ 1104.11 ਕਰੋੜੀ ਇਕ ਵਿਸਥਾਰਤ ਪ੍ਰੋਜੈਕਟ ਰਿਪੋਰਟ (ਡੀ.ਪੀ.ਆਰ.) ਸੀ.ਡਬਲਿਊ.ਸੀ. ਨੂੰ ਸੌਂਪੀ ਗਈ ਸੀ, ਪਰ ਹਰਿਆਣਾ ਅਤੇ ਰਾਜਸਥਾਨ ਸਰਕਾਰਾਂ ਵੱਲੋਂ ਐਨ.ਓ.ਸੀ. ਨਾ ਦੇਣ ਕਾਰਨ ਇਹ ਪ੍ਰੋਜੈਕਟ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ ਸੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਮਕਰੌੜ ਸਾਹਿਬ ਤੋਂ ਕਰੈਲ ਸਟੇਸ਼ਨ ਤੱਕ ਘੱਗਰ ਨੂੰ ਚੌੜਾ ਕਰਨ ਸਬੰਧੀ 259.03 ਕਰੋੜ ਰੁਪਏ ਦੀ ਇਕ ਵੱਖਰੀ ਯੋਜਨਾ ਵੀ ਤਿਆਰ ਕੀਤੀ ਗਈ ਸੀ ਤਾਂ ਜੋ ਇਸ ਖੇਤਰ ਵਿਚ ਘੱਗਰ ਵੱਲੋਂ ਕੀਤੀ ਜਾਂਦੀ ਤਬਾਹੀ ਨੂੰ ਘਟਾਇਆ ਜਾ ਸਕੇ। ਹਾਲਾਂਕਿ ਇਸ ਸਬੰਧੀ ਹਰਿਆਣਾ ਸਰਕਾਰ ਨੇ ਇਹ ਕਹਿ ਕੇ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਘੱਗਰ ਦਾ ਘੇਰਾ ਵਧਾਉਣ ਨਾਲ ਹਰਿਆਣਾ ਵਿਚ ਵੱਧ ਤਬਾਹੀ ਹੋ ਸਕਦੀ। ਸੂਤਰਾਂ ਅਨੁਸਾਰ ਨਵੰਬਰ 2021 ਤੋਂ ਬਾਅਦ ਹੁਣ ਤੱਕ ਘੱਗਰ ਸਟੈਂਡਿੰਗ ਕਮੇਟੀ ਦੀ ਕੋਈ ਵੀ ਮੀਟਿੰਗ ਨਹੀਂ ਹੋਈ ਹੈ। ਇਕ ਉੱਚ ਅਧਿਕਾਰੀ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਸਾਲ 10 ਮਾਰਚ ਨੂੰ ਸਟੈਂਡਿੰਗ ਕਮੇਟੀ ਨੂੰ ਪੱਤਰ ਭੇਜ ਕੇ ਹੜ੍ਹਾਂ ਤੋਂ ਪਹਿਲਾਂ ਇਕ ਸੈਸ਼ਨ ਸੱਦਣ ਲਈ ਕਿਹਾ ਸੀ। ਕਿਸੇ ਠੋਸ ਯੋਜਨਾ ਦੀ ਅਣਹੋਂਦ ਵਿਚ ਪੰਜਾਬ ਸਰਕਾਰ ਵੱਲੋਂ ਹਾਲ ਦੀ ਘੜੀ ਸਿਰਫ ਪਾੜ ਪੂਰੇ ਜਾ ਰਹੇ ਹਨ, ਜੋ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਸੂਬਾ ਸਰਕਾਰ ਨੇ ਇਸ ਸਾਲ ਘੱਗਰ ਦੀ ਸਫਾਈ ਲਈ ਆਪਣੇ ਫੰਡਾਂ ਵਿਚੋਂ 1.67 ਕਰੋੜ ਅਤੇ ਮਨਰੇਗਾ ਫੰਡਾਂ 'ਚੋਂ ਇਕ ਕਰੋੜ ਰੁਪਏ ਖਰਚੇ ਹਨ। ਯੋਜਨਾਬੰਦੀ ਵਿਚ ਹੋ ਰਹੀ ਦੇਰੀ ਕਾਰਨ ਕਈ ਥਾਵਾਂ ਤੋਂ ਘੱਗਰ ਦੇ ਕਿਨਾਰੇ ਟੁੱਟ ਰਹੇ ਹਨ। ਇਸ ਤੋਂ ਬਿਨਾਂ ਫੈਕਟਰੀਆਂ ਵੱਲੋਂ ਇਸ ਵਿਚ ਪਾਏ ਜਾ ਰਹੇ ਦੂਸ਼ਿਤ ਪਾਣੀ ਸਦਕਾ ਇਹ ਪਾਣੀ ਮਨੁੱਖਾਂ ਅਤੇ ਜਾਨਵਰਾਂ ਲਈ ਜ਼ਹਿਰ ਬਣ ਗਿਆ ਹੈ।

## ਸਤਲੁਜ 'ਚ ਰੁੜ੍ਹ ਕੇ ਪਾਕਿਸਤਾਨ ਪਹੁੰਚੇ ਦੋ ਪੰਜਾਬੀ ਨੌਜਵਾਨ

**ਫ਼ਿਰੋਜ਼ਪੁਰ:** ਸਤਲੁਜ ਦਰਿਆ 'ਚ ਰੁੜ੍ਹ ਕੇ ਦੋ ਭਾਰਤੀ ਨੌਜਵਾਨ ਪਾਕਿਸਤਾਨ ਦੇ ਇਲਾਕੇ ਵਿਚ ਦਾਖਲ ਹੋ ਗਏ ਜਿੱਥੇ ਇਨ੍ਹਾਂ ਨੂੰ ਪਾਕਿਸਤਾਨੀ ਰੇਂਜਰਾਂ ਨੇ ਹਿਰਾਸਤ ਵਿਚ ਲੈ ਲਿਆ। ਲੁਧਿਆਣਾ ਦੇ ਕਸਬਾ ਸਿੱਧਵਾਂ ਬੇਟ 'ਚ ਪੈਂਦੇ ਪਿੰਡ ਪਰਜੀਆ ਭਿਹਾਰੀ ਦੇ ਇਹ ਨੌਜਵਾਨ ਸਤਲੁਜ ਦਰਿਆ ਵਿਚ ਰੁੜ੍ਹ ਗਏ ਸਨ ਤੇ ਇੱਥੇ ਗਜਨੀ ਵਾਲਾ ਦੇ ਕੋਲੋਂ ਸਤਲੁਜ ਦਰਿਆ ਰਾਹੀਂ ਪਾਕਿਸਤਾਨ ਪਹੁੰਚ ਗਏ ਸਨ। ਇਨ੍ਹਾਂ ਦੀ ਸ਼ਨਾਖਤ ਰਤਨਪਾਲ ਸਿੰਘ (25) ਪੁੱਤਰ ਮਹਿੰਦਰ ਸਿੰਘ ਅਤੇ ਹਰਵਿੰਦਰ ਸਿੰਘ (26) ਪੁੱਤਰ ਮੁਖ਼ਤਿਆਰ ਸਿੰਘ ਵਜੋਂ ਹੋਈ ਹੈ।

# ਹੜ੍ਹ ਮਾਰੇ ਖੇਤਰਾਂ 'ਚ ਝੋਨੇ ਦੀ ਮੁੜ ਲੁਆਈ ਲਈ ਜੱਦੋ-ਜਹਿਦ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਨੇ ਝੋਨੇ ਦੀ ਫਸਲ ਦਾ ਕਾਫੀ ਨੁਕਸਾਨ ਕੀਤਾ ਹੈ। ਖੇਤੀਬਾੜੀ ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਥਾਵਾਂ 'ਤੇ ਅਗਸਤ ਦੇ ਪਹਿਲੇ ਹਫਤੇ ਤੱਕ ਝੋਨੇ ਦੀ ਲੁਆਈ ਨਹੀਂ ਹੁੰਦੀ, ਉਥੇ ਕਿਸਾਨਾਂ ਨੂੰ ਮੱਕੀ, ਬਾਜਰਾ, ਸਬਜ਼ੀਆਂ ਤੇ ਮੂੰਗੀ ਬੀਜਣੀ ਚਾਹੀਦੀ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ 9 ਤੋਂ 11 ਜੁਲਾਈ ਤੱਕ ਪਏ ਭਾਰੀ ਮੀਂਹ ਕਾਰਨ ਸੂਬੇ ਦੇ ਕਈ ਖੇਤਰ ਪ੍ਰਭਾਵਿਤ ਹੋਏ ਹਨ। ਹੜ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਲੀਹੋਂ ਲਾਹ ਦਿੱਤੀ ਹੈ।

ਪੰਜਾਬ ਖੇਤੀਬਾੜੀ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਛੇ ਲੱਖ ਏਕੜ ਤੋਂ ਵੱਧ ਰਕਬੇ ਵਿਚ ਪਾਣੀ ਭਰ ਗਿਆ ਹੈ ਅਤੇ ਇਸ ਵਿਚੋਂ ਦੋ ਲੱਖ ਏਕੜ ਤੋਂ ਵੱਧ ਜ਼ਮੀਨ 'ਤੇ ਮੁੜ ਝੋਨਾ ਲਾਉਣ ਦੀ ਲੋੜ ਹੈ। ਸੂਬੇ ਦੇ 19 ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆਏ ਹਨ ਅਤੇ ਪਟਿਆਲਾ, ਸੰਗਰੂਰ, ਮੁਹਾਲੀ, ਰੂਪਨਗਰ, ਜਲੰਧਰ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਵਿਚ ਝੋਨੇ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ।



ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਅਗਸਤ ਦੇ ਪਹਿਲੇ ਹਫਤੇ ਤੱਕ ਫਸਲ ਦੀ ਮੁੜ ਬਿਜਾਈ ਕਰਨ ਲਈ ਕਿਹਾ ਗਿਆ ਹੈ। ਮਾਹਿਰਾਂ ਅਨੁਸਾਰ ਜੇ ਅਗਸਤ ਦੇ ਪਹਿਲੇ ਹਫਤੇ ਤੱਕ ਫਸਲ ਮੁੜ ਨਾ ਬੀਜੀ ਗਈ ਤਾਂ ਵਾਢੀ 'ਚ ਦੇਰੀ ਹੋ ਜਾਵੇਗੀ, ਜਿਸ ਨਾਲ ਨਵੰਬਰ ਵਿਚ ਕਣਕ ਦੀ ਬਿਜਾਈ 'ਤੇ ਵੀ ਅਸਰ ਪਵੇਗਾ। ਪੰਜਾਬ ਵਿਚ ਹਾਲੇ ਵੀ ਕੁੱਝ ਇਲਾਕੇ ਹੜ੍ਹਾਂ ਦੀ ਮਾਰ ਹੇਠ ਹਨ। ਇਨ੍ਹਾਂ ਇਲਾਕਿਆਂ ਦੇ ਕਿਸਾਨਾਂ ਨੂੰ ਮੁੜ ਫਸਲ ਬੀਜਣ 'ਚ ਹਾਲੇ ਕੁੱਝ ਸਮਾਂ ਲੱਗੇਗਾ। ਇਸ ਤੋਂ ਇਲਾਵਾ ਝੋਨੇ ਦੇ ਬੀਜ ਤਿਆਰ ਹੋਣ ਲਈ ਵੀ ਕਈ ਦਿਨ ਲੱਗ ਜਾਂਦੇ ਹਨ। ਉਧਰ ਖੇਤਾਂ ਵਿਚ ਹੜ੍ਹ ਕੇ ਆਏ ਪੱਥਰ ਅਤੇ ਹੋਰ ਚੀਜ਼ਾਂ ਵੀ ਝੋਨੇ ਦੀ ਮੁੜ ਲੁਆਈ ਲਈ ਕਿਸਾਨਾਂ ਵਾਸਤੇ ਚੁਣੌਤੀ ਬਣ ਰਹੀਆਂ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਧਿਕਾਰੀ ਗੁਰਮੀਤ ਸਿੰਘ ਬੁੱਟਰ ਨੇ ਕਿਹਾ ਕਿ ਜੇ ਝੋਨਾ ਲਾਉਣ 'ਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਆਉਂਦੀ ਹੈ ਤਾਂ ਕਿਸਾਨ ਅਗਸਤ ਵਿਚ ਸਬਜ਼ੀਆਂ ਅਤੇ ਬਾਜਰਾ ਆਦਿ ਬੀਜ ਸਕਦੇ ਹਨ। ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਪੀਆਰ 126 ਅਤੇ ਪੂਸਾ ਬਾਸਮਤੀ 1509 ਕਿਸਮਾਂ ਬੀਜਣ ਦੀ ਸਲਾਹ ਦਿੱਤੀ ਗਈ ਹੈ। ਇਹ ਕਿਸਮਾਂ ਥੋੜ੍ਹੇ ਸਮੇਂ ਵਿਚ ਹੀ ਤਿਆਰ ਹੋ ਜਾਂਦੀਆਂ ਹਨ। ਝੋਨੇ ਦੀਆਂ ਬਾਕੀ ਕਿਸਮਾਂ 110 ਤੋਂ 130 ਦਿਨਾਂ ਵਿਚ ਤਿਆਰ ਹੁੰਦੀਆਂ ਹਨ ਜਦਕਿ ਪੀਆਰ 126 ਕਿਸਮ 93 ਦਿਨਾਂ ਵਿਚ ਤਿਆਰ ਹੋ ਜਾਂਦੀ ਹੈ। ਇਸ ਤਰ੍ਹਾਂ ਕਣਕ ਦੀ ਬਿਜਾਈ ਲਈ ਕਾਫੀ ਸਮਾਂ ਮਿਲ ਸਕਦਾ ਹੈ।

## ਦੋ ਲੱਖ ਏਕੜ 'ਚ ਮੁੜ ਝੋਨਾ ਲਾਏਗੀ ਸਰਕਾਰ

**ਜਲੰਧਰ:** ਪੰਜਾਬ ਵਿਚ ਹੜ੍ਹਾਂ ਕਾਰਨ 6.25 ਲੱਖ ਏਕੜ ਵਿਚ ਫਸਲਾਂ ਤਬਾਹ ਹੋ ਗਈਆਂ ਹਨ ਜਿਸ ਕਾਰਨ ਖੇਤੀਬਾੜੀ ਵਿਭਾਗ ਵੱਲੋਂ ਦੋ ਲੱਖ ਏਕੜ ਖੇਤਰ ਵਿਚ ਮੁੜ ਝੋਨਾ ਲਾਉਣ ਦੀ ਯੋਜਨਾ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਛੇਤੀ ਪੱਕਣ ਵਾਲੀ ਕਿਸਮ ਦੀ ਪਨੀਰੀ 10 ਅਗਸਤ ਤੱਕ ਲਾਈ ਜਾਵੇਗੀ ਜਿਨ੍ਹਾਂ ਵਿਚ ਪੀਆਰ -26 ਤੇ 1509-ਬਾਸਮਤੀ ਦੀ ਕਿਸਮ ਸ਼ਾਮਲ ਹੈ। ਖੇਤੀਬਾੜੀ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਵੇਲੇ 80 ਹਜ਼ਾਰ ਏਕੜ ਥਾਂ ਵਿਚ ਝੋਨੇ ਦੀ ਪਨੀਰੀ ਤਿਆਰ ਕਰ ਲਈ ਗਈ ਹੈ। ਉਹ ਕਿਸਾਨਾਂ ਨੂੰ 20 ਤੋਂ 25 ਦਿਨ ਪੁਰਾਣੀ ਪਨੀਰੀ ਮੁਫਤ ਮੁਹੱਈਆ ਕਰਵਾਉਣਗੇ।

## ਅਦਾਕਾਰ ਸੋਨੂੰ ਸੂਦ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਹੱਥ ਵਧਾਇਆ

**ਮੋਗਾ:** ਮੂਲ ਰੂਪ ਵਿਚ ਮੋਗਾ ਨਿਵਾਸੀ ਅਦਾਕਾਰ ਸੋਨੂੰ ਸੂਦ ਨੇ ਹੜ੍ਹਾਂ ਕਾਰਨ ਪੰਜਾਬ ਵਿਚ ਹੋਏ ਨੁਕਸਾਨ 'ਤੇ ਦੁੱਖ ਪ੍ਰਗਟਾਉਂਦਿਆਂ ਲੋੜਵੰਦਾਂ ਦੀ ਮਦਦ ਲਈ ਇਕ ਸਹਾਇਤਾ ਨੰਬਰ ਵੀ ਜਾਰੀ ਕੀਤਾ ਹੈ। ਅਦਾਕਾਰ ਨੇ ਪੰਜਾਬ ਵਿਚ ਹੜ੍ਹਾਂ ਕਾਰਨ ਹਜ਼ਾਰਾਂ ਪਰਿਵਾਰਾਂ ਦਾ ਉਜਾੜਾ ਹੋਣ ਸਮੇਤ ਬੇਹਿਸਾਬ ਮਾਲੀ ਨੁਕਸਾਨ ਹੋਣ ਦੀਆਂ ਰਿਪੋਰਟਾਂ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸੋਨੂੰ ਸੂਦ ਨੇ ਆਪਣੇ ਟਵਿੱਟਰ ਹੈਂਡਲ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ, "ਮੇਰਾ ਪਿਆਰਾ ਪੰਜਾਬ, ਮੇਰਾ ਦਿਲ ਤੁਹਾਡੇ ਲਈ ਦੁਖਦਾ ਹੈ, ਕਿਉਂਕਿ ਹੜ੍ਹਾਂ ਨੇ ਉਸ ਧਰਤੀ ਉਪਰ ਕਹਿਰ ਢਾਹਿਆ ਹੈ, ਪੰਜਾਬ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ। ਅਸੀਂ ਮਿਲ ਕੇ ਇਸ ਆਫ਼ਤ ਦਾ ਸਾਹਮਣਾ ਕਰਾਂਗੇ, ਲੋੜਵੰਦ ਪੰਜਾਬੀਆਂ ਲਈ ਮੁੜ ਉਸਾਰੀਆਂ ਕਰਾਂਗੇ ਤੇ ਮਜ਼ਬੂਤ ਹੋਵਾਂਗੇ।' ਅਦਾਕਾਰ ਨੇ ਆਪਣੀ ਪੋਸਟ ਵਿਚ ਸੂਦ ਚੈਰਿਟੀ ਫਾਊਂਡੇਸ਼ਨ ਦਾ ਇਕ ਸੰਪਰਕ ਨੰਬਰ 78886-75107 ਜਾਰੀ ਕਰਦਿਆਂ ਕਿਹਾ ਹੈ ਕਿ ਕੋਈ ਵੀ ਲੋੜਵੰਦ ਉਨ੍ਹਾਂ ਨਾਲ ਸੰਪਰਕ ਕਰੇ, ਮਦਦ ਉਸ ਤੱਕ ਪਹੁੰਚ ਜਾਵੇਗੀ।

# ਸਰਕਾਰ ਵੱਲੋਂ 15 ਅਗਸਤ ਤੱਕ ਵਿਸ਼ੇਸ਼ ਗਿਰਦਾਵਰੀ ਦੇ ਹੁਕਮ



## ਸਰਕਾਰ ਲੋਕਾਂ ਦੇ ਇਕ-ਇਕ ਪੈਸੇ ਦੇ ਨੁਕਸਾਨ ਦਾ ਮੁਆਵਜ਼ਾ ਦੇਵੇਗੀ: ਭਗਵੰਤ ਮਾਨ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਕਾਰਨ ਹੋਏ ਨੁਕਸਾਨ ਉਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੇ ਇਕ-ਇਕ ਪੈਸੇ ਦੇ ਨੁਕਸਾਨ ਦਾ ਮੁਆਵਜ਼ਾ ਦੇਵੇਗੀ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫਸਲਾਂ, ਘਰਾਂ, ਪਸ਼ੂਆਂ ਅਤੇ ਹੋਰ ਨੁਕਸਾਨ ਦਾ ਪਤਾ ਲਗਾਉਣ ਲਈ ਪਹਿਲਾਂ ਹੀ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ ਅਤੇ ਅਧਿਕਾਰੀਆਂ ਨੂੰ 15 ਅਗਸਤ ਤੱਕ ਸਰਵੇਖਣ ਦਾ ਕੰਮ ਮੁਕੰਮਲ ਕਰਨ ਲਈ ਕਿਹਾ ਗਿਆ ਹੈ।

**ਮੁਹਾਲੀ:** ਪੰਜਾਬ ਮੰਤਰੀ ਮੰਡਲ ਨੇ ਸੂਬੇ ਵਿਚ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਪੀੜਤਾਂ ਨੂੰ ਰਾਹਤ ਦੇਣ ਲਈ 15 ਅਗਸਤ ਤੱਕ ਵਿਸ਼ੇਸ਼ ਗਿਰਦਾਵਰੀ ਕਰਨ ਦੇ ਆਦੇਸ਼ ਦਿੱਤੇ ਹਨ, ਜਿਸ ਨਾਲ ਲੋਕਾਂ ਦੇ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕੀਤੀ ਜਾ ਸਕੇ।

ਮੰਤਰੀ ਮੰਡਲ ਨੇ ਕੁਦਰਤੀ ਆਫ਼ਤ ਕਾਰਨ ਫਸਲਾਂ ਦੇ ਖ਼ਰਾਬੇ ਸਬੰਧੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਡਿਪਟੀ ਕਮਿਸ਼ਨਰਾਂ ਨੂੰ ਰਾਸ਼ੀ ਜਾਰੀ ਕਰ ਦਿੱਤੀ ਹੈ। ਇਸ ਨੀਤੀ ਤਹਿਤ ਖੇਤ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਲਈ ਸੂਬਾਈ ਬਜਟ ਵਿਚੋਂ 10 ਫੀਸਦ ਵਾਧੂ ਰਾਹਤ ਰਾਸ਼ੀ ਡਿਪਟੀ ਕਮਿਸ਼ਨਰਾਂ ਨੂੰ ਮੁਹੱਈਆ ਕਰਵਾਈ ਜਾਵੇਗੀ। ਇਹ ਨੀਤੀ ਪਹਿਲੀ ਮਈ 2023 ਤੋਂ ਲਾਗੂ ਹੋਵੇਗੀ ਤੇ ਸਾਰੇ ਖੇਤ ਮਜ਼ਦੂਰ ਪਰਿਵਾਰਾਂ, ਜਿਨ੍ਹਾਂ ਕੋਲ ਕੋਈ ਜ਼ਮੀਨ ਨਹੀਂ ਹੋਵੇਗੀ ਜਾਂ ਜਿਨ੍ਹਾਂ ਕੋਲ ਠੇਕੇ, ਕਿਰਾਏ, ਕਾਸ਼ਤ ਲਈ ਇਕ ਏਕੜ ਤੋਂ ਘੱਟ ਜਗ੍ਹਾ ਹੋਵੇਗੀ, ਉਹ ਸਾਰੇ ਮੁਆਵਜ਼ਾ ਲੈਣ ਦੇ ਯੋਗ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਖੇਤ ਮਜ਼ਦੂਰਾਂ ਨੂੰ ਰਾਹਤ ਦੇਣ ਲਈ ਵੀ ਨੀਤੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਰਾਹਤ ਰਾਸ਼ੀ ਜਾਰੀ ਕੀਤੀ ਜਾਂਦੀ ਹੈ। ਇਸ ਨੀਤੀ ਤਹਿਤ ਰਾਹਤ ਰਾਸ਼ੀ ਦਾ 10 ਫੀਸਦੀ ਸੂਬੇ ਦੇ ਬਜਟ 'ਚੋਂ ਪ੍ਰਦਾਨ ਕੀਤਾ ਜਾਵੇਗਾ ਤਾਂ ਜੋ ਖੇਤ ਮਜ਼ਦੂਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

ਉਨ੍ਹਾਂ ਕਿਹਾ ਕਿ ਇਹ ਨੀਤੀ ਪਹਿਲੀ ਮਈ, 2023 ਤੋਂ ਲਾਗੂ ਹੋ ਗਈ ਹੈ ਅਤੇ ਸਾਰੇ ਖੇਤ ਮਜ਼ਦੂਰ ਪਰਿਵਾਰ ਜਿਨ੍ਹਾਂ ਕੋਲ ਕੋਈ ਜ਼ਮੀਨ ਨਹੀਂ ਹੈ (ਰਿਹਾਇਸ਼ੀ ਪਲਾਟ ਨੂੰ ਛੱਡ ਕੇ) ਜਾਂ ਜਿਨ੍ਹਾਂ ਕੋਲ ਇੱਕ ਏਕੜ ਤੋਂ ਘੱਟ ਜ਼ਮੀਨ (ਲੀਜ਼/ਠੇਕੇ/ਕਾਸ਼ਤ ਵਾਲੀ) ਹੈ, ਉਹ ਇਸ ਨੀਤੀ ਦਾ ਲਾਭ ਲੈ ਸਕਣਗੇ।

# ਨੁਕਸਾਨ ਦੀ ਭਰਪਾਈ: ਕਿਸਾਨ ਜਥੇਬੰਦੀਆਂ ਵੱਲੋਂ ਸਰਕਾਰ ਦੀ ਘੇਰਾਬੰਦੀ ਸ਼ੁਰੂ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਨੇ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਤੁਰਤ ਭਰਪਾਈ ਮੰਗੀ ਹੈ।

ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਝੋਨੇ ਦੀ ਖਰਾਬ ਹੋਈ ਫਸਲ ਲਈ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ, ਤਬਾਹ ਹੋਏ ਘਰ ਲਈ ਚਾਰ ਲੱਖ ਰੁਪਏ ਪ੍ਰਤੀ ਘਰ, ਜਾਨ ਗੁਆਉਣ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਅਤੇ ਮਜ਼ਦੂਰਾਂ ਦੇ ਪ੍ਰਤੀ ਪਰਿਵਾਰ 20,000 ਰੁਪਏ ਮੁਆਵਜ਼ਾ ਦਿੱਤਾ ਜਾਵੇ।

ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਨਦੀਆਂ ਅਤੇ ਨਾਲਿਆਂ ਦੀ ਚੰਗੀ ਤਰ੍ਹਾਂ ਸਫਾਈ ਨਾ ਹੋਣ ਕਾਰਨ ਹੜ੍ਹਾਂ ਦੀ ਸਥਿਤੀ ਪੈਦਾ ਹੋਈ ਹੈ। ਜਥੇਬੰਦੀਆਂ ਨੇ ਮੰਗ ਕੀਤੀ ਕਿ ਸੰਕਟ ਦੀ ਇਸ ਘੜੀ ਵਿਚ ਕਿਸਾਨਾਂ ਦਾ ਕੁੱਲ ਕਰਜ਼ਾ ਮੁਆਫ਼ ਕੀਤਾ ਜਾਵੇ ਕਿਉਂਕਿ ਕੇਂਦਰ ਸਰਕਾਰ ਪਿਛਲੇ ਸਾਲਾਂ ਵਿਚ ਕਾਰਪੋਰੇਟ ਘਰਾਣਿਆਂ ਦਾ 15 ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਮੁਆਫ ਕਰ ਚੁੱਕੀ ਹੈ। ਮੀਟਿੰਗ ਦੌਰਾਨ ਹੜ੍ਹ ਪ੍ਰਭਾਵਿਤ ਲੋਕਾਂ ਪ੍ਰਤੀ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਦੌਰਾਨ ਆਗੂਆਂ ਨੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਬਚਾਅ ਲਈ ਸਰਕਾਰ ਅੱਗੇ ਨਹੀਂ ਆਈ। ਮੀਟਿੰਗ ਕਿਸਾਨ ਆਗੂਆਂ ਨੇ ਕਿਹਾ ਕਿ ਹੁਣ ਖਾਦਾਂ ਦੀ ਭਾਰੀ ਘਾਟ ਹੈ ਅਤੇ ਕਿਸਾਨ ਖਾਦ ਮਿਲਣ ਦੀ ਉਡੀਕ ਕਰ ਰਹੇ ਹਨ ਕਿਉਂਕਿ ਹੜ੍ਹਾਂ ਕਾਰਨ ਖਪਤ ਕਈ ਗੁਣਾ ਵਧ ਗਈ ਹੈ।

# ਹੜ੍ਹਾਂ ਕਾਰਨ ਪੰਜਾਬ ਦੇ ਸਰਹੱਦੀ ਖੇਤਰਾਂ ਨੂੰ ਦੂਹਰੀ ਮਾਰ ਪਈ

**ਫਿਰੋਜ਼ਪੁਰ:** ਪੰਜਾਬ ਦੇ ਸਰਹੱਦੀ ਖੇਤਰ ਵਿਚ ਹੜ੍ਹਾਂ ਨੇ ਲੋਕਾਂ ਦੀਆਂ ਫਸਲਾਂ ਪੂਰੀ ਤਰ੍ਹਾਂ ਤਬਾਹ ਕਰ ਦਿੱਤੀਆਂ ਹਨ ਅਤੇ ਘਰ ਵੀ ਡਿੱਗ ਗਏ ਹਨ। ਹੜ੍ਹਾਂ ਤੋਂ ਬਚਣ ਲਈ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ। ਪੰਜਾਬ ਵਿਚ ਵਗਦੇ ਰਾਵੀ, ਸਤਲੁਜ, ਬਿਆਸ ਅਤੇ ਘੱਗਰ ਵਿਚ ਪਾਣੀ ਦਾ ਪੱਧਰ ਵਧਣ ਅਤੇ ਤੇਜ਼ ਵਹਾਅ ਕਾਰਨ ਦਰਿਆਵਾਂ ਦੇ ਕਿਨਾਰੇ 'ਤੇ ਜਿੱਥੇ ਪਾਣੀ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਹੈ, ਉੱਥੇ ਹੀ ਜ਼ਮੀਨਾਂ ਨੂੰ ਢਾਹ ਲਾਉਂਦਿਆਂ ਸੈਂਕੜੇ ਏਕੜ ਕਿਸਾਨਾਂ ਦੀ ਜ਼ਮੀਨ ਨੂੰ ਪਾਣੀ ਰੋੜ੍ਹ ਕੇ ਲੈ ਗਿਆ।



ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿਚ ਵਗਦੇ ਸਤਲੁਜ ਦਰਿਆ 'ਚ ਪਾਣੀ ਦਾ ਪੱਧਰ ਲਗਾਤਾਰ ਵਧਦਾ ਜਾ ਰਿਹਾ ਹੈ। ਇਨ੍ਹਾਂ ਪਿੰਡਾਂ ਵਿਚ ਮੁੜ ਹੜ੍ਹ ਆਉਣ ਕਾਰਨ ਕਈ ਕਿਸਾਨਾਂ ਦੀ ਸੈਂਕੜੇ ਏਕੜ ਬੀਜੀ ਫਸਲ ਤਬਾਹ ਹੋ ਗਈ ਹੈ। ਕੁਝ ਕਿਸਾਨਾਂ ਨੇ ਦੁਬਾਰਾ ਝੋਨਾ ਲਾਇਆ ਸੀ ਜੋ ਇਕ ਵਾਰ ਫਿਰ ਹੜ੍ਹਾਂ ਕਾਰਨ ਬਰਬਾਦ ਹੋ ਗਿਆ ਹੈ। ਸਤਲੁਜ ਦੀ ਮਾਰ ਕਾਰਨ ਕਿਸਾਨਾਂ ਨੂੰ ਦੂਜੀ ਵਾਰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੇ ਝੋਨੇ ਦੀ ਲੁਆਈ ਲਈ ਦੋਵੇਂ ਵਾਰ 4000-4000 ਰੁਪਏ ਪ੍ਰਤੀ ਏਕੜ ਮਜ਼ਦੂਰੀ ਦਿੱਤੀ ਹੈ। ਇਸ ਤੋਂ ਇਲਾਵਾ ਟਰੈਕਟਰਾਂ ਅਤੇ ਖਾਦਾਂ ਆਦਿ 'ਤੇ ਵੀ ਕਾਫੀ ਖਰਚ ਕੀਤਾ ਗਿਆ ਹੈ। ਇਸ ਤਰ੍ਹਾਂ ਉਸ ਦਾ ਪ੍ਰਤੀ ਏਕੜ 25-30 ਹਜ਼ਾਰ ਰੁਪਏ ਖਰਚ ਆਇਆ ਹੈ। ਉਨ੍ਹਾਂ ਨੇ ਆਪਣੀ ਫਸਲ ਦੇ ਪਾਲਣ-ਪੋਸ਼ਣ 'ਤੇ ਵੀ ਕਾਫੀ ਮਿਹਨਤ ਕੀਤੀ ਸੀ। ਉਨ੍ਹਾਂ ਨੂੰ ਪ੍ਰਤੀ ਏਕੜ 70-80 ਹਜ਼ਾਰ ਰੁਪਏ ਦਾ ਝੋਨਾ ਹੋਣ ਦੀ ਆਸ ਸੀ ਪਰ ਦੂਜੀ ਵਾਰ ਆਏ ਹੜ੍ਹ ਨੇ ਉਨ੍ਹਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਫਸਲ ਦੇ ਹੋਏ ਨੁਕਸਾਨ ਦਾ ਘੱਟੋ-ਘੱਟ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

ਲਗਾਤਾਰ ਭਾਰੀ ਮੀਂਹ ਪੈਣ ਕਾਰਨ ਕਈ ਘਰਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ ਅਤੇ ਗਰੀਬ ਲੋਕਾਂ ਦੇ ਕੱਚੇ ਘਰ ਡਿੱਗਣ ਲੱਗ ਪਏ ਹਨ। ਇਸੇ ਤਰ੍ਹਾਂ ਸਰਹੱਦੀ ਪਿੰਡ ਤੇਜਾ ਰੁਹੇਲਾ ਵਿਚ ਦੋ ਘਰ ਢਹਿ ਗਏ। ਮਕਾਨ ਡਿੱਗਣ ਕਾਰਨ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਪਰ ਘਰ ਅੰਦਰ ਪਿਆ ਕੀਮਤੀ ਸਾਮਾਨ ਨੁਕਸਾਨਿਆ ਗਿਆ। ਰਾਜ ਸਿੰਘ ਪੁੱਤਰ ਗੁਰਨਾਮ ਸਿੰਘ ਨੇ ਦੱਸਿਆ ਕਿ ਤੇਜ਼ ਮੀਂਹ ਕਾਰਨ ਉਨ੍ਹਾਂ ਦਾ ਕੱਚਾ ਮਕਾਨ ਢਹਿ ਗਿਆ ਹੈ। ਜਦੋਂ ਉਹ ਘਰ ਵਿਚ ਮੌਜੂਦ ਸੀ ਤਾਂ ਅਚਾਨਕ ਉਸ ਦਾ ਮਕਾਨ ਡਿੱਗਣਾ ਸ਼ੁਰੂ ਹੋ ਗਿਆ। ਉਸ ਨੇ ਘਰੋਂ ਬਾਹਰ ਭੱਜ ਕੇ ਆਪਣੀ ਜਾਨ ਬਚਾਈ। ਇਸੇ ਤਰ੍ਹਾਂ ਪਿੰਡ ਦੀ ਹੀ ਇਕ ਵਿਧਵਾ ਔਰਤ ਦੇ ਘਰ ਵੀ ਵੱਡੀਆਂ ਤਰੇੜਾਂ ਆ ਗਈਆਂ ਹਨ ਜਿਸ ਕਾਰਨ ਮਕਾਨ ਡਿੱਗਣ ਦਾ ਖਤਰਾ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਅੱਧੀ ਦਰਜਨ ਘਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਘਰ ਅਤੇ ਕੀਮਤੀ ਸਾਮਾਨ ਦੇ ਨੁਕਸਾਨ ਲਈ ਆਰਥਿਕ ਸਹਾਇਤਾ ਦਿੱਤੀ ਜਾਵੇ।

## ਦਰਿਆਵਾਂ 'ਚ ਖੁਰੀਆਂ ਜ਼ਮੀਨਾਂ ਦਾ ਮੁਆਵਜ਼ਾ ਮਿਲੇਗਾ

**ਅਜਨਾਲਾ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਲਕਾ ਅਜਨਾਲਾ ਦੇ ਰਾਵੀ ਦਰਿਆ ਦੇ ਕੰਢੇ ਪਿੰਡ ਘੁੰਮਰਾਏ, ਰੂੜੇਵਾਲ ਅਤੇ ਪੰਜਗਰਾਈਂ ਵਿਚ ਦਰਿਆ ਵੱਲੋਂ ਜ਼ਮੀਨਾਂ ਨੂੰ ਲਾਈ ਜਾ ਰਹੀ ਢਾਹ ਦਾ ਮੌਕਾ ਦੇਖਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵਗਦੇ ਰਾਵੀ, ਸਤਲੁਜ, ਬਿਆਸ ਅਤੇ ਘੱਗਰ ਵਿਚ ਪਾਣੀ ਦਾ ਪੱਧਰ ਵਧਣ ਅਤੇ ਤੇਜ਼ ਵਹਾਅ ਕਾਰਨ ਦਰਿਆਵਾਂ ਦੇ ਕਿਨਾਰੇ 'ਤੇ ਜਿੱਥੇ ਪਾਣੀ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਹੈ, ਉੱਥੇ ਹੀ ਜ਼ਮੀਨਾਂ ਨੂੰ ਢਾਹ ਲਾਉਂਦਿਆਂ ਸੈਂਕੜੇ ਏਕੜ ਕਿਸਾਨਾਂ ਦੀ ਜ਼ਮੀਨ ਨੂੰ ਪਾਣੀ ਰੋੜ੍ਹ ਕੇ ਲੈ ਗਿਆ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਕੇਂਦਰ ਸਰਕਾਰ ਦੇ ਧਿਆਨ ਹਿੱਤ ਲਿਆ ਕੇ ਕਿਸਾਨਾਂ ਨੂੰ ਮੁਆਵਜ਼ਾ ਜ਼ਰੂਰ ਦੇਣਗੇ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 5 ਅਗਸਤ, 2023*

# ਨਫਰਤ ਦੀ ਫਸਲ

ਮਨੀਪੁਰ ਵਿਚ ਜਿਸ ਤਰ੍ਹਾਂ ਦੀ ਸਿਆਸਤ ਦਾ ਰੰਗ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਦਿਖਾਇਆ ਹੈ, ਉਸ ਦਾ ਪ੍ਰਛਾਵਾਂ ਹੁਣ ਮੁਲਕ ਦੇ ਹੋਰ ਹਿੱਸਿਆਂ ਵਿਚ ਵੀ ਪੈਣਾ ਆਰੰਭ ਹੋ ਗਿਆ ਹੈ। ਕੁਝ ਬੁੱਧੀਜੀਵੀ ਮਨੀਪੁਰ ਹਿੰਸਾ ਵਾਲੇ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖਾਮੋਸ਼ੀ ਦਾ ਜ਼ਿਕਰ ਵਾਰ-ਵਾਰ ਕਰ ਰਹੇ ਸਨ ਜਦਕਿ ਹਕੀਕਤ ਇਹ ਹੈ ਕਿ ਜਦੋਂ-ਜਦੋਂ ਅਜਿਹੇ ਸੰਕਟ ਆਉਂਦੇ ਰਹੇ ਹਨ, ਪ੍ਰਧਾਨ ਮੰਤਰੀ ਸਦਾ ਚੁੱਪ ਹੀ ਰਹੇ ਹਨ। ਅਸਲ ਵਿਚ ਉਨ੍ਹਾਂ ਦੀ ਖਾਮੋਸ਼ੀ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਉਸ ਵਕਤ ਜੋ ਕੁਝ ਹੋ ਰਿਹਾ ਹੁੰਦਾ ਹੈ, ਉਸ ਨਾਲ ਉਹ ਪੂਰੀ ਤਰ੍ਹਾਂ ਸਹਿਮਤ ਹਨ। ਇਤਿਹਾਸ ਵਿਚ ਅਜਿਹੇ ਬਹੁਤ ਸਾਰੇ ਤੱਥ ਜਾਂ ਵਾਕਿਆਤ ਮਿਲਦੇ ਹਨ ਜਿਨ੍ਹਾਂ ਤੋਂ ਇਹੀ ਸਾਬਤ ਹੁੰਦਾ ਹੈ ਕਿ ਖਾਮੋਸ਼ੀ ਦਾ ਮਤਲਬ ਸਹਿਮਤੀ ਹੀ ਹੁੰਦਾ ਹੈ। ਪ੍ਰਧਾਨ ਮੰਤਰੀ ਦੀ ਖਾਮੋਸ਼ੀ ਸਹਿਮਤੀ ਹੀ ਸੀ, ਇਹ ਹੁਣ ਜ਼ਾਹਿਰ ਵੀ ਹੋ ਗਈ ਹੈ ਕਿਉਂਕਿ ਮਨੀਪੁਰ ਵਿਚ ਅਜੇ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਹਾਂ, ਸੁਪਰੀਮ ਕੋਰਟ ਵਿਚ ਆਪਣਾ ਮੂੰਹ ਰੱਖਣ ਲਈ ਸਬੰਧਿਤ ਘਟਨਾ ਦੀ ਜਾਂਚ ਸੀ.ਬੀ.ਆਈ. ਦੇ ਹਵਾਲੇ ਜ਼ਰੂਰ ਕਰ ਦਿੱਤੀ ਗਈ ਹੈ। ਇਸ ਖਾਮੋਸ਼ੀ ਅਤੇ ਸਹਿਮਤੀ ਕਰ ਕੇ ਹੀ ਹਾਲ ਹੀ ਵਿਚ ਦੋ ਘਟਨਾਵਾਂ ਹੋਰ ਹੋ ਗਈਆਂ ਹਨ। ਇਕ ਤਾਂ ਹਰਿਆਣਾ ਵਿਚ ਫਿਰਕੂ ਹਿੰਸਾ ਭੜਕ ਉਠੀ ਹੈ ਅਤੇ ਦੂਜੇ ਚੱਲਦੀ ਰੇਲ ਗੱਡੀ ਵਿਚ ਰੇਲਵੇ ਸੁਰੱਖਿਆ ਫੋਰਸ ਦੇ ਇਕ ਸਿਪਾਹੀ ਨੇ ਫਿਰਕੂ ਆਧਾਰ 'ਤੇ ਤਿੰਨ ਜਣਿਆਂ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਉਹ ਜਿਸ ਢੰਗ ਨਾਲ ਬੋਲਿਆ ਹੈ, ਉਸ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਫਿਰਕੂ ਨਫਰਤ ਦੇ ਜਿਹੜੇ ਬੀਅ ਭਾਰਤੀ ਜਨਤਾ ਪਾਰਟੀ ਲਗਾਤਾਰ ਬੀਜ ਰਹੀ ਹੈ, ਉਸ ਦੀ ਫਸਲ ਵੀ ਲਗਾਤਾਰ ਤਿਆਰ ਹੋ ਰਹੀ ਹੈ। ਹੁਣ ਜਿਉਂ-ਜਿਉਂ 2024 ਵਾਲੀਆਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਜਾਣਗੀਆਂ, ਨਫਰਤ ਦੀ ਇਸ ਫਸਲ ਨੂੰ ਵੋਟਾਂ ਵਿਚ ਤਬਦੀਲ ਕਰਨ ਲਈ ਦਿਨ-ਰਾਤ ਇਕ ਕਰ ਦਿੱਤਾ ਜਾਵੇਗਾ।

ਉਂਝ, ਮਾਨਵੀ ਪੱਧਰ 'ਤੇ ਦੇਖਿਆ ਜਾਵੇ ਤਾਂ ਰੇਲਵੇ ਸੁਰੱਖਿਆ ਫੋਰਸ ਦੇ ਸਿਪਾਹੀ ਵੱਲੋਂ ਜੈਪੁਰ-ਮੁੰਬਈ ਸੈਂਟਰਲ ਐਕਸਪ੍ਰੈਸ ਰੇਲ ਗੱਡੀ ਵਿਚ ਮਹਾਰਾਸ਼ਟਰ ਦੇ ਪਾਲਘਰ ਸਟੇਸ਼ਨ ਨੇੜੇ ਗੋਲੀਆਂ ਚਲਾ ਕੇ ਆਪਣੇ ਇਕ ਸੀਨੀਅਰ ਅਤੇ ਤਿੰਨ ਯਾਤਰੀਆਂ ਨੂੰ ਹਲਾਕ ਕਰਨ ਦੀ ਘਟਨਾ ਦੇ ਅਰਥ ਬਹੁਤ ਗਹਿਰੇ ਹਨ ਅਤੇ ਇਨ੍ਹਾਂ ਨੇ ਮੁਲਕ ਦੀ ਸਿਆਸਤ 'ਤੇ ਡੂੰਘਾ ਅਸਰ ਪਾਉਣਾ ਹੈ। ਕਤਲ ਤੋਂ ਬਾਅਦ ਸਿਪਾਹੀ ਨੇ ਕਿਹਾ: ਇਹ ਪਾਕਿਸਤਾਨ ਤੋਂ ਅਪਰੇਟ ਹੋ ਰਹੇ ਹਨ,ਇਨ੍ਹਾਂ ਦੇ ਆਕਾ ਉਥੇ ਹਨ। ਅਗਰ ਵੋਟ ਦੇਣੀ ਹੈ, ਅਗਰ ਹਿੰਦੁਸਤਾਨ ਵਿਚ ਰਹਿਣਾ ਹੈ, ਤਾਂ ਮੈਂ ਕਹਿੰ ਨਾ ਕਿ ਮੋਦੀ ਔਰ ਯੋਗੀ, ਇਹ ਦੋ ਹਨ, ਔਰ ਜਾਂ ਫਿਰ ਠਾਕਰੇ।... ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦਾ ਟੀਚਾ ਹੀ ਇਹ ਹੈ ਕਿ ਘੱਟਗਿਣਤੀਆਂ ਨੂੰ ਦੇਸ਼ ਧ੍ਰੋਹੀ ਸਾਬਤ ਕਰ ਕੇ ਨਫਰਤ ਫੈਲਾਈ ਜਾਵੇ, ਸਮਾਜ ਅੰਦਰ ਧਰੁਵੀਕਰਨ ਕੀਤਾ ਜਾਵੇ ਅਤੇ ਇਉਂ ਵੋਟਾਂ ਬਟੋਰੀਆਂ ਜਾਣ। ਹੁਣ ਤਾਂ ਹਾਲਾਤ ਇੰਨੇ ਗੰਭੀਰ ਹੋ ਰਹੇ ਹਨ ਕਿ ਕਾਤਲ ਲੋਕਾਂ ਨੂੰ ਇਹ ਵੀ ਦੱਸ ਰਹੇ ਹਨ ਕਿ ਤੁਸੀਂ ਵੋਟਾਂ ਕਿਸ ਨੂੰ ਪਾਉਣੀਆਂ ਹਨ! ਕਾਤਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਆਦਿੱਤਿਆਨਾਥ ਦੇ ਨਾਂ ਸ਼ਰੇਆਮ ਲੈ ਰਿਹਾ ਹੈ। ਕੀ ਅਜਿਹੀ ਸੂਰਤ ਵਿਚ ਹੁਣ ਕਿਸੇ ਅਦਾਲਤ ਨੂੰ ਆਪੇ ਕਾਰਵਾਈ ਨਹੀਂ ਕਰਨੀ ਚਾਹੀਦੀ? ਪੂਰੇ ਮੁਲਕ ਵਿਚ ਨਫਰਤ ਫੈਲਾਈ ਜਾ ਰਹੀ ਹੈ। ਪ੍ਰਧਾਨ ਮੰਤਰੀ ਅਤੇ ਸਰਕਾਰ ਖਾਮੋਸ਼ ਹੈ ਬਲਕਿ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦੇ ਭੜਕਾਊ ਬਿਆਨ ਅਕਸਰ ਆਉਂਦੇ ਰਹੇ ਹਨ। ਜਦੋਂ ਦਿੱਲੀ ਵਿਚ ਸ਼ਾਹੀਨ ਬਾਗ ਮੋਰਚਾ ਚੱਲ ਰਿਹਾ ਸੀ ਤਾਂ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਦਾ ਨਆਰਾ ਲਾਇਆ ਸੀ ਅਤੇ ਦਿੱਲੀ ਪੁਲਿਸ, ਕੇਂਦਰ ਸਰਕਾਰ ਤੇ ਅਦਾਲਤਾਂ ਤੱਕ ਇਸ ਬਾਰੇ ਖਾਮੋਸ਼ ਰਹੀਆਂ ਸਨ। ਕਿੰਨੀ ਸਿਤਮਜ਼ਰੀਫੀ ਹੈ ਕਿ ਜ਼ਿੰਮੇਵਾਰ ਮੰਤਰੀ ਘੱਟ-ਗਿਣਤੀਆਂ ਨੂੰ ਕਤਲ ਕਰਨ ਦੇ ਹੋਕਰੇ ਮਾਰ ਰਿਹਾ ਸੀ ਅਤੇ ਕਿਸੇ ਪਾਸਿਓਂ ਕੋਈ ਹਲਚਲ ਨਹੀਂ ਸੀ ਹੋ ਰਹੀ, ਕੋਈ ਕਾਰਵਾਈ ਨਹੀਂ ਹੋ ਰਹੀ। ਇਹੀ ਉਹ ਖਾਮੋਸ਼ੀ ਹੈ ਜਿਹੜੀ ਸਹਿਮਤੀ ਬਣਦੀ ਹੈ। ਅਜੇ ਤਿੰਨ ਮਹੀਨੇ ਪਹਿਲਾਂ ਹੀ ਸੁਪਰੀਮ ਕੋਰਟ ਨੇ ਨਫ਼ਰਤੀ ਭਾਸ਼ਣਾਂ ਨੂੰ ਅਜਿਹਾ ਗੰਭੀਰ ਜੁਰਮ ਕਰਾਰ ਦਿੱਤਾ ਸੀ ਜਿਸ ਨਾਲ ਦੇਸ਼ ਦੇ ਧਰਮਨਿਰਪੱਖ ਤਾਣੇ-ਬਾਣੇ ਉੱਤੇ ਮਾੜਾ ਅਸਰ ਪੈ ਸਕਦਾ ਹੈ। ਅਦਾਲਤ ਨੇ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਹਦਾਇਤ ਕੀਤੀ ਸੀ ਕਿ ਅਜਿਹੇ ਮਾਮਲਿਆਂ ਵਿਚ ਪੁਲਿਸ ਸ਼ਿਕਾਇਤ ਮਿਲਣ ਦੀ ਉਡੀਕ ਨਾ ਕਰੇ ਸਗੋਂ ਆਪਣੇ ਆਪ ਕਾਰਵਾਈ ਕਰਦਿਆਂ ਕੇਸ ਦਰਜ ਕਰੇ ਅਤੇ ਬਿਨਾਂ ਕਿਸੇ ਦੇਰੀ ਤੋਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਪਰ ਹਕੀਕਤ ਇਹ ਹੈ ਕਿ ਸਮੁੱਚਾ ਪੁਲਿਸ ਤੰਤਰ ਫਿਰਕੂ ਅਤੇ ਨਫਰਤੀ ਭਾਸ਼ਣ ਦੇਣ ਵਾਲੇ ਲੀਡਰਾਂ ਅਤੇ ਉਨ੍ਹਾਂ ਦੀ ਪਾਰਟੀ ਨਾਲ ਰਲਿਆ ਹੋਇਆ ਹੈ। ਹੁਣ ਹਾਲ ਇਹ ਹੈ ਕਿ ਫ਼ਿਰਕੂ ਭਾਵਨਾਵਾਂ ਨੇ ਦੇਸ਼ ਭਰ ਦੇ ਅਣਗਿਣਤ ਇਲਾਕਿਆਂ ਨੂੰ ਬਾਰੂਦ ਦੇ ਅਜਿਹੇ ਢੇਰਾਂ ਵਿਚ ਬਦਲ ਦਿੱਤਾ ਹੈ ਜਿਹੜੇ ਨਿੱਕੀ ਜਿਹੀ ਚੰਗਿਆੜੀ ਨਾਲ ਭੜਕ ਪੈਂਦੇ ਹਨ। ਹਰਿਆਣਾ ਵਿਚ ਧਾਰਮਿਕ ਯਾਤਰਾ ਦੌਰਾਨ ਹੋਈ ਹਿੰਸਾ ਦਾ ਸੇਕ ਸੂਬੇ ਦੇ ਦੂਜੇ ਜ਼ਿਲ੍ਹਿਆਂ ਵਿਚ ਵੀ ਲੱਗ ਰਿਹਾ ਹੈ। ਹੁਣ ਸਵਾਲ ਹੈ ਕਿ ਨਫ਼ਰਤੀ ਅਤੇ ਜ਼ਹਿਰੀਲੇ ਭਾਸ਼ਣ ਦੇਣ ਵਾਲਿਆਂ ਖਿਲਾਫ ਕਾਰਵਾਈ ਕਦੋਂ ਹੋਵੇਗੀ ਅਤੇ ਇਹ ਕਾਰਵਾਈ ਕੌਣ ਕਰੇਗਾ? ਅਜਿਹੇ ਨਫ਼ਰਤੀ ਜੁਰਮਾਂ ਨਾਲ ਮੁਲਕ ਦਾ ਧਰਮਨਿਰਪੱਖ ਤਾਣਾ-ਬਾਣਾ ਲੀਰੋ-ਲੀਰ ਹੋ ਰਿਹਾ ਹੈ। ਇਸ ਲਈ ਹੁਣ ਸੰਜੀਦਾ ਸੋਚ ਵਾਲਿਆਂ ਨੂੰ ਕੋਈ ਪਹਿਲਕਦਮੀ ਕਰਨੀ ਚਾਹੀਦੀ ਹੈ। ਚੁਣਾਵੀ ਸਿਆਸਤ ਨੇ ਮੁਲਕ ਦੇ ਸਿਆਸੀ ਅਤੇ ਸਮਾਜਿਕ ਤਾਣੇ-ਬਾਣੇ ਨੂੰ ਜੋ ਢਾਹ ਲਾਈ ਹੈ, ਉਸ ਨੂੰ ਠੀਕ ਕੀਤੇ ਬਗੈਰ ਅਗਲਾ ਕਦਮ ਪੁੱਟਿਆ ਨਹੀਂ ਜਾਣਾ। ਇਸ ਲਈ ਬੁਰੀ ਤਰ੍ਹਾਂ ਉਲਝ ਚੁੱਕੇ ਇਸ ਤਾਣੇ-ਬਾਣੇ ਨੂੰ ਸੁਲਝਾਉਣ ਲਈ ਇਕਜੁੱਟ ਹੋ ਕੇ ਯਤਨ ਕਰਨੇ ਚਾਹੀਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਐਂਡੀਏ ਬਨਾਮ ਇੰਡੀਆ!*

ਸਬਕ ਲੈਂਦਿਆਂ ਪਿਛਲੀਆਂ ਗਲਤੀਆਂ ਤੋਂ ਸਿਆਣਪ ਵਰਤਦੇ ਉਦੋਂ ਨੂੰ ਦਿਸਣਗੇ ਜੀ।
'ਪਾਟੋ-ਧਾੜੀ' ਦੇ ਨਾ.ਲ ਜੋ ਜ਼ਖਮ ਹੋ ਗਏ ਮੱਲ੍ਹਮ ਲਾਉਣਗੇ ਨਹੀਂ ਉਹ ਰਿਸਣਗੇ ਜੀ।
ਤਾਕਤ ਦੱਸਣਗੇ ਵੋਟਾਂ ਦੀ ਲੀਡਰਾਂ ਨੂੰ ਚੱਲਦੀ ਚੱਕੀ ਦੇ ਵਿਚ ਨਹੀਂ ਪਿਸਣਗੇ ਜੀ।
ਆਪੋ ਆਪਣੇ ਧਰਮ ਨੂੰ ਮੰਨਦਿਆਂ ਵੀ ਖਹਿ-ਬਾਜ਼ੀ ਦੇ ਨਾਲ ਨਹੀਂ ਘਿਸਣਗੇ ਜੀ।
ਭੰਨ ਕੇ ਨਫਰਤਾਂ ਵਾ.ਲੀਆਂ 'ਆਕੜਾਂ' ਨੂੰ ਜਾਪੇ ਨਿਮਰਤਾ ਨਾਲ ਹੁਣ ਲਿਫਣਗੇ ਜੀ।
'ਐਂਡੀਏ' ਨੂੰ ਚੌਵੀ ਵਿਚ ਦਰੁਸਤ ਕਰ ਕੇ ਲੋਕੀਂ ਲਗਦਾ 'ਇੰਡੀਆ' ਲਿਖਣਗੇ ਜੀ!

# ਪੰਜਾਬ ਵਿਚ ਚਿੱਟੇ ਨਾਲ ਮੌਤਾਂ ਲਈ ਜ਼ਿੰਮੇਵਾਰ ਕੌਣ?

ਪੰਜਾਬ ਇਸ ਸਮੇਂ ਨਸ਼ਿਆਂ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਸੂਬੇ ਵਿਚ ਆਏ ਦਿਨ ਚਿੱਟੇ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਨੇ ਸਰਕਾਰ ਦੇ ਫੋਕੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਸਰਕਾਰ ਅਤੇ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਕੋਈ ਕਾਰਵਾਈ ਨਾ ਕਰਨ ਕਾਰਨ ਲੋਕ ਆਪ ਮੁਹਾਰੇ ਰੂਪ ਵਿਚ ਨਸ਼ਿਆਂ ਖਿਲਾਫ ਕਾਰਵਾਈਆਂ ਕਰਨ ਲਈ ਮਜਬੂਰ ਹਨ। ਮਾਨਸਾ ਜ਼ਿਲ੍ਹੇ ਦੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਮਿਲੇ ਲੋਕ ਹੁੰਗਾਰੇ ਨੇ ਨਸ਼ਿਆਂ ਖਿਲਾਫ ਲੋਕਾਂ ਦੀ ਭਾਵਨਾ ਜ਼ਾਹਿਰ ਕਰ ਦਿੱਤੀ ਹੈ। ਸਰਕਾਰ ਵੱਲੋਂ ਪਰਵਿੰਦਰ ਸਿੰਘ ਝੋਟਾ ਖਿਲਾਫ ਵਧਵੀਂ ਕਾਰਵਾਈ ਕਰ ਕੇ ਲੋਕ ਰੋਹ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਿਛਲੇ ਦੋ-ਤਿੰਨ ਮਹੀਨਿਆਂ ਦੌਰਾਨ ਪੰਜਾਬ ਦੇ ਦਰਜਨਾਂ ਪਿੰਡਾਂ ਵਿਚ ਲੋਕਾਂ ਨੇ ਨਸ਼ਿਆਂ ਖਿਲਾਫ ਆਪੋ-ਆਪਣੇ ਪੱਧਰ 'ਤੇ ਮੁਹਿੰਮ ਛੇੜੀ ਹੈ ਤੇ ਕਈ ਥਾਂ ਨਸ਼ਾਂ ਵੇਚਣ ਵਾਲਿਆਂ ਨੂੰ ਕੁਟਾਪਾ



ਵੀ ਚਾੜ੍ਹਿਆ ਗਿਆ ਹੈ। ਨਵਾਂ ਸ਼ਹਿਰ ਜ਼ਿਲੇ ਵਿਚ ਇਕ ਨਸ਼ੇੜੀ ਦੀ ਕੁੱਟਮਾਰ ਕਰਨ ਵਾਲਿਆਂ ਉੱਪਰ ਕਕਾਰਾਂ ਦੀ ਬੇਅਦਬੀ ਕਰਨ ਦਾ ਕੇਸ ਪਾ ਕੇ ਪੁਲਿਸ ਨੇ ਦੋ ਬੰਦੇ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਜੇਲ੍ਹ ਵਿਚ ਡੱਕ ਦਿੱਤੇ ਕਿਉਂਕਿ ਉਹ ਚਿੱਟਾ ਲੈਣ ਆਉਣ ਵਾਲਿਆਂ ਨੂੰ ਫੜ ਕੇ ਉਹਨਾਂ ਦੀ ਸ਼ਰੇਆਮ ਕੁੱਟਮਾਰ ਕਰਦੇ ਸਨ ਅਤੇ ਮੀਡੀਆ ਵਿਚ ਪੁਲਿਸ-ਨਸ਼ਾ ਤਸਕਰਾਂ ਨੂੰ ਭੰਡਦੇ ਸਨ। ਨਸ਼ਾ ਤਸਕਰਾਂ ਅਨੁਸਾਰ ਉਹ ਚਿੱਟਾ ਰੋਕਣ ਦੇ ਨਾਂ 'ਤੇ ਉਹਨਾਂ ਨੂੰ ਬਲੈਕਮੇਲ ਕਰ ਕੇ ਫਿਰੌਤੀ ਲੈਂਦੇ ਸਨ। ਪੁਲਿਸ ਨੇ ਉਹਨਾਂ ਉੱਪਰ ਤਾਂ ਬੇਅਦਬੀ ਅਤੇ ਅਗਵਾ ਕਰਨ ਦਾ ਕੇਸ ਪਾ ਦਿੱਤਾ ਪਰ ਨਸ਼ਾ ਸਮੱਗਲਰਾਂ ਬਾਰੇ ਚੁੱਪ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਹ ਮਸਲਾ ਅੱਜ ਹੀ ਨਹੀਂ ਉੱਭਰਿਆ ਬਲਕਿ ਪਿਛਲੇ ਇੱਕ ਦਹਾਕੇ ਤੋਂ ਜ਼ਿਆਦਾ ਸਮੇਂ ਤੋਂ ਪੰਜਾਬ ਵਿਚ ਚਰਚਾ ਦਾ ਵਿਸ਼ਾ ਹੈ। ਸਰਕਾਰ ਅਤੇ ਪੁਲਿਸ ਦੀ ਇੱਛਾ ਰਹੀ ਹੈ ਕਿ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਮੌਤ ਨੂੰ ਕੁਦਰਤੀ ਮੌਤ ਜਾਂ ਖੁਦਕੁਸ਼ੀ ਵਜ਼ੋਂ ਪੇਸ਼ ਕਰ ਕੇ ਖੁਦ ਸੁਰਖਰੂ ਹੋਇਆ ਜਾਵੇ।

ਅਕਾਲੀ-ਭਾਜਪਾ ਸਰਕਾਰ ਦੌਰਾਨ ਪੰਜਾਬ ਵਿਚ ਨਸ਼ੇ ਦਾ ਮਾਮਲਾ ਉੱਭਰਿਆ ਤਾਂ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਦੇ ਨਾਮ ਹੇਠ ਨਸ਼ਾ ਕਰਨ ਵਾਲੇ ਕੁੱਝ ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਕਰ ਕੇ ਅਤੇ ਮਾੜਾ-ਮੋਟਾ ਨਸ਼ਾ ਕਰਨ ਵਾਲੇ 'ਅਮਲੀਆਂ' ਨੂੰ ਫੜ ਕੇ ਜੇਲ੍ਹਾਂ ਵਿਚ ਤੁੰਨ ਦਿੱਤਾ। ਇਹ ਸਰਕਾਰ ਦੀ ਨਿਰੀ ਡਰਾਮੇਬਾਜ਼ੀ ਸਾਬਤ ਹੋਈ। ਸਥਿਤੀ ਦੇ ਹਿਸਾਬ ਨਾਲ ਨਸ਼ਾ ਛੁਡਾਊ ਕੇਂਦਰਾਂ ਵਿਚ ਮਾਨਸਿਕ ਰੋਗਾਂ ਦੇ ਡਾਕਟਰ ਅਤੇ ਕੌਂਸਲਰ ਭਰਤੀ ਨਹੀਂ ਕੀਤੇ ਗਏ ਜਿਸ ਕਾਰਨ ਹੋਇਆ ਇਹ ਕਿ ਲੋਕਾਂ ਨੂੰ ਭੁੱਕੀ, ਅਫੀਮ ਵਰਗੇ ਨਸ਼ਿਆਂ ਤੋਂ ਹਟਾ ਕੇ ਸਿੰਥੈਟਿਕ ਡਰੱਗ 'ਤੇ ਲਗਾ ਦਿੱਤਾ ਗਿਆ। ਹੋਇਆ ਇਹ ਕਿ ਮਰੀਜ਼ ਦੀ ਕੌਂਸਲਿੰਗ ਕਰਦਿਆਂ ਜਿਹੜੀ ਗੋਲੀ ਦੀ ਡੋਜ਼ ਘਟਾ-ਘਟਾ ਕੇ ਨਸ਼ਾ ਕਰਨ ਵਾਲਿਆਂ ਦਾ ਨਸ਼ਾ ਛੁਡਵਾਉਣਾ ਸੀ, ਮਰੀਜ਼ਾਂ ਨੂੰ ਪੱਕੇ ਤੌਰ 'ਤੇ ਉਸ ਗੋਲੀ ਦੇ ਆਦੀ ਬਣਾ ਦਿੱਤਾ। ਇਹ ਤੱਥ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੇ ਇੱਕ ਵੀ ਨਸ਼ਾ ਤਸਕਰ ਨੂੰ ਹੱਥ ਨਹੀਂ ਪਾਇਆ। ਉਸ ਸਮੇਂ ਭਗਵੰਤ ਮਾਨ ਦੀ ਕਿੱਕਲੀ ਬੜੀ ਮਸ਼ਹੂਰ ਹੋਈ ਸੀ। 'ਆਪ' ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਨਸ਼ਿਆਂ ਦੇ ਮਾਮਲੇ ਵਿਚ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਜਨਤਕ ਤੌਰ 'ਤੇ ਨਾਮ ਲਿਆ ਜਾਂਦਾ ਸੀ, ਬਾਅਦ ਵਿਚ ਮਾਨਹਾਨੀ ਦੇ ਕੇਸ ਤੋਂ ਬਚਣ ਲਈ ਉਹ ਮਜੀਠੀਆ ਤੋਂ ਮੁਆਫੀ ਮੰਗ ਗਏ ਸਨ।

2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਨਸ਼ਿਆਂ ਦਾ ਮਸਲਾ ਚਰਚਾ ਦਾ ਵਿਸ਼ਾ ਬਣਿਆ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਸਹੁੰ ਖਾਧੀ ਸੀ ਕਿ ਸੱਤਾ ਵਿਚ ਆਉਣ 'ਤੇ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਲੱਕ ਤੋੜ ਕੇ ਰੱਖ ਦਿਆਂਗਾ ਪਰ ਹਕੀਕਤ ਸਭ ਦੇ ਸਾਹਮਣੇ ਹੈ। 2017 ਦੀਆਂ ਚੋਣਾਂ ਬਾਅਦ ਸੱਤਾ ਹਾਸਲ ਕਰ ਕੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੇ ਮਾਮਲੇ ਵਿਚ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਵਿਸ਼ੇਸ਼ ਟਾਸਕ ਫੋਰਸ (ਐੱਸ.ਟੀ.ਐੱਫ.) ਬਣਾਈ ਗਈ। ਐੱਸ.ਟੀ.ਐੱਫ. ਵੱਲੋਂ ਹੇਠਲੇ ਪੱਧਰ 'ਤੇ ਨਸ਼ਾ ਵੇਚਣ ਵਾਲਿਆਂ ਦੀਆਂ ਕੁਝ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਪਰ ਜਦ ਉਸ ਸਮੇਂ ਦੇ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਖਿਲਾਫ਼ ਕੇਸ ਦਰਜ ਕਰ ਕੇ ਜਾਂਚ ਦਾ ਦਾਇਰਾ ਐੱਸ.ਐੱਸ.ਪੀ. ਰਾਜਜੀਤ ਸਿੰਘ ਹੁੰਦਲ ਤੱਕ ਪਹੁੰਚਿਆ ਤਾਂ ਸਾਰਾ ਮਸਲਾ ਠੰਢੇ ਬਸਤੇ ਵਿਚ ਪੈ ਗਿਆ।

ਦਰਅਸਲ ਸੀਨੀਅਰ ਪੁਲਿਸ




ਅਧਿਕਾਰੀਆਂ ਅਤੇ ਸਿਆਸਤਦਾਨਾਂ ਦੇ ਚਹੇਤੇ ਰਾਜਜੀਤ ਸਿੰਘ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਨਸ਼ਾ ਤਸਕਰੀ ਮਾਮਲੇ ਵਿਚ ਐੱਸ.ਟੀ.ਐੱਫ. ਆਗੂ ਹਰਪ੍ਰੀਤ ਸਿੰਘ ਸਿੱਧੂ 'ਤੇ ਖੁੰਦਕ ਤਹਿਤ ਕਾਰਵਾਈ ਕਰਨ ਦੇ ਦੋਸ਼ ਲਾਉਂਦਿਆਂ ਮਾਮਲੇ ਦੀ ਨਿਰਪੱਖ ਜਾਂਚ ਮੰਗੀ ਤਾਂ ਹਾਈ ਕੋਰਟ ਵੱਲੋਂ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਗਿਆ। ਸਿਟ ਵੱਲੋਂ 2018 ਵਿਚ ਉਚ ਅਦਾਲਤ ਨੂੰ ਸੌਂਪੀਆਂ ਗਈਆਂ ਰਿਪੋਰਟਾਂ ਕੁਝ ਹਫਤੇ ਪਹਿਲਾਂ ਤੱਕ ਸੀਲਬੰਦ ਲਿਫਾਫੇ ਵਿਚ ਹੀ ਬੰਦ ਰਹੀਆਂ ਸਨ। ਇਨ੍ਹਾਂ ਰਿਪੋਰਟਾਂ ਵਿਚ ਜਾਂਚ ਦਾ ਆਧਾਰ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਨੂੰ ਬਣਾ ਕੇ ਰਾਜਜੀਤ ਸਿੰਘ ਹੁੰਦਲ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ ਹੈ।

ਇਸ ਸਭ ਦਾ ਜ਼ਿਕਰ ਇਸ ਲਈ ਜ਼ਰੂਰੀ ਹੈ ਕਿਉਂਕਿ ਪੰਜਾਬ ਵਿਚ ਇਹ ਗੱਲ ਵੱਡੀ ਪੱਧਰ 'ਤੇ ਪ੍ਰਚਾਰੀ ਗਈ ਕਿ ਜਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਬੰਦ ਪਈਆਂ ਫਾਈਲਾਂ ਖੋਲ੍ਹਣ ਦੀ ਇਜਾਜ਼ਤ ਮਿਲੀ ਤਾਂ ਨਸ਼ਿਆਂ ਖਿਲਾਫ ਵੱਡੀ ਕਾਰਵਾਈ ਹੋਵੇਗੀ ਪਰ ਕੁਝ ਹਫ਼ਤੇ ਪਹਿਲਾਂ ਹਾਈ ਕੋਰਟ ਦੇ ਦੂਹਰੇ ਬੈਂਚ ਨੇ ਸੇਵਾ ਮੁਕਤ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸੌਂਪੀਆਂ ਤਿੰਨ ਰਿਪੋਰਟਾਂ ਜਨਤਕ ਕਰਦਿਆਂ ਅਗਲੀ ਕਾਰਵਾਈ ਲਈ ਰਾਜ ਸਰਕਾਰ ਨੂੰ ਭੇਜ ਦਿੱਤੀਆਂ ਸਨ ਲੇਕਿਨ ਰਿਪੋਰਟਾਂ ਮਿਲਣ ਮਗਰੋਂ ਵੀ ਪੰਜਾਬ ਸਰਕਾਰ ਨਸ਼ਾ ਤਸਕਰੀ ਵਿਚ ਸ਼ਾਮਲ ਵਿਅਕਤੀਆਂ ਖਿਲਾਫ ਕੋਈ ਠੋਸ ਕਾਰਵਾਈ ਨਹੀਂ ਕਰ ਸਕੀ। ਸਰਕਾਰ ਵੱਲੋਂ ਰਿਪੋਰਟਾਂ ਦੇ ਆਧਾਰ 'ਤੇ ਐੱਸ.ਐੱਸ.ਪੀ. ਰਹੇ ਰਾਜਜੀਤ ਸਿੰਘ ਖਿਲਾਫ਼ ਕਾਰਵਾਈ ਸ਼ੁਰੂ ਕੀਤੀ ਗਈ ਤਾਂ ਪਤਾ ਲੱਗਾ ਕਿ ਉਹ ਤਾਂ ਪੰਜਾਬ ਤੋਂ ਬਾਹਰ ਉਡਾਰੀ ਮਾਰ ਗਏ ਹਨ।

ਹਕੀਕਤ ਇਹ ਹੈ ਕਿ ਪਹਿਲਾਂ ਅਕਾਲੀ-ਭਾਜਪਾ ਸਰਕਾਰ, ਫਿਰ ਕਾਂਗਰਸ ਸਰਕਾਰ ਅਤੇ ਹੁਣ 'ਆਪ' ਸਰਕਾਰ ਨਸ਼ਿਆਂ ਖਿਲਾਫ ਕੋਈ ਵੱਡੀ ਕਾਰਵਾਈ ਨਹੀਂ ਕਰ ਸਕੀਆਂ ਹਨ। ਨਸ਼ਾ ਤਸਕਰੀ ਦਾ ਕੰਮ ਸਿਆਸਤਦਾਨਾਂ-ਪੁਲਿਸ-ਤਸਕਰਾਂ ਦਾ ਗੱਠਜੋੜ ਕਰ ਰਿਹਾ ਹੈ ਜਿਸ ਖਿਲਾਫ ਹੱਥ ਪਾਉਣਾ ਸੌਖਾ ਕੰਮ ਨਹੀਂ। ਜੋ ਵੀ ਵਿਅਕਤੀ ਨਸ਼ਿਆਂ ਦੇ ਮਾਮਲੇ ਵਿਚ ਬੋਲਣਾ ਸ਼ੁਰੂ ਕਰਦਾ ਹੈ, ਇਹ ਤਿੱਕੜੀ ਸਰਕਾਰ 'ਤੇ ਦਬਾਅ ਪਾ ਕੇ ਉਸੇ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ। ਕਈ ਲੋਕਾਂ ਨਸ਼ੇ ਖਿਲਾਫ ਮੁਹਿੰਮਾਂ ਚਲਾ ਕੇ ਸਿਆਸੀ ਲਾਹੇ ਵੀ ਖੱਟੇ ਹਨ ਜਿਵੇਂ 'ਚਿੱਟੇ ਖਿਲਾਫ ਕਾਲਾ ਹਫਤਾ' ਮਨਾਉਣ ਵਾਲੇ ਸਿਆਸੀ ਲਾਹਾ ਲੈ ਕੇ ਹੁਣ ਚਿੱਟੇ ਖਿਲਾਫ ਬੋਲਣਾ ਹੀ ਭੁੱਲ ਚੁੱਕੇ ਹਨ।

ਪੰਜਾਬ ਵਿਚ ਇੱਕ ਚਰਚਾ ਇਹ ਵੀ ਹੈ ਕਿ ਜੇ ਸਿੰਥੈਟਿਕ ਨਸ਼ਿਆਂ ਤੋਂ ਖਹਿੜਾ ਛੁਡਵਾਉਣਾ ਹੈ ਤਾਂ ਕਿਸਾਨਾਂ ਨੂੰ ਭੁੱਕੀ, ਅਫੀਮ ਵਰਗੇ ਰਵਾਇਤੀ ਨਸ਼ਿਆਂ ਦੀ ਕਾਸ਼ਤ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਡਾ. ਧਰਮਵੀਰ ਗਾਂਧੀ ਦਲੀਲ ਦਿੰਦੇ ਹਨ ਕਿ ਭਾਰਤ ਦੇ ਮੱਧ ਪ੍ਰਦੇਸ਼ ਤੇ ਰਾਜਸਥਾਨ ਸਮੇਤ 12 ਰਾਜਾਂ ਵਿਚ ਪੋਸਤ ਦੀ ਖੇਤੀ ਦੀ ਖੁੱਲ੍ਹ ਹੈ ਅਤੇ ਦੁਨੀਆ ਦੇ 52 ਦੇਸ਼ ਇਹ ਖੇਤੀ ਕਰਦੇ ਹਨ ਪਰ ਭਾਰਤ ਅੰਦਰ ਦੋ ਤਰ੍ਹਾਂ ਦਾ ਕਾਨੂੰਨ ਕਿਉਂ ਚੱਲ ਰਿਹਾ ਹੈ? ਭੁੱਕੀ ਤੇ ਅਫੀਮ ਦੀ ਵਰਤੋਂ ਦਵਾਈਆਂ ਵਿਚ ਹੁੰਦੀ ਹੈ ਤੇ ਹਰ ਸਾਲ ਭਾਰਤ ਤੋਂ ਸੈਂਕੜੇ ਟਨ ਅਫੀਮ ਵਿਦੇਸ਼ਾਂ ਵਿਚ ਭੇਜੀ ਜਾਂਦੀ ਹੈ। ਮਤਲਬ ਸਾਫ ਹੈ ਕਿ ਭਾਰਤ ਹਰ ਸਾਲ ਸ਼ੁੱਧ ਅਫੀਮ ਜੋ ਕਈ ਬਿਮਾਰੀਆਂ ਦਾ ਇਲਾਜ ਹੈ, ਵਿਦੇਸ਼ਾਂ ਨੂੰ ਭੇਜਦਾ ਹੈ ਤੇ ਗੈਰ-ਕਾਨੂੰਨੀ ਢੰਗ ਨਾਲ ਹਰ ਸਾਲ ਮਾਰੂ ਨਸ਼ੇ ਭਾਰਤ ਆ ਰਹੇ ਹਨ।

ਪਹਿਲਾਂ ਭੁੱਕੀ, ਅਫੀਮ ਸਾਡੇ ਸਮਾਜ ਵਿਚ ਵੀ ਵਰਤਣ ਦੀ ਕੋਈ ਮਨਾਹੀ ਨਹੀਂ ਸੀ ਪਰ 1985 ਵਿਚ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸਮੇਂ 'ਨਸ਼ਿਆਂ ਖ਼ਿਲਾਫ਼ ਜੰਗ' ਦੇ ਨਾਂ ਹੇਠ ਲਾਗੂ ਕੀਤੇ ਐੱਨ.ਡੀ.ਪੀ.ਐੱਸ. ਐਕਟ ਰਾਹੀਂ ਇਹ ਸਭ ਗੈਰ-ਕਾਨੂੰਨੀ ਕਰ ਦਿੱਤੇ ਗਏ। ਐੱਨ.ਡੀ.ਪੀ.ਐੱਸ. ਐਕਟ ਲਾਗੂ ਕਰਨ ਪਿੱਛੇ ਸਰਕਾਰ ਦੀ ਮਨਸ਼ਾ ਕੁਦਰਤੀ ਨਸ਼ਿਆਂ ਨੂੰ ਰੋਕ ਕੇ ਸ਼ਰਾਬ ਦੀ ਵਿਕਰੀ ਵਧਾਉਣਾ ਸੀ ਤਾਂ ਜੋ ਸ਼ਰਾਬ ਦੇ ਵੱਡੇ ਵਪਾਰੀਆਂ ਤੇ ਸਰਕਾਰ ਦੀ ਆਮਦਨ ਵਿਚ ਵਾਧਾ ਹੋ ਸਕੇ। ਹਕੀਕਤ ਇਹ ਹੈ ਕਿ ਇਸ ਸਖ਼ਤ ਕਾਨੂੰਨ ਦੇ ਲਾਗੂ ਹੋਣ ਤੋਂ 38 ਸਾਲ ਬਾਅਦ ਵੀ ਨਸ਼ਿਆਂ ਦਾ ਖਾਤਮਾ ਹੋਣ ਦੀ ਬਜਾਇ ਪੁਲਿਸ ਕੇਸਾਂ ਅਤੇ ਨਸ਼ਿਆਂ ਨਾਲ ਮੌਤਾਂ ਵਿਚ ਵਾਧਾ ਹੋ ਰਿਹਾ ਹੈ। ਤਜਰਬਾ ਦੱਸਦਾ ਹੈ ਕਿ ਸਖਤ ਕਾਨੂੰਨਾਂ ਨਾਲ ਮਸਲੇ ਹੱਲ ਹੋਣ ਦੀ ਬਜਾਇ ਉਲਝਦੇ ਹਨ। ਬਿਹਾਰ ਵਿਚ ਸ਼ਰਾਬਬੰਦੀ ਨਾਲ ਮੌਤਾਂ ਦੀ ਗਿਣਤੀ ਵਧੀ ਹੈ।

ਜਦ ਸਰਕਾਰਾਂ ਦੀ ਆਮਦਨ ਦਾ ਸਭ ਤੋਂ ਵੱਡਾ ਹਿੱਸਾ ਨਸ਼ਿਆਂ ਤੋਂ ਆਉਂਦਾ ਹੋਵੇ ਤਾਂ ਸਰਕਾਰਾਂ ਤੋਂ ਨਸ਼ੇ ਬੰਦ ਕਰਨ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ! ਸ਼ਰਾਬ ਦੇ ਠੇਕੇ ਪੰਜਾਬ ਸਰਕਾਰ ਦੀ ਆਮਦਨ ਦਾ ਅਹਿਮ ਸ੍ਰੋਤ ਹਨ ਤੇ ਸੂਬੇ ਵਿਚ ਸਸਤੀ ਤੋਂ ਸਸਤੀ ਸ਼ਰਾਬ ਦੀ ਬੋਤਲ 250 ਰੁਪਏ ਦੀ ਹੈ; ਭਾਵ ਸਰਕਾਰ ਆਪਣੀ ਤੇ ਠੇਕੇਦਾਰਾਂ ਦੀ ਆਮਦਨ ਵਧਾਉਣ ਲਈ ਸ਼ਰਾਬ ਮਹਿੰਗੀ ਕਰਦੀ ਹੈ।


ਪੰਜਾਬ ਦੀ ਜੁਆਨੀ ਦੇ ਨਸ਼ਿਆਂ ਦੀ ਦਲਦਲ ਵਿਚ ਫਸਣ ਦਾ ਸਭ ਤੋਂ ਵੱਡਾ ਕਾਰਨ ਬੇਰੁਜ਼ਗਾਰੀ ਹੈ। ਸੂਬੇ ਵਿਚ ਫੈਲੀ ਅਤਿ ਬੇਰੁਜ਼ਗਾਰੀ ਕਾਰਨ ਅਨਿਸ਼ਚਿਤ ਭਵਿੱਖ ਕਾਰਨ ਨੌਜਵਾਨਾਂ ਦਾ ਇੱਕ ਹਿੱਸਾ ਵਿਕਸਤ ਮੁਲਕਾਂ ਵੱਲ ਪਰਵਾਸ ਕਰ ਰਿਹਾ ਹੈ ਤੇ ਇੱਕ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਫਸ ਰਿਹਾ ਹੈ। ਅੱਜ ਤੋਂ ਦੋ ਦਹਾਕੇ ਪਹਿਲਾਂ ਪਿੰਡਾਂ ਵਿਚ ਇੱਕਾ-ਦੁੱਕਾ ਬੰਦਿਆਂ ਨੂੰ ਪਤਾ ਹੁੰਦਾ ਸੀ ਕਿ ਕੋਈ ਮਾਨਸਿਕ ਰੋਗਾਂ ਦਾ ਡਾਕਟਰ ਵੀ ਹੁੰਦਾ ਹੈ ਲੇਕਿਨ ਅੱਜ ਹਸਪਤਾਲਾਂ ਵਿਚ ਸਭ ਤੋਂ ਵੱਡੀਆਂ ਲਾਈਨਾਂ ਹੀ ਮਾਨਸਿਕ ਰੋਗਾਂ ਦੇ ਡਾਕਟਰਾਂ ਅੱਗੇ ਲੱਗੀਆਂ ਹੁੰਦੀਆਂ ਹਨ। ਸੋ, ਇਹ ਸਰਕਾਰਾਂ ਹੀ ਹਨ ਜਿਨ੍ਹਾਂ ਨੇ ਸਾਡੇ ਪੰਜਾਬ ਦੇ ਬਹਾਦਰ ਨੌਜਵਾਨਾਂ ਨੂੰ ਮਾਨਸਿਕ ਰੋਗੀ ਬਣਾ ਧਰਿਆ ਹੈ।

ਨਸ਼ਿਆਂ ਦੇ ਖਾਤਮੇ ਲਈ ਜ਼ਰੂਰੀ ਹੈ ਕਿ ਸਰਕਾਰ ਸੂਬੇ ਦੇ ਹਰ ਨੌਜਵਾਨ ਨੂੰ ਉਸ ਦੀ ਯੋਗਤਾ ਅਨੁਸਾਰ ਰੁਜ਼ਗਾਰ ਅਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ ਮੁਹੱਈਆ ਕਰੇ। ਸੂਬੇ ਦੇ ਨਸ਼ਾ ਛੁਡਾਊ ਕੇਂਦਰਾਂ ਵਿਚ ਖਾਲੀ ਪਈਆਂ ਅਸਾਮੀਆਂ ਭਰ ਕੇ ਚੰਗਾ ਮਾਹੌਲ ਸਿਰਜਿਆ ਜਾਵੇ। ਸਰਕਾਰ ਸ਼ਰਾਬ ਤੋਂ ਆਮਦਨ ਕੱਢਣੀ ਬੰਦ ਕਰੇ। ਨਸ਼ਾ ਕਰਨ ਵਾਲਿਆਂ ਖਿਲਾਫ ਕਾਰਵਾਈ ਦੀ ਬਜਾਇ ਵੱਡੇ ਮੱਗਰਮੱਛ ਫੜਨੇ ਚਾਹੀਦੇ ਹਨ। ਨਸ਼ਿਆਂ ਖਿਲਾਫ ਮੁਹਿੰਮਾਂ ਚਲਾਉਣ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਨਸ਼ਾ ਕਰਨ ਵਾਲਿਆਂ ਜਾਂ ਹੇਠਲੇ ਪੱਧਰ 'ਤੇ ਵੇਚਣ ਵਾਲਿਆਂ ਖਿਲਾਫ ਵਿਅਕਤੀਗਤ ਕਾਰਵਾਈਆਂ ਕਰਨ ਦੀ ਬਜਾਇ ਇਸ ਮਸਲੇ 'ਤੇ ਤਸਕਰਾਂ ਨਾਲ ਸਰਕਾਰ ਦੀ ਮਿਲੀਭਗਤ ਜ਼ਾਹਿਰ ਕਰਦਿਆਂ ਵਿਆਪਕ ਜਨਤਕ ਲਾਮਬੰਦੀ ਕੀਤੀ ਜਾਵੇ।

**ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਕਾਰਪੋਰੇਟ ਪ੍ਰੋਜੈਕਟਾਂ ਰਾਹੀਂ ਆਦਿਵਾਸੀਆਂ ਦੇ ਉਜਾੜੇ ਵਿਰੁੱਧ ਅਤੇ ਪੁਲਿਸ ਤੇ ਸੁਰੱਖਿਆ ਦਸਤਿਆਂ ਵੱਲੋਂ ਆਦਿਵਾਸੀਆਂ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਦੀ ਰਿਪੋਰਟਿੰਗ ਕਰਦਾ ਹੋਣ ਕਾਰਨ ਹਕੂਮਤ-ਕਾਰਪੋਰੇਟ ਗੱਠਜੋੜ ਨੂੰ ਬਹੁਤ ਚੁਭਦਾ ਸੀ। ਉਸ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਰੁਪੇਸ਼ ਕੁਮਾਰ ਸਿੰਘ ਤੋਂ ਪਹਿਲਾਂ ਇਸੇ ਤਰ੍ਹਾਂ ਝੂਠੇ ਕੇਸਾਂ ਵਿਚ ਗ੍ਰਿਫਤਾਰ ਕੀਤੇ ਹੋਰ ਜਿਉੜਿਆਂ ਬਾਰੇ ਖੁਲਾਸਾ ਆਪਣੇ ਇਸ ਲੇਖ ਵਿਚ ਕੀਤਾ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।**

# ਜਿੱਥੇ ਲੋਕ ਹਿਤਾਂ ਦੇ ਹੱਕ 'ਚ ਬੋਲਣਾ ਜੁਰਮ ਹੈ...







*ਖੱਬਿਓਂ: ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਆਦਿਵਾਸੀਆਂ ਦੇ ਮਸਲੇ ਤੇ ਦੁਸ਼ਵਾਰੀਆਂ ਬਿਆਨ ਕਰਦਾ ਹੋਇਆ, ਐਡਵੋਕੇਟ ਅਰੁਨ ਫਰੇਰਾ, ਪ੍ਰੋ. ਵਰਨੋਨ ਗੋਂਜ਼ਾਲਵੇਜ ਅਤੇ ਅਰੁਨ ਫਰੇਰਾ ਦੀ ਕਿਤਾਬ 'ਪਿੰਜਰੇ ਦੇ ਰੰਗ'।*

29 ਜੁਲਾਈ ਨੂੰ ਸੁਪਰੀਮ ਕੋਰਟ ਨੇ ਲੋਕ ਹੱਕਾਂ ਦੇ ਦੋ ਕਾਰਕੁਨਾਂ ਐਡਵੋਕੇਟ ਅਰੁਨ ਫਰੇਰਾ ਅਤੇ ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ ਨੂੰ ਸ਼ਰਤਾਂ ਸਹਿਤ ਜ਼ਮਾਨਤ ਦੇ ਦਿੱਤੀ। ਸੁਪਰੀਮ ਕੋਰਟ ਦਾ ਨੇ ਕਿਹਾ ਕਿ ਸਿਰਫ਼ ਸਾਹਿਤ ਦੀ ਬਰਾਮਦਗੀ ਯੂ.ਏ.ਪੀ.ਏ. ਦੀ ਧਾਰਾ 15 'ਚ ਦਰਸਾਈ 'ਦਹਿਸ਼ਤਵਾਦੀ ਕਾਰਵਾਈ' ਦੀ ਸ਼੍ਰੇਣੀ ਵਿਚ ਨਹੀਂ ਆਉਂਦੀ। ਬੈਂਚ ਨੇ ਇਹ ਵੀ ਮੰਨਿਆ ਕਿ ਯੂ.ਏ.ਪੀ.ਏ. ਤਹਿਤ ਪਰਿਭਾਸ਼ਿਤ ਕਿਸੇ ਵੀ ਦਹਿਸ਼ਤਵਾਦੀ ਕਾਰਵਾਈ ਨੂੰ ਅੰਜਾਮ ਦੇਣ ਸਬੰਧੀ ਪੁਲਿਸ ਦੀ ਪੇਸ਼ ਕੀਤੀ ਕਹਾਣੀ ਵਿਚ ਉਨ੍ਹਾਂ ਖ਼ਿਲਾਫ਼ ਕੋਈ ਭਰੋਸੇਯੋਗ ਸਬੂਤ ਨਹੀਂ ਹੈ। ਅਰੁਨ ਅਤੇ ਵਰਨੋਨ ਨੂੰ ਮਹਾਰਾਸ਼ਟਰ ਪੁਲਿਸ ਨੇ ਪਹਿਲਾਂ ਵੀ ਝੂਠੇ ਕੇਸਾਂ 'ਚ ਗ੍ਰਿਫਤਾਰ ਕੀਤਾ ਸੀ ਪਰ ਕੋਈ ਸਬੂਤ ਨਾ ਹੋਣ ਕਾਰਨ ਅਦਾਲਤ ਨੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਸੀ। ਜੇਲ੍ਹ ਤੋਂ ਬਾਹਰ ਆ ਕੇ ਅਰੁਨ ਫਰੇਰਾ ਨੇ 'ਪਿੰਜਰੇ ਦੇ ਰੰਗ' ਨਾਂ ਦੀ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਵੱਡਮੁੱਲੀ ਕਿਤਾਬ ਲਿਖੀ ਜਿਸ ਵਿਚ ਹਿਰਾਸਤ ਵਿਚ ਦਿੱਤੇ ਭਿਆਨਕ ਤਸੀਹਿਆਂ ਅਤੇ ਜੇਲ੍ਹ ਪ੍ਰਬੰਧ ਦੇ ਜਾਬਰ ਵਤੀਰੇ ਬਾਰੇ ਵਿਸਤਾਰ 'ਚ ਬਿਆਨ ਕੀਤਾ ਗਿਆ ਹੈ। ਹੁਣ ਸਵਾਲ ਹੈ: ਕੀ ਸੁਪਰੀਮ ਕੋਰਟ ਦਾ ਫ਼ੈਸਲਾ ਉਨ੍ਹਾਂ ਹੋਰ ਲੋਕਾਂ ਨੂੰ ਕੋਈ ਰਾਹਤ ਦੇਵੇਗਾ ਜਿਨ੍ਹਾਂ ਨੂੰ ਭੀਮਾ-ਕੋਰੇਗਾਓਂ ਕੇਸ ਜਾਂ ਇਸੇ ਤਰ੍ਹਾਂ ਦੇ ਹੋਰ ਝੂਠੇ ਕੇਸਾਂ 'ਚ ਫਸਾਇਆ ਗਿਆ ਹੈ? ਕਿਉਂਕਿ ਅਜਿਹੇ ਦਿਸ਼ਾ-ਨਿਰਦੇਸ਼ ਤਾਂ ਸੁਪਰੀਮ ਕੋਰਟ ਅਤੇ ਕੁਝ ਹਾਈਕੋਰਟਾਂ ਕਈ ਕੇਸਾਂ ਵਿਚ ਪਹਿਲਾਂ ਵੀ ਦੇ ਚੁੱਕੀਆਂ ਹਨ।

ਵਰਨੋਨ ਅਤੇ ਅਰੁਨ ਨੂੰ ਡੇਢ ਦਰਜਨ ਹੋਰ ਬੁੱਧੀਜੀਵੀਆਂ ਅਤੇ ਹੱਕਾਂ ਦੇ ਉੱਘੇ ਕਾਰਕੁਨਾਂ ਸਮੇਤ ਜੂਨ ਅਤੇ ਅਗਸਤ 2018 'ਚ ਭੀਮਾ-ਕੋਰੇਗਾਓਂ ਨਾਂ ਦੇ ਝੂਠੇ ਸਾਜ਼ਿਸ਼ ਕੇਸ 'ਚ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਸੀ। ਸੰਗੀਨ ਦੋਸ਼ਾਂ ਦੇ ਬਾਵਜੂਦ ਨਾ ਉਨ੍ਹਾਂ ਵਿਰੁੱਧ ਮੁਕੱਦਮਾ ਚਲਾਇਆ ਜਾ ਰਿਹਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਜਾਨਲੇਵਾ ਬਿਮਾਰੀਆਂ ਦੇ ਬਾਵਜੂਦ ਜ਼ਮਾਨਤ ਦਿੱਤੀ ਗਈ/ਦਿੱਤੀ ਜਾ ਰਹੀ ਹੈ। ਇਲਾਜ ਦੀ ਅਣਹੋਂਦ 'ਚ ਹੀ ਸਟੇਨ ਸਵਾਮੀ ਜੇਲ੍ਹ ਵਿਚ ਚਲਾਣਾ ਕਰ ਗਏ। ਸਿਰਫ਼ ਪ੍ਰੋਫੈਸਰ ਆਨੰਦ ਤੇਲਤੁੰਬੜੇ ਅਤੇ ਐਡਵੋਕੇਟ ਸੁਧਾ ਭਾਰਦਵਾਜ ਹੀ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਤਕਨੀਕੀ ਆਧਾਰ 'ਤੇ ਜ਼ਮਾਨਤ ਹਾਸਲ ਕਰ ਸਕੇ। ਪ੍ਰੋਫੈਸਰ ਵਰਾਵਰਾ ਰਾਓ ਅਤੇ ਗੌਤਮ ਨਵਲਖਾ ਦੀ ਜਾਨ ਖ਼ਤਰੇ 'ਚ ਦੇਖ ਕੇ ਜੇਲ੍ਹ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਆਰਜ਼ੀ ਜ਼ਮਾਨਤ ਦੇ ਕੇ ਇਲਾਜ ਲਈ ਜੇਲ੍ਹ ਤੋਂ ਬਾਹਰ ਭੇਜਣਾ ਪਿਆ। ਉਨ੍ਹਾਂ ਨੂੰ ਸਖ਼ਤ ਪਹਿਰੇ ਹੇਠ ਰੱਖਿਆ ਜਾ ਰਿਹਾ ਹੈ, ਪੁਲਿਸ ਦੀ ਤਾਇਨਾਤੀ ਦਾ ਲੱਖਾਂ ਰੁਪਏ ਖ਼ਰਚਾ ਵੀ ਉਨ੍ਹਾਂ ਉੱਪਰ ਪਾਇਆ ਜਾ ਰਿਹਾ ਹੈ। ਕੌਮੀ ਜਾਂਚ ਏਜੰਸੀ ਉਨ੍ਹਾਂ ਦੀ ਜ਼ਮਾਨਤ ਰੱਦ ਕਰਾਉਣ ਦੀ ਸਿਰਤੋੜ ਕੋਸ਼ਿਸ਼ ਕਰ ਰਹੀ ਹੈ।

ਸਿਰਫ਼ ਭੀਮਾ-ਕੋਰੇਗਾਓਂ ਕੇਸ ਦੇ ਕਥਿਤ ਦੋਸ਼ੀ ਹੀ ਨਾਜਾਇਜ਼ ਕੇਸਾਂ ਤਹਿਤ ਜੇਲ੍ਹਾਂ 'ਚ ਬੰਦ ਨਹੀਂ, ਲੋਕ ਹਿਤਾਂ ਦੀ ਗੱਲ ਕਰਨ ਵਾਲੀਆਂ ਹੋਰ ਬਹੁਤ ਸਾਰੀਆਂ ਨਿਆਂਪਸੰਦ ਜਮਹੂਰੀ ਸ਼ਖ਼ਸੀਅਤਾਂ ਵੀ ਹਕੂਮਤ ਦੀ ਤਾਨਾਸ਼ਾਹੀ ਦਾ ਸੰਤਾਪ ਝੱਲ ਰਹੀਆਂ ਹਨ। ਦਹਿਸ਼ਤਵਾਦੀ ਕਾਨੂੰਨ ਅਤੇ ਰਾਜਧ੍ਰੋਹ ਦੀਆਂ ਧਾਰਾਵਾਂ ਲਗਾਉਣ ਕਾਰਨ ਉਨ੍ਹਾਂ ਦੀ ਜ਼ਮਾਨਤ ਵੀ ਨਹੀਂ ਹੋ ਰਹੀ। ਝਾਰਖੰਡ ਤੋਂ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਵੀ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਨੂੰ ਪਿਛਲੇ ਇਕ ਸਾਲ ਤੋਂ ਯੂ.ਏ.ਪੀ.ਏ. ਤਹਿਤ ਬਿਹਾਰ ਦੀ ਜੇਲ੍ਹ ਵਿਚ ਬੰਦ ਰੱਖਿਆ ਗਿਆ ਹੈ ਤਾਂ ਜੋ ਉਸ ਦਾ ਪਰਿਵਾਰ ਵੀ ਉਸ ਨਾਲ ਮੁਲਾਕਾਤ ਨਾ ਕਰ ਸਕੇ ਅਤੇ ਕਿਸੇ ਵੀ ਰੂਪ 'ਚ ਉਸ ਦੇ ਕੇਸ ਦੀ ਕਾਨੂੰਨੀ ਪੈਰਵਾਈ ਨਾ ਕਰ ਸਕੇ।

ਰੂਪੇਸ਼ ਕੁਮਾਰ ਸਿੰਘ ਕਾਰਪੋਰੇਟ ਪ੍ਰੋਜੈਕਟਾਂ ਰਾਹੀਂ ਆਦਿਵਾਸੀਆਂ ਦੇ ਉਜਾੜੇ ਵਿਰੁੱਧ ਅਤੇ ਪੁਲਿਸ ਤੇ ਸੁਰੱਖਿਆ ਦਸਤਿਆਂ ਵੱਲੋਂ ਆਦਿਵਾਸੀਆਂ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਦੀ ਰਿਪੋਰਟਿੰਗ ਕਰਦਾ ਹੋਣ ਕਾਰਨ ਹਕੂਮਤ-ਕਾਰਪੋਰੇਟ ਗੱਠਜੋੜ ਨੂੰ ਬਹੁਤ ਚੁਭਦਾ ਸੀ। ਪਹਿਲਾਂ ਉਸ ਨੂੰ ਇੰਟੈਲੀਜੈਂਸ ਬਿਊਰੋ ਅਤੇ ਆਂਧਰਾ ਪ੍ਰਦੇਸ਼ ਸਪੈਸ਼ਲ ਖ਼ੁਫ਼ੀਆ ਏਜੰਸੀ ਵੱਲੋਂ ਜੂਨ 2019 'ਚ ਝਾਰਖੰਡ ਦੇ ਹਜ਼ਾਰੀਬਾਗ਼ ਜ਼ਿਲ੍ਹੇ ਵਿਚੋਂ ਗ੍ਰਿਫ਼ਤਾਰ ਕਰ ਕੇ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ। ਉਹ ਜਿਸ ਕਾਰ ਵਿਚ ਜਾ ਰਿਹਾ ਸੀ, ਉਸ ਵਿਚ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀਆਂ ਨੇ ਬਾਰੂਦੀ ਸੁਰੰਗਾਂ ਲਗਾਉਣ ਲਈ ਵਰਤੀਆਂ ਜਾਂਦੀਆਂ ਜੇਲਾਟਿਨ ਸਟਿਕਾਂ ਅਤੇ ਡੈਟੋਨੇਟਰ ਰੱਖ ਦਿੱਤੇ ਤਾਂ ਜੋ ਉਸ ਨੂੰ ਦਹਿਸ਼ਤਵਾਦੀ ਸਾਬਤ ਕੀਤਾ ਜਾ ਸਕੇ। ਫਿਰ ਬਿਹਾਰ ਪੁਲਿਸ ਨੇ ਗ੍ਰਿਫ਼ਤਾਰੀ ਦਿਖਾ ਕੇ ਯੂ.ਏ.ਪੀ.ਏ. ਲਗਾ ਦਿੱਤਾ। ਉਸ ਉੱਪਰ ਦੋਸ਼ ਲਗਾਇਆ ਗਿਆ ਕਿ ਉਹ ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਦੇ ਮੁੱਖ ਆਗੂਆਂ ਵਿਚੋਂ ਇਕ ਹੈ। ਬਿਹਾਰ ਪੁਲਿਸ 180 ਦਿਨ ਦੇ ਨਿਸ਼ਚਿਤ ਸਮੇਂ 'ਚ ਉਸ ਵਿਰੁੱਧ ਚਾਰਜਸ਼ੀਟ ਪੇਸ਼ ਕਰਨ 'ਚ ਅਸਫ਼ਲ ਰਹੀ ਜਿਸ ਕਾਰਨ ਦਸੰਬਰ 2019 'ਚ ਉਸ ਨੂੰ ਜ਼ਮਾਨਤ ਮਿਲ ਗਈ। ਜਦੋਂ ਉਸ ਨੇ ਹਕੂਮਤ-ਕਾਰਪੋਰੇਟ ਗੱਠਜੋੜ ਵੱਲੋਂ ਆਦਿਵਾਸੀ ਹੱਕਾਂ ਦੇ ਘਾਣ ਵਿਰੁੱਧ ਰਿਪੋਰਟਿੰਗ ਕਰਨੀ ਬੰਦ ਨਾ ਕੀਤੀ ਤਾਂ 17 ਜੁਲਾਈ 2022 ਨੂੰ ਉਸ ਨੂੰ ਝਾਰਖੰਡ ਪੁਲਿਸ ਨੇ ਮੁੜ ਗ੍ਰਿਫ਼ਤਾਰ ਕਰ ਲਿਆ ਅਤੇ ਯੂ.ਏ.ਪੀ.ਏ. ਤੇ ਆਈ.ਪੀ.ਸੀ. ਦੀਆਂ ਅਤਿਅੰਤ ਸੰਗੀਨ ਧਾਰਾਵਾਂ ਲਗਾ ਕੇ ਚਾਰ ਝੂਠੇ ਕੇਸਾਂ 'ਚ ਫਸਾ ਦਿੱਤਾ ਗਿਆ। ਤਿੰਨ ਕੇਸ ਝਾਰਖੰਡ ਵਿਚ ਦਰਜ ਕੀਤੇ ਗਏ ਅਤੇ ਇਕ ਬਿਹਾਰ ਵਿਚ। ਉਸ ਦਾ ਲੈਪਟਾਪ ਜ਼ਬਤ ਕਰ ਕੇ ਉਹ ਸਾਰੀ ਡੇਟਾ ਸਮੱਗਰੀ ਵੀ ਪੁਲਿਸ ਅਧਿਕਾਰੀਆਂ ਨੇ ਆਪਣੇ ਕਬਜ਼ੇ 'ਚ ਲੈ ਲਈ ਜੋ ਉਸ ਨੇ ਅਣਥੱਕ ਮਿਹਨਤ ਕਰ ਕੇ ਆਦਿਵਾਸੀਆਂ ਦੇ ਉਜਾੜੇ ਅਤੇ ਝੂਠੇ ਮੁਕਾਬਲਿਆਂ ਉੱਪਰ ਦੋ ਕਿਤਾਬਾਂ ਲਿਖਣ ਲਈ ਇਕੱਠੀ ਕੀਤੀ ਸੀ।

ਗ੍ਰਿਫ਼ਤਾਰੀ ਤੋਂ ਪਹਿਲਾਂ ਹੀ ਉਸ ਨੇ ਦੋਸ਼ ਲਗਾਇਆ ਸੀ ਕਿ ਉਸ ਦਾ ਫੋਨ ਕਿਸੇ ਖ਼ੁਫ਼ੀਆ ਨਿਗਰਾਨੀ ਹੇਠ ਹੈ ਕਿਉਂਕਿ ਜਦੋਂ ਵੀ ਉਹ ਕਿਸੇ ਜਗ੍ਹਾ ਰਿਪੋਰਟਿੰਗ ਲਈ ਜਾਂਦਾ ਸੀ ਤਾਂ ਕੁਝ ਅਣਪਛਾਤੇ ਬੰਦੇ ਪਹਿਲਾਂ ਹੀ ਉੱਥੇ ਪਹੁੰਚ ਕੇ ਲੋਕਾਂ ਨੂੰ ਉਸ ਵਿਰੁੱਧ ਭੜਕਾਉਣ ਲਈ ਹਾਜ਼ਰ ਹੁੰਦੇ ਸਨ। 2021 'ਚ ਜਦੋਂ ਆਜ਼ਾਦਾਨਾ ਸੰਸਥਾਵਾਂ ਨੇ ਪੈਗਾਸਸ ਜਾਸੂਸੀ ਪ੍ਰੋਜੈਕਟ ਦੀ ਜਾਂਚ ਕੀਤੀ ਤਾਂ ਰੂਪੇਸ਼ ਕੁਮਾਰ ਸਿੰਘ ਦੇ ਦੋਸ਼ ਸੱਚ ਸਾਬਤ ਹੋਏ। ਉਸ ਦਾ ਨਾਮ ਭਾਰਤ ਦੀਆਂ ਉਨ੍ਹਾਂ 300 ਸ਼ਖ਼ਸੀਅਤਾਂ ਅਤੇ 40 ਪੱਤਰਕਾਰਾਂ ਦੀ ਸੂਚੀ ਵਿਚ ਸੀ ਜਿਨ੍ਹਾਂ ਦੇ ਫੋਨਾਂ ਅਤੇ ਕੰਪਿਊਟਰਾਂ ਨੂੰ ਪੈਗਾਸਸ ਰਾਹੀਂ ਹੈਕ ਕਰ ਕੇ ਉਨ੍ਹਾਂ ਉੱਪਰ ਖ਼ੁਫ਼ੀਆ ਏਜੰਸੀਆਂ ਵੱਲੋਂ ਨਜ਼ਰ ਰੱਖੀ ਜਾ ਰਹੀ ਸੀ। ਫਿਰ ਇਹ ਵੀ ਸਾਹਮਣੇ ਆਇਆ ਕਿ ਉਸ ਦੇ ਪਰਿਵਾਰ ਦੇ ਦੋ ਹੋਰ ਮੈਂਬਰ ਵੀ ਪੈਗਾਸਸ ਨਿਗਰਾਨੀ ਹੇਠ ਸਨ। ਹਕੂਮਤ ਉਸ ਤੋਂ ਇਸ ਕਰ ਕੇ ਵੀ ਖ਼ਫ਼ਾ ਸੀ ਕਿ ਉਸ ਨੇ ਤਿੰਨ ਹੋਰ ਪੱਤਰਕਾਰਾਂ ਨਾਲ ਮਿਲ ਕੇ ਪੈਗਾਸਸ ਜਾਸੂਸੀ ਵਿਰੁੱਧ ਸੁਪਰੀਮ ਕੋਰਟ 'ਚ ਰਿੱਟ ਦਾਇਰ ਕਰ ਕੇ ਮੰਗ ਕੀਤੀ ਸੀ ਕਿ ਅਜਿਹੀ ਜਾਸੂਸੀ ਉੱਪਰ ਰੋਕ ਲਾਉਣ ਲਈ ਜੁਡੀਸ਼ੀਅਲ ਨਿਗਰਾਨੀ ਅਤੇ ਦੋਸ਼ੀ ਅਧਿਕਾਰੀਆਂ ਨੂੰ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਜਾਵੇ। ਹਾਲਾਂਕਿ ਉਸ ਦੀ ਰਿਪੋਰਟਿੰਗ ਦਾ ਦਾਇਰਾ ਬਹੁਤ ਸੀਮਤ ਸੀ ਜੋ ਲੋਕ ਪੱਖੀ ਪੱਤਰਕਾਰੀ ਨਾਲ ਅਕਸਰ ਵਾਪਰਦਾ ਹੈ। ਉਹ ਲੋਕਾਂ ਦਾ ਪੱਤਰਕਾਰ ਸੀ ਅਤੇ ਉਸ ਨੂੰ ਕਥਿਤ ਮੁੱਖਧਾਰਾ ਮੀਡੀਆ 'ਚ ਅਤੇ ਨਾਮਵਰ ਮੁਤਵਾਜ਼ੀ ਮੀਡੀਆ 'ਚ ਵੀ ਕੋਈ ਸਪੇਸ ਨਹੀਂ ਮਿਲਦੀ ਸੀ। ਉਹ ਛੋਟੀਆਂ-ਛੋਟੀਆਂ ਮੀਡੀਆ ਸਾਈਟਾਂ ਰਾਹੀਂ ਹੀ ਆਪਣੀ ਰਿਪੋਰਟਿੰਗ ਕਰਦਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਰਿਪੋਰਟਿੰਗ ਨੂੰ ਸੱਤਾ ਕਿੰਨਾ ਖ਼ਤਰਨਾਕ ਸਮਝਦੀ ਸੀ।

ਉਹ ਨਿਧੜਕ ਹੋ ਕੇ ਆਦਿਵਾਸੀ ਹੱਕਾਂ ਦੀ ਗੱਲ ਕਰਦਾ ਸੀ ਅਤੇ ਕਥਿਤ ਵਿਕਾਸ ਪ੍ਰੋਜੈਕਟਾਂ ਦੀ ਪੋਲ ਖੋਲ੍ਹਦਾ ਸੀ। ਉਹ ਆਦਿਵਾਸੀ ਵਸੋਂ ਅਤੇ ਪੌਣ-ਪਾਣੀ ਤਬਾਹ ਕਰਨ ਵਾਲੇ ਕਥਿਤ ਵਿਕਾਸ ਮਾਡਲ ਉੱਪਰ ਗੰਭੀਰ ਸਵਾਲ ਉਠਾਉਂਦਾ ਸੀ ਜਿਸ ਤਹਿਤ ਹੁਕਮਰਾਨਾਂ ਦੀ ਮਿਲੀਭਗਤ ਨਾਲ ਕਾਰਪੋਰੇਟ ਧਾੜਵੀਆਂ ਵੱਲੋਂ ਕੁਦਰਤੀ ਵਸੀਲਿਆਂ ਨੂੰ ਬੇਕਿਰਕੀ ਨਾਲ ਲੁੱਟਿਆ ਜਾ ਰਿਹਾ ਹੈ, ਪਹਿਲਾਂ ਹੀ ਬੇਹੱਦ ਵਾਂਝੇਪਣ 'ਚ ਦਿਨ ਕੱਟ ਰਹੇ ਆਦਿਵਾਸੀਆਂ ਦੀਆਂ ਨਿਗੂਣੀਆਂ ਜ਼ਮੀਨਾਂ ਉੱਪਰ ਗ਼ੈਰ-ਕਾਨੂੰਨੀ ਕਬਜ਼ੇ ਕਰ ਕੇ ਉਨ੍ਹਾਂ ਨੂੰ ਜੀਵਨ ਗੁਜ਼ਾਰੇ ਦੇ ਨਿਗੂਣੇ ਵਸੀਲਿਆਂ ਤੋਂ ਵੀ ਵਾਂਝੇ ਕੀਤਾ ਜਾ ਰਿਹਾ ਹੈ। ਵਿਰੋਧ ਕਰਨ ਵਾਲੇ ਆਦਿਵਾਸੀਆਂ ਨੂੰ ਮਾਓਵਾਦੀਆਂ ਕਰਾਰ ਦੇ ਕੇ ਅਤੇ ਝੂਠੇ ਕੇਸ ਪਾ ਕੇ ਜੇਲ੍ਹਾਂ 'ਚ ਡੱਕ ਦਿੱਤਾ ਜਾਂਦਾ ਹੈ। ਉਹ ਇਸ ਕਰੂਰ ਹਕੀਕਤ ਨੂੰ ਹੀ ਸਾਹਮਣੇ ਲਿਆ ਰਿਹਾ ਸੀ (ਪਿਛਲੇ ਸਾਲ ਜੁਲਾਈ ਵਿਚ ਛੱਤੀਸਗੜ੍ਹ ਦੀ ਅਦਾਲਤ ਵੱਲੋਂ 121 ਆਦਿਵਾਸੀਆਂ ਨੂੰ ਬੇਕਸੂਰ ਕਰਾਰ ਦੇ ਕੇ ਬਰੀ ਕਰਨਾ ਝੂਠੇ ਕੇਸਾਂ ਦੀ ਹਾਲੀਆ ਮਿਸਾਲ ਹੈ ਜਿਨ੍ਹਾਂ ਨੂੰ 2017 ਦੇ ਇਕ ਨਕਸਲੀ ਹਮਲੇ ਵਿਚ ਸ਼ਾਮਿਲ ਖ਼ਤਰਨਾਕ ਨਕਸਲੀ ਹੋਣ ਦਾ ਦੋਸ਼ ਲਗਾ ਕੇ ਪੰਜ ਸਾਲ ਤੋਂ ਜੇਲ੍ਹ ਵਿਚ ਡੱਕਿਆ ਹੋਇਆ ਸੀ)। ਉਹ ਆਦਿਵਾਸੀ ਇਲਾਕਿਆਂ ਵਿਚ ਪੀਣ ਵਾਲੇ ਸਾਫ਼ ਪਾਣੀ, ਬਿਜਲੀ, ਸਕੂਲਾਂ ਅਤੇ ਹਸਪਤਾਲਾਂ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਅਣਹੋਣ ਦੇ ਮੁੱਦੇ ਚੁੱਕਦਾ ਸੀ। ਗ੍ਰਿਫ਼ਤਾਰੀ ਸਮੇਂ ਉਹ ਝਾਰਖੰਡ ਦੇ ਗਿਰਡੀਹ ਜ਼ਿਲ੍ਹੇ ਵਿਚ ਸਨਅਤੀ ਪ੍ਰਦੂਸ਼ਨ ਨਾਲ ਫੈਲ ਰਹੀਆਂ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਅਤੇ ਹੋ ਰਹੀਆਂ ਮੌਤਾਂ ਉੱਪਰ ਰਿਪੋਰਟਿੰਗ ਕਰ ਰਿਹਾ ਸੀ ਅਤੇ ਕੈਂਸਰ ਪੀੜਤਾਂ ਦੇ ਇਲਾਜ ਲਈ ਮਦਦ ਜੁਟਾਉਣ ਲਈ ਭੱਜ-ਦੌੜ ਕਰ ਰਿਹਾ ਸੀ। ਇਸ ਮਹੱਤਵਪੂਰਨ ਰਿਪੋਰਟ ਦੇ ਕਾਫ਼ੀ ਹਿੱਸੇ ਛਪ ਚੁੱਕੇ ਸਨ ਜਿਸ ਨੇ ਪ੍ਰਸ਼ਾਸਨ ਅਤੇ ਕਾਰਪੋਰੇਟ ਸਨਅਤਾਂ ਦੀਆਂ ਮਨਮਾਨੀਆਂ ਅਤੇ ਲਾਕਾਨੂੰਨੀਆਂ ਦਾ ਪਰਦਾਫਾਸ਼ ਕਰ ਦਿੱਤਾ ਸੀ।

> ***ਬੇਖ਼ੌਫ਼ ਕਲਮਾਂ ਆਪੋ-ਆਪਣੀ ਭੂਮਿਕਾ ਨਿਭਾ ਰਹੀਆਂ ਹਨ ਅਤੇ ਇਸੇ ਕਾਰਨ ਬਹੁਤ ਸਾਰੇ ਲੇਖਕ, ਪੱਤਰਕਾਰ, ਕਵੀ, ਬੁੱਧੀਜੀਵੀ ਅਤੇ ਹੱਕਾਂ ਦੇ ਹੋਰ ਪਹਿਰੇਦਾਰ ਜੇਲ੍ਹਾਂ ਵਿਚ ਹਨ। ਉਨ੍ਹਾਂ ਦੀ ਜ਼ਿੰਦਗੀ ਦੀ ਰਾਖੀ ਲਈ ਲੜਨਾ ਅਤੇ ਹੁਕਮਰਾਨਾਂ ਦੇ ਉਨ੍ਹਾਂ ਨੂੰ ਜੇਲ੍ਹਾਂ 'ਚ ਮਾਰਨ ਦੇ ਮਨਸੂਬਿਆਂ ਨੂੰ ਅਸਫਲ ਬਣਾਉਣਾ ਉਨ੍ਹਾਂ ਸਾਰੇ ਲੋਕਾਂ ਦਾ ਫਰਜ਼ ਹੈ ਜਿਨ੍ਹਾਂ ਦੇ ਹੱਕਾਂ ਲਈ ਉਹ ਆਪੋ-ਆਪਣੇ ਮੋਰਚੇ ਤੋਂ ਆਵਾਜ਼ ਉਠਾਉਂਦੇ ਸਨ ਅਤੇ ਅੱਜ ਵੀ ਸਟੇਟ ਵੱਲੋਂ ਖੜ੍ਹੀ ਕੀਤੀ ਹਰ ਮੁਸ਼ਕਿਲ ਤੇ ਮੁਸੀਬਤ ਦਾ ਮੁਕਾਬਲਾ ਕਰਦੇ ਹੋਏ ਉਹ ਪੂਰੀ ਦ੍ਰਿੜਤਾ ਨਾਲ ਵਚਨਬੱਧ ਹਨ।***

ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਦੀ ਝੂਠੇ ਕੇਸਾਂ 'ਚ ਜੇਲ੍ਹਬੰਦੀ ਪ੍ਰੈੱਸ ਦੀ ਆਜ਼ਾਦੀ ਨੂੰ ਖ਼ਤਮ ਕਰਨ ਅਤੇ ਨਿਧੜਕ ਪੱਤਰਕਾਰਾਂ ਦੀ ਜ਼ਬਾਨਬੰਦੀ ਕਰਨ ਦੀ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ। ਇਹ ਹੈਰਾਨੀਜਨਕ ਨਹੀਂ ਹੈ ਕਿਉਂਕਿ 2023 'ਚ ਭਾਰਤ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ 'ਚ 180 ਮੁਲਕਾਂ ਵਿਚੋਂ 161ਵੇਂ ਸਥਾਨ 'ਤੇ ਹੈ। ਉਨ੍ਹਾਂ ਦਰਬਾਰੀ ਪੱਤਰਕਾਰਾਂ ਨੂੰ ਪੂਰੀ ਆਜ਼ਾਦੀ ਹੈ ਜੋ ਸਰਕਾਰੀ ਪ੍ਰੈੱਸ ਨੋਟਾਂ ਨੂੰ ਹੀ ਖ਼ਬਰਾਂ ਬਣਾ ਕੇ ਪੇਸ਼ ਕਰਦੇ ਹਨ ਅਤੇ ਹਕੂਮਤੀ ਬਿਰਤਾਂਤ ਨੂੰ ਪ੍ਰਚਾਰਨ ਦਾ ਸੰਦ ਬਣੇ ਹੋਏ ਹਨ ਪਰ ਜਿਹੜੇ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਵਾਂਗ ਬੇਖ਼ੌਫ਼ ਹੋ ਕੇ ਬੇਬਾਕੀ ਨਾਲ ਆਮ ਲੋਕਾਂ ਦੇ ਹਿਤਾਂ ਤੇ ਹੱਕਾਂ ਦੀ ਗੱਲ ਕਰਦੇ ਹਨ ਅਤੇ ਸੱਤਾ ਉੱਪਰ ਤਿੱਖੇ ਸਵਾਲ ਉਠਾਉਂਦੇ ਹਨ, ਉਨ੍ਹਾਂ ਦੀ ਆਜ਼ਾਦੀ ਹਕੂਮਤ ਦੇ ਹੱਥ ਵਿਚ ਹੈ। ਉਨ੍ਹਾਂ ਨੂੰ ਜੇਲ੍ਹਾਂ ਵਿਚ ਸੜਨਾ ਪੈਂਦਾ ਹੈ ਜੋ ਇਸ ਉੱਪਰ ਨਿਰਭਰ ਕਰਦਾ ਹੈ ਕਿ ਸਰਕਾਰ ਉਨ੍ਹਾਂ ਨੂੰ ਕਿੰਨਾ ਸਮਾਂ ਜੇਲ੍ਹ ਵਿਚ ਰੱਖਣਾ ਚਾਹੁੰਦੀ ਹੈ। ਜੇਲ੍ਹ 'ਚ ਰੱਖਣਾ ਚਾਹੁੰਦੀ ਹੈ ਜਾਂ ਫਿਰ ਜੇਲ੍ਹ 'ਚ ਰੱਖ ਕੇ ਮਾਰਨਾ ਚਾਹੁੰਦੀ ਹੈ। 80 ਸਾਲ ਦੇ ਸਟੇਨ ਸਵਾਮੀ ਨੂੰ ਆਦਿਵਾਸੀਆਂ ਦੇ ਮਨੁੱਖੀ ਹੱਕਾਂ ਦੀ ਪਹਿਰੇਦਾਰੀ ਦਾ ਮੁੱਲ ਜੇਲ੍ਹ ਵਿਚ ਬਿਨਾਂ ਇਲਾਜ ਤਿਲ-ਤਿਲ ਮਰ ਕੇ ਚੁਕਾਉਣਾ ਪਿਆ। ਮੁੱਢਲੀਆਂ ਮਨੁੱਖੀ ਸਹੂਲਤਾਂ ਦੀ ਅਣਹੋਂਦ 'ਚ ਬੇਇਲਾਜ ਮਾਰੇ ਜਾਣ ਦਾ ਇਹੀ ਖ਼ਤਰਾ ਪ੍ਰੋਫੈਸਰ ਸਾਈਬਾਬਾ, ਰੂਪੇਸ਼ ਕੁਮਾਰ ਸਿੰਘ ਅਤੇ ਹੋਰ ਕਾਰਕੁਨਾਂ/ਕਲਮਕਾਰਾਂ ਉੱਪਰ ਮੰਡਰਾ ਰਿਹਾ ਹੈ।

ਰੂਪੇਸ਼ ਕੁਮਾਰ ਸਿੰਘ ਨੂੰ ਵੀ ਜਾਣ-ਬੁੱਝ ਕੇ ਦੂਰ-ਦਰਾਜ ਜੇਲ੍ਹਾਂ ਵਿਚ ਭੇਜ ਕੇ, ਮੁੱਢਲੀਆਂ ਮਨੁੱਖੀ ਸਹੂਲਤਾਂ ਤੋਂ ਵਾਂਝੇ ਰੱਖ ਕੇ ਅਤੇ ਇਕੱਲਤਾ ਕੋਠੜੀ 'ਚ ਡੱਕ ਕੇ ਉਸ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੋਰ ਜੁਝਾਰੂ ਸ਼ਖ਼ਸੀਅਤਾਂ ਵਾਂਗ ਰੂਪੇਸ਼ ਕੁਮਾਰ ਸਿੰਘ ਦੀ ਖ਼ਾਸੀਅਤ ਇਹ ਹੈ ਕਿ ਉਹ ਜੇਲ੍ਹ ਦੀਆਂ ਸੀਖ਼ਾਂ ਪਿੱਛੇ ਵੀ ਖ਼ਾਮੋਸ਼ ਨਹੀਂ ਹੈ। ਉਹ ਸਿਆਸੀ ਕੈਦੀ ਵਜੋਂ ਆਪਣੇ ਹੱਕ ਲੈਣ ਲਈ ਅਤੇ ਆਮ ਕੈਦੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕ ਦਿਵਾਉਣ ਲਈ ਲਗਾਤਾਰ ਸੰਘਰਸ਼ਸ਼ੀਲ ਹੈ। ਪਿਛਲੇ ਸਾਲ ਅਗਸਤ ਅਤੇ ਸਤੰਬਰ ਮਹੀਨੇ 'ਚ ਉਸ ਨੇ ਕੈਦੀਆਂ ਦੇ ਹੱਕਾਂ ਲਈ ਦੋ ਵਾਰ ਭੁੱਖ-ਹੜਤਾਲ ਕੀਤੀ। ਜੇਲ੍ਹ ਅਧਿਕਾਰੀਆਂ ਨੂੰ ਉਸ ਨਾਲ ਗੱਲਬਾਤ ਕਰਨੀ ਪਈ ਅਤੇ ਮੰਗੇ ਮੰਨੇ ਜਾਣ ਦਾ ਭਰੋਸਾ ਦਿਵਾਉਣਾ ਪਿਆ ਪਰ ਇਹ ਵੀ ਸੱਚ ਹੈ ਕਿ ਭਾਰਤੀ ਜੇਲ੍ਹਾਂ ਦਾ ਜਾਬਰ ਅਣਮਨੁੱਖੀ ਮਾਹੌਲ ਅਤੇ ਜੇਲ੍ਹ ਅਧਿਕਾਰੀਆਂ ਦਾ ਬੇਕਿਰਕ ਵਤੀਰਾ ਕੁਝ ਕੁ ਬੇਖ਼ੌਫ਼ ਕੈਦੀਆਂ ਦੇ ਸੰਘਰਸ਼ ਨਾਲ ਬਦਲਣ ਵਾਲਾ ਨਹੀਂ ਹੈ। ਇਹ ਪ੍ਰਬੰਧ ਮਨੁੱਖੀ ਸੰਵੇਦਨਸ਼ੀਲਤਾ ਨੂੰ ਖ਼ਤਮ ਕਰਨ ਅਤੇ ਜਾਗਦੀਆਂ ਜ਼ਮੀਰਾਂ ਦਾ ਮਨੋਬਲ ਤੋੜਨ ਦੇ ਮਨੋਰਥ ਨਾਲ ਬਣਾਇਆ ਗਿਆ ਹੈ। ਇਸ ਖ਼ਾਤਰ ਭਾਰਤੀ ਸਮਾਜ ਦੇ ਜਾਗਰੂਕ ਹਿੱਸਿਆਂ ਨੂੰ ਲਗਾਤਾਰ ਯਤਨ ਕਰਨੇ ਪੈਣਗੇ। ਰੂਪੇਸ਼ ਜੇਲ੍ਹ ਵਿਚ ਵੀ ਓਪਨ ਯੂਨੀਵਰਸਿਟੀ ਰਾਹੀਂ ਐੱਮ.ਏ. ਅਤੇ ਪੱਤਰਕਾਰੀ ਦੀ ਉਚੇਰੀ ਪੜ੍ਹਾਈ ਕਰ ਰਿਹਾ ਹੈ। ਸੱਤਾ ਦੇ ਜਬਰ ਦਾ ਜਵਾਬ ਆਪਣੀ ਸੋਚ ਨੂੰ ਹੋਰ ਜ਼ਿਆਦਾ ਅਧਿਐਨ ਰਾਹੀਂ ਸਾਣ 'ਤੇ ਲਾਉਣਾ ਅਤੇ ਆਪਣੇ ਵਿਚਾਰਧਾਰਕ ਅਕੀਦਿਆਂ ਤੇ ਅਸੂਲਾਂ ਨੂੰ ਹੋਰ ਜ਼ਿਆਦਾ ਮਜ਼ਬੂਤ ਕਰਨਾ ਹੀ ਹੈ।

ਬੇਖ਼ੌਫ਼ ਕਲਮਾਂ ਆਪੋ-ਆਪਣੀ ਭੂਮਿਕਾ ਨਿਭਾ ਰਹੀਆਂ ਹਨ ਅਤੇ ਇਸੇ ਕਾਰਨ ਬਹੁਤ ਸਾਰੇ ਲੇਖਕ, ਪੱਤਰਕਾਰ, ਕਵੀ, ਬੁੱਧੀਜੀਵੀ ਅਤੇ ਹੱਕਾਂ ਦੇ ਹੋਰ ਪਹਿਰੇਦਾਰ ਜੇਲ੍ਹਾਂ ਵਿਚ ਹਨ। ਉਨ੍ਹਾਂ ਦੀ ਜ਼ਿੰਦਗੀ ਦੀ ਰਾਖੀ ਲਈ ਲੜਨਾ ਅਤੇ ਹੁਕਮਰਾਨਾਂ ਦੇ ਉਨ੍ਹਾਂ ਨੂੰ ਜੇਲ੍ਹਾਂ 'ਚ ਮਾਰਨ ਦੇ ਮਨਸੂਬਿਆਂ ਨੂੰ ਅਸਫਲ ਬਣਾਉਣਾ ਉਨ੍ਹਾਂ ਸਾਰੇ ਲੋਕਾਂ ਦਾ ਫਰਜ਼ ਹੈ ਜਿਨ੍ਹਾਂ ਦੇ ਹੱਕਾਂ ਲਈ ਉਹ ਆਪੋ-ਆਪਣੇ ਮੋਰਚੇ ਤੋਂ ਆਵਾਜ਼ ਉਠਾਉਂਦੇ ਸਨ ਅਤੇ ਅੱਜ ਵੀ ਸਟੇਟ ਵੱਲੋਂ ਖੜ੍ਹੀ ਕੀਤੀ ਹਰ ਮੁਸ਼ਕਿਲ ਤੇ ਮੁਸੀਬਤ ਦਾ ਮੁਕਾਬਲਾ ਕਰਦੇ ਹੋਏ ਉਹ ਪੂਰੀ ਦ੍ਰਿੜਤਾ ਨਾਲ ਵਚਨਬੱਧ ਹਨ।

# ਕਥਨੀ ਤੇ ਕਰਨੀ ਇੱਕ ਰੱਖਣ ਵਾਲਾ ਸ਼ਾਇਰ ਸੀ ਹਰਭਜਨ ਸਿੰਘ ਹੁੰਦਲ


ਹਰਭਜਨ ਸਿੰਘ ਹੁੰਦਲ ਦੀ ਬਹੁਪੱਖੀ ਸ਼ਖ਼ਸੀਅਤ, ਉਸ ਵੱਲੋਂ ਰਚੇ ਮੁੱਲਵਾਨ ਬਹੁ-ਵਿਧਾਵੀ ਪੰਜਾਬੀ ਸਾਹਿਤ, ਨਿਰੰਤਰ ਤੌਰ, ਉਸ ਦੀ ਪ੍ਰਗਤੀਵਾਦੀ ਸ਼ਾਇਰੀ ਦੀ ਵਿਲੱਖਣਤਾ, ਜਨਤਕ ਮਸਲਿਆਂ ਪ੍ਰਤੀ ਜਥੇਬੰਦਕ ਪਹੁੰਚ, ਅਣਖੀਲੀ ਜੀਵਨ ਜਾਚ, ਸਾਦ-ਮੁਰਾਦੀ ਜੀਵਨ ਆਦਿ ਬਾਰੇ ਗੱਲ ਕਰਨ ਲਈ ਢੁੱਕਵੇਂ ਸ਼ਬਦ ਲੱਭਣੇ ਕਠਿਨ ਹਨ। ਉਹ ਦਰਵੇਸ਼ ਆਦਮੀ ਸੀ। ਖੱਬੇ ਪੱਖੀ ਸੋਚ ਦਾ ਮਘਦਾ ਸੂਰਜ ਸੀ। ਉਹ ਐਸਾ ਸ਼ਾਇਰ ਸੀ ਜਿਸ ਨੇ ਇਨਕਲਾਬੀ ਸ਼ਾਇਰੀ ਵਿਚ ਆਪਣਾ ਲੋਹਾ ਮਨਵਾਇਆ। ਉਹ ਕਵੀ, ਵਾਰਤਕ ਲੇਖਕ ਹੋਣ ਦੇ ਨਾਲੋਂ-ਨਾਲ ਹਾਕਮ ਨਾਲ ਲੋਹਾ ਲੈਣ ਵਾਲੀਆਂ ਜਥੇਬੰਦੀਆਂ ਦਾ ਹਮਸਫ਼ਰ ਵੀ ਸੀ। ਉਹ ਬਹੁਪੱਖੀ ਸ਼ਖ਼ਸੀਅਤ ਦਾ ਐਸਾ

ਮੱਖਣ ਕੁਹਾੜ
ਫੋਨ: 95013-65522

ਮੁਜੱਸਮਾ ਸੀ ਜਿਸ 'ਤੇ ਹਰ ਕੋਈ ਮਾਣ ਕਰਦਾ ਸੀ। ਉਸ ਨੇ ਹਰ ਦਰਦ ਹੱਸ-ਹੱਸ ਜਰਿਆ। ਦੁਖੀ ਲੋਕਾਈ ਦੇ ਦਰਦ ਨੂੰ ਉਸ ਨੇ ਹਮੇਸ਼ਾ ਆਪਣਾ ਦਰਦ ਸਮਝਿਆ। ਹਾਕਮਾਂ ਦਾ ਜ਼ੁਲਮ ਵੀ ਖ਼ੂਬ ਸਹਿਣ ਕੀਤਾ, ਪਰ ਸਾਰੀ ਉਮਰ ਸਥਾਪਤੀ ਵਿਰੋਧੀ ਸੋਚ 'ਤੇ ਡਟ ਕੇ ਪਹਿਰਾ ਦਿੰਦਾ ਰਿਹਾ, ਕਦੇ ਵੀ ਡੋਲਿਆ ਥਿੜਕਿਆ ਨਹੀਂ। ਸਾਹਿਤਕ ਕਲਾ ਜੁਗਤਾਂ ਖ਼ਾਸਕਰ ਆਪਣੀ ਵਿਲੱਖਣ ਸ਼ਾਇਰੀ ਰਾਹੀਂ ਉਸ ਨੇ ਸਾਹਿਤ ਵਿਚਲੇ ਨਿਰਪੱਖਤਾ ਦੇ ਢੰਡੋਰਚੀਆਂ ਦਾ ਪਰਦਾਫਾਸ਼ ਕੀਤਾ ਤੇ ਸਾਹਿਤਕ ਪ੍ਰਤੀਬੱਧਤਾ ਦਾ ਹੋਕਾ ਦਿੱਤਾ।

ਦਸ ਮਾਰਚ 1934 ਨੂੰ ਚੱਕ ਨੰਬਰ 64, ਨਿਹਾਲੇਆਣਾ, ਬੁੰਡਾਲਾ, ਤਹਿਸੀਲ ਜੜ੍ਹਾਂ ਵਾਲਾ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) 'ਚ ਪਿਤਾ ਦੀਦਾਰ ਸਿੰਘ ਅਤੇ ਮਾਤਾ ਸ੍ਰੀਮਤੀ ਗੁਲਾਬ ਕੌਰ ਦੇ ਘਰ ਜੰਮੇ-ਪਲੇ ਹਰਭਜਨ ਸਿੰਘ ਨੂੰ ਵਿਰਸੇ ਵਿੱਚ ਹੱਕਾਂ ਲਈ ਜੂਝਣ ਦੀ ਗੁੜ੍ਹਤੀ ਮਿਲੀ ਸੀ। ਉਸ ਦੇ ਪਿੰਡ ਦੇ ਚਾਰ ਸਿੱਖ ਗੁਰਦੁਆਰਾ ਸੁਧਾਰ ਲਹਿਰ ਦੌਰਾਨ 1921 ਦੇ ਨਨਕਾਣਾ ਸਾਹਿਬ ਸਾਕੇ ਵਿੱਚ ਸ਼ਹੀਦ ਹੋਏ ਸਨ। ਹੁੰਦਲ ਦੇ ਦੋ ਤਾਏ ਵੀ 1921-1925 'ਚ ਇਸ ਲਹਿਰ ਵਿੱਚ ਸ਼ਹੀਦ ਹੋਏ ਤੇ ਉਨ੍ਹਾਂ ਦੀ ਬਹਾਦਰੀ ਦੀਆਂ ਵਾਰਾਂ ਢਾਡੀ ਗਾਉਂਦੇ ਸਨ। ਇਸ ਤੋਂ ਹੀ ਉਸ ਨੂੰ ਹੱਕਾਂ ਲਈ ਜੂਝਣ ਦੀ ਪ੍ਰੇਰਨਾ ਮਿਲੀ। ਹੁੰਦਲ ਦਾ ਪਿਤਾ ਸ. ਦੀਦਾਰ ਸਿੰਘ ਗੁਰਦੁਆਰਾ ਸੁਧਾਰ ਲਹਿਰ ਤੋਂ ਉਭਰਿਆ ਅਕਾਲੀ ਜਥੇਦਾਰ ਸੀ ਜੋ 1925 ਤੋਂ 1947 ਤੱਕ ਲਗਾਤਾਰ ਬਿਨਾਂ ਮੁਕਾਬਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਦਾ ਰਿਹਾ। ਅੰਗਰੇਜ਼ਾਂ ਨੇ ਖੇਤੀ ਪੈਦਾਵਾਰ ਲਈ ਉਨ੍ਹੀਵੀਂ ਸਦੀ ਦੇ ਅਖ਼ੀਰ ਵਿੱਚ ਆਪਣੀ ਅਨਾਜ ਦੀ ਲੋੜ ਪੂਰਤੀ ਲਈ ਬਾਰਾਂ ਵਸਾਈਆਂ ਅਤੇ "ਥੇ ਨਹਿਰਾਂ ਪੁੱਟ ਕੇ ਸਿੰਚਾਈ ਸਾਧਨ ਵੀ ਦਿੱਤੇ ਤਾਂ ਹਰਭਜਨ ਸਿੰਘ ਹੁੰਦਲ ਹੋਰਾਂ ਦੇ ਪਰਿਵਾਰ ਵਰਗੇ ਅਨੇਕਾਂ ਹੋਰ ਕਿਸਾਨਾਂ ਨੂੰ ਇਹ ਜ਼ਮੀਨ ਆਬਾਦ ਕਰਨ ਲਈ ਮੁਰੱਬੇ ਦਿੱਤੇ ਗਏ ਸਨ। ਪਿੰਡ ਬੁੰਡਾਲਾ (ਜਲੰਧਰ) ਤੋਂ ਕਈ ਪਰਿਵਾਰ ਵਾਂਗੂੰ ਉਨ੍ਹਾਂ ਦਾ ਪਰਿਵਾਰ ਵੀ ਉਥੇ ਜਾ ਵਸਿਆ। ਪਰਿਵਾਰ ਨੇ ਬਹੁਤ ਸਖ਼ਤ ਮਿਹਨਤ ਕਰ ਕੇ ਜ਼ਮੀਨ ਨੂੰ ਵਾਹੀ ਯੋਗ ਬਣਾਇਆ। ਪਿੰਡ ਵਸਾਏ। ਪੱਕੇ ਘਰ ਬਣਾਏ। ਚੁਫ਼ੇਰੇ ਨੂੰ ਨਿਹਾਰਿਆ ਸਵਾਰਿਆ, ਪਰ ਜਲਦੀ ਹੀ ਦੇਸ਼ ਦੀ ਵੰਡ ਕਾਰਨ ਉਜੜ-ਪੁੱਜੜ ਕੇ ਫਿਰ ਥਾਂ-ਥਾਂ ਖੱਜਲ-ਖੁਆਰੀ ਬਾਅਦ ਪਿੰਡ ਫੱਤੂ ਚੱਕ ਨੇੜੇ ਢਿੱਲਵਾਂ (ਕਪੂਰਥਲਾ) ਵਿਖੇ ਆ ਕੇ ਮੁੜ ਵਸੇਬਾ ਕੀਤਾ। ਇਨ੍ਹਾਂ ਮੁਸ਼ਕਿਲਾਂ ਨਾਲ ਜੂਝਦਿਆਂ ਹਰਭਜਨ ਸਿੰਘ ਹੁੰਦਲ ਇੱਕ ਜੁਝਾਰੂ ਸ਼ਖ਼ਸੀਅਤ ਬਣ ਗਏ। ਸੁਹਿਰਦ ਮਾਰਕਸੀ ਚਿੰਤਕ ਅਧਿਆਪਕ ਜੈ ਚੰਦ ਬਿਨਾਤੀ ਦੀ ਸੰਗਤ ਵਿੱਚ ਆਉਣ ਕਰਕੇ ਸਮਾਜਿਕ ਬਣਤਰ ਵਿਚਲੀ ਰਾਜ ਕਰਦੀ ਉੱਚ ਅਮੀਰ ਸ਼੍ਰੇਣੀ ਤੇ ਪਿਸ ਰਹੀ ਗ਼ਰੀਬ ਸ਼੍ਰੇਣੀ ਵਿੱਚ ਵੰਡੇ ਸਮਾਜ ਬਾਰੇ ਜਾਣਕਾਰੀ ਪ੍ਰਾਪਤ ਹੋਈ। ਇਸ ਸੂਹੀ ਸੋਚ ਦੀ ਸੂਝ ਨੇ ਹੁੰਦਲ ਨੂੰ ਇਨਕਲਾਬੀ ਯੋਧਾ ਬਣਾ ਦਿੱਤਾ। ਰਣਧੀਰ ਕਾਲਜ ਕਪੂਰਥਲਾ ਤੋਂ (1957-1959 'ਚ) ਬੀ.ਏ. ਕਰਨ ਉਪਰੰਤ ਐਮ.ਏ. ਬੀ.ਐੱਡ. ਕਰ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਮਾਸਟਰ ਤੇ ਫਿਰ ਲੈਕਚਰਾਰ ਬਣੇ। ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ ਸਾਧੂ ਰਾਮ ਵਿਰਲੀ ਅਤੇ ਮਹਾਂਵੀਰ ਸਿੰਘ ਦਰਦੀ ਦੇ ਸਾਥ ਨਾਲ ਅਧਿਆਪਕ ਜਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਵਿੱਚ ਖ਼ੂਬ ਕੰਮ ਕੀਤਾ ਤੇ ਤਰਲੋਚਨ ਰਾਣਾ - ਹਰਕੰਵਲ ਦੀ ਅਗਵਾਈ ਵਿੱਚ ਅਧਿਆਪਕਾਂ ਨੂੰ ਲਾਮਬੰਦ ਕਰਦੇ ਰਹੇ। ਹੁੰਦਲ ਦਾ ਛੋਟਾ ਭਰਾ ਕੁਲਬੀਰ ਸਿੰਘ ਵੀ ਗੌਰਮਿੰਟ ਟੀਚਰਜ਼ ਯੂਨੀਅਨ ਦਾ ਬਲਾਕ ਪ੍ਰਧਾਨ ਸੀ। ਅਕਤੂਬਰ 1986 'ਚ ਕੁਲਬੀਰ ਸਿੰਘ ਦੀ ਹੋਈ ਮੌਤ ਦਾ ਉਨ੍ਹਾਂ ਨੂੰ ਬਹੁਤ ਦੁੱਖ ਪੁੱਜਾ ਜਵੇਂ ਸੱਜੀ ਬਾਂਹ ਟੁੱਟ ਗਈ ਹੋਵੇ। 1978 ਦੇ ਬੇਰੁਜ਼ਗਾਰ ਅਧਿਆਪਕਾਂ ਦੇ ਘੋਲ ਵਿੱਚ ਤਿੰਨ ਮਹੀਨੇ ਜੇਲ੍ਹ ਵਿੱਚ ਰਹੇ ਅਤੇ 'ਜੇਲ੍ਹ ਅੰਦਰ ਜੇਲ੍ਹ' ਪੁਸਤਕ ਲਿਖੀ। ਮਾਅਰਕੇਬਾਜ਼ੀ ਤੇ ਸੋਧਵਾਦ ਦਾ ਅਧਿਐਨ ਤੇ ਵਿਚਾਰਧਾਰਕ ਮੁਕਾਬਲਾ ਕੀਤਾ। ਉਸਾਰੂ ਬਹਿਸਾਂ ਕਰ ਕੇ ਘੋਲ ਨੂੰ ਜਿੱਤ ਤੱਕ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਈ। ਸੇਵਾਮੁਕਤੀ ਤੱਕ ਲਗਾਤਾਰ ਉਨ੍ਹਾਂ ਨੇ ਮੁਲਾਜ਼ਮਾਂ ਦੀ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ ਬਣ ਕੇ ਮੁਲਾਜ਼ਮ ਹੱਕਾਂ 'ਤੇ ਪਹਿਰਾ ਦਿੱਤਾ। 31 ਮਾਰਚ 1992 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿੱਲਵਾਂ ਤੋਂ ਹਰਭਜਨ ਸਿੰਘ ਹੁੰਦਲ ਸੇਵਾਮੁਕਤ ਹੋਏ। ਸੇਵਾਮੁਕਤੀ ਮਗਰੋਂ ਉਹ ਸਾਹਿਤ ਰਚਨਾ ਦੇ ਨਾਲ-ਨਾਲ ਲੇਖਕਾਂ, ਮਜ਼ਦੂਰਾਂ, ਕਿਸਾਨਾਂ ਤੇ ਹੋਰ ਜਨਤਕ ਘੋਲਾਂ ਨੂੰ ਪ੍ਰਚੰਡ ਕਰਨ ਹਿੱਤ ਖੁੱਲ੍ਹ ਕੇ ਕੰਮ ਕਰਨ ਲੱਗੇ। ਉਨ੍ਹਾਂ ਨੇ ਖੱਬੀ ਲਹਿਰ ਨੂੰ ਹੋਰ ਮਜ਼ਬੂਤ ਕਰਨ ਲਈ ਡਟ ਕੇ ਕੰਮ ਕੀਤਾ।

ਹਰਭਜਨ ਸਿੰਘ ਹੁੰਦਲ ਨੇ ਆਪਣੀ 89 ਸਾਲ ਉਮਰ 'ਚੋਂ ਤਕਰੀਬਨ 65 ਸਾਲ ਲਗਾਤਾਰ ਨਿੱਠ ਕੇ ਸਾਹਿਤ ਰਚਨਾ ਕੀਤੀ। ਉਹ ਪ੍ਰਗਤੀਵਾਦੀ ਗਾਇਕੀ ਦਾ ਧਰੂ ਤਾਰਾ ਬਣੇ। ਇਨਕਲਾਬੀ ਸ਼ਾਇਰੀ ਕਰਦਿਆਂ ਉਨ੍ਹਾਂ ਨੂੰ ਹਕੂਮਤੀ ਤਸ਼ੱਦਦ ਦਾ ਸਾਹਮਣਾ ਵੀ ਕਰਨਾ ਪਿਆ। ਮੋਗਾ ਗੋਲੀ ਕਾਂਢ ਸਮੇਂ ਪੁਲੀਸ ਨੇ ਹੁੰਦਲ ਨੂੰ 16 ਅਕਤੂਬਰ 1972 ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਲਗਾਤਾਰ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ। ਉਨ੍ਹਾਂ ਨੇ ਐਮਰਜੈਂਸੀ ਦਾ ਵਿਰੋਧ ਕਰਨ ਕਾਰਨ 16 ਸਤੰਬਰ 1976 ਤੋਂ 27 ਜਨਵਰੀ 1977 ਤਕਰੀਬਨ ਸਾਢੇ ਚਾਰ ਮਹੀਨੇ ਕਪੂਰਥਲੇ ਦੀ ਜੇਲ੍ਹ ਵਿੱਚ ਕੱਟੇ। ਸਾਹਿਤਕਾਰਾਂ ਨੂੰ ਸਹੀ ਦਿਸ਼ਾ ਦੇਣ ਅਤੇ ਅਗਾਂਹਵਧੂ ਸਾਹਿਤ ਨੂੰ ਪ੍ਰਫੁੱਲਿਤ ਕਰਨ ਹਿੱਤ ਉਨ੍ਹਾਂ ਮਾਰਚ 1992 ਵਿੱਚ ਤ੍ਰੈਮਾਸਕ ਰਸਾਲਾ 'ਚਿਰਾਗ' ਸ਼ੁਰੂ ਕੀਤਾ ਜੋ ਨਿਰੰਤਰ ਹੁਣ ਤੀਕ



ਚੱਲ ਰਿਹਾ ਹੈ। ਸਿਹਤ ਨਾਸਾਜ਼ ਹੋਣ ਕਾਰਨ ਉਨ੍ਹਾਂ ਰਸਾਲੇ ਦੀ ਸੰਪਾਦਨਾ ਦਾ ਕਾਰਜ ਕਰਮਜੀਤ ਸਿੰਘ ਨੂੰ ਸੌਂਪ ਦਿੱਤਾ ਸੀ। ਹਰਭਜਨ ਸਿੰਘ ਹੁੰਦਲ ਨੇ ਕਵਿਤਾ ਦੀ ਹਰ ਵੰਨਗੀ, ਗ਼ਜ਼ਲ, ਸ਼ਾਹ ਮੁਹੰਮਦ ਦੀ ਤਰਜ਼ 'ਤੇ ਜੰਗਨਾਮਾ ਪੰਜਾਬ ਆਦਿ ਸ਼ਾਇਰੀ ਰਾਹੀਂ ਰਾਜਨੀਤਕ ਪ੍ਰਤੀਬੱਧਤਾ ਨੂੰ ਅੱਗੇ ਤੋਰਿਆ ਅਤੇ ਨਿਰਪੱਖਤਾ ਦੀ ਸ਼ਾਇਰੀ ਨੂੰ ਮੂਲੋਂ ਰੱਦ ਕੀਤਾ। ਉਨ੍ਹਾਂ ਨੇ ਵਾਰਤਕ ਵੀ ਖ਼ੂਬ ਲਿਖੀ। ਸਵੈ-ਜੀਵਨੀ 'ਕਵਿੰ ਗੁਜ਼ਾਰੀ ਜ਼ਿੰਦਗੀ' ਰਾਹੀਂ ਹੁੰਦਲ ਨੇ ਪੂਰੇ ਜੀਵਨ ਦੇ ਬਿਰਤਾਂਤਾਂ ਦੇ ਨਾਲ-ਨਾਲ ਉਸ ਸਮੇਂ ਤੋਂ ਅੱਜ ਤੱਕ ਦੇ ਸਮਾਜਿਕ, ਆਰਥਿਕ, ਰਾਜਨੀਤਕ ਹਾਲਾਤ ਅਤੇ ਇਤਿਹਾਸ ਦੀ ਵੀ ਸਿਰਜਣਾ ਕੀਤੀ ਹੈ। ਆਲੋਚਨਾ, ਸਫ਼ਰਨਾਮੇ, ਨਿਬੰਧ, ਅਨੁਵਾਦ ਆਦਿ ਸਾਹਿਤ ਦੀਆਂ ਸਾਰੀਆਂ ਵੰਨਗੀਆਂ ਰਾਹੀਂ ਖੱਬੀ ਵਿਚਾਰਧਾਰਾ ਨੂੰ ਹੋਰ ਸਾਰਥਕ ਰੂਪ ਦਿੱਤਾ।

ਸੰਸਾਰ ਪ੍ਰਸਿੱਧ ਇਨਕਲਾਬੀ ਸ਼ਾਇਰਾਂ ਤੇ ਲੇਖਕਾਂ ਬਾਰੇ ਭਰਪੂਰ ਜਾਣਕਾਰੀ ਵੀ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਝੋਲੀ ਪਾਈ ਤੇ ਉਨ੍ਹਾਂ ਦਾ ਅਨੁਵਾਦ ਵੀ ਕੀਤਾ। ਇਨ੍ਹਾਂ ਵਿੱਚ ਚਿੱਲੀ ਦੇ ਪ੍ਰਸਿੱਧ ਕਵੀ ਪਾਬਲੋ ਨੇਰੂਦਾ, ਇਟਲੀ ਦੇ ਉਸਿਆਨਾ, ਰੂਸ ਦੇ ਪ੍ਰਸਿੱਧ ਕ੍ਰਾਂਤੀਕਾਰੀ ਕਵੀ ਵਲਾਦੀਮੀਰ ਸਾਇਕੋਵਸਕੀ, ਜਰਮਨ ਨਾਟਕਕਾਰ ਬਰਤੋਲਤ ਬਰੈਖ਼ਤ, ਤੁਰਕੀ ਦੇ ਨਾਜ਼ਿਮ ਹਿਕਮਤ, ਬਾਬਾ ਨਜ਼ਮੀ (ਪਾਕਿਸਤਾਨ), ਫਲਸਤੀਨ ਦੇ ਮਹਿਮੂਦ ਦਰਵੇਸ਼, ਫੀਦਲ ਕਾਸਤਰੋ, ਕਾਰਲ ਮਾਰਕਸ, ਚੀ ਗਵੇਰਾ, ਅੰਮ੍ਰਿਤਾ ਸ਼ੇਰਗਿੱਲ, ਅਫ਼ਜ਼ਲ ਤੌਸੀਫ਼, ਫ਼ੈਜ਼ ਅਹਿਮਦ ਫ਼ੈਜ਼, ਹਬੀਬ ਜਾਲਬਿ, ਫਰੈਡਰਿਕ ਏਂਜਲ, ਉਸਤਾਦ ਦਾਮਨ ਆਦਿ ਅਨੇਕਾਂ ਸੰਸਾਰ ਪ੍ਰਸਿੱਧ ਲੇਖਕਾਂ ਬਾਰੇ ਲਿਖਿਆ ਵੀ ਤੇ ਉਨ੍ਹਾਂ ਦੀਆਂ ਪੁਸਤਕਾਂ ਦੇ ਅਨੁਵਾਦ ਵੀ ਬਾਖ਼ੂਬੀ ਕੀਤੇ। ਇੰਜ ਉਨ੍ਹਾਂ ਨੇ 100 ਦੇ ਕਰੀਬ ਪੁਸਤਕਾਂ ਲਿਖੀਆਂ ਜਿਨ੍ਹਾਂ 'ਚੋਂ ਵਧੇਰੇ ਉਨ੍ਹਾਂ ਦੀ ਸ਼ਾਇਰੀ ਦੀਆਂ ਹਨ। ਉਨ੍ਹਾਂ ਨੂੰ ਸੈਂਕੜੇ ਇਨਾਮ ਸਨਮਾਨ ਸਾਹਿਤਕ ਸੰਸਥਾਵਾਂ ਵੱਲੋਂ ਮਿਲੇ, ਪਰ ਹਕੂਮਤਾਂ ਦੇ ਲੋਕ ਵਿਰੋਧੀ ਕਾਰਨਾਮਿਆਂ ਨੂੰ ਜੱਗ ਜ਼ਾਹਰ ਕਰਨ ਕਰਕੇ ਸਰਕਾਰਾਂ ਦਾ ਉਨ੍ਹਾਂ ਨੂੰ ਅਣਗੌਲੇ ਰੱਖਣਾ ਕੁਦਰਤੀ ਸੀ, ਪਰ ਉਨ੍ਹਾਂ ਨੇ ਕਿਸੇ ਸਰਕਾਰੀ ਮਾਨਤਾ ਦੀ ਕਦੇ ਝਾਕ ਨਹੀਂ ਰੱਖੀ।

ਲੇਖਕ ਹੋਣ ਨਾਤੇ ਹਰਭਜਨ ਸਿੰਘ ਹੁੰਦਲ ਨੇ ਪੰਜਾਬੀ ਲੇਖਕਾਂ ਦੀ ਸਾਂਝੀ ਜਥੇਬੰਦੀ, ਕੇਂਦਰੀ ਪੰਜਾਬੀ ਲੇਖਕ ਸਭਾ ਦੀ ਲਗਾਤਾਰ ਅਗਵਾਈ ਕੀਤੀ ਤੇ ਲੇਖਕਾਂ ਨੂੰ ਜਥੇਬੰਦ ਕਰ ਕੇ ਹਾਕਮ ਸ਼੍ਰੇਣੀ ਦੇ ਲੋਕ ਵਿਰੋਧੀ ਕਾਰਨਾਮਿਆਂ ਨੂੰ ਜੱਗ ਜ਼ਾਹਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਸਥਾਨ ਦਵਾਉਣ ਤੇ ਪੰਜਾਬ, ਪੰਜਾਬੀਅਤ, ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਪ੍ਰਫੁਲਤਾ ਲਈ ਕੇਂਦਰੀ ਸਭਾ ਨੂੰ ਹਰ ਪੱਖੋਂ ਮਜ਼ਬੂਤ ਕਰਨ ਲਈ ਉਪਰਾਲੇ ਕੀਤੇ। ਲੇਖਕਾਂ ਨੂੰ ਪ੍ਰਗਤੀਵਾਦੀ ਪ੍ਰਤੀਬੱਧਤਾ ਵਾਲੀ ਸੋਚ ਨਾਲ ਜੋੜਨ ਹਿਤ ਲਗਾਤਾਰ ਯਤਨ ਕੀਤੇ। ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਸਹੀ ਦਿਸ਼ਾ 'ਤੇ ਤੋਰੀ ਰੱਖਣ ਲਈ ਉਨ੍ਹਾਂ ਨੇ ਹਰ ਸੰਭਵ ਉਪਰਾਲਾ ਕੀਤਾ।

ਹਰਭਜਨ ਸਿੰਘ ਹੁੰਦਲ ਦੀਆਂ ਪ੍ਰਾਪਤੀਆਂ ਬਾਰੇ ਜਿੰਨਾ ਵੀ ਜ਼ਿਕਰ ਕੀਤਾ ਜਾਵੇ, ਥੋੜ੍ਹਾ ਹੈ। ਉਹ ਪੰਜਾਬੀ ਸਾਹਿਤ ਜਗਤ ਤੇ ਜਥੇਬੰਦਕ ਲਹਿਰਾਂ ਦਾ ਐਸਾ ਚਾਨਣ-ਮੁਨਾਰਾ ਸੀ ਜੋ ਹਮੇਸ਼ਾ-ਹਮੇਸ਼ਾ ਪਾਂਧੀਆਂ ਦਾ ਪੰਧ ਰੁਸ਼ਨਾਉਂਦਾ ਰਹੇਗਾ। ਹੁੰਦਲ ਬਹੁਵਿਧਾਵੀ ਲੇਖਕ ਸੀ। ਉਨ੍ਹਾਂ ਨੇ ਸਾਹਿਤ ਦੀ ਹਰ ਵਿਧਾ 'ਚ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ, ਪਰ ਉਨ੍ਹਾਂ ਨੂੰ ਪ੍ਰਗਤੀਵਾਦੀ-ਇਨਕਲਾਬੀ ਕਵੀ ਦੇ ਤੌਰ 'ਤੇ ਵਧੇਰੇ ਜਾਣਿਆ ਜਾਂਦਾ ਹੈ। ਹੁੰਦਲ ਦੀ ਪਛਾਣ ਉਸ ਦੀ ਸ਼ਾਇਰੀ ਹੈ। ਸਥਾਪਤੀ ਵਿਰੋਧੀ ਤੇ ਲੋਕਪੱਖੀ ਸ਼ਾਇਰੀ ਕਰਦਿਆਂ 'ਸਾਹਿਤ ਤੇ ਕਲਾ ਲੋਕਾਂ ਲਈ' ਦੇ ਝੰਡਾਬਰਦਾਰ ਰਹੇ।

ਹਰਭਜਨ ਸਿੰਘ ਹੁੰਦਲ ਨੇ ਪਾਕਿਸਤਾਨ ਦੇ ਬਟਵਾਰੇ ਦਾ ਦਰਦ ਵੀ ਝੱਲਿਆ, ਨਕਲਸੀ ਲਹਿਰ, ਖਾੜਕੂ ਲਹਿਰ ਵਿੱਚ ਆਪਣਾ ਵਿਚਾਰਧਾਰਕ ਵਿਰੋਧ ਵੀ ਦਰਜ ਕਰਵਾਇਆ ਤੇ ਸਾਹਿਤ ਨੂੰ ਆਪਣਾ ਜੀਵਨ ਆਧਾਰ ਬਣਾਇਆ। ਪੰਜਾਬੀ ਸਾਹਿਤਕਾਰ ਅਤੇ ਜਥੇਬੰਦਕ ਲਹਿਰਾਂ ਦੇ ਸੰਚਾਲਕ ਉਨ੍ਹਾਂ ਨੂੰ ਹਮੇਸ਼ਾ ਯਾਦ ਕਰਦੇ ਰਹਿਣਗੇ। ਉਨ੍ਹਾਂ ਦਾ ਸਾਰਾ ਜੀਵਨ ਲੋਕ-ਪੱਖੀ ਸ਼ਾਇਰੀ ਅਤੇ ਸੰਘਰਸ਼ ਕਰਦਿਆਂ ਬੀਤਿਆ। ਪੰਜਾਬੀ ਸਾਹਿਤ ਦਾ ਇਹ ਮਘਦਾ ਸੂਰਜ 9 ਜੁਲਾਈ 2023 ਨੂੰ ਸਾਥੋਂ "ਹਲੇ ਹੋ ਗਿਆ, ਪਰ ਉਸ ਦੀ ਰੌਸ਼ਨੀ ਹਮੇਸ਼ਾ-ਹਮੇਸ਼ਾ ਹਨੇਰਿਆਂ ਨੂੰ ਦੂਰ ਕਰਦੀ ਰਹੇਗੀ।

ਇਹ ਸ਼ਰਫ਼ ਵੀ ਹੁੰਦਲ ਸਾਹਿਬ ਨੂੰ ਹਾਸਲ ਹੈ ਕਿ ਪਤਨੀ ਰਘਬੀਰ ਕੌਰ ਨੇ ਸਾਰੀ ਉਮਰ ਉਨ੍ਹਾਂ ਦਾ ਸਾਥ ਦਿੱਤਾ। ਉਹ ਸਕੂਲ ਅਧਿਆਪਕਾ ਸਨ ਤੇ ਉਹ ਹਰਭਜਨ ਸਿੰਘ ਹੁੰਦਲ ਦੀ ਹਰ ਸਰਗਰਮੀ ਤੇ ਦੁੱਖ-ਸੁੱਖ ਵਿੱਚ ਭਾਈਵਾਲ ਰਹੇ। ਉਨ੍ਹਾਂ ਦੀ ਬੇਟੀ ਨਵਜੋਤ ਕੌਰ ਮਾਤਾ ਗੰਗਾ ਕਾਲਜ, ਤਰਨਤਾਰਨ ਵਿੱਚ ਪ੍ਰੋਫੈਸਰ ਵਜੋਂ ਸੇਵਾ ਨਿਭਾਅ ਰਹੀ ਹੈ। ਉਹ ਵੀ ਆਪਣੇ ਪਿਤਾ ਦੀ ਸੋਚ ਨੂੰ ਪ੍ਰਣਾਈ ਹੋਈ ਹੈ। ਬੇਟਾ ਹਰਪ੍ਰੀਤ ਸਿੰਘ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿੱਚ ਬਤੌਰ ਕਾਰਜਕਾਰੀ ਪ੍ਰਿੰਸੀਪਲ ਭੂਮਿਕਾ ਨਿਭਾ ਰਿਹਾ ਹੈ। ਛੋਟਾ ਬੇਟਾ ਹਰਿੰਦਰਪਾਲ ਸਿੰਘ ਕੈਨੇਡਾ ਵਿੱਚ ਕਮਿਊਨਿਸਟ ਪਾਰਟੀ ਆਫ ਕੈਨੇਡਾ (ਸੀ.ਪੀ.ਸੀ.) ਦਾ ਸਰਗਰਮ ਆਗੂ ਹੈ ਅਤੇ ਵਿਧਾਇਕ ਦੀ ਚੋਣ ਵੀ ਲੜ ਚੁੱਕਾ ਹੈ।

ਹਰਭਜਨ ਸਿੰਘ ਹੁੰਦਲ ਕਥਨੀ ਤੇ ਕਰਨੀ ਵਿੱਚ ਇਕਸਾਰਤਾ ਅਤੇ ਆਪਣੀ ਸ਼ਾਇਰੀ ਤੇ ਪ੍ਰਤੀਬੱਧਤਾ ਸਦਕਾ ਹਮੇਸ਼ਾ ਅਮਰ ਰਹਿਣਗੇ।

# ਅਲੱਗ ਹੋ ਚੁੱਕੇ ਖ਼ੂਨ ਦੇ ਰਿਸ਼ਤਿਆਂ ਨੂੰ ਜੋੜਨ ਦਾ ਯਤਨ ਕਰੇਗੀ ਫਿਲਮ 'ਬੱਲੇ ਓ ਚਲਾਕ ਸੱਜਣਾ'

ਪੰਜਾਬੀ ਫਿਲਮੀ ਖੇਤਰ 'ਚ ਹੁਣ ਬਹੁਤ ਕੁਝ ਨਵਾਂ ਅਤੇ ਵੱਖਰਾ ਵੇਖਣ ਨੂੰ ਮਿਲ ਰਿਹਾ ਹੈ। ਹਰ ਹਫਤੇ ਕਿਸੇ ਨਾ ਕਿਸੇ ਨਵੇਂ ਵਿਸ਼ੇ ਨੂੰ ਲੈ ਕੇ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਕਾਮੇਡੀ ਭਰਪੂਰ ਵਿਸ਼ਿਆਂ ਤੋਂ ਹਟ ਕੇ ਨਵੇਂ ਨਵੇਂ ਵਿਸ਼ਿਆਂ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਇਸੇ ਰੁਝਾਨ ਤਹਿਤ ਇਕ ਨਵੇਂ ਅਤੇ ਬਿਲਕੁਲ ਵੱਖਰੇ ਵਿਸ਼ੇ 'ਤੇ ਆਧਾਰਿਤ ਪੰਜਾਬੀ ਫ਼ਿਲਮ 'ਬੱਲੇ ਓ ਚਲਾਕ ਸੱਜਣ' ਜਲਦ ਹੀ ਸਿਨੇਮਾ ਘਰਾਂ ਵਿਚ ਰੀਲੀਜ਼ ਹੋਣ ਜਾ ਰਹੀ ਹੈ। ਦੋ ਸਕੇ ਭਰਾ ਹਾਕਮ ਅਤੇ ਵਰਿਆਮ ਦੀ ਜ਼ਿੰਦਗੀ ਵਿਚ ਉਲਝੀ ਕਹਾਣੀ ਨੂੰ ਇਸ ਫ਼ਿਲਮ ਵਿਚ ਦਰਸਾਇਆ ਗਿਆ ਹੈ। ਪਰਮ ਸਿੱਧੂ, ਗੁਰੀ ਪੰਧੇਰ ਅਤੇ ਸੁੱਖੀ ਢਿੱਲੋਂ ਵੱਲੋਂ ਨਿਰਮਿਤ ਅਤੇ ਮੈਨਲੈਂਡ ਫਿਲਮਜ਼ (ਕੈਨੇਡਾ) ਅਤੇ ਮੇਨਸਾਇਟ ਪਿਕਚਰਜ਼ (ਭਾਰਤ) ਵਲੋਂ ਪ੍ਰੋਡਿਊਸ ਇਸ ਫ਼ਿਲਮ ਦਾ ਨਿਰਦੇਸ਼ਨ ਰੋਇਲ ਸਿੰਘ ਨੇ ਕੀਤਾ। ਫਿਲਮ ਦੇ ਸਿਤਾਰੇ ਅਤੇ ਨਿਪੁੰਨ ਸਟਾਰ ਕਾਸਟ ਵਿਚ ਰਾਜ ਸਿੰਘ ਝਿੰਜਰ, ਵਿਕਰਮ ਚੌਹਾਨ, ਮੋਲੀਨਾ ਸੋਢੀ, ਹਰਸ਼ਜੋਤ ਕੌਰ, ਨਿਰਮਲ ਰਿਸ਼ੀ, ਮਹਾਬੀਰ ਭੁੱਲਰ, ਪਰਮਿੰਦਰ ਬਰਨਾਲਾ, ਅਮਨ ਸੁਧਰ, ਗੁਰਪ੍ਰੀਤ



ਰੁਪਿੰਦਰ ਰੂਪੀ, ਪ੍ਰਕਾਸ਼ ਗਾਧੂ, ਰਾਜ ਧਾਲੀਵਾਲ, ਤੋਤੀ, ਦਿਲਰਾਜ ਉਦੇ, ਸੁਖਵਿੰਦਰ ਰਾਜ ਅਤੇ ਹਰਮਨ ਵਿਰਕ ਸ਼ਾਮਲ ਹਨ।

ਗੁਰਪ੍ਰੀਤ ਤੋਤੀ ਦੁਆਰਾ ਲਿਖੀ ਗਈ ਅਤੇ ਮਨੀਸ਼ ਏਕਲਵਿਆ ਦੁਆਰਾ ਸੰਪਾਦਿਤ ਫਿਲਮ ਬਾਰੇ ਗੱਲ ਕਰੀਏ ਤਾਂ ਇਹ ਫਿਲਮ ਸਮਾਜ ਦੇ ਕੁਝ ਮਹੱਤਵਪੂਰਨ ਦ੍ਰਿਸ਼ਾਂ ਨੂੰ ਉਜਾਗਰ ਕਰਦੀ ਹੈ ਜੋ ਆਪਣੀਆਂ ਗਲਤ ਧਾਰਨਾਵਾਂ ਦੇ ਆਧਾਰ 'ਤੇ ਸ਼ਰਮਨਾਕ ਨਤੀਜਿਆਂ 'ਤੇ ਪਹੁੰਚ ਜਾਂਦੇ ਹਨ। ਪਰ ਇਹ ਮਾਪਦੰਡ ਅਤੇ ਦੋਸ਼ ਇਕ ਨਿਰਦੋਸ਼ ਪਰਿਵਾਰ ਲਈ ਨੁਕਸਾਨਦੇਹ ਜਾਂ ਮਹੱਤਵਪੂਰਨ ਕਿਵੇਂ ਹਨ ਇਹ ਫਿਲਮ ਵਿਚ ਦਰਸ਼ਕਾਂ ਨੂੰ ਦੇਖਣ ਨੂੰ ਮਿਲੇਗਾ। ਫਿਲਮ ਦੇ ਨਿਰਦੇਸ਼ਕ ਰੋਇਲ ਸਿੰਘ ਨੇ ਕਿਹਾ, "ਮੈਨੂੰ ਫਿਲਮ ਦੇ ਨਿਰਦੇਸ਼ਕ ਵਜੋਂ ਜ਼ਿੰਮੇਵਾਰੀ ਮਿਲਣ ਅਤੇ ਪੰਜਾਬੀ ਸਿਨੇਮਾ ਦੇ ਮੰਨੇ-ਪ੍ਰਮੰਨੇ ਕਲਾਕਾਰਾਂ ਨੂੰ ਨਿਰਦੇਸ਼ਿਤ ਕਰਨ ਦਾ ਮੌਕਾ ਮਿਲਣ ਤੋਂ ਵੱਧ ਖੁਸ਼ੀ ਹੈ। ਇਹ ਫਿਲਮ ਬਹੁਤ ਸਾਰੀਆਂ ਭਾਵਨਾਵਾਂ ਅਤੇ ਨੇਕ ਇਰਾਦਿਆਂ ਨਾਲ ਬਣਾਈ ਗਈ ਹੈ। ਇਸ ਲਈ, ਅਸੀਂ ਉਮੀਦ ਕਰਦੇ ਹਾਂ ਕਿ ਦਰਸ਼ਕ ਸਾਡੀ ਇਸ ਵਿਲੱਖਣ ਕਹਾਣੀ ਨੂੰ ਭਰਪੂਰ ਪਿਆਰ ਦੇਣਗੇ।"

ਅਦਾਕਾਰ ਰਾਜ ਸਿੰਘ ਝਿੰਜਰ ਨੇ ਕਿਹਾ, "ਮੈਂ ਕਈ ਫ਼ਿਲਮਾਂ ਵਿਚ ਕੰਮ ਕੀਤਾ ਹੈ ਪਰ ਇਸ ਫ਼ਿਲਮ ਦੀ ਕਹਾਣੀ ਮੈਨੂੰ ਸੱਚਮੁੱਚ ਪਸੰਦ ਆਈ। ਫ਼ਿਲਮ ਦੀ ਕਹਾਣੀ ਅਸਲੀਅਤ ਦੀ ਸੰਵੇਦਨਸ਼ੀਲਤਾ ਨੂੰ ਸਮਝਦੀ ਹੈ ਅਤੇ ਸਮਾਜ ਦੀ ਸਿਰਜਣਾ ਕਰਦੀ ਹੈ। ਅਭਿਨੇਤਰੀ ਨਿਰਮਲ ਰਿਸ਼ੀ ਨੇ ਵੀ ਕਿਹਾ, "ਪੰਜਾਬੀ ਸਿਨੇਮਾ ਨੇ ਪਿਛਲੇ ਕੁਝ ਸਾਲਾਂ ਵਿਚ ਬਹੁਤ ਖ਼ੂਬਸੂਰਤ ਫ਼ਿਲਮਾਂ ਦਾ ਨਿਰਮਾਣ ਕਰ ਕੇ ਕ੍ਰਾਂਤੀ ਲਿਆ ਦਿੱਤੀ ਹੈ, ਜਿਸ ਵਿਚ ਇਕ ਨਵੀਂ ਫ਼ਿਲਮ ਬੱਲੇ ਓ ਚਲਾਕ ਸੱਜਣਾ ਵੀ ਸ਼ਾਮਿਲ ਹੋਣ ਜਾ ਰਹੀ ਹੈ ਜੋ ਕਿ 4 ਅਗਸਤ ਨੂੰ ਸਿਨੇਮਾਘਰਾਂ ਵਿਚ ਆਉਣ ਵਾਲੀ ਹੈ। ਅਭਿਨੇਤਾ, ਵਿਕਰਮ ਚੌਹਾਨ ਨੇ ਕਿਹਾ, "ਫਿਲਮ ਦੇ ਟ੍ਰੇਲਰ ਨੂੰ ਦਰਸ਼ਕਾਂ ਵਲੋਂ ਸ਼ਾਨਦਾਰ ਹੁੰਗਾਰਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਹ ਫਿਲਮ ਦਰਸ਼ਕਾਂ ਦੀਆਂ ਉਮੀਦਾਂ 'ਤੇ ਸੌ ਫ਼ੀਸਦੀ ਖਰੀ ਉਤਰੇਗੀ।

*-ਜਿੰਦ ਜਵੰਦਾ*
*ਫੋਨ: 9779591482*

# ਕਾਰਗਿਲ ਵਿਜੈ ਦਿਵਸ ਮੌਕੇ ਭਾਰਤ ਦੇ ਕੌਂਸਲੇਟ ਜਨਰਲ, ਸ਼ਿਕਾਗੋ ਨੇ ਕਵਿਤਾ ਸੈਸ਼ਨ ਕਰਵਾਇਆ

**ਸ਼ਿਕਾਗੋ:** ਕਾਰਗਿਲ ਵਿਜੈ ਦਿਵਸ ਮੌਕੇ 27 ਜੁਲਾਈ ਦੀ ਸ਼ਾਮ ਨੂੰ ਭਾਰਤ ਦੇ ਕੌਂਸਲੇਟ ਜਨਰਲ, ਸ਼ਿਕਾਗੋ ਵਲੋਂ 'ਏਕ ਸ਼ਾਮ ਸ਼ਹੀਦੋਂ ਕੇ ਨਾਮ' ਕਵਿਤਾ ਸੈਸ਼ਨ ਦਾ ਆਯੋਜਨ ਕਰਵਾਇਆ ਗਿਆ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇੱਕ ਮਿੰਟ ਦਾ ਮੌਨ ਰੱਖਿਆ ਗਿਆ। ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਭਾਰਤੀ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਕਰਨਲ (ਸੇਵਾਮੁਕਤ) ਡਾ: ਵੀ.ਪੀ. ਸਿੰਘ ਜੋ ਹਿੰਦੀ ਦੇ ਪ੍ਰਸਿੱਧ ਕਵੀ ਹਨ ਤੇ ਜਿਨ੍ਹਾਂ ਨੇ ਭਾਰਤੀ ਫੌਜ ਵਿਚ ਡਾਕਟਰ ਵਜੋਂ ਸੇਵਾ ਨਿਭਾਈ, ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਉਨ੍ਹਾਂ ਨੇ ਫੌਜੀਆਂ ਦੀ ਬਹਾਦਰੀ ਅਤੇ ਕੁਰਬਾਨੀਆਂ ਦਾ ਵਰਣਨ ਕੀਤਾ ਜੋ ਉਨ੍ਹਾਂ ਇੱਕ ਫੌਜੀ ਡਾਕਟਰ ਵਜੋਂ ਦੇਖਿਆ ਸੀ। ਕਾਰਗਿਲ 'ਤੇ ਉਨ੍ਹਾਂ ਦਾ ਕਵਿਤਾਵਾਂ ਦਾ ਸੰਗ੍ਰਹਿ "ਰਕਤਾਂਜਲੀ" ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੁਆਰਾ 2011 ਵਿਚ ਪਹਿਲੇ ਕਾਰਗਿਲ ਵਿਜੈ ਦਿਵਸ ਮੌਕੇ ਰਿਲੀਜ਼ ਕੀਤਾ ਗਿਆ ਸੀ।


ਡਾ. ਵੀ.ਪੀ. ਸਿੰਘ ਨੇ 29 ਜੁਲਾਈ ਨੂੰ ਇੰਡੀਅਨਐਪੋਲਿਸ ਵਿਖੇ ਇੰਟਰਨੈਸ਼ਨਲ ਹਿੰਦੀ ਐਸੋਸੀਏਸ਼ਨ (ਇੰਡੀਆਨਾ ਚੈਪਟਰ) ਦੁਆਰਾ ਕਰਵਾਏ ਗਏ 21ਵੇਂ ਦੋ-ਸਾਲਾ ਸੰਮੇਲਨ ਅਤੇ ਯੂਪੀ ਐਸੋਸੀਏਸ਼ਨ ਦੁਆਰਾ ਐਤਵਾਰ, 30 ਜੁਲਾਈ ਨੂੰ ਆਸ਼ਿਆਨਾ ਬੈਂਕੁਏਟਸ, ਡਾਊਨਰਸ ਗਰੋਵ ਇਲੀਨੋਇ ਵਿਖੇ ਕਰਵਾਏ ਗਏ ਕਵੀ ਸੰਮੇਲਨ ਵਿਚ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ।




Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes

Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸਮਰਪਿਤ ਸਮਾਗਮ

**ਫਰਿਜ਼ਨੋ:** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰ ਸਾਲ ਵਾਂਗ ਇਸ ਵਾਰ ਵੀ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ 'ਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜੋ ਖਿੱਚ ਦਾ ਕੇਂਦਰ ਬਣੇ। ਸਮਾਗਮ ਦੀ ਸ਼ੁਰੂਆਤ ਕਰਦਿਆਂ ਹਰਜਿੰਦਰ ਢੇਸੀ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਤੇ ਪਿਛਲੇ ਸਮੇਂ ਦੌਰਾਨ ਭਾਈਚਾਰੇ ਦੀਆਂ ਵਿੱਛੜ ਗਈਆਂ ਉੱਘੀਆਂ ਸ਼ਖਸੀਅਤਾਂ ਨੂੰ ਸ਼ੋਕ ਮਤੇ ਰਾਹੀਂ ਸ਼ਰਧਾਂਜਲੀਆਂ ਭੇਟ ਕੀਤੀਆਂ। ਰਾਜ ਬਰਾੜ ਦੇ ਇਕ ਗੀਤ ਉਪਰੰਤ ਮੰਚ ਸੰਚਾਲਕ ਹਰਜਿੰਦਰ ਢੇਸੀ ਵਲੋਂ ਉੱਘੇ ਸ਼ਾਇਰ ਉਸਤਾਦ ਹਰਜਿੰਦਰ ਕੰਗ, ਲੇਖਕ ਅਤੇ ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ, ਡਾ. ਅਰਜਨ ਜੋਸਨ ਅਤੇ ਗੁਰਰੀਤ ਸਿੰਘ ਬਰਾੜ ਨੂੰ ਭਾਸ਼ਣ ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਨਿਭਾਉਣ ਲਈ ਟੇਬਲ 'ਤੇ ਆਉਣ ਦਾ ਸੱਦਾ ਦਿੱਤਾ ਗਿਆ। ਇਹ ਮੁਕਾਬਲੇ ਤਿੰਨ ਹਿੱਸਿਆਂ ਵਿਚ ਵੰਡੇ ਗਏ ਸਨ।


ਪਹਿਲੇ ਭਾਗ ਵਿਚ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਮਿਲਨਜੋਤ ਸਿੰਘ ਰਾਠੌਰ, ਮੇਹਰ ਭੰਡੋਲ, ਵਾਰਸ ਗਿੱਲ, ਅਜੂਨੀ ਚੀਮਾ, ਏਕਮਜੀਤ ਕੌਰ, ਅੰਗਦਬੀਰ ਸਿੰਘ, ਤਰਨਵੀਰ ਰਾਠੌਰ, ਅਮਾਇਰਾ ਕੌਰ, ਤੇਗਵੀਰ ਰਾਠੌਰ, ਅਰਜੋਈ ਸਿੰਘ, ਅਮਾਇਆ ਗੁਪਤਾ, ਸਵਨੀਤ ਕੌਰ ਕਿੰਗਰਾ, ਸੀਰਤ ਕੌਰ ਮਾਂਗਟ, ਜਾਸ਼ਾਨ ਜੱਜ, ਮਿਲਨ ਸਿੰਘ ਨੇ ਭਾਗ ਲਿਆ। ਇਨ੍ਹਾਂ ਵਿਚੋਂ ਵਾਰਸ ਗਿੱਲ ਨੇ ਪਹਿਲਾ, ਅਜੂਨੀ ਚੀਮਾ ਨੇ ਦੂਜਾ ਅਤੇ ਅੰਗਦਬੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।


ਦੂਜੇ ਭਾਗ ਦੇ ਗਰੁੱਪ 'ਬੀ' ਵਿਚ ਮਿਡਲ ਸਕੂਲ ਦੇ ਵਿਦਿਆਰਥੀ ਆਰੀਅਨ ਗਿੱਲ ਨੇ ਪਹਿਲਾ ਸਥਾਨ ਹਾਸਲ ਕੀਤਾ। ਤੀਜੇ ਭਾਗ ਵਿਚ ਹਾਈ ਸਕੂਲ ਦੇ ਵਿਦਿਆਰਥੀ ਅਵਲੀਨ ਧਾਲੀਵਾਲ, ਕਿਰਤਬੀਰ ਸਿੰਘ, ਮੇਹਰ ਧਾਮੀ, ਰਵਨੀਤ ਕੌਰ, ਅੰਮ੍ਰਿਤਪਾਲ ਸਿੰਘ, ਕਿਰਤ ਸੰਘਾ, ਈਸ਼ਾਨ ਮੁਹਾਰ, ਮਨਟੇਕਵੀਰ ਸਿੱਧੂ, ਰਾਜਵੀਰ ਧਾਲੀਵਾਲ, ਅਵਨੀਤ ਕੌਰ, ਜਸਲੀਨ ਰਾਠੌਰ, ਕਰਨਪਾਲ ਸਿੰਘ ਨੇ ਭਾਗ ਲਿਆ। ਇਨ੍ਹਾਂ ਵਿਚ ਰਵਨੀਤ ਕੌਰ ਨੇ ਪਹਿਲਾ, ਈਸ਼ਾਨ ਮੁਹਾਰ ਨੇ ਦੂਜਾ ਤੇ ਰਾਜਵੀਰ ਧਾਲੀਵਾਲ, ਅਵਨੀਤ ਕੌਰ ਅਤੇ ਜਸਲੀਨ ਰਾਠੌਰ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ।


ਚੌਥੇ ਭਾਗ ਵਿਚ ਕਾਲਜ ਦੇ ਵਿਦਿਆਰਥੀ ਰਜਤ ਗੱਡੂ, ਅਫਰਾਜ ਗਿੱਲ ਪਹਿਲੇ ਸਥਾਨ, ਮਹਿਕਪ੍ਰੀਤ ਸਿੱਧੂ ਦੂਜੇ ਅਤੇ ਸਾਹਿਬ ਸੰਘਾ ਧਾਲੀਵਾਲ ਤੀਜੇ ਸਥਾਨ 'ਤੇ ਰਹੇ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ੍ਹ ਦਿੱਤੇ ਗਏ। ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਯਾਦਗਾਰੀ ਚਿੰਨ੍ਹ ਦਿੱਤੇ ਗਏ।

ਇਸ ਮੌਕੇ ਉਸਤਾਦ ਸ਼ਾਇਰ ਹਰਜਿੰਦਰ ਕੰਗ ਵਲੋਂ ਸ਼ਹੀਦਾਂ ਨੂੰ ਸਮਰਪਿਤ ਸ਼ਾਇਰੀ ਪੇਸ਼ ਕੀਤੀ ਗਈ, ਉਨ੍ਹਾਂ ਬੱਚਿਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਬੱਚਿਆਂ ਅੰਦਰ ਇਹੋ ਜਿਹੇ ਸਮਾਗਮਾਂ ਵਿਚ ਭਾਗ ਲੈਣ ਦੀ ਚੇਟਕ ਪੈਦਾ ਕੀਤੀ। ਸੰਤੋਖ ਮਿਨਹਾਸ ਨੇ ਵੀ ਆਪਣੇ ਵਿਚਾਰਾਂ ਰਾਹੀਂ ਸਮਾਗਮ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਹੋਰ ਬੁਲਾਰਿਆਂ ਵਿਚ ਚਰੰਜੀ ਲਾਲ (ਇਤਿਹਾਸਕਾਰ ਤੇ ਖੋਜੀ ਲੇਖਕ, ਦੇਸ਼ ਭਗਤ ਯਾਦਗਾਰ ਹਿਸਟੋਰੀਅਨ ਕਮੇਟੀ ਮੈਂਬਰ), ਮਲਕੀਤ ਸਿੰਘ ਕਿੰਗਰਾ, ਪਰਮਪਾਲ ਸਿੰਘ, ਗੁਰਰੀਤ ਸਿੰਘ ਬਰਾੜ ਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਆਂਚਲ ਹੇਅਰ ਵਲੋਂ ਇਕ ਸ਼ੇਅਰ ਅਤੇ ਕਵਿਤਾ ਪੇਸ਼ ਕੀਤੇ ਗਏ ਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਸ਼ਿੰਦਰ ਸਿੰਘ ਮੀਰਪੁਰੀ ਨੇ ਸ਼ੇਅਰ ਅਤੇ ਕਵਿਤਾ ਪੇਸ਼ ਕੀਤੀ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਬੋਲੀ ਨਾਲ ਜੋੜਨ ਦੀ ਬੇਨਤੀ ਕੀਤੀ। ਸ਼ਰਨਜੀਤ ਧਾਲੀਵਾਲ ਨੇ ਕਵਿਤਾ ਪੇਸ਼ ਕੀਤੀ ਅਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ। ਅਕਸ਼ ਸੰਧੂ ਨੇ ਗੁਰਭਜਨ ਗਿੱਲ ਦੀ ਕਵਿਤਾ ਪੇਸ਼ ਕੀਤੀ। ਗਾਇਕਾ ਜੋਤ ਰਣਜੀਤ ਵਲੋਂ ਸੰਤ ਰਾਮ ਉਦਾਸੀ ਦਾ ਗੀਤ ਪੇਸ਼ ਕੀਤਾ ਗਿਆ। ਇਸ ਮੌਕੇ 'ਇਕ ਪੰਥ ਇਕ ਸੋਚ' ਸੰਸਥਾ ਵਲੋਂ ਅਮੈਰਿਕਨ ਹੈਰੀਟੇਜ ਫੋਰਮ ਦਾ ਸਨਮਾਨ ਕੀਤਾ ਗਿਆ।

ਅਖੀਰ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ 900 ਏ.ਐਮ. ਦੇ ਸਾਰੇ ਪੰਜਾਬੀ ਹੋਸਟ, 1300 ਏ.ਐਮ ਰੇਡੀਓ ਦੇ ਪਰਵੀਨ ਕੁਮਾਰ, ਜੋਤ ਰਣਜੀਤ (ਪਰਾਈਮ ਏਸ਼ੀਆ), ਸੰਜੀਵ ਕੁਮਾਰ (ਏ.ਬੀ.ਟੀ.ਵੀ.), ਨੀਟਾ ਮਾਛੀਕੇ, ਇੰਡੋ ਯੂ.ਐਸ. ਹੈਰੀਟੇਜ, ਫਰਿਜ਼ਨੋ (ਸਾਧੂ ਸਿੰਘ ਸੰਘਾ, ਮਨਜੀਤ ਸਿੰਘ ਕੁਲਾਰ, ਰਣਜੀਤ ਸਿੰਘ ਗਿੱਲ, ਹੈਰੀ ਮਾਨ), ਜੀ.ਐਚ. ਜੀ ਡਾਂਸ ਐਂਡ ਸੰਗੀਤ ਅਕੈਡਮੀ ਦਾ ਧੰਨਵਾਦ ਕੀਤਾ ਗਿਆ। ਹੋਰ ਮਹਿਮਾਨਾਂ ਵਿਚ ਚਰਨਜੀਤ ਸਿੰਘ ਬਾਠ, ਡਾ. ਮਹਿੰਦਰ ਸਿੰਘ ਪੂਨੀਆ, ਕੋਚ ਦਰਸ਼ਨ ਸਿੰਘ, ਕਰਮ ਸਿੰਘ ਮਾਨ, ਗੁਰਮਿੰਦਰ ਸਿੰਘ ਸੰਘਾ (ਡੀਨ ਫਰਿਜ਼ਨੋ ਸਿਟੀ ਕਾਲਜ), ਹਰਜਿੰਦਰ ਸਿੰਘ ਸੈਣੀ (ਸਿਟੀ ਆਫ ਫਰਿਜ਼ਨੋ, ਮੇਅਰ ਆਫਿਸ) ਹਾਜ਼ਰ ਰਹੇ। ਸਟੇਜ ਦੀ ਜ਼ਿੰਮੇਵਾਰੀ ਹਰਜਿੰਦਰ ਢੇਸੀ ਨੇ ਬਾਖੂਬੀ ਨਿਭਾਈ। ਆਏ ਹੋਏ ਸਭਨਾਂ ਲਈ ਚਾਹ ਪਕੌੜਿਆਂ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਕੁਲ ਮਿਲਾ ਕੇ ਇਹ ਸਮਾਗਮ ਸਫਲ ਹੋ ਨਿੱਬੜਿਆ ਅਤੇ ਭਾਈਚਾਰੇ ਦੇ ਚੇਤਿਆਂ 'ਚ ਵਸ ਗਿਆ। ਅਗਲੇ ਸਮਾਗਮ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਪ੍ਰਬੰਧਕਾਂ ਵਲੋਂ ਸਮਾਗਮ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ। **– ਕੁਲਵੀਰ ਹੇਅਰ**















# 'ਤੀਆਂ ਫੈਸਟੀਵਲ 2023' ਦੌਰਾਨ ਕਲੋਵਿਸ 'ਚ ਲੱਗੀਆਂ ਰੌਣਕਾਂ

**ਫਰਿਜ਼ਨੋ: (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਫਰਿਜ਼ਨੋ ਦੇ ਨਾਲ ਲਗਦੇ ਸ਼ਹਿਰ ਕਲੋਵਿਸ ਦੇ 'ਰੀਜੈਂਸੀ ਈਵੈਂਟ ਸੈਂਟਰ' ਵਿਚ 'ਤੀਆਂ ਫੈਸਟੀਵਲ 2023' ਬੜੀ ਸ਼ਾਨੋ-ਸੌਕਤ ਨਾਲ ਖੁੱਲ੍ਹੇ ਪਾਰਟੀ ਹਾਲ ਵਿਚ ਕਰਾਇਆ ਗਿਆ। ਰੰਗ-ਬਰੰਗੇ ਸੂਟਾਂ, ਫੁਲਕਾਰੀਆਂ ਅਤੇ ਗਹਿਣਿਆਂ ਨਾਲ ਸਜ-ਧਜ ਕੇ ਆਈਆਂ ਮੁਟਿਆਰਾਂ, ਬੱਚੀਆਂ, ਭੈਣਾਂ ਬੀਬੀਆਂ ਨੇ ਭਾਰੀ ਇਕੱਠ ਵਿਚ ਇਸ ਪ੍ਰੋਗਰਾਮ ਦੀ ਸ਼ਾਨ ਵਧਾਈ। ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੋਣ ਕਰਕੇ, ਮਰਦਾਂ ਦੇ ਆਉਣ ਦੀ ਮਨਾਹੀ ਸੀ। ਇਸ ਪ੍ਰੋਗਰਾਮ ਵਿਚ ਬੱਚੀਆਂ, ਭੈਣਾਂ ਅਤੇ ਬੀਬੀਆਂ ਨੇ ਜਿੱਥੇ ਗਿੱਧੇ, ਗੀਤ ਅਤੇ ਹੋਰ ਡਾਂਸ ਦਾ ਪ੍ਰਦਰਸ਼ਨ ਕੀਤਾ, ਉੱਥੇ ਬਹੁਤ ਸਾਰੇ ਬੂਥਾਂ ਤੋਂ ਗਹਿਣੇ-ਗੱਟੇ, ਕੱਪੜੇ, ਪੰਜਾਬੀ ਜੁੱਤੀਆਂ ਅਤੇ ਹੋਰ ਵਸਤਾਂ ਵੀ ਖਰੀਦੀਆਂ। ਉਨ੍ਹਾਂ ਖਾਣੇ ਦੇ ਲੱਗੇ ਸਟਾਲ ਤੋਂ ਵੀ ਮਨਪਸੰਦ ਖਾਣੇ ਖਰੀਦ ਕੇ ਖਾਧੇ। ਇਸ ਸਮੇਂ ਬਹੁਤ ਸਾਰੇ ਇਨਾਮ ਵੀ ਕੱਢੇ ਗਏ। ਹਿੱਸਾ ਲੈਣ ਵਾਲੀਆ ਔਰਤਾਂ ਅਤੇ ਬੱਚੀਆਂ ਨੂੰ ਮਾਣ-ਸਨਮਾਨ ਵੀ ਦਿੱਤਾ ਗਿਆ। ਪ੍ਰੋਗਰਾਮ ਦੌਰਾਨ ਰਾਜ ਸੋਢੀ ਅਤੇ ਰਾਜਪਾਲ ਬਰਾੜ ਆਦਿ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਇਸ ਸਮੁੱਚੇ ਪ੍ਰੋਗਰਾਮ ਨੂੰ ਕੁਲਵੀਰ ਸੇਖੋਂ ਅਤੇ ਫਿਲਮੀ ਅਦਾਕਾਰਾ ਕਿਮੀ ਵਰਮਾ ਨੇ ਬਾਖੂਬੀ ਹੋਸਟ ਕੀਤਾ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਕਮਲ ਗਿੱਲ, ਕੁਲਵੀਰ ਸੇਖੋਂ, ਰਚਨਾ ਗਾਂਧੀ, ਰਾਣੀ ਗਿੱਲ ਆਦਿਕ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਇਸ ਤੋਂ ਇਲਾਵਾ ਰੀਜੈਂਸੀ ਈਵੈਂਟ ਸੈਂਟਰ ਦੇ ਸੰਚਾਲਕ ਅਜੀਤ ਸਿੰਘ ਗਿੱਲ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਸਮੂੰਹ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਨ ਵਿਚ ਵੱਡਾ ਯੋਗਦਾਨ ਪਾਇਆ। ਅੰਤ ਗਿੱਧੇ, ਗੀਤ-ਸੰਗੀਤ ਅਤੇ ਲੱਗੇ ਵੱਖ-ਵੱਖ ਸਟਾਲਾਂ ਦੇ ਰੰਗਾਂ ਵਿੱਚ ਰੰਗਿਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।






# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ 16 ਸਤੰਬਰ ਨੂੰ

**ਫਰਿਜ਼ਨੋ:** ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖ ਕੇ ਸਥਾਨਕ ਬਾਬਿਆਂ ਦੀ ਖਾਲੜਾ ਪਾਰਕ ਕਮੇਟੀ, ਜੈਕਾਰਾ ਮੂਵਮੈਂਟ ਅਤੇ ਇੰਡੋ ਯੂ.ਐਸ. ਹੈਰੀਟੇਜ ਐਸੋਸੀਏਸ਼ਨ ਨੇ ਉਪਰਾਲੇ ਅਰੰਭ ਦਿੱਤੇ ਹਨ। ਹਰ ਸਾਲ ਵਾਂਗ ਇਸ ਸਾਲ ਵੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਫਰਿਜ਼ਨੋ ਦੇ ਖਾਲੜਾ ਪਾਰਕ ਵਿੱਚ 16 ਸਤੰਬਰ ਦਿਨ ਸ਼ਨਿਚਰਵਾਰ ਨੂੰ ਦੁਪਹਿਰ ਦੋ ਵਜੇ ਸ਼ਰਧਾਂਜਲੀ ਸਮਾਗਮ ਰੱਖਿਆ ਗਿਆ ਹੈ। ਲੰਘੇ ਐਤਵਾਰ ਇਸ ਸਮਾਗਮ ਸਬੰਧੀ ਪਹਿਲੀ ਮੀਟਿੰਗ ਖਾਲੜਾ ਪਾਰਕ ਵਿਚ ਕੀਤੀ ਗਈ। ਇਸ ਮੌਕੇ ਪਤਵੰਤੇ ਸੱਜਣਾਂ ਨੇ ਸਭ ਨੂੰ ਇਸ ਸਮਾਗਮ ਵਿਚ ਸ਼ਿਰਕਤ ਕਰਨ ਲਈ ਸਨਿਮਰ ਬੇਨਤੀ ਕੀਤੀ ਅਤੇ ਸਮਾਗਮ ਦੀ ਰੂਪ-ਰੇਖਾ ਤਿਆਰ ਕੀਤੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਤੰਬਰ 1995 ਵਿਚ ਸਮੇਂ ਦੀ ਹਕੂਮਤ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਮਨੁੱਖੀ ਹੱਕਾਂ ਸਬੰਧੀ ਆਵਾਜ਼ ਬੁਲੰਦ ਕਰਨ ਦੇ ਬਦਲੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਉਪਰੰਤ ਜੈਕਾਰਾ ਮੂਵਮੈਂਟ ਦੇ ਉਪਰਾਲੇ ਸਦਕਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਫਰਿਜ਼ਨੋ ਸ਼ਹਿਰ ਵਿਚ ਪਾਰਕ ਬਣਾਇਆ ਗਿਆ ਅਤੇ ਇਸ ਪਾਰਕ ਵਿਚ ਹਰੇਕ ਸਾਲ ਸ਼ਹੀਦ ਖਾਲੜਾ ਦੀ ਯਾਦ ਵਿਚ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ ਜਾਂਦਾ ਹੈ। ਇਸੇ ਕੜੀ ਤਹਿਤ ਇਹ ਸਾਲਾਨਾ ਸਮਾਗਮ 16 ਸਤੰਬਰ ਦਿਨ ਸ਼ਨਿਚਰਵਾਰ ਨੂੰ ਖਾਲੜਾ ਪਾਰਕ ਵਿਖੇ ਦੁਪਹਿਰ ਦੋ ਵਜੇ ਰੱਖਿਆ ਗਿਆ ਹੈ।

**-ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**




## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ
## (ਬੇਅ ਏਰੀਆ-ਕੈਲੀਫ਼ੋਰਨੀਆ)

**22ਵੀਂ ਅੰਤਰ ਰਾਸ਼ਟਰੀ ਦੋ ਰੋਜ਼ਾ ਕਾਨਫ਼ਰੰਸ**

**ਮਿਤੀ: 28-29 ਅਕਤੂਬਰ, 2023**
**ਸਮਾਂ ਤੇ ਸਥਾਨ ਜਲਦੀ ਨਿਸ਼ਚਤ ਕੀਤਾ ਜਾਵੇਗਾ**

*ਇਸ ਕਾਨਫ਼ਰੰਸ ਵਿਚ ਇੰਡੀਆ, ਕੈਨੇਡਾ, ਆਸਟਰੇਲੀਆ ਤੋਂ ਇਲਾਵਾ ਅਮਰੀਕਾ ਤੋਂ ਵਿਦਵਾਨ ਅਤੇ ਲੇਖਕ ਸ਼ਾਮਲ ਹੋਣਗੇ।*

**ਜਾਰੀ ਕਰਤਾ:**
ਕੁਲਵਿੰਦਰ (ਪ੍ਰਧਾਨ) 510-367-2090
ਜਗਜੀਤ (ਜਨਰਲ ਸਕੱਤਰ)-510-676-1565



## One stop shop for all your taxi needs

## The Friendly Group Ltd.
## Chelsea Taxi Brokers

*All types of insurance*
** Medallion transfers*
** Accident claims*
** Taxi Stand Facility available*

**Ph: 212-947-9833, 212-695-0601**

We are here at your service to sell and buy or insure medallions and we are in business to help our Punjabi Community since last 40 years.

***Ask us about Purchase or new buyer and financing.**



*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

# ਮਾਂ ਬੋਲੀ ਦੀਆਂ ਬਾਤਾਂ

***1997 ਵਿਚ ਐਕਸਚੇਂਜ ਪ੍ਰੋਗਰਾਮ ਅਧੀਨ ਇੰਗਲੈਂਡ ਗਿਆ ਸੀ। ਚਾਣਚੱਕ ਮੇਰੀ ਗੱਲਬਾਤ ਕੁਝ ਅਧਿਆਪਕਾਵਾਂ ਨਾਲ ਹੋਈ ਜੋ ਕਿਸੇ ਹੋਰ ਐਕਸਚੇਂਜ ਪ੍ਰੋਗਰਾਮ 'ਚ ਆਈਆਂ ਹੋਈਆਂ ਸਨ। ਜਦੋਂ ਮੈਂ ਮਾਂ ਬੋਲੀ ਪੰਜਾਬੀ 'ਚ ਗੱਲਬਾਤ ਕੀਤੀ ਤਾਂ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਉਨ੍ਹਾਂ ਦਾ ਕਹਿਣਾ ਸੀ ਕਿ ਅੰਗਰੇਜ਼ੀ ਬੋਲ ਬੋਲ ਕੇ ਉਨ੍ਹਾਂ ਦੀ ਜੀਭ ਵਿੰਗੀ ਹੋ ਗਈ ਹੈ।***

**ਕਲਾ ਪਰਿਕਰਮਾ**



**ਪ੍ਰੇਮ ਸਿੰਘ**
**ਫੋਨ: +91-98110-52271**

ਮਾਂ ਬੋਲੀ ਬੱਚੇ ਦੀ ਪਹਿਲੀ ਬੋਲੀ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਜੋ ਆਪਣੀ ਬੋਲੀ ਨਹੀਂ ਬੋਲਦਾ, ਉਸ ਨੇ ਆਪਣੀ ਮਾਂ ਦਾ ਦੁੱਧ ਹੀ ਨਹੀਂ ਪੀਤਾ। ਮਾਂ ਬੋਲੀ ਬੋਲਣ ਵਾਲੇ ਨੂੰ ਪੰਛੀਆਂ ਵਰਗੀ ਖੁੱਲ੍ਹ ਦਾ ਅਹਿਸਾਸ ਕਰਵਾਉਂਦੀ ਹੈ। ਹਾਂ, ਜੇਕਰ ਦੂਸਰਾ ਕੋਈ ਬੋਲਦਾ ਹੈ ਤਾਂ ਮਾਂ ਬੋਲੀ ਬੋਲਣ ਵਾਲੇ ਨੂੰ ਮਿੱਟੀ ਦੀ ਮਹਿਕ ਮਹਿਸੂਸ ਹੁੰਦੀ ਹੈ। ਸਿਆਣੇ ਕਹਿੰਦੇ ਹਨ ਕਿ ਮਾਂ ਬੋਲੀ ਪੰਜਾਬੀ ਨੂੰ ਜੇ ਭੁੱਲ ਜਾਓਗੇ ਤਾਂ ਕੱਖਾਂ ਵਾਂਗੂੰ ਰੁਲ ਜਾਓਗੇ। ਮਾਂ ਬੋਲੀ ਬੋਲਣ ਵਾਲੇ ਦੀ ਪਛਾਣ ਵੀ ਹੈ ਅਤੇ ਵਿਰਸਾ ਤੇ ਵਿਰਾਸਤ ਵੀ। ਵੱਡਾ ਹੋ ਕੇ ਫਿਰ ਉਹ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚ ਹੋਰ ਭਾਸ਼ਾਵਾਂ ਸਿੱਖ ਸਕਦਾ ਹੈ।

1947 'ਚ ਭਾਰਤ ਨੂੰ ਆਜ਼ਾਦੀ ਮਿਲੀ। ਬਰਤਾਨਵੀ ਹਕੂਮਤ ਦਾ ਅੰਤ ਹੋਇਆ। ਸਮਾਂ ਸੀ ਦੇਸ਼ ਨੂੰ ਤਰੱਕੀ ਦੇ ਰਾਹ 'ਤੇ ਪਾ ਕੇ ਦੇਸ਼ ਵਾਸੀਆਂ ਦੇ ਸੁਪਨੇ ਸਾਕਾਰ ਕਰਨ ਦਾ। ਪਹਿਲਾ ਸਦਮਾ ਦੇਸ਼ ਦੀ ਵੰਡ ਸੀ ਕਿਉਂਕਿ ਹੱਸਦੇ-ਵੱਸਦੇ ਲੋਕਾਂ ਨੂੰ ਜੜ੍ਹੋਂ ਉਖਾੜ ਫਿਰਕਾਪ੍ਰਸਤੀ ਦੀ ਅੱਗ ਵਿਚ ਝੋਕ ਦਿੱਤਾ ਗਿਆ ਸੀ। ਇਤਿਹਾਸਕ ਪੱਖ ਤੋਂ ਵੇਖਿਆ ਜਾਵੇ ਤਾਂ ਇਹ ਬੇਹੱਦ ਵੱਡੀ ਗ਼ਲਤੀ ਸੀ। ਸ਼ਰਮਸਾਰ ਹੋਏ ਨੇਤਾ ਇਸ ਦੁਖਾਂਤ 'ਤੇ ਤੌਬਾ ਕਰਦੇ, ਨਵੇਂ ਰਾਹ ਭਾਲ ਰਹੇ ਸਨ। ਭਾਰਤ ਵਾਸੀਆਂ ਨੇ ਦੇਸ਼ ਨੂੰ ਚਲਾਉਣ ਲਈ ਲੋਕਤੰਤਰ ਪ੍ਰਣਾਲੀ ਨੂੰ ਚੁਣਿਆ। ਸੁਤੰਤਰਤਾ ਨੇ ਜੋ ਆਸ ਜਗਾਈ ਸੀ, ਉਹ ਸਮੇਂ ਦੇ ਨਾਲ ਮੱਧਮ ਹੀ ਪੈਂਦੀ ਚਲੀ ਗਈ।

ਨਤੀਜੇ ਵਜੋਂ ਦੇਸ਼ ਦੀ ਨੌਜਵਾਨ ਪੀੜ੍ਹੀ ਨੇ ਵਿਦੇਸ਼ਾਂ ਵੱਲ ਰੁਖ਼ ਕੀਤਾ। ਅੱਜ ਭਾਰਤ ਦੀ ਆਬਾਦੀ ਦਾ ਕੁਝ ਹਿੱਸਾ ਬਾਹਰਲੇ ਮੁਲਕਾਂ ਵਿਚ ਰਹਿੰਦਾ ਹੈ। ਵਿਦੇਸ਼ੀ ਵੱਸੇ ਭਾਰਤੀਆਂ ਨੇ ਮਿਹਨਤ-ਮੁਸ਼ੱਕਤ ਕੀਤੀ। ਡਾਲਰ ਤੇ ਪੌਂਡ ਕਮਾਏ। ਆਪਣਾ ਜੀਵਨ ਸੰਵਾਰਿਆ ਤੇ ਪਿੱਛੇ ਰਹਿੰਦੇ ਪਰਿਵਾਰਾਂ ਦੀ ਵੀ ਦੇਖ-ਭਾਲ ਕੀਤੀ। ਸੁਭਾਵਕ ਹੀ ਉਥੇ ਜਨਮੇ ਬੱਚਿਆਂ ਨੇ ਉਥੋਂ ਦੀ ਵਿਦਿਅਕ ਪ੍ਰਣਾਲੀ ਵਿਚ ਸਿੱਖਿਆ ਲਈ। ਪੰਜਾਬ ਵਿਚ ਜਿੱਥੇ ਅੰਗਰੇਜ਼ੀ ਬੋਲਣਾ 'ਸ਼ਾਨ' ਸੀ, ਉਥੇ ਇਸ ਦੇ ਉਲਟ ਵਿਦੇਸ਼ 'ਚ ਰਹਿੰਦੇ ਪੰਜਾਬੀਆਂ ਦੇ ਬੱਚੇ ਦਾ ਮਾਂ ਬੋਲੀ ਤੋਂ ਮੁਨਕਰ ਹੋ ਕੇ ਅੰਗਰੇਜ਼ੀ ਬੋਲਣਾ ਸਮੱਸਿਆ ਬਣਿਆ। ਪੌਂਡ ਤੇ ਡਾਲਰ ਦੀ ਲਿਸ਼ਕ ਵਿਚ ਬੱਚਿਆਂ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਟੁੱਟਦਾ ਮੋਹ ਚਿੰਤਾ ਦਾ ਕਾਰਨ ਬਣਿਆ।

ਮੈਂ ਪਿਛਲੇ 25-30 ਵਰ੍ਹਿਆਂ ਤੋਂ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਵਿਚ ਆਉਂਦਾ ਜਾਂਦਾ ਰਹਿੰਦਾ ਹਾਂ। ਮੇਰੀ ਆਪਣਾ ਭਾਣਜਾ ਪਿਛਲੇ 45 ਵਰ੍ਹਿਆਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ। ਮੈਂ ਅਜੇ ਤੱਕ ਉਸ ਨੂੰ ਪੰਜਾਬੀ ਦਾ ਇੱਕ ਸ਼ਬਦ ਵੀ ਬੋਲਦਾ ਨਹੀਂ ਸੁਣਿਆ। ਪੰਜਾਬੀ ਥੋੜ੍ਹੀ ਬਹੁਤੀ ਸਮਝਦਾ ਹੈ ਪਰ ਬੋਲ ਨਹੀਂ ਸਕਦਾ। ਇਸ ਤਰ੍ਹਾਂ ਦੀ ਸਥਿਤੀ ਘਰ-ਘਰ ਵਿਚ ਹੈ। ਇਹ ਹਾਲਾਤ ਪੰਜਾਬੀਆਂ ਦੇ ਹੀ ਨਹੀਂ ਸਗੋਂ ਬਾਕੀ ਭਾਈਚਾਰਿਆਂ ਵਿਚ ਵੀ ਹਨ।

ਕੁਝ ਮਹੀਨੇ ਪਹਿਲਾਂ ਮੈਂ ਇੰਗਲੈਂਡ ਵਿਚ ਸਾਂ। ਜਦੋਂ ਦਾਦਾ ਦਾਦੀ, ਨਾਨਾ ਨਾਨੀ, ਚਾਚਾ ਤਾਇਆ, ਭੂਆ ਫੁੱਫੜ, ਮਾਮਾ ਮਾਮੀ ਬੱਚਿਆਂ ਦੇ ਮੂੰਹੋਂ ਪੰਜਾਬੀ ਸੁਣਨ ਲਈ ਤਰਸਦੇ ਹਨ ਤਾਂ ਬੜਾ ਅਜੀਬ ਲੱਗਦਾ। ਇਸ ਨਿਰਾਸਤਾ ਦੀ ਗਹਿਰਾਈ ਦਾ ਅੰਦਾਜ਼ਾ ਲਗਾ ਸਕਣਾ ਔਖਾ ਹੈ। ਮਾਂ ਬੋਲੀ ਤੋਂ ਸੱਖਣੇ ਘਰ ਬਿਖਰ ਗਏ ਹਨ। ਮੈਨੂੰ ਤਾਂ ਇੰਝ ਲੱਗਦਾ ਹੈ ਕਿ ਹੁਣ ਦਾਦਾ ਦਾਦੀ, ਨਾਨਾ ਨਾਨੀ ਆਦਿ ਵਿਦੇਸ਼ 'ਚ ਰਹਿੰਦੇ ਬੱਚਿਆਂ ਲਈ ਕੇਵਲ ਨਾਂ ਹੀ ਰਹਿ ਗਏ ਹਨ। ਵੇਖਿਆ ਜਾਵੇ ਤਾਂ ਅੱਜ ਦੇ ਪੰਜਾਬ ਵਿਚ ਵੀ ਮਾਂ ਬੋਲੀ ਪੰਜਾਬੀ ਦਾ ਭਵਿੱਖ ਕੋਈ ਬਹੁਤਾ ਚੰਗਾ ਨਹੀਂ ਜਾਪਦਾ।



ਇੰਗਲੈਂਡ ਵਿਚ ਰਹਿੰਦਿਆਂ ਮੈਂ ਕਈ ਮਾਵਾਂ ਨਾਲ ਗੱਲ ਕੀਤੀ ਹੈ। ਸੋਚ ਵਿਚ ਗੰਭੀਰਤਾ ਹੈ ਕਿ ਮਾਂ ਬੋਲੀ ਦੀ ਨਿਘਰਦੀ ਸਥਿਤੀ ਨੂੰ ਕਿਵੇਂ ਬਚਾਇਆ ਅਤੇ ਸੁਧਾਰਿਆ ਜਾਵੇ। ਇਸ ਲਈ ਕੀਤੇ ਜਾ ਰਹੇ ਯਤਨ ਪ੍ਰਭਾਵਸ਼ਾਲੀ ਨਹੀਂ ਹਨ। ਬਹੁਕੌਮੀ ਸੱਭਿਆਚਾਰਕ ਪਰਸਪਰ ਸਾਂਝ ਅਤੇ ਪ੍ਰਭਾਵ ਆਪਸੀ ਵਿਸ਼ਵਾਸ ਤਾਂ ਸਹਿਜੇ ਹੀ ਵਧਾਉਂਦਾ ਹੈ ਪਰ ਇਸ ਵਿਚ ਗੁਆਚਦੀ ਮਾਂ ਬੋਲੀ ਚਿੰਤਾ ਦਾ ਵਿਸ਼ਾ ਹੈ। ਜਦੋਂ ਗੋਰੇ, ਕਾਲੇ ਤੇ ਭੂਰੇ ਬੱਚੇ ਇਕੱਠੇ ਹੋ ਕੇ ਖੇਡਦੇ ਤੇ ਗੱਲਾਂ ਕਰਦੇ ਹਨ ਤਾਂ ਚੰਗੇ ਲੱਗਦੇ ਹਨ। ਇਹੋ ਬੱਚੇ ਵਿਸ਼ੇਸ਼ ਕਰਕੇ ਪੰਜਾਬੀ ਬੋਲਣ ਵਾਲੇ ਘਰ ਜਾਂਦੇ ਹੀ ਇਕੱਲੇ ਪੈ ਜਾਂਦੇ ਹਨ। ਮਾਂ ਉਨ੍ਹਾਂ ਦੇ ਮੂੰਹੋਂ ਪੰਜਾਬੀ ਸੁਣਨ ਲਈ ਤਰਸਦੀ ਹੈ, ਪਰ ਉਹ ਬੋਲਣ 'ਚ ਅਸਮਰੱਥ ਹਨ। ਆਪਸੀ ਗੱਲਬਾਤ ਨਾ ਹੋਣ 'ਤੇ ਆਪਸੀ ਮੋਹ ਵੀ ਘਟਦਾ ਜਾ ਰਿਹਾ ਹੈ।

1997 ਵਿਚ ਮੈਂ ਇੱਕ ਐਕਸਚੇਂਜ ਪ੍ਰੋਗਰਾਮ ਅਧੀਨ ਇੰਗਲੈਂਡ ਗਿਆ ਸੀ। ਚਾਣਚੱਕ ਮੇਰੀ ਗੱਲਬਾਤ ਕੁਝ ਅਧਿਆਪਕਾਵਾਂ ਨਾਲ ਹੋਈ ਜੋ ਕਿਸੇ ਹੋਰ ਐਕਸਚੇਂਜ ਪ੍ਰੋਗਰਾਮ 'ਚ ਆਈਆਂ ਹੋਈਆਂ ਸਨ। ਜਦੋਂ ਮੈਂ ਮਾਂ ਬੋਲੀ ਪੰਜਾਬੀ 'ਚ ਗੱਲਬਾਤ ਕੀਤੀ ਤਾਂ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਮਾਂ ਬੋਲੀ ਸਿੱਧੀ ਦਿਲ ਨੂੰ ਛੂੰਹਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਅੰਗਰੇਜ਼ੀ ਬੋਲ ਬੋਲ ਕੇ ਉਨ੍ਹਾਂ ਦੀ ਜੀਭ ਹੀ ਵਿੰਗੀ ਹੋ ਗਈ ਹੈ। ਨਿਰਸੰਦੇਹ ਦੁਨੀਆ ਦੀਆਂ ਸਾਰੀਆਂ ਭਾਸ਼ਾਵਾਂ ਸਿੱਖੀਆਂ ਜਾ ਸਕਦੀਆਂ ਹਨ ਪਰ ਤੁਸੀਂ ਆਪਣੀਆਂ ਅੰਤਰੀਵ ਭਾਵਨਾਵਾਂ ਦਾ ਪ੍ਰਗਟਾਵਾ ਜਿਵੇਂ ਆਪਣੀ ਮਾਂ ਬੋਲੀ ਵਿਚ ਕਰ ਸਕਦੇ ਹੋ ਉਸ ਦੀ ਕੋਈ ਰੀਸ ਨਹੀਂ, ਉਹ ਸੁਖ ਕਿਤੇ ਹੋਰ ਨਹੀਂ ਮਿਲ ਸਕਦਾ। ਕਿਸੇ ਕੌਮ ਦੀ ਪਛਾਣ ਉਸ ਦੀ ਮਾਂ ਬੋਲੀ ਹੁੰਦੀ ਹੈ। ਮਾਂ ਬੋਲੀ 'ਤੇ ਮਾਣ ਕਰਨਾ ਆਪਣਾ ਵਿਕਾਸ ਕਰਨਾ ਹੈ।

ਸਾਲ 2009-10 ਦੇ ਦਸੰਬਰ ਜਨਵਰੀ ਮਹੀਨੇ ਮੈਂ ਹੰਗਰੀ ਗਿਆ। ਬੁਦਾਪੈਸਟ ਵਿਚ ਰਹਿੰਦਿਆਂ ਮੈਂ ਕੁਝ ਲੋਕਾਂ ਨਾਲ ਯੂਰਪੀ ਯੂਨੀਅਨ ਦੇ ਸੰਗਠਨ ਬਾਰੇ ਗੱਲ ਕੀਤੀ। ਸਭ ਦਾ ਕਹਿਣਾ ਸੀ ਕਿ ਕੋਈ ਖ਼ਾਸ ਲਾਭ ਨਹੀਂ ਹੋਇਆ, ਬਸ ਇੰਨਾ ਜ਼ਰੂਰ ਹੈ ਕਿ ਹੁਣ ਹੰਗਰੀ ਦੇ ਵਾਸੀ ਖੁੱਲ੍ਹ ਨਾਲ ਯੂਰਪੀ ਯੂਨੀਅਨ ਨਾਲ ਜੁੜੇ ਮੁਲਕਾਂ ਵਿਚ ਘੁੰਮ ਸਕਦੇ ਹਨ ਤੇ ਕੰਮ ਵੀ ਕਰ ਸਕਦੇ ਹਨ। ਵੇਖਣ ਨੂੰ ਇਹ ਮਿਲਿਆ ਕਿ ਨੌਜਵਾਨ ਮੁੰਡੇ-ਕੁੜੀਆਂ ਨੇ ਮਾਂ ਬੋਲੀ ਛੱਡ ਕੇ ਵੱਖ-ਵੱਖ ਮੁਲਕਾਂ ਦੀਆਂ ਭਾਸ਼ਾਵਾਂ ਸਿੱਖਣੀਆਂ ਸ਼ੁਰੂ ਕਰ ਦਿੱਤੀਆਂ। ਮਨੋਰਥ ਸੀ ਉਥੇ ਜਾ ਕੇ ਕੰਮ ਕਰਨ ਦਾ। ਹੰਗਰੀ ਦੇ ਲੋਕ ਸਾਊ ਹਨ। ਆਪਣੀ ਮਿੱਟੀ ਨਾਲ ਜੁੜੇ ਲੋਕ ਆਪਣੀ ਮਾਂ ਬੋਲੀ ਬੋਲ ਕੇ ਆਨੰਦ ਲੈਂਦੇ ਹਨ। ਅੰਗਰੇਜ਼ੀ ਬੋਲਣ ਵਾਲਾ ਕੋਈ ਵਿਰਲਾ ਹੀ ਨਜ਼ਰ ਪੈਂਦਾ ਹੈ।

ਸਮੱਸਿਆ ਇਹ ਹੈ ਕਿ ਜਦੋਂ ਵਿਦੇਸ਼ਾਂ ਵਿਚ ਰਹਿੰਦੇ ਪਰਿਵਾਰਾਂ ਦੇ ਬੱਚੇ ਆਪਣੀ ਮਾਂ ਬੋਲੀ ਨੂੰ ਊਣਾ ਸਮਝਣ ਲੱਗ ਪੈਣ ਤੇ ਸਿਰਫ਼ ਅੰਗਰੇਜ਼ੀ ਵਿਚ ਹੀ ਗੱਲਬਾਤ ਨੂੰ ਪਹਿਲ ਦੇਣ ਤਾਂ ਇਸ ਬਾਰੇ ਸੋਚਣ ਦੀ ਲੋੜ ਹੈ। ਦਿਲ ਅਤੇ ਦਿਮਾਗ 'ਚ ਵਸੀ ਮਾਂ ਬੋਲੀ ਕਈ ਸਵਾਲ ਖੜ੍ਹੇ ਕਰਦੀ ਹੈ। ਇਸ ਤਰ੍ਹਾਂ ਦੀ ਅਣਗਹਿਲੀ ਆਪਣੇ ਵਿਰਸੇ ਅਤੇ ਵਿਰਾਸਤ ਦੀ ਨਿਰਾਦਰੀ ਵੀ ਹੈ।

ਮਾਂ ਬੋਲੀ ਬਾਰੇ ਫੀਰੋਜ਼ਦੀਨ ਸ਼ਰਫ਼ ਲਿਖਦਾ ਹੈ:

ਪੁੱਛੀ ਸ਼ਰਫ ਨਾ ਜਿਨ੍ਹਾਂ ਨੇ ਬਾਤ ਮੇਰੀ,
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।

## ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ

ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ,
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।
ਸਮਝਾਂ ਫ਼ਾਰਸੀ, ਉਰਦੂ ਵੀ ਖ਼ੂਬ ਬੋਲਾਂ,
ਥੋੜ੍ਹੀ ਬਹੁਤ ਅੰਗਰੇਜ਼ੀ ਵੀ ਅੰਗਦਾ ਹਾਂ।
ਬੋਲੀ ਆਪਣੀ ਨਾਲ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ।
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।
ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਰਵਾਂ ਇੱਥੇ ਤੇ ਯੂ.ਪੀ. 'ਚ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬੀ ਦਾ ਸ਼ਰਫ਼ ਸੇਵਕ,
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।

***-ਫ਼ੀਰੋਜ਼ਦੀਨ ਸ਼ਰਫ਼***

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਅਗਸਤ 2023** ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-598



*ਪੱਕਿਆਂ ਦੇ ਸੰਗ ਸੀ ਕੱਚਾ ਢਾਰਾ, ਆਏ ਹੜ੍ਹ ਤਾਂ ਢਹਿ ਗਿਆ ਸਾਰਾ।*
*ਪਤਲੀ ਹਾਲਤ ਲਾਚਾਰ ਵਿਚਾਰਾ, ਕਾਣੀ ਵੰਡ ਦਾ ਇਹ ਦੇਖੋ ਕਾਰਾ।*

## ਕੈਪਸ਼ਨ ਮੁਕਾਬਲਾ-596



ਕੁਦਰਤ ਕਹਿਰਵਾਨ ਹੈ ਹੋਈ,
ਪਸ਼ੂ ਪੰਛੀ ਨੂੰ ਮਿਲੇ ਨਾ ਢੋਈ।
ਵਸਦੇ-ਰਸਦੇ ਵਿੱਛੜੇ ਜੋੜੇ,
ਪੁੱਟ ਦਰੱਖਤ ਪਾਣੀ ਵਿਚ ਰੋਹੜੇ।
ਮਾਂ ਨੇ ਆਪਣੇ ਮਨ ਜੋ ਚਾਹਿਆ,
ਬੱਚਾ ਟੋਕਰੇ ਵਿਚ ਬਿਠਾਇਆ
ਮਾਂ ਦੇ ਗਲ਼ ਤਕ ਪਾਣੀ ਚੜ੍ਹਿਆ,
ਟੋਕਰੇ ਨੂੰ ਉਸ ਘੁੱਟ ਕੇ ਫੜਿਆ।
ਨਾਰੀ ਨੂੰ ਕਮਜ਼ੋਰ ਨਾ ਜਾਣੀ,
ਬਣ ਗਈ ਅੱਜ ਝਾਂਸੀ ਦੀ ਰਾਣੀ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਬੇਵਸੀ ਦੀ ਹੱਦ ਨਾ ਬਾਕੀ
ਰੱਬ ਬਣ ਗਿਆ ਸਾਡਾ ਆਕੀ
ਹੜ੍ਹਾਂ ਵਿਚ ਸਭ ਕੁਝ ਹੜ੍ਹਾ ਕੇ
ਆਪਣੀ ਆਂਦਰ ਟੋਕਰੇ ਵਿਚ ਬਿਠਾ ਕੇ
ਮਾਂ ਹੋਣ ਦਾ ਫਰਜ਼ ਨਿਭਾਇਆ
ਭਾਵੇਂ ਆਪਣਾ ਜੀਵਨ ਦਾਅ 'ਤੇ ਲਾਇਆ।
ਨੰਨ੍ਹੀ ਜਿੰਦ ਵੀ ਚਿੰਤਾ ਨੇ ਘੇਰੀ
ਸ਼ਾਲਾ! ਕਰੀਂ ਮਾਂ ਪੁੱਤ ਦੀ
ਉਮਰ ਲੰਮੇਰੀ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਨਾ ਇਨ੍ਹਾਂ ਕੋਲ ਲਾਈਫ਼ ਜੈਕਟਾਂ,
ਨਾ ਕਿਸ਼ਤੀ ਹੀ ਆਈ।
ਜਿਗਰ ਦੇ ਟੋਟੇ ਖਾਤਰ ਆਪਣੀ,
ਜਾਨ ਜੋਖ਼ਮ ਵਿਚ ਪਾਈ।
ਮਾਂ ਤਾਂ ਹੁੰਦੀ ਮਾਂ ਹੈ ਯਾਰੋ,
ਕੁਦਰਤ ਨਾਲ ਵੀ ਕਰੇ ਲੜਾਈ।
ਫਿੱਟੇ ਮੂੰਹ ਸਰਕਾਰਾਂ ਦੇ ਹੈ,
ਜਿਨ੍ਹਾਂ ਸਾਰ ਲਈ ਨਾ ਕਾਈ।
***- ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਪਰਵਾਸ-2

# ਆਰਥਿਕ ਤੋਂ ਇਲਾਵਾ ਹੁਣ ਸਮਾਜਿਕ ਹਾਲਤ ਵੀ ਹੈ ਪਰਵਾਸ ਦਾ ਕਾਰਨ

***ਪਰਵਾਸ ਦੀ ਕਹਾਣੀ ਮੁੱਢ-ਕਦੀਮ ਦੀ ਹੈ। ਮਨੁੱਖ ਆਪਣੇ ਜੀਵਨ-ਨਿਰਬਾਹ ਲਈ ਇੱਕ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ ਅਤੇ ਉਥੇ ਵੱਸਦਾ ਵੀ ਰਿਹਾ ਹੈ। ਅੱਜ ਦੇ ਪਰਵਾਸ ਦੀ ਕਹਾਣੀ ਵੀ ਭਾਵੇਂ ਉਸ ਪਰਵਾਸ ਨਾਲੋਂ ਬਹੁਤੀ ਵੱਖਰੀ ਨਹੀਂ ਪਰ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਤੋਂ ਵਿਦੇਸ਼ੀ ਧਰਤੀਆਂ ਲਈ ਜੋ ਪਰਵਾਸ ਹੋ ਰਿਹਾ ਹੈ, ਉਸ ਨੇ ਪੰਜਾਬ ਦਾ ਤਾਣਾ-ਬਾਣਾ, ਖਾਸ ਕਰ ਕੇ ਸਮਾਜਿਕ, ਹਿਲਾ ਕੇ ਰੱਖ ਦਿੱਤਾ ਹੈ ਅਤੇ ਸਭ ਨੂੰ ਫਿਕਰ ਵਿਚ ਪਾ ਦਿੱਤਾ ਹੈ। ਇਸ ਫਿਕਰ ਬਾਰੇ ਤਫਸੀਲ ਸਹਿਤ ਗੱਲਾਂ ਉੱਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ।***

ਘਰ-ਬਾਰ ਛੱਡਣਾ ਤੇ ਆਪਣਿਆਂ ਨਾਲੋਂ ਵਿੱਛੜਨਾ ਕੋਈ ਸੌਖਾ ਕੰਮ ਨਹੀਂ ਹੁੰਦਾ। ਮਸ਼ਹੂਰ ਉਰਦੂ ਸ਼ਾਇਰ ਬਸ਼ੀਰ ਬਦਰ ਆਖਦਾ ਹੈ, "ਕੁਛ ਤੋ ਮਜਬੂਰੀਆਂ ਰਹੀ ਹੋਂਗੀ, ਯੂੰ ਕੋਈ ਬੇਵਫ਼ਾ ਨਹੀਂ ਹੋਤਾ!" ਅਜਿਹੇ ਨਿਮੋਹੇ ਹੁੰਦੇ ਤਾਂ ਹਨ ਜਿਨ੍ਹਾਂ ਨੂੰ ਬਾਹਰ ਵਸਣਾ ਇਧਰਲੀ ਅਪਣੱਤ ਨਾਲੋਂ ਵੱਡੀ ਪ੍ਰਾਪਤੀ ਲਗਦਾ ਹੈ, ਪਰ ਸੌ ਪਿੱਛੇ ਉਨ੍ਹਾਂ ਦੀ ਗਿਣਤੀ ਕੋਈ ਬਹੁਤੀ ਨਹੀਂ ਹੁੰਦੀ। ਆਓ ਤੁਹਾਡੇ ਨਾਲ ਇਕ ਅਨੋਖੇ ਬੰਦੇ ਦੀ ਮੁਲਾਕਾਤ ਕਰਵਾਂ।



**ਗੁਰਬਚਨ ਸਿੰਘ ਭੁੱਲਰ**
ਫੋਨ:+91-80763-63058

ਅਸੀਂ ਕੈਲੀਫੋਰਨੀਆ ਦੀ ਸਟੈਨਫੋਰਡ ਯੂਨੀਵਰਸਿਟੀ ਦੇਖਣ ਗਏ। ਉਹਦਾ ਮਿਊਜ਼ੀਅਮ ਦਿੱਲੀ ਵਾਲੇ ਮਿਊਜ਼ੀਅਮ ਜਿੰਨਾ ਵੱਡਾ ਸੀ। ਪਹਿਲੇ ਕਮਰੇ ਵਿਚ ਹੀ ਸਕਿਊਰਿਟੀ ਦੀ ਵਰਦੀ ਵਾਲੇ ਇਕ ਸਿੱਖ ਸੱਜਣ ਦੇ ਦਰਸ਼ਨ ਹੋ ਗਏ। ਫ਼ਤਿਹ ਸਾਂਝੀ ਕਰ ਕੇ ਉਹਨੇ ਹਰ ਉਧਰਲੇ ਪੰਜਾਬੀ ਵਾਲਾ ਸਵਾਲ ਪੁੱਛਿਆ, "ਇਥੋਂ ਹੀ ਹੋ ਜਾਂ ਦੇਸੋਂ ਆਏ ਹੋ?" ਜਵਾਬ ਦੇ ਕੇ ਅਸੀਂ ਮਿਊਜ਼ੀਅਮ ਦੇਖਣ ਲੱਗ ਪਏ। ਅਸੀਂ ਜਿਸ ਕਮਰੇ ਵਿਚ ਜਾਈਏ, ਉਹ ਕੁਛ ਚਿਰ ਪਿੱਛੋਂ ਉਥੇ ਆ ਕੇ ਸਾਥੋਂ ਦੂਰ ਘੁੰਮਦਾ ਰਹੇ। ਪਹਿਲਾਂ ਮੈਨੂੰ ਲਗਿਆ, ਇਹ ਨਜ਼ਰ ਰੱਖ ਰਿਹਾ ਹੈ ਕਿ ਅਸੀਂ ਚੋਰੀ ਕਰ ਕੇ ਕੁਛ ਛੁਪਾ ਨਾ ਲਈਏ। ਫੇਰ ਮੈਂ ਸੋਚਿਆ, ਸ਼ਾਇਦ ਇਹ ਗੱਲਾਂ ਕਰਨੀਆਂ ਚਾਹੁੰਦਾ ਹੋਵੇ। ਮੈਂ ਜਾ ਕੇ ਉਹਦੇ ਨਾਲ ਗੱਲੀਂ ਪਿਆ ਤਾਂ ਉਹ ਮੇਰਾ ਪਿੰਡ ਪੁੱਛ ਕੇ ਬੋਲਿਆ, "ਮੇਰੇ ਵੀ ਨਾਨਕੇ ਸੁਨਾਮ ਕੋਲ ਮਾਲਵੇ ਵਿਚ ਹੀ ਨੇ।" ਕੁਛ ਚਿਰ ਦੀ ਗੱਲਬਾਤ ਪਿੱਛੋਂ ਉਹ ਨੀਵੀਂ ਪਾ ਕੇ ਦੋ ਪਲ ਚੁੱਪ ਰਿਹਾ ਤੇ ਫੇਰ ਬੋਲਿਆ, "ਮਾਲਵੇ ਵਿਚ ਹੁਣ ਵੀ ਕਪਾਹਾਂ ਓਵੇਂ ਖਿੜਦੀਆਂ ਨੇ?" ਉਹਦੇ ਸਵਾਲ ਤੋਂ ਹੈਰਾਨ ਹੋ ਕੇ ਮੈਂ ਕਿਹਾ, "ਹਾਂ, ਓਵੇਂ ਹੀ ਖਿੜਦੀਆਂ ਨੇ।" ਉਹਦੇ ਅਗਲੇ ਸਵਾਲ ਨੇ ਮੈਨੂੰ ਸੁੰਨ ਕਰ ਦਿੱਤਾ। ਪਤਾ ਨਹੀਂ ਕਿਹੜੀਆਂ ਯਾਦਾਂ ਵਿਚ ਭਿੱਜੇ ਹੋਏ ਜਜ਼ਬਾਤੀ ਚਿਹਰੇ ਨਾਲ ਉਹਨੇ ਪੁੱਛਿਆ, "ਮੁਟਿਆਰਾਂ ਓਵੇਂ ਹੀ ਕਪਾਹਾਂ ਚੁਗਦੀਆਂ ਨੇ?" ਮੈਂ ਉਹਦੇ ਮੋਢੇ ਉੱਤੇ ਹੱਥ ਰੱਖ ਕੇ ਕਿਹਾ, "ਹਾਂ ਵੀਰ, ਮੁਟਿਆਰਾਂ ਵੀ ਓਵੇਂ ਹੀ ਕਪਾਹਾਂ ਚੁਗਦੀਆਂ ਨੇ!" ਪਤਾ ਨਹੀਂ ਕਪਾਹ ਚੁਗਦੀ ਕਿਸ ਭਾਗਭਰੀ ਦੀ ਮੂਰਤੀ ਉਹਦੇ ਮਨ-ਮੰਦਰ ਵਿਚ ਸਜੀ ਹੋਈ ਸੀ!

ਮਨੁੱਖੀ ਮਨ ਦੀ ਅਜਬ ਕਹਾਣੀ ਦੇਖੋ, ਇਧਰ ਪਿੱਛੇ ਰਹਿ ਗਏ ਘਰ-ਬਾਰ ਤੇ ਸਕੇ-ਸੰਬੰਧੀਆਂ ਤੋਂ ਵੀ ਵਧ ਕੇ ਅਨੇਕ ਲੋਕਾਂ ਨੂੰ ਨਿਮਾਣੀ ਮਿੱਟੀ ਦਾ ਮੋਹ ਅੰਦਰੋਂ ਕੁਤਰਦਾ ਰਹਿੰਦਾ ਹੈ। ਮੇਰੇ ਇਕ ਰਿਸ਼ਤੇਦਾਰ ਭਾਈ ਦਾ ਪੂਰਾ ਪਰਿਵਾਰ, ਇਥੇ ਘਰ ਤੋਂ ਬਣੇ ਮਕਾਨ ਨੂੰ ਜਿੰਦਾ ਲਾ ਕੇ, ਕਈ ਸਾਲਾਂ ਤੋਂ ਕੈਲੀਫੋਰਨੀਆ ਰਹਿ ਰਿਹਾ ਸੀ। ਮੇਰੀ ਭਾਬੀ ਸਾਨੂੰ ਉਥੇ ਗਿਆਂ ਨੂੰ ਕਹਿੰਦੀ, "ਮੇਰਾ ਨਹੀਂ ਇਥੇ ਜੀਅ ਲਗਦਾ, ਮੈਂ ਤਾਂ ਪਿੰਡ ਜਾ ਕੇ ਰਹੂੰਗੀ।" ਮੈਂ ਹੈਰਾਨ ਹੋ ਕੇ ਆਖਿਆ, "ਤੇਰਾ ਪਤੀ, ਇਕਲੌਤਾ ਪੁੱਤ ਤੇ ਉਹਦਾ ਪਰਿਵਾਰ, ਸਭ ਕੁਛ ਤਾਂ ਇਥੇ ਹੈ, ਪਿੰਡ ਤੇਰਾ ਕੀ ਹੈ?" ਉਹ ਬੋਲੀ, "ਉਥੇ ਮੇਰੀ ਜੰਮਣ-ਭੋਇੰ ਦੀ ਮਿੱਟੀ ਐ!" ਮੈਂ ਉਦਾਸ ਹੋ ਗਈ ਗੱਲਬਾਤ ਵਿਚੋਂ ਨਿਕਲਣ ਲਈ ਆਖਿਆ, "ਤੈਨੂੰ ਸਵਾ ਸੇਰ ਮਿੱਟੀ ਇਥੇ ਹੀ ਭੇਜ ਦਿਆਂਗੇ।"

ਇਹ ਦੋਵੇਂ ਘਟਨਾਵਾਂ ਸੁਣਾਉਣ ਤੋਂ ਮੇਰਾ ਭਾਵ ਹੈ ਕਿ ਦੇਸ ਛੱਡਣਾ ਏਨਾ ਸੌਖਾ ਵੀ ਨਹੀਂ! ਪਰ ਫੇਰ ਵੀ ਜੇ ਲੱਖਾਂ ਦੀ ਗਿਣਤੀ ਵਿਚ ਲੋਕ ਦੇਸ ਛੱਡ ਕੇ ਪਰਦੇਸ ਜਾ ਰਹੇ ਹਨ ਤਾਂ ਉਹ ਕਿਹੜੇ ਕਾਰਨ ਹਨ ਜਿਹੜੇ ਦੇਸ ਦੀ ਤੇ ਆਪਣਿਆਂ ਦੀ ਅਪਣੱਤ ਤੋਂ ਵੀ ਭਾਰੂ ਹੋ ਜਾਂਦੇ ਹਨ? ਲੋਕ-ਸਭਾ ਵਿਚ ਬਦੇਸ ਮਾਮਲਿਆਂ ਦੇ ਮੰਤਰੀ ਦੇ ਦਿੱਤੇ ਇਕ ਸਵਾਲ ਦੇ ਜਵਾਬ ਅਨੁਸਾਰ 2016 ਤੋਂ ਫ਼ਰਵਰੀ 2021 ਤੱਕ ਪੰਜਾਬ ਤੇ ਚੰਡੀਗੜ੍ਹ ਤੋਂ 9 ਲੱਖ 84 ਹਜ਼ਾਰ ਲੋਕ ਪਰਦੇਸਾਂ ਵਿਚ ਗਏ। ਇਨ੍ਹਾਂ ਵਿਚ 3 ਲੱਖ 79 ਹਜ਼ਾਰ ਵਿਦਿਆਰਥੀ ਸਨ ਤੇ ਬਾਕੀ ਵੰਨ-ਸੁਵੰਨੇ ਕਾਮੇ। ਇਹ 2020 ਦੀ ਅਨੁਮਾਨੀ ਹੋਈ ਵਸੋਂ ਦਾ 3 ਫ਼ੀਸਦੀ ਬਣਦੇ ਸਨ। ਪੰਜਾਬ ਵਿਚੋਂ ਜਾਣ ਵਾਲਿਆਂ ਦਾ 38 ਫ਼ੀਸਦੀ ਵਿਦਿਆਰਥੀ ਸਨ। ਵੱਡੀ ਬਹੁ-ਗਿਣਤੀ ਵਿਦਿਆਰਥੀਆਂ ਸਮੇਤ ਜਿੰਨੇ ਲੋਕ ਕਿਸੇ ਵੀ ਆਧਾਰ ਉੱਤੇ ਬਾਹਰ ਜਾਂਦੇ ਹਨ, ਸਭ ਦਾ ਟੀਚਾ ਉਥੇ ਟਿਕਣਾ-ਕਮਾਉਣਾ ਹੀ ਹੁੰਦਾ ਹੈ।

ਧਿਆਨਯੋਗ ਗੱਲ ਇਹ ਹੈ ਕਿ ਮੁੱਢਲੇ ਪਰਵਾਸੀਆਂ ਤੋਂ ਲੈ ਕੇ ਅੱਜ ਤੱਕ ਪਰਵਾਸ ਦਾ ਇਤਿਹਾਸ ਮਾਇਆ ਦੁਆਲੇ ਹੀ ਘੁੰਮਦਾ ਹੈ। ਮਾਇਆ ਦੀ ਚੁੰਬਕੀ ਖਿੱਚ ਬੜੀ ਜ਼ੋਰਾਵਰ ਹੈ। 19ਵੀਂ ਸਦੀ ਦੇ ਅੰਤ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਜਦੋਂ ਮੁੱਢਲੇ ਪੰਜਾਬੀ ਅਮਰੀਕਾ ਗਏ, ਪੰਜਾਬ ਵਿਚ ਕਾਮੇ ਦੀ ਦਿਹਾੜੀ ਛੇ ਆਨੇ ਸੀ ਅਤੇ ਕੈਲੀਫੋਰਨੀਆ ਵਿਚ ਮਹਾਂ-ਬਿਰਛ ਵੱਢਣ, ਆਰਾ ਮਿੱਲਾਂ ਵਿਚ ਕੰਮ ਕਰਨ, ਅਣਵਾਹੀਆਂ ਧਰਤੀਆਂ ਵਾਹੀ ਹੇਠ ਲਿਆਉਣ ਤੇ ਰੇਲ ਦੀਆਂ ਪਟੜੀਆਂ ਵਿਛਾਉਣ ਦੀ ਦਿਹਾੜੀ ਦੇ ਦੋ ਡਾਲਰ ਮਿਲਦੇ ਸਨ। ਓਦੋਂ ਡਾਲਰ ਤਿੰਨ ਰੁਪਏ ਇਕ ਆਨੇ ਦਾ ਸੀ ਅਤੇ ਦੋ ਡਾਲਰਾਂ ਦੇ 98 ਆਨੇ ਇਥੋਂ ਦੀਆਂ 16 ਦਿਹਾੜੀਆਂ ਤੋਂ ਵੀ ਵੱਧ ਬਣਦੇ ਸਨ। ਇਸੇ ਲਈ ਮੇਰੇ ਪਿਛਲੇ ਲੇਖ ਵਾਲਾ ਬਾਬਾ ਦਾੜ੍ਹੀ-ਕੇਸਾਂ ਦੀ ਗੱਲ ਚੱਲੀ ਤੋਂ ਪ੍ਰੋ. ਬਰੂਸ ਨੂੰ ਆਖਦਾ ਹੈ, "ਜੇ ਮੈਂ ਪੱਗ-ਦਾੜ੍ਹੀ ਨਾਲ ਆਉਂਦਾ, ਮੈਨੂੰ ਫੜ ਲੈਂਦੇ। ਮੈਂ ਆਪਣੇ ਧਰਮ ਲਈ ਮਰ ਤਾਂ ਸਕਦਾ ਹਾਂ, ਪਰ ਧਰਮ ਕਾਰਨ ਇਥੋਂ ਕੱਢਿਆ ਜਾਣਾ ਨਹੀਂ ਚਾਹੁੰਦਾ!"

ਮੁੱਢਲੇ ਪਰਵਾਸੀਆਂ ਬਾਰੇ ਖੋਜ-ਭਾਲ ਕਰਦਿਆਂ ਮੈਨੂੰ ਇਕ ਪੰਜਾਬੀ ਹਿੰਮਤੀ ਦੇ 1861 ਵਿਚ ਕੈਲੀਫੋਰਨੀਆ ਦੇ ਯੂਵਾ ਇਲਾਕੇ ਵਿਚ ਪਹੁੰਚਣ ਦਾ ਪਤਾ ਲਗਿਆ। ਉਹਦੇ ਬਾਰੇ ਹੋਰ ਜਾਣਕਾਰੀ ਤਾਂ ਦੂਰ, ਉਹਦੇ ਨਾਂ ਦਾ ਵੀ ਕੋਈ ਪਤਾ ਨਹੀਂ ਲਗਦਾ ਕਿਉਂਕਿ ਉਸ ਬਾਰੇ 'ਮੈਰੀਜ਼ਵਿਲ ਅਪੀਲ' ਨਾਂ ਦੇ ਅਖ਼ਬਾਰ ਵਿਚ ਛਪੀ ਖ਼ਬਰ ਵਿਚ ਲਿਖਿਆ ਹੋਇਆ ਸੀ, "ਉਹਦਾ ਨਾਂ ਉਚਾਰਿਆ ਨਾ ਜਾ ਸਕਣ ਵਾਲਾ ਹੋਣ ਕਰਕੇ ਉਹਨੂੰ ਸੈਮ ਹੀ ਕਹਿ ਲੈਂਦੇ ਹਾਂ।" ਖ਼ਬਰ ਅਨੁਸਾਰ ਝਗੜਾ ਕਰਨ ਕਰਕੇ ਉਹਨੂੰ ਪੰਜ ਡਾਲਰ ਜੁਰਮਾਨਾ ਕੀਤਾ ਗਿਆ ਸੀ। ਉਹ ਕੀਹਦੇ ਨਾਲ ਝਗੜਿਆ, ਕਿਉਂ ਝਗੜਿਆ ਅਤੇ ਦੂਜੀ ਧਿਰ ਨੂੰ ਵੀ ਜੁਰਮਾਨਾ ਹੋਇਆ ਕਿ ਨਹੀਂ, ਖ਼ਬਰ ਇਸ ਬਾਰੇ ਚੁੱਪ ਸੀ।

ਪੰਜਾਬੀਆਂ ਨੂੰ ਅਮਰੀਕਾ-ਕੈਨੇਡਾ ਵੱਲ ਪਰਵਾਸ ਲਈ ਪ੍ਰੇਰਨ ਵਾਲੀ ਇਕ ਅਹਿਮ ਘਟਨਾ 1897 ਵਿਚ ਵਾਪਰੀ। ਉਸ ਸਾਲ ਲੰਡਨ ਵਿਚ ਮਨਾਈ ਗਈ ਮਲਕਾ ਵਿਕਟੋਰੀਆ ਦੀ ਡਾਇਮੰਡ ਜੁਬਲੀ ਵਿਚ ਹਿੱਸਾ ਲੈ ਕੇ ਦੇਸ ਮੁੜਦੇ ਹੋਏ ਸਿੱਖ ਸਿਪਾਹੀਆਂ ਦੇ ਦਸਤੇ ਨੇ ਰਾਹ ਵਿਚ ਕੈਨੇਡਾ ਦਾ ਬ੍ਰਿਟਿਸ਼ ਕੋਲੰਬੀਆ ਦਾ ਇਲਾਕਾ ਦੇਖਿਆ। ਦਿਸਹੱਦੇ ਤੱਕ ਫ਼ੈਲੀਆਂ ਹੋਈਆਂ ਸੁੰਨੀਆਂ ਅਣਜੋਤੀਆਂ ਜ਼ਮੀਨਾਂ ਦੇਖ ਕੇ ਉਨ੍ਹਾਂ ਨੂੰ ਆਪਣੇ ਖੇਤਾਂ ਦੀ ਥੁੜਾਂ-ਮਾਰੀ ਹਾਲਤ ਯਾਦ ਆਈ। ਇਸ ਤੋਂ ਵੀ ਵਧ ਕੇ ਉਨ੍ਹਾਂ ਨੂੰ ਅਜਿਹੀਆਂ ਸੋਆਂ ਵੀ ਮਿਲੀਆਂ ਕਿ ਕੈਨੇਡਾ ਦੀ ਸਰਕਾਰ ਇਸ ਇਲਾਕੇ ਨੂੰ ਆਬਾਦ ਕਰਨਾ ਚਾਹੁੰਦੀ ਹੈ। ਇਨ੍ਹਾਂ ਖ਼ਬਰਾਂ ਦਾ ਪੰਜਾਬ ਪਹੁੰਚਣ ਪੰਜਾਬੀਆਂ ਨੂੰ ਪਰਵਾਸ ਵਾਸਤੇ ਉਤੇਜਿਤ ਕਰਨ ਲਈ ਕਾਫ਼ੀ ਸੀ। ਇਉਂ ਕੈਨੇਡਾ ਵੱਲ ਤੇ ਉਥੋਂ ਅੱਗੇ ਅਮਰੀਕਾ ਵੱਲ ਪਰਵਾਸ ਦਾ ਮੁੱਢ ਬੱਝਿਆ। 1903 ਤੋਂ 1908 ਤੱਕ 6,000 ਪੰਜਾਬੀ ਕੈਨੇਡਾ ਪਹੁੰਚੇ ਜਿਨ੍ਹਾਂ ਵਿਚੋਂ 3,000 ਅੱਗੇ ਅਮਰੀਕਾ ਨੂੰ ਤੁਰ ਗਏ।



**Sikhs Allowed to Land.**

The four Sikhs who arrived on the Nippon Maru the other day were permitted yesterday to land by the immigration officials. The quartet formed the most picturesque group that has been seen on the Pacific Mail dock for many a day. One of them, Bakkshlied Singh, speaks English with fluency, the others just a little. They are all fine-looking men, Bakkshlied Singh in particular being a marvel of physical beauty. He stands 6 feet 2 inches and is built in proportion. His companions—Bood Singh, Variam Singh and Sohava Singh—are not quite so big. All of them have been soldiers and policemen in China. They were in the Royal Artillery, and the tall one with the unpronounceable name was a police sergeant in Hongkong prior to coming to this country. They hope to make their fortunes here and return to their homes in the Lahore district, which they left some twenty years ago.

*ਕੈਲੀਫੋਰਨੀਆ ਵਿਚ ਕਾਨੂੰਨੀ ਆਗਿਆ ਨਾਲ ਪਹੁੰਚਣ ਵਾਲੇ ਪਹਿਲੇ ਚਾਰ ਸਿੱਖਾਂ ਦੀ ਅਖ਼ਬਾਰ 'ਸਾਨ ਫ਼ਰਾਂਸਿਸਕੋ ਕਰੌਨੀਕਲ' ਦੇ 6 ਅਪਰੈਲ 1899 ਦੇ ਅੰਕ ਵਿਚ ਛਪੀ ਖ਼ਬਰ।*

ਕੈਲੀਫੋਰਨੀਆ ਵਿਚ ਕਾਨੂੰਨੀ ਆਗਿਆ ਨਾਲ ਪਹੁੰਚਣ ਵਾਲੇ ਪਹਿਲੇ ਚਾਰ ਸਿੱਖਾਂ ਦੇ ਸਾਨ ਫ਼ਰਾਂਸਿਸਕੋ ਉੱਤਰਨ ਦੀ ਖ਼ਬਰ ਅਖ਼ਬਾਰ 'ਸਾਨ ਫ਼ਰਾਂਸਿਸਕੋ ਕਰੌਨੀਕਲ' ਨੇ 6 ਅਪਰੈਲ 1899 ਨੂੰ ਛਾਪੀ। ਪੱਤਰਕਾਰ ਨੇ 'ਸਿੱਖਾਂ ਨੂੰ ਉੱਤਰਨ ਦੀ ਆਗਿਆ' ਦੇ ਸਿਰਲੇਖ ਹੇਠ ਲਿਖਿਆ: "ਪਿਛਲੇ ਦਿਨ ਜੋ ਚਾਰ ਸਿੱਖ ਨਿੱਪਨ ਮਾਰੂ ਰਾਹੀਂ ਆਏ ਸਨ, ਕੱਲ੍ਹ ਆਵਾਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਉੱਤਰਨ ਦੀ ਆਗਿਆ ਦੇ ਦਿੱਤੀ। ਇਨ੍ਹਾਂ ਚਾਰਾਂ ਵਰਗੀ ਬੇਹੱਦ ਛੈਲ-ਛਬੀਲੀ ਟੋਲੀ ਪੈਸੇਫਿਕ ਮਾਲ ਡੌਕ ਵਿਚ ਚਿਰਾਂ ਤੋਂ ਦੇਖਣ ਵਿਚ ਨਹੀਂ ਆਈ। ਉਨ੍ਹਾਂ ਵਿਚੋਂ ਇਕ, ਬੱਕਸ਼ਲੀਦ ਸਿੰਘ (ਸ਼ਾਇਦ ਉਹਨੇ ਬਖ਼ਸ਼ੀਸ਼ ਦੀ ਥਾਂ ਇਹ ਸੁਣਿਆ-ਸਮਝਿਆ ਹੋਵੇਗਾ—ਲੇਖਕ) ਵਧੀਆ ਅੰਗਰੇਜ਼ੀ ਬੋਲਦਾ ਹੈ, ਬਾਕੀ ਥੋੜ੍ਹੀ-ਥੋੜ੍ਹੀ ਬੋਲ ਲੈਂਦੇ ਹਨ। ਦੇਖਣ ਵਿਚ ਸੁਹਣੇ ਤਾਂ ਉਹ ਸਾਰੇ ਹੀ ਹਨ, ਪਰ ਖਾਸ ਕਰਕੇ ਬੱਕਸ਼ਲੀਦ ਸਿੰਘ ਤਾਂ ਸਰੀਰਕ ਸੁਹੱਪਣ ਦੇ ਪੱਖੋਂ ਦਰਸ਼ਨੀ ਹੈ। ਉਹ ਛੇ ਫੁੱਟ ਦੋ ਇੰਚ ਉੱਚਾ ਹੈ ਤੇ ਉਹਦੇ ਅੰਗ ਜਿਵੇਂ ਸਾਂਚੇ ਵਿਚ ਢਾਲੇ ਹੋਏ ਹੋਣ। ਉਹਦੇ ਸਾਥੀ ਬੂੜ ਸਿੰਘ, ਵਰਿਆਮ ਸਿੰਘ ਤੇ ਸੁਹਾਵਾ ਸਿੰਘ ਏਡੇ ਕੱਦ-ਕਾਠ ਵਾਲੇ ਨਹੀਂ ਹਨ। ਇਹ ਸਾਰੇ ਚੀਨ ਵਿਚ ਸਿਪਾਹੀ ਰਹੇ ਹਨ। ਉਹ ਇਥੇ ਆਉਣ ਤੋਂ ਪਹਿਲਾਂ ਸ਼ਾਹੀ ਤੋਪਖਾਨੇ ਵਿਚ ਸਨ ਤੇ ਲੰਮਾ ਬੰਦਾ, ਜੀਹਦਾ ਨਾਂ ਠੀਕ ਬੋਲਿਆ ਨਹੀਂ ਜਾਂਦਾ, ਹਾਂਗਕਾਂਗ ਦੀ ਪੁਲਿਸ ਵਿਚ ਸਾਰਜੰਟ ਸੀ। ਉਹ ਇਥੇ ਚੰਗੀ ਕਮਾਈ ਕਰਨ ਦੀ ਤੇ ਫੇਰ ਕੋਈ ਵੀਹ ਸਾਲ ਪਹਿਲਾਂ ਛੱਡੇ ਹੋਏ ਲਾਹੌਰ ਜ਼ਿਲ੍ਹੇ ਦੇ ਆਪਣੇ ਘਰੀਂ ਪਰਤ ਜਾਣ ਦੀ ਆਸ ਨਾਲ ਆਏ ਹਨ।"

ਪੰਜਾਬੀ ਆਵਾਸੀਆਂ ਦੀ ਇਹ ਵਡਿਆਈ ਪਹਿਲੀ ਦੇ ਨਾਲ-ਨਾਲ ਸ਼ਾਇਦ ਆਖ਼ਰੀ ਵੀ ਸੀ, ਕਿਉਂਕਿ ਛੇਤੀ ਹੀ ਕੈਲੀਫੋਰਨੀਆ ਦੇ ਅਖ਼ਬਾਰ ਉਨ੍ਹਾਂ ਦੇ ਦੁਸ਼ਮਣ ਬਣ ਗਏ ਤੇ ਉਨ੍ਹਾਂ ਬਾਰੇ ਡਰ ਤੇ ਨਫ਼ਰਤ ਫੈਲਾਉਣ ਲੱਗੇ। ਕਮਾਈ ਦੀ ਆਸ ਵਿਚ ਉਥੇ ਪਹੁੰਚੇ ਉਨ੍ਹਾਂ ਲੋਕਾਂ ਨੂੰ ਕੀ ਕੁਛ ਬਰਦਾਸ਼ਤ ਕਰਨਾ ਪਿਆ, ਪੜ੍ਹ ਕੇ ਆਦਮੀ ਬੇਚੈਨ ਹੋ ਜਾਂਦਾ ਹੈ। ਬੇਨਾਂਵੇਂ 'ਸੈਮ' ਨਾਲ ਤਾਂ 1861 ਵਿਚ ਜੋ ਬੀਤੀ ਸੋ ਬੀਤੀ, 27 ਜਨਵਰੀ 1908 ਦੇ 'ਨਿਊਯਾਰਕ ਟਾਈਮਜ਼' ਨੇ 'ਹਿੰਦੂ ਭਜਾਏ ਗਏ' ਦੇ ਸਿਰਲੇਖ ਹੇਠ ਛਾਪੀ ਖ਼ਬਰ ਵਿਚ ਦੱਸਿਆ ਕਿ ਕੈਲੀਫੋਰਨੀਆ ਦੇ ਨਗਰ ਲਾਈਵ ਓਕ ਦੇ ਵੀਹ ਵਸਨੀਕਾਂ ਨੇ ਸ਼ਨਿੱਚਰਵਾਰ ਦੀ ਰਾਤ ਨੂੰ ਦੋ ਮਕਾਨਾਂ ਉੱਤੇ ਹਮਲਾ ਕਰ ਦਿੱਤਾ ਜਿਨ੍ਹਾਂ ਵਿਚ ਸਦਰਨ ਪੈਸੇਫਿਕ ਕੰਪਨੀ ਦੇ ਕੱਢੇ ਹੋਏ ਸੱਤਰ ਹਿੰਦੂ ਰਹਿ ਰਹੇ ਸਨ ਤੇ ਉਨ੍ਹਾਂ ਨੂੰ ਸ਼ਹਿਰ ਛੱਡਣ ਲਈ ਮਜਬੂਰ ਕਰ ਦਿੱਤਾ। (ਓਦੋਂ ਹਰ ਧਰਮ ਦੇ ਹਿੰਦੋਸਤਾਨੀਆਂ ਨੂੰ ਉਥੇ ਹਿੰਦੂ ਹੀ ਕਿਹਾ ਜਾਂਦਾ ਸੀ।)

1912 ਵਿਚ ਜਦੋਂ ਯੂਵਾ ਦੇ ਇਲਾਕੇ ਵਿਚ ਕਾਫ਼ੀ ਪੰਜਾਬੀ ਹੋ ਗਏ ਸਨ, ਇਕ ਜਾਇਦਾਦੀ ਵਿਚੋਲੇ ਨੇ ਕੁਛ ਪੰਜਾਬੀਆਂ ਨੂੰ ਜ਼ਮੀਨ ਵਿਕਵਾ ਦਿੱਤੀ। ਅਖ਼ਬਾਰ ਦੇ ਮੁੱਖ ਪੰਨੇ ਉੱਤੇ ਹੂਬਹੂ ਛਾਪੇ ਗਏ ਸਥਾਨਕ ਲੋਕਾਂ ਦੇ ਰੋਸ-ਪੱਤਰ ਵਿਚ ਕਿਹਾ ਗਿਆ, "ਇੰਡੀਆ ਤੋਂ ਆਏ ਬੰਦਿਆਂ ਨੇ, ਜੋ ਧਰਤੀ ਉੱਤੇ ਮਨੁੱਖ ਜਾਤੀ ਦਾ ਸਭ ਤੋਂ ਨਿੱਘਰਿਆ ਤੇ ਸਭ ਤੋਂ ਘਿਣਾਉਣਾ ਨਮੂਨਾ ਹਨ, ਸਾਡੇ ਛੋਟੇ ਜਿਹੇ ਸੁਖ-ਵਸਦੇ ਅਤੇ ਸੁਹਾਵਣੇ ਇਲਾਕੇ ਉੱਤੇ ਹੱਲਾ ਬੋਲ ਦਿੱਤਾ ਹੈ।" 1915 ਵਿਚ ਇਕ ਪੁਲਿਸ ਅਧਿਕਾਰੀ ਨੇ ਉਸੇ ਅਖ਼ਬਾਰ ਨੂੰ ਦੱਸਿਆ ਕਿ ਸਥਾਨਕ ਲੋਕ ਮੈਨੂੰ ਆਖਦੇ ਹਨ, ਮੈਂ ਹਿੰਦੁਸਤਾਨੀ ਕਾਮਿਆਂ ਦੇ ਕੁੱਲੇ-ਜੁੱਲੇ ਲੁੱਟਣ ਵਾਲਿਆਂ ਨੂੰ ਲੱਭਣ ਤੇ ਸਜ਼ਾ ਦੁਆਉਣ ਦੀ ਕੋਸ਼ਿਸ਼ ਨਾ ਕਰਿਆ ਕਰਾਂ। ਇਸ ਸਭ ਦੇ ਬਾਵਜੂਦ ਪਰਵਾਸ ਲਗਾਤਾਰ ਵਧਦਾ ਰਿਹਾ।

ਆਰਥਿਕ ਖ਼ੁਸ਼ਹਾਲੀ ਦੀ ਆਸ ਵਿਚ ਪਰਦੇਸ ਪਹੁੰਚਣ-ਵਸਣ ਲਈ ਅੱਜ ਵੀ ਪੰਜਾਬੀ ਮੁਸ਼ਕਿਲਾਂ-ਮੁਸੀਬਤਾਂ ਸਹਿਣ ਵਾਸਤੇ ਉਨ੍ਹਾਂ ਮੁੱਢਲੇ ਬਜ਼ੁਰਗਾਂ ਵਰਗੀ ਹੀ ਦਲੇਰੀ ਦਿਖਾਉਂਦੇ ਹਨ। ਮੈਨੂੰ ਚੇਤਾ ਹੈ, ਜਦੋਂ ਸਾਡੀ ਪੀੜ੍ਹੀ ਦੇ ਲੋਕਾਂ ਨੇ ਇੰਗਲੈਂਡ ਜਾਣਾ ਸ਼ੁਰੂ ਕੀਤਾ, ਕੁਛ ਚਿਰ ਮਗਰੋਂ ਵੱਡੀ ਕੋਠੀ ਸਾਹਮਣੇ ਜਹਾਜ਼ ਜਿੱਡੀ ਕਾਰ ਕੋਲ ਖਲੋਤਿਆਂ ਦੀਆਂ ਉਨ੍ਹਾਂ ਦੀਆਂ ਤਸਵੀਰਾਂ ਆਉਣ ਲਗੀਆਂ। ਪਰਵਾਸੀ ਹੀ ਭੇਤ ਖੋਲ੍ਹਦੇ ਕਿ ਕੋਠੀ-ਕਾਰ ਦਾ ਮਾਲਕ ਤਾਂ ਕੋਈ ਗੋਰਾ ਹੈ, ਤਸਵੀਰ ਹੀ ਤਸਵੀਰ ਇਨ੍ਹਾਂ ਦੀ ਹੈ। ਤਾਂ ਵੀ ਆਰਥਿਕ ਪੱਖੋਂ ਉਹ ਇਧਰ ਨਾਲੋਂ ਤਾਂ ਚੰਗੇ ਹੀ ਰਹਿੰਦੇ ਸਨ ਜਿਸ ਦਾ ਵਿਖਾਵਾ ਉਹ ਆਪਣਿਆਂ ਨੂੰ ਮਿਲਣ ਆਏ ਦਿਲ ਖੋਲ੍ਹ ਕੇ ਕਰਦੇ ਸਨ। ਫੇਰ ਜਦੋਂ ਖ਼ੁਸ਼ਹਾਲੀ ਉਨ੍ਹਾਂ ਨੂੰ ਸੱਚਮੁੱਚ ਦਰਸ਼ਨ ਦੇਣ ਲੱਗੀ, ਉਹ ਆਪਣੇ ਨੰਗਪੁਣੇ ਦੇ ਖ਼ਾਤਮੇ ਦੇ ਐਲਾਨਨਾਮੇ ਅਤੇ ਖ਼ੁਸ਼ਹਾਲੀ ਦੇ ਇਸ਼ਤਿਹਾਰ ਵਜੋਂ ਇਧਰ ਮਹਿਲਾਂ ਵਰਗੀਆਂ ਕੋਠੀਆਂ ਪਾਉਣ ਲੱਗੇ। ਇਹ ਸਭ ਦੇਖ ਕੇ ਆਮ ਪੰਜਾਬੀ ਨੌਜਵਾਨਾਂ ਦਾ ਪਰਦੇਸਾਂ ਵਿਚ ਖ਼ੁਸ਼ਹਾਲੀ ਦੀ ਮਿਰਗ-ਤ੍ਰਿਸ਼ਨਾ ਪਿੱਛੇ ਭਜਦਿਆਂ ਸਾਹੋ-ਸਾਹ ਹੋਣਾ ਕੁਦਰਤੀ ਸੀ।

ਪਰਵਾਸ ਦੇ ਆਰਥਿਕ ਪੱਖ ਨਾਲ ਹੁਣ ਸਮਾਜਿਕ ਪੱਖ ਵੀ ਜੁੜ ਗਿਆ ਹੈ। ਸਾਡੇ ਦੇਸ ਵਿਚ ਧਰਮਾਂ ਤੇ ਜਾਤਾਂ ਵਿਚਕਾਰ ਨਫ਼ਰਤ ਤੇ ਵੈਰ-ਭਾਵ ਦਾ ਜੋ ਮਾਹੌਲ ਪੈਦਾ ਹੋ ਗਿਆ ਹੈ ਤੇ ਤਿੱਖਾ ਹੁੰਦਾ ਜਾਂਦਾ ਹੈ, ਉਹ ਬਿਨਾਂ-ਸ਼ੱਕ ਨੌਜਵਾਨ ਪੀੜ੍ਹੀ ਉੱਤੇ ਅਸਰ ਪਾ ਰਿਹਾ ਹੈ। ਇਸ ਤੋਂ ਇਲਾਵਾ ਗੈਂਗਸਟਰਾਂ ਦੇ ਬੋਲਬਾਲੇ ਤੇ ਨਸ਼ਿਆਂ ਦੀ ਮਹਾਂਮਾਰੀ ਜਿਹੀਆਂ ਗੱਲਾਂ ਨਿਰਾਸ਼ਤਾ ਵਿਚ ਵਾਧਾ ਕਰਦੀਆਂ ਹਨ। ਇਹ ਮਾਹੌਲ ਜਿਨ੍ਹਾਂ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਸਿੱਧਾ ਦਖ਼ਲ ਨਹੀਂ ਵੀ ਦਿੰਦਾ, ਉਨ੍ਹਾਂ ਦੀ ਸੋਚ ਤੇ ਮਾਨਸਿਕਤਾ ਨੂੰ ਵੀ ਯਕੀਨਨ ਪ੍ਰੇਸ਼ਾਨ ਕਰਦਾ ਹੈ। ਜੇ ਨੇੜਲੀ ਮਿਸਾਲ ਲੈਣੀ ਹੋਵੇ, ਮੰਨ ਲਵੋ ਕਿਸੇ ਦੇ ਗੁਆਂਢੀ ਘਰ ਵਿਚ ਰੋਜ਼ ਕਾਟੋ-ਕਲੇਸ਼ ਤੇ ਗਾਲੀ-ਗਲੋਚ ਹੁੰਦਾ ਹੋਵੇ, ਉਹ ਉਨ੍ਹਾਂ ਦੇ ਝਗੜੇ ਨਾਲ ਕੋਈ ਸਿੱਧਾ ਸੰਬੰਧ ਨਾ ਹੋਣ ਦੇ ਬਾਵਜੂਦ ਖਿਝ ਕੇ ਤੇ ਪਰੇਸ਼ਾਨ ਹੋ ਕੇ ਆਖਦਾ ਹੈ, "ਬੜਾ ਚੰਦਰਾ ਗੁਆਂਢ ਮਿਲਿਆ ਹੈ, ਰੋਜ਼ ਸਿਆਪਾ ਪਾ ਬੈਠਦੇ ਨੇ!" ਵਰਤਮਾਨ ਮਾਹੌਲ ਚੰਗਾ ਜੀਵਨ ਜਿਉਣ ਦੇ ਚਾਹਵਾਨ ਨੌਜਵਾਨਾਂ ਦੇ ਸਾਰੇ ਰਾਹ ਬੰਦ ਕਰ ਕੇ ਉਨ੍ਹਾਂ ਦੇ ਪੱਲੇ ਇਹੋ ਖਿਝ ਤੇ ਇਹੋ ਪਰੇਸ਼ਾਨੀ ਪਾਉਂਦਾ ਹੈ।

ਜਿੱਥੋਂ ਤਕ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਤੰਗੀ ਦਾ ਸਵਾਲ ਹੈ, ਇਹ ਸਾਡੇ ਪੁਰਖੇ ਮੋਢੀ ਪਰਵਾਸੀਆਂ ਵੇਲੇ ਵੀ ਮੁੱਖ ਕਾਰਨ ਸੀ, ਅੱਜ ਵੀ ਮੁੱਖ ਕਾਰਨ ਹੈ। ਸਮਾਜਿਕ ਮਾਹੌਲ ਪੁਰਖਿਆਂ ਵੇਲੇ ਅੰਗਰੇਜ਼ ਦੀ ਗ਼ੁਲਾਮੀ ਦੇ ਬਾਵਜੂਦ ਨਫ਼ਰਤੀ ਨਹੀਂ ਸੀ। ਸਗੋਂ ਆਜ਼ਾਦੀ ਦੀ ਲੜਾਈ ਨੇ ਸਭ ਧਰਮਾਂ ਤੇ ਜਾਤਾਂ ਨੂੰ ਏਕਤਾ ਵਿਚ ਪਰੋਇਆ ਹੋਇਆ ਸੀ। ਇਉਂ ਵਰਤਮਾਨ ਮਾਹੌਲ ਸਾਡੇ ਨੌਜਵਾਨਾਂ ਲਈ ਪੁਰਖਿਆਂ ਦੇ ਪਰਵਾਸ ਦੇ ਆਰਥਿਕ ਕਾਰਨ ਨਾਲ ਇਕ ਹੋਰ ਕਾਰਨ, ਸਮਾਜਿਕ ਕਾਰਨ ਜੋੜ ਦਿੰਦਾ ਹੈ। ਉਹ ਸੋਚਦੇ ਹਨ, ਜੇ ਲਾਹੇਵੰਦੀ ਖੇਤੀ ਜਾਂ ਹੋਰ ਕਿਸੇ ਰੁਜ਼ਗਾਰ ਦੀ ਕੋਈ ਸੰਭਾਵਨਾ ਨਹੀਂ, ਨੌਕਰੀ ਦਾ ਕੋਈ ਰਾਹ ਨਹੀਂ, ਸਮਾਜਿਕ ਸ਼ਾਂਤੀ ਤੇ ਅਮਨ-ਚੈਨ ਨਹੀਂ, ਕੀ ਪਿਆ ਹੈ ਇਥੇ!

ਪੇਟ ਦੀ ਭੁੱਖ ਇਕੱਲੀ ਹੀ ਮਾਣ ਨਹੀਂ ਹੁੰਦੀ, ਜੇ ਉਸ ਵਿਚ ਮਨ ਦੀ ਬੇਚੈਨੀ ਵੀ ਮਿਲ ਜਾਵੇ, ਉਹਦੀ ਬਗ਼ਾਵਤੀ ਤਾਕਤ ਦੀ ਕੋਈ ਹੱਦ ਨਹੀਂ ਰਹਿੰਦੀ। ਜੰਮਣ-ਭੋਇੰ ਦਾ ਤੇ ਜੰਮਣ-ਭੋਇੰ ਵਾਲਿਆਂ ਦਾ ਮੋਹ ਤਾਂ ਕਿਤੇ ਰਿਹਾ, ਉਹ ਤਾਂ ਸਿਦਕੀ ਭਗਤਾਂ ਤੋਂ ਰੱਬ ਨੂੰ ਵੀ ਇਹ ਅਖਵਾ ਦਿੰਦੀ ਹੈ, "ਸਾਥੋਂ ਭੁੱਖਿਆਂ ਤੋਂ ਭਗਤੀ ਨਾ ਹੋਵੇ, ਔਹ ਲੈ ਚੱਕ ਮਾਲ਼ਾ ਆਪਣੀ!"

# ਮਨੀਪੁਰ: ਅਤੀਤ ਤੇ ਵਰਤਮਾਨ - ਕਵਿਤਾ ਦੀ ਆਵਾਜ਼

"ਤੁਸੀਂ ਕਮਲ ਦੇ ਫੁੱਲਾਂ ਨਾਲ ਭਰੀਆਂ ਝੀਲਾਂ, ਭੂਰੇ ਪਹਾੜਾਂ, ਮੈਦਾਨਾਂ ਅਤੇ ਫੁੱਲਾਂ ਨਾਲ ਭਰੇ ਬਹਾਦਰ ਲੋਕਾਂ ਦੀ ਧਰਤੀ ਹੋ, ਤੁਹਾਨੂੰ ਕੋਈ ਨੀਵਾਂ ਨਹੀਂ ਕਰ ਸਕਦਾ।"

ਤੁਹਾਨੂੰ ਅਜਿਹੇ ਕਈ ਬੋਰਡ ਮਨੀਪੁਰ ਦੇ ਆਲੇ-ਦੁਆਲੇ ਉਨ੍ਹਾਂ ਥਾਵਾਂ 'ਤੇ ਘੁੰਮਦੇ ਦੇਖਣ ਨੂੰ ਮਿਲਣਗੇ ਜਿੱਥੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਕਦੇ ਆਜ਼ਾਦੀ ਦੀ ਕ੍ਰਾਂਤੀ ਦੀਆਂ ਗੱਲਾਂ ਕੀਤੀਆਂ ਸਨ। ਇਹ ਬੋਰਡ ਅੱਜ ਵੀ ਤੁਹਾਨੂੰ ਆਕਰਸ਼ਿਤ ਕਰਦੇ ਹਨ।

ਭਾਰਤ ਦੇ ਦੂਰ ਉੱਤਰ ਪੂਰਬ ਵਿਚ ਆਪਣੀ ਸੁੰਦਰਤਾ ਲਈ ਬਹੁਤ ਮਸ਼ਹੂਰ ਮਨੀਪੁਰ ਪ੍ਰਾਂਤ ਇਨ੍ਹੀਂ ਦਿਨੀਂ ਪੂਰੀ ਦੁਨੀਆ

**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**
**ਫੋਨ: 94787-30156**

ਵਿਚ ਚਰਚਾ ਵਿਚ ਹੈ। ਮਨੀਪੁਰ 'ਚ ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਦੀਆਂ ਘਟਨਾਵਾਂ ਵਾਇਰਲ ਹੋਈਆਂ ਹਨ, ਉਹ ਸਰਕਾਰ ਅਤੇ ਸਮਾਜ ਦੀ ਮਾਨਸਿਕਤਾ ਨੂੰ ਦਰਸਾਉਂਦੀਆਂ ਹਨ ਪਰ ਜਿਸ ਤਰ੍ਹਾਂ ਬਗ਼ਾਵਤ ਦੀਆਂ ਆਵਾਜ਼ਾਂ ਅਤੇ ਕਬਾਇਲੀ ਇਲਾਕਿਆਂ ਦੀ ਮਾਨਸਿਕਤਾ ਦੀਆਂ ਤਸਵੀਰਾਂ ਸਾਡੇ ਸਾਹਮਣੇ ਆ ਰਹੀਆਂ ਹਨ, ਉਹ ਡਰਾਉਂਦੀਆਂ ਹਨ। ਸਦੀ ਦੇ ਵਿਸ਼ਵ ਗੁਰੂ ਦੀ ਸੱਭਿਅਤਾ ਦੀਆਂ ਇਹ ਨਿਸ਼ਾਨੀਆਂ ਕਿਸ ਤਰ੍ਹਾਂ ਦੀਆਂ ਹਨ ਅਤੇ ਇਹ ਕਿਸ ਤਰ੍ਹਾਂ ਦਾ ਨਵਾਂ ਭਾਰਤ ਹੈ?

ਇਸ ਲੋਕਤੰਤਰ ਵਿਚ 15ਵੀਂ ਸਦੀ ਦੀ ਅਗਿਆਨਤਾ ਨਾਲ ਔਰਤਾਂ ਨੂੰ ਨੰਗਾ ਕਰ ਕੇ ਜਲੂਸ ਕੱਢਣ ਦੀਆਂ ਜਿਸ ਤਰ੍ਹਾਂ ਦੀਆਂ ਘਟਨਾਵਾਂ ਅਸੀਂ ਅੱਜ ਕੱਲ੍ਹ ਮਨੀਪੁਰ ਵਿਚ ਦੇਖ ਰਹੇ ਹਾਂ, ਉਹ ਭਿਆਨਕ ਅਤੇ ਡਰਾਉਣੀਆਂ ਹਨ ਜਿਸ ਨਾਲ ਸਾਰਾ ਸਿਸਟਮ ਨੰਗਾ ਹੋ ਗਿਆ ਹੈ। ਕੀ ਸਾਡਾ ਸਮਾਜ ਹੁਣ ਇਸ ਤਰ੍ਹਾਂ ਦੀ ਮਾਨਸਿਕਤਾ ਵਾਲਾ ਨਵਾਂ ਸਮਾਜ ਬਣ ਗਿਆ ਹੈ ਜਿਸ ਵਿਚ ਜਾਤੀ, ਕਬਾਇਲੀ, ਔਰਤਾਂ ਅਤੇ ਬੱਚਿਆਂ ਦੇ ਦੁੱਖ ਤੇ ਪੀੜਾ ਦੀ ਅਜਿਹੀ ਪ੍ਰਦਰਸ਼ਨੀ ਹੈ?

ਇਹ ਕੀ ਹੈ?

ਇਹ ਭਾਰਤੀ ਲੋਕਤੰਤਰ ਦਾ ਸਭ ਤੋਂ ਕਾਲਾ ਅਧਿਆਇ ਹੈ। 15ਵੀਂ ਸਦੀ ਤੋਂ ਔਰਤਾਂ 'ਤੇ ਹੁੰਦੇ ਜ਼ੁਲਮ, ਭਾਰਤੀ ਪਰੰਪਰਾਵਾਂ ਦੇ ਨਾਲ ਨਾਲ ਜਾਤੀਵਾਦ ਕਬਾਇਲੀ ਇਲਾਕਿਆਂ ਵਿਚ ਜ਼ੁਲਮ ਦੀ ਇਹ ਅਜਿਹੀ ਮਿਸਾਲ ਹੈ ਜਿਸ ਦਾ ਜ਼ਿਕਰ ਵੀ ਨਹੀਂ ਕੀਤਾ ਜਾ ਸਕਦਾ ਪਰ ਇਹ ਸਾਡੇ ਸਮੇਂ ਦਾ ਸੱਚ ਹੈ ਜਿਸ ਕਾਰਨ ਅੱਜ ਪੂਰਾ ਦੇਸ਼ ਦੁਖੀ ਹੈ। ਸੰਸਦ, ਸੁਪਰੀਮ ਕੋਰਟ ਅਤੇ ਸਿਵਲ ਸੁਸਾਇਟੀ ਦੇ ਅਖੌਤੀ ਚਿਹਰੇ ਹੁਣ ਚੁੱਪ ਤੋੜ ਰਹੇ ਹਨ। ਇਹ ਸਭ ਦਿਲ ਕੰਬਾਊ ਹੈ। ਸਵਾਲ ਇਹ ਹੈ ਕਿ ਅਜਿਹੀ ਮਾਨਸਿਕ ਪੀੜਾ ਝੱਲਦੇ ਹੋਏ ਔਰਤਾਂ ਨਾਲ ਜ਼ੁਲਮ ਦਾ ਅੰਤ ਕੀ ਹੋ ਸਕਦਾ ਹੈ?

ਮਨੀਪੁਰ ਇਸ ਦੇਸ਼ ਦੇ ਉੱਤਰ-ਪੂਰਬ ਦਾ ਸਭ ਤੋਂ ਸੁੰਦਰ ਛੋਟਾ ਰਾਜ ਹੈ ਜਿਸ ਦੀ ਸੁੰਦਰਤਾ ਅਤੇ ਇਤਿਹਾਸ ਦੀ ਪੂਰੀ ਦੁਨੀਆ ਵਿਚ ਵਿਲੱਖਣ ਸੱਭਿਆਚਾਰਕ ਪਛਾਣ ਹੈ। ਮਨੀਪੁਰੀ ਨਾਚ, ਮਨੀਪੁਰ ਦੀਆਂ ਲੋਕ ਕਥਾਵਾਂ, ਮਨੀਪੁਰ ਦਾ ਨਾਟਕ ਅਤੇ ਮਨੀਪੁਰ ਦੀ ਸੱਭਿਆਚਾਰਕ ਅਮੀਰੀ ਸ਼ਾਨਦਾਰ ਹੈ। ਮਨੀਪੁਰ ਉਹ ਧਰਤੀ ਹੈ ਜਿਸ 'ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਆਜ਼ਾਦੀ ਦਾ ਐਲਾਨ ਕੀਤਾ ਸੀ।

ਅੱਜ ਮਨੀਪੁਰ ਹਿੰਸਾ ਦੀ ਅੱਗ ਵਿਚ ਸੜ ਰਿਹਾ ਹੈ ਅਤੇ ਜਾਤੀਵਾਦ ਖ਼ਿਲਾਫ ਸਮਾਜ ਵਿਚ ਜਿਸ ਤਰ੍ਹਾਂ ਦਾ ਬਦਲਾ ਲਿਆ ਜਾ ਰਿਹਾ ਹੈ, ਇਹ ਭਾਰਤੀ ਲੋਕਤੰਤਰ ਲਈ ਇੰਨੀ ਵੱਡੀ ਚੁਣੌਤੀ ਹੈ ਕਿ ਇਸ ਨੂੰ ਠੀਕ ਕਰਨਾ ਬਹੁਤ ਜ਼ਰੂਰੀ ਹੈ। ਇਸ ਮਾਨਸਿਕਤਾ ਦੇ ਹੰਕਾਰ ਨੇ ਭਾਰਤ ਦਾ ਸਿਰ ਪੂਰੀ ਦੁਨੀਆ ਵਿਚ ਸ਼ਰਮ ਨਾਲ ਝੁਕਾਇਆ ਹੈ।

ਮੈਂ ਮਨੀਪੁਰ ਵਿਚ ਰਿਹਾ ਹਾਂ। ਮਨੀਪੁਰ ਤੋਂ ਇੰਫ਼ਾਲ, ਮੋਰੇਹ ਮੋਰਾਂਗ, ਚੂਰਾਚੰਦਰਪੁਰ ਅਤੇ ਬਿਸਨੂਪੁਰ ਤੱਕ ਬਹੁਤ ਸਾਰੀਆਂ ਥਾਵਾਂ ਦੀਆਂ ਸੁੰਦਰ ਯਾਦਾਂ ਤੇ ਸੁੰਦਰ ਦ੍ਰਿਸ਼, ਮਨੀਪੁਰੀ ਨਾਟਕ, ਮਨੀਪੁਰੀ ਕਵਿਤਾ ਅਤੇ ਸਾਹਿਤ ਦੇ ਲੰਮੇ ਇਤਿਹਾਸ ਦੇ ਨਾਲ ਸਬੰਧਿਤ ਹਨ।

ਇਸ ਲੋਕਤੰਤਰ ਤੋਂ ਅਤੇ ਮਨੀਪੁਰ ਦੀ ਸੱਭਿਆਚਾਰਕ ਵਿਰਾਸਤ ਦੀ ਇਤਿਹਾਸਕਤਾ ਦੇ ਉਨ੍ਹਾਂ ਪਲਾਂ ਵਿਚ ਮੈਨੂੰ ਇਸ ਸਮੇਂ 2018 ਵਿਚ ਪੜ੍ਹੀ ਕਵਿਤਾ ਯਾਦ ਆ ਗਈ। ਇਸ ਕਵਿਤਾ ਵਿਚ ਆਰਤੀ ਯਾਦਵ ਨੇ ਲਿਖਿਆ ਹੈ:

"ਇਕ ਦਿਨ ਸਾਰੀਆਂ ਔਰਤਾਂ
ਨਿਰਵਸਤਰ ਹੋ ਜਾਣਗੀਆਂ।"

ਜਦੋਂ ਮੈਂ ਇਨ੍ਹਾਂ ਕਵਿਤਾਵਾਂ ਨੂੰ ਵਾਰ ਵਾਰ ਪੜ੍ਹਦਾ ਹਾਂ ਤਾਂ ਅੱਜ ਵੀ ਮੇਰੀਆਂ ਅੱਖਾਂ ਸਾਹਮਣੇ ਧੁੰਦਲਕਾ ਜਿਹਾ ਆ ਜਾਂਦਾ ਹੈ ਕਿਉਂਕਿ ਇਹ ਕਵਿਤਾਵਾਂ ਨਹੀਂ, ਸ਼ਬਦ ਨਹੀਂ; ਇਹ ਮਨੀਪੁਰ ਦੀ ਪਛਾਣ ਲਈ ਔਰਤਾਂ ਦੇ ਇਸ ਜ਼ੁਲਮ ਦੇ ਸਾਹਮਣੇ ਹਰ ਚੀਜ਼ ਦੀ ਬੇਵਸੀ ਹੈ। ਇਹ ਅਜਿਹਾ ਗੰਦਾ ਨਾਚ ਅਤੇ ਚੁੱਪ ਵਿਚ ਲਿਖੇ ਸ਼ਬਦ ਹਨ ਜੋ ਕਿਤੇ ਦਿਲ ਵਿਚ ਅਟਕ ਗਏ ਹਨ ਅਤੇ ਅੱਜ ਇਹ ਵਾਰ ਵਾਰ ਮੇਰੇ ਦਿਮਾਗ ਨੂੰ ਕੱਟ ਰਹੇ ਹਨ।

ਕਵਿਤਾ ਹੈ:

ਇਕ ਦਿਨ ਸਾਰੀਆਂ ਔਰਤਾਂ ਨਿਰਵਸਤਰ ਹੋ ਜਾਣਗੀਆਂ
ਕੀ ਤੁਸੀਂ ਜਾਣਦੇ ਹੋ
ਔਰਤਾਂ ਆਪਣੇ ਸਰੀਰ ਨੂੰ ਪਿਆਰ ਕਰਦੀਆਂ ਹਨ
ਉਨ੍ਹਾਂ ਦਾ ਜੀਵਨ ਉਨ੍ਹਾਂ ਦੇ ਸਰੀਰ ਵਿਚ ਹੈ
ਇਸ ਲਈ ਇਸ ਨੂੰ ਸਜਾਉਂਦੇ ਰਹੋ
ਉਹ ਕਦੇ ਵੀ ਪੂਰੀ ਤਰ੍ਹਾਂ ਨਿਰਵਸਤਰ ਨਹੀਂ ਹੁੰਦੇ
ਤੁਹਾਡੀ ਮਰਜ਼ੀ ਤੋਂ ਬਿਨਾਂ ਵੀ
ਉਸ ਦੇ ਸਰੀਰ ਨੂੰ ਵਾਰ ਵਾਰ ਕੋਹਿਆ ਗਿਆ
ਉਸ 'ਤੇ ਮਹਾਭਾਰਤ ਕਰੋ
ਕੀ ਤੁਸੀਂ ਕਦੇ ਸੋਚਿਆ ਹੈ
ਜੇਕਰ ਉਨ੍ਹਾਂ ਦਾ ਸਰੀਰਕ ਪਿਆਰ ਖ਼ਤਮ ਹੋ ਜਾਵੇ
ਜਦੋਂ ਔਰਤਾਂ ਨਿਰਵਸਤਰ ਹੁੰਦੀਆਂ ਹਨ
ਇਸ ਲਈ ਉਹ ਡਿੱਗ ਜਾਂਦੇ ਹਨ
ਕਿਉਂਕਿ ਨਿਰਵਸਤਰ ਔਰਤਾਂ ਜਾਨਵਰਾਂ ਨਾਲੋਂ ਵੀ ਭੈੜੀਆਂ ਹੁੰਦੀਆਂ ਹਨ
ਡਰ ਜਾਂਦਾ ਹੈ
ਇਕ ਦਿਨ ਜਦੋਂ ਸਾਰੀਆਂ ਔਰਤਾਂ ਨੰਗੀਆਂ ਹੋ ਜਾਣਗੀਆਂ




ਜੇਕਰ ਇਹ ਨਹੀਂ ਰੁਕਦਾ
ਇਸ ਲਈ ਵੇਖੋ
ਉਹ ਜਾਨਵਰਾਂ ਨਾਲੋਂ ਜ਼ਿਆਦਾ ਭਿਆਨਕ ਬਣ ਜਾਣਗੇ।

ਇਸ ਸਮੇਂ ਮੈਂ ਮਹਿਸੂਸ ਕਰਦਾ ਹਾਂ ਕਿ ਮਨੀਪੁਰ ਦੇ ਪ੍ਰਸੰਗ ਵਚ ਇਹ ਕਵਿਤਾ ਅੱਜ ਵੀ ਉਹੀ ਸ਼ਰਮ ਦੀ ਆਵਾਜ਼ ਦਿੰਦੀ ਹੈ ਜਿਸ ਵਿਚ ਚੀਕ ਹੈ, ਮਨ ਦੀ ਚੀਕ! ਇਹ ਆਵਾਜ਼ ਹੈ ਜੋ ਮਨੀਪੁਰੀ ਔਰਤਾਂ ਦੀ ਹੋਂਦ ਦੁਆਲੇ ਘੁੰਮਦੀ ਹੈ, ਜਿਸ ਵਿਚ ਉਨ੍ਹਾਂ ਦਾ ਮਾਨਸਿਕ ਅਤੇ ਸਿੱਧਾ ਤੇ ਪਹਾੜਾਂ ਤੋਂ ਗੂੰਜਿਆ ਦਿੱਲੀ ਤੱਕ ਪਹੁੰਚਣ ਦਾ ਗੁੱਸਾ ਹੈ ਪਰ ਸਚਾਈ ਇਹ ਹੈ ਕਿ ਅੱਜ ਮਨੀਪੁਰ ਦੇਸ਼ ਦੀ ਰਾਜਧਾਨੀ ਦਿੱਲੀ ਦੀ ਸੰਸਦ ਵਿਚ ਅਤੇ ਲੋਕਾਂ ਦੇ ਮਨਾਂ ਵਿਚ ਗੂੰਜ ਰਿਹਾ ਹੈ। ਮਨੀਪੁਰ ਦੀਆਂ ਨਵੀਆਂ ਸੰਭਾਵਨਾਵਾਂ ਦਾ ਨਵਾਂ ਸੰਸਾਰ ਮਨੀਪੁਰ ਦੀਆਂ ਔਰਤਾਂ ਲਈ ਖੜ੍ਹਾ ਹੋਣਾ ਚਾਹੀਦਾ ਹੈ।

ਅੱਜ ਇਸ ਸਭਿਅਤਾ ਅਤੇ ਸਮਾਜ ਦੇ ਸਾਹਮਣੇ ਸੀਰੀਆ ਅਤੇ ਇਰਾਕ ਦੇ ਜ਼ੁਲਮਾਂ ਦੀਆਂ ਕਹਾਣੀਆਂ ਵੀ ਛੋਟੀਆਂ ਹਨ ਜਿਸ ਵਿਚ ਯਜ਼ੀਦੀ ਔਰਤਾਂ ਨੂੰ ਨਿਰਵਸਤਰ ਕਰ ਕੇ ਨਿਲਾਮ ਕਰ ਕੇ ਵੇਚਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ। ਇਹ ਸਭ ਮੱਧਕਾਲੀ ਯੁੱਗ ਦਾ ਰੁਝਾਨ ਹੋ ਸਕਦਾ ਹੈ, ਅਜਿਹਾ ਲੋਕਤੰਤਰੀ ਭਾਰਤ ਵਿਚ ਨਹੀਂ ਹੋ ਸਕਦਾ। ਇਹ ਔਰਤਾਂ ਪ੍ਰਤੀ ਅਜਿਹੀ ਅਸੰਵੇਦਨਸ਼ੀਲਤਾ ਨਾਲ ਭਰਿਆ ਹੋਇਆ ਹੈ ਜਿਸ ਤਰ੍ਹਾਂ ਇਹ ਦਰਦ ਅਤੇ ਦਰਦ ਦੀ ਕਹਾਣੀ ਦਾ ਅੰਤ ਨਹੀਂ ਹੋਇਆ ਹੈ। ਇਸ ਨੂੰ ਹੁਣ ਹੱਲ ਕੀਤਾ ਜਾਣਾ ਚਾਹੀਦਾ ਹੈ; ਨਹੀਂ ਤਾਂ ਇਸ ਨੂੰ ਲੋਕ ਹੀ ਹੱਲ ਕਰਨਗੇ। ਇਸ ਸ਼ਰਮਨਾਕ ਘਟਨਾ ਦੇ ਸਾਹਮਣੇ ਜੀਵਨ ਦੀ ਮਾਨਸਿਕਤਾ ਅਤੇ ਜਿਸ ਤਰ੍ਹਾਂ ਮਰਦਾਂ ਨੇ ਇਸ ਨੂੰ ਮਿੱਧਿਆ ਹੈ, ਮਨੀਪੁਰ ਵਿਚ ਆਮ ਔਰਤਾਂ ਦੇ ਸਾਡੇ ਸਵਾਲਾਂ ਦੇ ਜਵਾਬ ਹੁਣ ਉੱਬਲਦੇ ਪਾਣੀ ਵਾਂਗ ਹਨ। ਉੱਬਲਦਾ ਹੋਇਆ ਪਾਣੀ ਤੁਹਾਡੇ ਚਿਹਰੇ ਜਲਾ ਸਕਦਾ ਹੈ।

ਦੇਸ਼ ਦੀਆਂ ਸੜਕਾਂ ਦੀ ਸਫ਼ਾਈ ਤੋਂ ਵੱਧ ਇਸ ਸਮੇਂ ਇਨ੍ਹਾਂ ਅਸ਼ਲੀਲ ਲੋਕਾਂ ਦੀ ਇਸ ਮਾਨਸਿਕਤਾ ਅਤੇ ਵਿਗੜੀ ਹੋਈ ਸੋਚ ਨੂੰ ਸਾਫ਼ ਕਰਨ ਦੀ ਗੱਲ ਹੈ। ਸਵੱਛਤਾ ਹੁਣ ਗਲੀਆਂ-ਮੁਹੱਲਿਆਂ ਦੀ ਸਫ਼ਾਈ ਨਹੀਂ ਰਹੀ, ਸਵੱਛਤਾ ਦਾ ਸਭ ਤੋਂ ਵੱਡਾ ਸੱਦਾ ਇਸ ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਨੂੰ ਬਦਲਣ ਦੇ ਨਾਲ ਨਾਲ ਉਨ੍ਹਾਂ ਅੰਦਰ ਭਰੀ ਇਸ ਵਿਗੜੀ ਮਾਨਸਿਕਤਾ ਨੂੰ ਵੀ ਬਦਲਣ ਦਾ ਹੈ। ਨਾਲ ਹੀ ਉਸ ਸੱਭਿਅਤਾ ਨੂੰ ਖ਼ਤਮ ਕਰਨਾ ਹੈ ਜਿਸ ਕਾਰਨ ਔਰਤਾਂ ਨਾਲ ਇਹ ਸਭ ਹੋ ਰਿਹਾ ਹੈ।

ਅਸੀਂ ਸਾਰੇ ਮਨੀਪੁਰ ਦੀ ਇਸ ਸ਼ਰਮਿੰਦਗੀ ਅੱਗੇ ਸਿਰ ਝੁਕਾਉਂਦੇ ਹਾਂ ਅਤੇ ਚੁੱਪ ਰਹਿੰਦੇ ਹਾਂ। ਮਨੀਪੁਰ ਦੀ ਇਕ ਕਵਿਤਾ ਵਿਚ ਕਿਹਾ ਗਿਆ ਹੈ ਕਿ ਹੁਣ ਮਨੀਪੁਰ ਦਾ ਇਹ ਗੁੱਸਾ ਦੇਸ਼ ਦੀਆਂ ਕਰੋੜਾਂ ਔਰਤਾਂ ਦੀਆਂ ਅੱਖਾਂ ਦਾ ਗੁੱਸਾ ਹੈ ਜਿਨ੍ਹਾਂ ਦੇ ਹੰਝੂ ਮੁੱਕ ਗਏ ਹਨ, ਉਹ ਮਰ ਚੁੱਕੀਆਂ ਹਨ। ਮੈਂ ਉਨ੍ਹਾਂ ਨੂੰ ਕੁਝ ਸ਼ਬਦਾਂ ਵਿਚ ਤੁਹਾਡੇ ਨਾਲ ਸਾਂਝਾ ਕਰਦਾ ਹਾਂ:

ਤੁਹਾਨੂੰ ਬਹੁਤ ਸੰਤੁਸ਼ਟ ਹੋਣਾ ਚਾਹੀਦਾ ਹੈ
ਤੁਸੀਂ ਇਸ ਤੋਂ ਪਹਿਲਾਂ ਬੇਸ਼ਰਮੀ ਕੀਤੀ ਹੋਵੇਗੀ, ਠੀਕ ਹੈ?
ਤੁਹਾਨੂੰ ਉਤਾਰਨ ਲਈ ਕੀ ਮਿਲਿਆ
ਇਕ ਕੌਮ ਇਕ ਸਰੀਰ
ਇਕ ਹੱਡ-ਮਾਸ ਦਾ ਪੁਤਲਾ
ਅਤੇ ਫਿਰ ਉਸ 'ਤੇ ਮਖੌਲ
ਉਡਾਉਣ ਦੀ ਕੋਸ਼ਿਸ਼ ਕੀਤੀ ਜਾਂਦੀ।
ਜਿੱਥੇ ਇਕ ਵਾਰ ਸੋਚਣ ਦੀ ਗੱਲ ਹੈ
ਕਿ ਇਹ ਕੱਪੜਾ ਰਹਿਤ ਔਰਤਾਂ ਕੀ ਕਰ ਰਹੀਆਂ ਹੋਣਗੀਆਂ?
ਤੁਸੀਂ ਕੀ ਸੋਚ ਰਹੇ ਹੋ?
ਤੁਸੀਂ ਸੋਚ ਨਹੀਂ ਸਕਦੇ।
ਤੁਹਾਨੂੰ ਪਤਾ ਨਹੀਂ ਹੋਵੇਗਾ
ਮਰਨ ਦੀਆਂ ਗੱਲਾਂ ਕਰਨ ਵਿਚ ਰੁੱਝੇ ਹੋਣਗੇ
ਤੁਸੀਂ ਨਹੀਂ ਜਾਣਦੇ
ਤੁਸੀਂ ਇਸ ਧਰਤੀ 'ਤੇ
ਉਸ ਵੇਲ ਦੇ ਪੱਤੇ ਲਾਹ ਦਿੱਤੇ
ਜਿਸ ਕੋਲ ਜ਼ਿੰਦਗੀ ਸੀ
ਤੁਸੀਂ ਇਕ ਜਾਂ ਦੋ ਔਰਤਾਂ ਨੂੰ
ਕੱਪੜੇ ਰਹਿਤ ਨਹੀਂ ਬਣਾਇਆ ਹੈ
ਤੁਸੀਂ ਜ਼ਿੰਦਗੀ ਨੂੰ ਕੱਪੜੇ ਰਹਿਤ ਬਣਾ ਦਿੱਤਾ ਹੈ।
ਇਹ ਜ਼ਿੰਦਗੀ ਹੈ
ਇਸ ਤਰ੍ਹਾਂ ਖ਼ਤਮ ਨਹੀਂ ਹੁੰਦਾ।

ਇਸ ਮੌਕੇ ਮੈਂ ਇਹ ਦੱਸਣਾ ਚਾਹਾਂਗਾ ਕਿ ਮਨੀਪੁਰੀ ਸਾਹਿਤ ਪੜ੍ਹਦਿਆਂ ਸਾਨੂੰ ਜਿਸ ਤਰ੍ਹਾਂ ਦੀ ਭਾਵਨਾ ਮਿਲਦੀ ਹੈ, ਉਹ ਭਾਰਤ ਦੇ ਪੁਰਾਤਨ ਮੱਧਕਾਲੀ ਮਨੀਪੁਰੀ ਕਾਵਿ ਅਤੇ ਪਰੰਪਰਾ ਨਾਲ ਭਰਪੂਰ ਸਾਹਿਤ ਦਾ ਅਜੋਕੇ ਵਿਰਸੇ ਦਾ ਕੋਲਾਜ ਹੈ ਜਿਸ ਵਿਚ ਕਹਾਣੀਆਂ ਦਾ ਹੋਰ ਵੀ ਬਹੁਤ ਕੁਝ ਹੈ।

ਪ੍ਰੋਫੈਸਰ ਦੇਵਰਾਜ ਜਿਨ੍ਹਾਂ ਨੇ ਮਨੀਪੁਰੀ ਸਾਹਿਤ 'ਤੇ ਅਥਾਹ ਕੰਮ ਕੀਤਾ ਹੈ, ਦਾ ਕਹਿਣਾ ਹੈ ਕਿ ਮਨੀਪੁਰੀ ਕਾਵਿ ਇਤਿਹਾਸ ਦਾ ਪਿਛਲਾ ਮੱਧਕਾਲ ਕਈ ਦ੍ਰਿਸ਼ਟੀਕੋਣਾਂ ਤੋਂ ਵਿਆਪਕਤਾ ਨਾਲ ਭਰਪੂਰ ਹੈ ਅਤੇ ਇਸ ਦੇ ਸਿਆਸੀ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਕਾਰਨ ਹਨ। ਇਸ ਦੀਆਂ ਜੜ੍ਹਾਂ 15ਵੀਂ ਤੇ 16ਵੀਂ ਸਦੀ ਦੇ ਮੱਧ ਵਿਚ ਹਨ। 1656 ਦੇ ਆਸ-ਪਾਸ ਲੋਕ ਮਿਆਂਮਾਰ ਦੀ ਦਿਸ਼ਾ ਤੋਂ ਭਾਰਤ ਆਏ ਜੋ ਪਹਿਲਾਂ ਬਰਮਾ ਵਜੋਂ ਜਾਣਿਆ ਜਾਂਦਾ ਸੀ ਅਤੇ ਉੱਤਰ-ਪੂਰਬ, ਬਿਹਾਰ, ਉੱਤਰ ਪ੍ਰਦੇਸ਼, ਬੰਗਾਲ, ਅਸਾਮ ਤੋਂ ਵੀ ਆਉਣ ਵਾਲੇ ਲੋਕਾਂ ਨੇ ਇਸ ਸੱਭਿਆਚਾਰਕ ਭਾਸ਼ਾ ਦੀ ਥਾਂ ਲੈ ਲਈ।

ਇਹ ਕਿਹਾ ਜਾਂਦਾ ਹੈ ਕਿ ਗੰਗਾ ਦਾਸ ਸੇਨ ਦੇ ਬੰਗਾਲੀ ਮਹਾਭਾਰਤ ਦਾ 1725 ਦੇ ਆਸ-ਪਾਸ ਪ੍ਰਤੀਕਸ਼ਾ ਕਾਵਿਆ ਦੁਆਰਾ ਉਸ ਦੇ ਵਿਸ਼ਿਆਂ ਦੇ ਉਦਾਰਵਾਦੀ ਅਤੇ ਧਾਰਮਿਕ ਪ੍ਰਚਾਰ ਦੀ ਭਾਵਨਾ ਵਿਚ ਮੈਤਰੀ ਭਾਵ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਸੀ। ਇਹ ਮਹਾਨ ਮਨੀਪੁਰੀ ਸਾਹਿਤ ਦੀ ਇਕ ਪਰਿਭਾਸ਼ਾ ਹੈ ਜਿਸ ਵਿਚ ਉਸ ਸਮੇਂ ਦੌਰਾਨ ਰਚੀਆਂ ਗਈਆਂ ਜੰਗਾਂ ਮਨੀਪੁਰ ਦੇ ਰਾਜਿਆਂ ਦੀ ਬਹਾਦਰੀ ਅਤੇ ਔਰਤਾਂ ਦੀ ਬਹਾਦਰੀ ਦੀਆਂ ਅਜਿਹੀਆਂ ਰਚਨਾਵਾਂ ਹਨ ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਕੀ ਅੱਜ ਅਸੀਂ ਇਸ ਮਨੀਪੁਰ ਦਾ ਅੰਤ ਦੇਖਾਂਗੇ?

ਮਨੀਪੁਰ ਦਾ ਇਤਿਹਾਸ ਦੱਸਦਾ ਹੈ ਕਿ ਮਨੀਪੁਰ ਦਾ ਸਾਹਿਤ, ਖ਼ਾਸ ਕਰ ਕੇ ਕਵਿਤਾ, ਹਮੇਸ਼ਾ ਵਿਦਰੋਹ ਦਾ ਸਾਹਿਤ ਰਿਹਾ ਹੈ ਅਤੇ ਅੱਜ ਵੀ ਉੱਥੋਂ ਜੋ ਆਵਾਜ਼ਾਂ ਆਉਂਦੀਆਂ ਹਨ, ਉਹ ਵਿਦਰੋਹ ਦੀਆਂ ਹਨ ਪਰ ਮਨੀਪੁਰ ਵਿਚ ਅੱਜ ਕੱਲ੍ਹ ਜਿਸ ਤਰ੍ਹਾਂ ਦੀਆਂ ਘਟਨਾਵਾਂ ਵਾਪਰੀਆਂ ਹਨ, ਉਨ੍ਹਾਂ ਨੇ ਭਾਰਤ ਦੀ ਗੰਦਗੀ ਅਤੇ ਸਾਡੇ ਚਿਹਰੇ 'ਤੇ ਵਿਗੜੀ ਮਾਨਸਿਕਤਾ ਦਿਖਾ ਦਿੱਤੀ ਹੈ।

ਆਧੁਨਿਕ ਯੁੱਗ ਵਿਚ ਪਹਿਲਾਂ ਮਨੀਪੁਰੀ ਕਵਿਤਾ ਧਰਮ ਅਤੇ ਰਹੱਸਵਾਦ 'ਤੇ ਕੇਂਦਰਿਤ ਸੀ ਪਰ ਬਾਅਦ ਵਿਚ ਇਹ ਕਾਵਿ-ਸੰਗ੍ਰਹਿ ਪੁਸ਼ਪਮਾਲਾ 1929 ਵਿਚ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਜੋ ਲਾਮਾ ਬੰਪ ਕਮਲ ਸਿੰਘ ਦੁਆਰਾ ਲਿਖਿਆ ਗਿਆ ਸੀ, ਦੇ ਸ਼ੁਰੂ ਵਿਚ ਜਾਤਰਿਫਲ ਦੀਆਂ ਲਿਖਤਾਂ ਅਤੇ ਮਨੀਪੁਰੀ ਸਾਹਿਤ ਦੀ ਗਿਣਤੀ ਵਿਚ ਆਇਆ ਪਰ 1950 ਤੱਕ ਇਸ ਵਿਚ ਮਨੀਪੁਰੀ ਔਰਤਾਂ ਦੀਆਂ ਕਵਿਤਾਵਾਂ ਲਿਖੀਆਂ ਗਈਆਂ ਸਨ, ਮੈਨੂੰ ਇਕ ਕਵਿਤਾ ਯਾਦ ਹੈ ਜਿਸ ਵਿਚ ਇਹ ਕਿਹਾ ਗਿਆ ਹੈ:

ਚਾਂਦਨੀ ਦੀ ਚਕੋਰ
ਫਿਰ ਸਵੇਰੇ ਗੁਲਾਬ ਦੀਆਂ ਪੱਤੀਆਂ ਖਿੜਦੀਆਂ ਹਨ
ਪਰ ਮੈਂ ਬੇਹੋਸ਼ ਨਹੀਂ ਹਾਂ
ਯਕੀਨੀ ਤੌਰ 'ਤੇ ਨਹੀਂ
ਕੀ ਤੁਸੀਂ ਸਮਝ ਗਏ
ਮੈਂ ਤੇ ਤੂੰ

ਨਵੇਂ ਰੰਗਾਂ ਨਾਲ ਭਰਪੂਰ ਇਹ ਮਨੀਪੁਰੀ ਕਵਿਤਰੀ ਬੇਬੀ ਦੀ ਰਚਨਾ ਹੈ ਅਤੇ ਇਸ ਦਾ ਆਧਾਰ ਪੁਰਾਣਿਕ ਵਿਸ਼ਵਾਸ ਹੈ। ਤੁਸੀਂ ਸਾਰੇ ਜਾਣਦੇ ਹੀ ਹੋਵੋਗੇ ਕਿ ਮਨੀਪੁਰੀ ਸਮਾਜ ਵਿਚ ਔਰਤਾਂ ਦੀ ਵਿਸ਼ੇਸ਼ ਪ੍ਰਸੰਗਿਕਤਾ ਹੈ ਅਤੇ ਉੱਥੇ ਸਭ ਕੁਝ ਔਰਤਾਂ ਦੇ ਨਾਂ 'ਤੇ ਹੁੰਦਾ ਹੈ। ਸੱਚਾਈ ਇਹ ਹੈ ਕਿ ਮਨੀਪੁਰੀ ਸਮਾਜ ਵਿਚ ਸਿਆਸੀ, ਵਪਾਰਕ ਅਤੇ ਸਮਾਜਿਕ ਗਤੀਵਿਧੀਆਂ ਦੇ ਕੇਂਦਰ ਵਿਚ ਉਹ ਅਭੁੱਲ ਹੈ ਜਿਸ ਨੇ ਮਨੀਪੁਰ ਲਈ ਸਖ਼ਤ ਮਿਹਨਤ ਕੀਤੀ। ਪਿਆਰ ਨਾਲ ਘਰ ਬਣਾਏ ਗਏ ਹਨ। ਅੱਜ ਮਨੀਪੁਰ ਜਿੰਨਾ ਸੁੰਦਰ ਹੈ, ਮਨੀਪੁਰ ਇਨ੍ਹਾਂ ਮਿਹਨਤੀ ਔਰਤਾਂ ਦੀ ਸੁੰਦਰਤਾ ਅਤੇ ਦਿਨ-ਰਾਤ ਪਸੀਨੇ ਦੀ ਕਮਾਈ ਨਾਲ ਬਣਿਆ ਹੈ ਜਿਸ ਨੂੰ ਤੁਸੀਂ ਮਨੀਪੁਰ, ਮਾਂ-ਸ਼ਕਤੀ ਦੀ ਧਰਤੀ ਕਹਿੰਦੇ ਹੋ।

15 ਅਕਤੂਬਰ 1949 ਨੂੰ ਜਦੋਂ ਮਨੀਪੁਰ ਦਾ ਭਾਰਤੀ ਸੰਘ ਵਿਚ ਰਲੇਵਾਂ ਹੋਇਆ ਤਾਂ ਵਿਰੋਧ ਹੋਇਆ ਪਰ ਉਦੋਂ ਤੋਂ ਲੈ ਕੇ ਅੱਜ ਤੱਕ ਉਥੋਂ ਦਾ ਸਾਹਿਤ ਉੱਥੇ ਦੇ ਹਾਲਾਤ ਵਿਚ ਵੀ ਜਿਊਂਦਾ ਹੈ। ਉਸ ਦੀ ਸੰਸਕ੍ਰਿਤੀ ਅੱਜ ਵੀ ਜ਼ਿੰਦਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਹਿੰਦੂ ਰਾਸ਼ਟਰਵਾਦ ਦੇ ਸੰਸਕ੍ਰਿਤੀ ਦੇ ਸਬੰਧ ਵਿਚ ਹਿੰਦੂ ਧਰਮ ਦੇ ਸਬੰਧ ਵਿਚ ਸੰਭਾਵਨਾਵਾਂ ਸਨ ਪਰ ਮਨੀਪੁਰ ਅਤੇ ਸਮਾਜ ਦੇ ਪ੍ਰਸੰਗ ਵਿਚ ਜਿਸ ਤਰ੍ਹਾਂ ਦੀ ਬਗਾਵਤ ਹੈ, ਉਸ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਵੀ ਸਮਾਜ ਅਜਿਹੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕਰੇਗਾ ਜੋ ਉਨ੍ਹਾਂ ਨੂੰ ਗੁੰਝਲਦਾਰ ਬਣਾ ਦਿੰਦੀਆਂ ਹਨ।

ਮਨੀਪੁਰੀ ਭਾਸ਼ਾ ਦੇ ਕਵੀਆਂ ਨੇ ਆਪਣੀ ਕੌਮ ਦੀ ਮੁੱਖ ਭੂਮੀ ਅਤੇ ਪਹਾੜਾਂ ਬਾਰੇ ਲਿਖਿਆ ਹੈ। ਭਾਨੂਮਤੀ ਦੇਵੀ ਦੀ ਇਕ ਕਵਿਤਾ ਹੈ:

ਮੈਂ ਵਾਰ ਵਾਰ ਹੱਸ ਨਹੀਂ ਸਕਦਾ
ਮੈਂ ਉਸ ਬੇਅੰਤ ਖੋਜ ਦਾ ਨਤੀਜਾ ਹਾਂ
ਮੈਂ ਚਰਚਾ ਨਹੀਂ ਕਰ ਸਕਦਾ
ਮੈਂ ਸੋਨੇ ਨੂੰ ਛੂਹ ਨਹੀਂ ਸਕਦਾ
ਮੈਂ ਮਨੀਪੁਰ ਦੀ ਮਾਂ ਹਾਂ

ਇਸੇ ਤਰ੍ਹਾਂ ਮਨੀਪੁਰ ਦੀ ਗੱਲ ਕਰੀਏ ਤਾਂ ਅੱਜ ਕੱਲ੍ਹ ਇਸ ਕਵਿਤਾ ਵਿਚ ਇਕ ਹੋਰ ਰੰਗ ਨਜ਼ਰ ਆਉਂਦਾ ਹੈ ਜਿਸ ਵਿਚ ਇਹ ਗੱਲ ਕਹੀ ਗਈ ਹੈ:

ਮੇਰੇ ਇਸ ਪਾਸ ਹਨੇਰਾ ਹੋ ਗਿਆ ਹੈ
ਮੇਰੀ ਆਵਾਜ਼ ਹਨੇਰੇ ਵਿਚ ਨਹੀਂ ਹੈ
ਮੇਰੀ ਲਹਿਰ
ਉਹ ਹੋਰ ਨਹੀਂ ਹੈ
ਜਦੋਂ ਵੀ ਸੂਰਜ ਪਹਾੜ ਦੇ ਨੇੜੇ ਆਇਆ
ਮੇਰੇ ਅੰਦਰ ਇਕ ਵਾਰ ਫਿਰ ਖੰਭ ਉੱਗ ਗਏ ਹਨ
ਅਤੇ
ਅੱਜ ਮੈਂ ਡਿੱਗ ਪਿਆ ਹਾਂ।

ਇਹ ਮਨੀਪੁਰੀ ਕਵਿਤਾ ਦੀ ਆਵਾਜ਼ ਬਾਰੇ ਹੈ। ਮਨੀਪੁਰ ਦੇ ਨਾਂ 'ਤੇ ਅੱਜ ਕੱਲ੍ਹ ਜੋ ਇਨ੍ਹਾਂ ਔਰਤਾਂ ਨਾਲ ਵਾਪਰਿਆ ਹੈ, ਉਸ ਨੂੰ ਦਰਸਾਉਂਦੀ ਕਵਿਤਾ ਇਸ ਤਰ੍ਹਾਂ ਹੈ:

ਉਸ ਸ਼ਹਿਰ ਵਿਚ ਹਨ
ਕੁਝ ਲੋਕ ਉਲਝਣ ਵਿਚ ਪੈ ਜਾਂਦੇ ਹਨ
ਨਿਰਪੱਖ ਜੀਵਾਂ ਦੀ ਮਾੜੀ ਜ਼ਿੰਦਗੀ
ਉਸ ਵਿਕਾਸ ਸ਼ਹਿਰ ਵਿਚ
ਅੰਤ ਤੱਕ ਪਿੱਛਾ
ਹਿੰਸਕ ਬਣ
ਮਿੱਟੀ ਨਾਲ ਭਰ ਜਾਂਦਾ ਹੈ
ਸ਼ਹਿਰ ਦੀਆਂ ਚਮਕਦੀਆਂ ਇਮਾਰਤਾਂ।

ਅਸਲ ਵਿਚ ਮਨੀਪੁਰ ਵਿਦਰੋਹੀ ਸਮਾਜ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਅਜਿਹੀਆਂ ਚਿੰਤਾਵਾਂ ਵਿਚ ਜੀਅ ਰਿਹਾ ਹੈ ਜਿਸ ਨਾਲ ਪੂਰੇ ਦੇਸ਼ ਦਾ ਕੋਈ ਸਬੰਧ ਨਹੀਂ ਹੈ। ਝਿੰਗਟ ਬਾਮ ਚੰਦਰਕਲਾ ਦੇਵੀ ਮਨੀਪੁਰੀ ਕਵਿਤਰੀ ਹੈ, ਉਹ ਇਕ ਕਵਿਤਾ ਵਿਚ ਕਹਿੰਦੀ ਹੈ:

ਮਰਦੋ
ਤੁਸੀਂ ਬਹੁਤ ਹਿੰਸਕ ਹੋ
ਤੁਸੀਂ ਬਹੁਤ ਮੂਰਖ ਹੋ
ਤੁਹਾਨੂੰ ਇਨਸਾਨੀਅਤ ਤੋਂ ਸ਼ਰਮ ਨਹੀਂ ਆਉਂਦੀ
ਮੈਂ ਤੁਸੀਂ ਉਹ ਹਿੰਦੂ ਮੁਸਲਮਾਨ ਈਸਾਈ
ਪਹਾੜੀ ਭੈਣ-ਭਰਾ
ਦਿਲ ਤੋਂ ਲੜਨ ਲਈ
ਇਕੱਠੇ ਰਹੋ
ਅਸੀਂ ਕੀ ਅਸੀਂ ਮਨੁੱਖੀ ਸ਼ਕਤੀ ਹਾਂ
ਪਿਆਰ ਦੇ ਧਾਗੇ ਵਿਚ ਨਹੀਂ ਦੇਖ ਸਕਦੇ।

ਅਸਲ ਵਿਚ ਇਹ ਉਹ ਸੱਚਾਈ ਹੈ ਜੋ ਅੱਜ ਅਸੀਂ ਮਨੀਪੁਰ ਬਾਰੇ ਦੇਖਦੇ ਹਾਂ ਅਤੇ ਇਸ ਗੁੱਸੇ ਦੀਆਂ ਘਟਨਾਵਾਂ ਮਨੀਪੁਰ ਦੇ ਸਮਾਜ ਨੂੰ ਵੀ ਤੋੜ ਰਹੀਆਂ ਹਨ। ਮਨੀਪੁਰ ਫਰੀ ਪ੍ਰੈੱਸ ਵਿਚ ਛਪੀ ਇਕ ਹੋਰ ਕਵਿਤਾ ਜਿਸ ਵਿਚ ਲਿਖਿਆ ਹੈ:

ਇੱਥੇ ਸਾਡੇ ਪੂਰਬ ਵਿਚ ਸੂਰਜ ਚੜ੍ਹਦਾ ਹੈ
ਮੈਂ ਸਵੇਰੇ ਸਵੇਰੇ ਅਖ਼ਬਾਰ ਪੜ੍ਹਦਾ ਹਾਂ
ਸ਼ਰਮ ਨਾਲ ਸਿਰ ਝੁਕਦਾ ਹੈ
ਡੂੰਘੇ ਅੰਦਰੂਨੀ ਦਰਦ ਵਿਚ
ਬਾਜ਼ਾਰ ਵਿਚ ਕੁਝ ਵੀ ਨਹੀਂ ਦਿਸਦਾ

**(ਬਾਕੀ ਅਗਲੇ ਸਫੇ 'ਤੇ)**

# ਭੁੱਖਮਰੀ ਦਾ ਸ਼ਿਕਾਰ ਬਣ ਰਹੀ ਭਾਰਤੀ ਜਨਤਾ ਅਤੇ ਅੰਨ ਸੰਕਟ



ਗਲੋਬਲ ਹੰਗਰ ਇੰਡੈਕਸ (ਸੰਸਾਰ ਭੁੱਖਮਰੀ) 2021 ਦੇ ਦਰਜੇ ਉਤੇ, ਭਾਰਤ 121 ਦੇਸ਼ਾਂ ਵਿਚੋਂ 107ਵੇਂ ਸਥਾਨ 'ਤੇ ਖੜ੍ਹਾ ਹੈ। ਪਿਛਲੇ ਸਾਲ 6 ਜੁਲਾਈ ਨੂੰ ਸੰਯੁਕਤ ਰਾਸ਼ਟਰ ਵਲੋਂ ਜਾਰੀ ਕੀਤੀ ਰਿਪੋਰਟ ਭਾਰਤ ਵਿਚ ਵਿਆਪਕ ਅਤੇ ਵਿਗੜਦੀ ਭੋਜਨ ਅਸੁਰੱਖਿਆ ਦੀ ਹਾਲਤ ਨੂੰ ਦਰਸਾਉਂਦੀ ਹੈ ਅਤੇ ਇਸ ਵਿਚਲੀ ਜਾਣਕਾਰੀ ਦੇ ਆਧਾਰ 'ਤੇ, ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 2019 ਅਤੇ 21 ਦੇ ਵਿਚਕਾਰ, ਲਗਭਗ 56 ਕਰੋੜ ਭਾਰਤੀ ਜਾਂ ਕੁੱਲ ਆਬਾਦੀ ਦਾ 40.6 ਪ੍ਰਤੀਸ਼ਤ, ਦਰਮਿਆਨੀ ਜਾਂ ਗੰਭੀਰ ਅੰਨ ਅਸੁਰੱਖਿਆ ਦਾ ਸ਼ਿਕਾਰ ਰਹੇਗਾ। ਦੇਸ਼ ਵਿਚ ਅਰਧ ਭੁੱਖਮਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਗਿਣਤੀ



**ਕਰਮ ਬਰਸਟ**
ਫੋਨ: +91-94170-73831

2018-20 ਵਿਚ 20.3 ਪ੍ਰਤੀਸ਼ਤ ਤੋਂ ਵਧ ਕੇ 2019-21 ਵਿਚ 22.3 ਪ੍ਰਤੀਸ਼ਤ ਹੋ ਗਈ ਹੈ। ਇਸਦੇ ਮੁਕਾਬਲੇ ਪੂਰੀ ਦੁਨੀਆ ਲਈ ਅਰਧ ਭੁੱਖਮਰੀ ਦੀ ਇਹ ਔਸਤ ਪ੍ਰਤੀਸ਼ਤਤਾ 2019-21 ਵਿਚ ਲਗਭਗ 10.7 ਸੀ। ਅਨਾਜ ਸੰਕਟ ਦਾ ਸਾਹਮਣਾ ਕਰ ਰਹੇ ਲੋਕਾਂ ਵਿਚੋਂ ਲਗਭਗ 37 ਪ੍ਰਤੀਸ਼ਤ ਇਕੱਲੇ ਭਾਰਤ ਵਿਚ ਰਹਿੰਦੇ ਹਨ।

ਇਸ ਵੇਲੇ ਪੂਰੀ ਦੁਨੀਆ ਅਨਾਜ ਸੰਕਟ ਵਿਚ ਫਸੀ ਦਿਖਾਈ ਦੇ ਰਹੀ ਹੈ। ਭਾਰਤ ਸਰਕਾਰ ਨੇ ਛੇ ਮਹੀਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਆਪਣੀ ਖੁਰਾਕ ਸੁਰੱਖਿਆ ਦਾ ਇੰਤਜ਼ਾਮ ਕਰਨ ਲਈ ਕਣਕ ਦੇ ਨਿਰਯਾਤ ਨੂੰ ਸੀਮਤ ਕਰੇਗੀ। ਯੂਕਰੇਨ ਵਿਚ ਜੰਗ, ਅਰਜਨਟੀਨਾ ਵਿਚ ਸੋਕਾ ਅਤੇ ਆਸਟਰੇਲੀਆ ਵਿਚ ਹੜ੍ਹਾਂ ਦੀ ਸਥਿਤੀ ਤੋਂ ਬਾਅਦ ਦੁਨੀਆ ਇਕ ਤਰ੍ਹਾਂ ਭਾਰਤੀ ਅਨਾਜ ਉਤੇ ਨਿਰਭਰ ਹੋ ਗਈ ਜਾਪਦੀ ਸੀ।

ਇਕ ਹੋਰ ਖਤਰਾ ਹੈ ਕਿ ਜੇਕਰ ਅੰਤਰਰਾਸ਼ਟਰੀ ਪਾਬੰਦੀਆਂ ਦੁਆਰਾ ਰੂਸ ਦੀਆਂ ਫਸਲਾਂ ਪ੍ਰਭਾਵਿਤ ਹੋ ਜਾਂਦੀਆਂ ਹਨ ਤਾਂ ਹਾਲਤ ਪਹਿਲਾਂ ਨਾਲੋਂ ਵੀ ਜ਼ਿਆਦਾ ਭਿਆਨਕ ਹੋਵੇਗੀ। ਖਾਧ ਸੰਕਟ ਦੇ ਮੱਦੇਨਜ਼ਰ ਬਹੁਤ ਸਾਰੇ ਦੇਸ਼ਾਂ ਨੇ ਬਰਾਮਦਾਂ ਉਪਰ ਅਗਾਊਂ ਪਾਬੰਦੀਆਂ ਲਗਾਉਣੀਆਂ ਸ਼ੁਰੂ ਕਰ ਦਿਤੀਆਂ ਹਨ। ਅਰਜਨਟੀਨਾ ਨੇ ਮੋਟੇ ਮਾਸ, ਇੰਡੋਨੇਸ਼ੀਆ ਨੇ ਪਾਮ ਤੇਲ, ਚੀਨ ਨੇ ਵਕਤੀ ਤੌਰ 'ਤੇ ਖੇਤੀ ਰਸਾਇਣਕ ਪਦਾਰਥਾਂ ਅਤੇ ਮਲੇਸ਼ੀਆ ਨੇ ਚਿਕਨ ਦੇ ਨਿਰਯਾਤ ਉਤੇ ਪਾਬੰਦੀ ਲਗਾ ਦਿੱਤੀ ਹੈ, ਜਿਸ ਨਾਲ 35 ਤੋਂ ਵੱਧ ਦੇਸ਼ ਪ੍ਰਭਾਵਿਤ ਹੋ ਸਕਦੇ ਹਨ।

ਇਹ ਇਕ ਅਜਿਹਾ ਗਧੀਗੇੜ ਹੈ ਕਿ ਇਕ ਦੇਸ਼ ਵਲੋਂ ਲਾਈ ਨਿਰਯਾਤ ਪਾਬੰਦੀ ਦੂਜੇ ਦੇਸ਼ਾਂ ਵਲੋਂ ਅਦਾ ਕੀਤੇ ਜਾਂਦੇ ਅੰਤਰਰਾਸ਼ਟਰੀ ਬਾਜ਼ਾਰੀ ਮੁੱਲ ਨੂੰ ਵਧਾ ਦਿੰਦੀ ਹੈ। ਇਹ ਪਾਬੰਦੀਆਂ ਖਾਣ-ਪੀਣ ਦੀਆਂ ਕੀਮਤਾਂ 'ਤੇ ਦਬਾਅ ਬਣਾਉਂਦੀਆਂ ਹਨ ਅਤੇ ਕੌਮੀ ਸਰਕਾਰਾਂ ਨੂੰ ਘਰੇਲੂ ਖਪਤਕਾਰਾਂ ਲਈ ਕੁਝ ਰਾਹਤ ਪ੍ਰਦਾਨ ਕਰਨ ਲਈ ਨਿਰਯਾਤ ਨੂੰ ਸੀਮਤ ਕਰਨ ਲਈ ਮਜਬੂਰ ਕਰਦੀਆਂ ਹਨ। ਕੁਝ ਰਿਪੋਰਟਾਂ ਮੁਤਾਬਕ ਭਾਰਤ ਵਲੋਂ ਕਣਕ ਦੀ ਬਰਾਮਦ 'ਤੇ ਪਾਬੰਦੀ ਨਾਲ ਅੰਤਰਰਾਸ਼ਟਰੀ ਕੀਮਤਾਂ 6% ਦੇ ਕਰੀਬ ਵਧ ਗਈਆਂ ਹਨ। ਇਸ ਕਦਮ ਦੇ ਨਾਲ ਹੀ ਚੌਲਾਂ ਦੀਆਂ ਸੰਸਾਰ ਕੀਮਤਾਂ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ।

ਭਾਰਤ ਦੀ ਖੇਤੀ ਦਾ ਵਿਕਾਸ ਅਤੇ ਇਸ ਵਿਚ ਆਈ ਖੜੋਤ, ਉਸ ਸਾਰੇ ਇਤਿਹਾਸਕ ਪ੍ਰਸੰਗ ਵਿਚੋਂ ਨਿਕਲਿਆ ਵਰਤਾਰਾ ਹੈ ਜੋ ਵਿਦੇਸ਼ੀ ਸਾਮਰਾਜ ਦੀ ਛਤਰ-ਛਾਇਆ ਹੇਠ ਲਾਗੂ ਕੀਤੀਆਂ ਨੀਤੀਆਂ ਦਾ ਅਟਲ ਨਤੀਜਾ ਹੁੰਦਾ ਹੈ। 1947 ਤੋਂ ਬਹੁਤ ਦੇਰ ਪਹਿਲਾਂ, ਉਨੀਵੀਂ ਸਦੀ ਦੇ ਅੱਧ ਤੋਂ ਬਾਅਦ, ਬਰਤਾਨਵੀ ਸਾਮਰਾਜ ਨੇ ਖੇਤੀ ਸੈਕਟਰ ਵਿਚ ਤਿੱਖੀਆਂ ਬਣਤਰੀ ਤਬਦੀਲੀਆਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਰਜਵਾੜਿਆਂ ਦੇ ਮਹੱਤਵਪੂਰਨ ਤਬਕੇ ਨੂੰ ਜ਼ਮੀਨੀ ਅਧਿਕਾਰ ਦੇ ਕੇ ਵੱਡੀਆਂ ਸਾਮੰਤੀ ਜੋਤਾਂ ਹੋਂਦ ਵਿਚ ਲਿਆਂਦੀਆਂ। ਇਸ ਦੇ ਨਾਲ ਹੀ ਨਹਿਰੀ ਪਾਣੀ ਤੇ ਉਨਤ ਬੀਜਾਂ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ। ਵਪਾਰਕ ਜਿਣਸਾਂ ਦੀ ਖੇਤੀ ਨੂੰ ਪ੍ਰਫੁੱਲਤ ਕੀਤਾ ਗਿਆ। ਸੱਤਾ ਬਦਲੀ ਤੋਂ ਬਾਅਦ ਖੇਤੀ ਦੇ ਉਨਤ ਖਿੱਤੇ ਪੱਛਮੀ ਪਾਕਿਸਤਾਨ ਵਿਚ ਰਹਿ ਗਏ ਸਨ। ਨਤੀਜਾ ਇਹ ਨਿਕਲਿਆ ਕਿ ਭਾਰਤ ਦੇ ਅੰਨ ਉਤਪਾਦਨ ਵਿਚ ਭਾਰੀ ਕਮੀ ਆ ਗਈ।

ਬਦੇਸੀ ਸਰਕਾਰਾਂ ਤੇ ਕਾਰਪੋਰੇਸ਼ਨਾਂ ਉਪਰਲੀ ਇਸ ਇਤਿਹਾਸਕ ਨਿਰਭਰਤਾ ਦਾ ਹੀ ਨਤੀਜਾ ਹੈ ਕਿ ਭਾਰਤ ਸਰਕਾਰ ਸੰਭਾਵੀ ਖੁਰਾਕ ਸੁਰੱਖਿਆ ਸੰਕਟ ਅਤੇ ਅਨਾਜ ਦੀਆਂ ਵਧ ਰਹੀਆਂ ਕੀਮਤਾਂ ਦਾ ਸਾਹਮਣਾ ਕਰ ਰਹੀ ਹੈ। ਇਸ ਕਰਕੇ ਸਰਕਾਰ ਨੂੰ ਆਪਣੀਆਂ ਵਾਅਦਾਯੁਕਤ ਬਰਾਮਦ ਯੋਜਨਾਵਾਂ ਤੋਂ ਪਿੱਛੇ ਹਟਣ ਲਈ ਮਜਬੂਰ ਹੋਣਾ ਪੈ ਗਿਆ ਹੈ ਅਤੇ ਪਿਛਲੇ ਸਾਲ 13 ਮਈ, 2022 ਨੂੰ ਕਣਕ ਦੀ ਬਰਾਮਦ ਉਤੇ ਪਾਬੰਦੀ ਦਾ ਐਲਾਨ ਕਰਨਾ ਪਿਆ। ਖੇਤੀ ਮਾਹਿਰਾਂ ਵਲੋਂ ਭਾਰਤ ਅੰਦਰ 2023 ਵਿਚ ਕਣਕ ਦੀ ਬੰਪਰ ਫਸਲ ਹੋਣ ਦੀ ਉਮੀਦ ਕੀਤੀ ਗਈ ਸੀ ਪਰ ਬੇਮੌਸਮੀ ਬਰਸਾਤ ਅਤੇ ਗਰਮੀ ਕਾਰਨ ਕਣਕ ਦੀ ਪੈਦਾਵਾਰ ਪਿਛਲੇ ਸਾਲ ਨਾਲੋਂ ਵੀ ਘਟ ਗਈ। ਪਿਛਲੇ ਸਾਲ ਤਿੱਖੀ ਗਰਮੀ ਪੈਣ ਨਾਲ ਕਣਕ ਦੀ ਪੈਦਾਵਾਰ ਵਿਚ ਪਿਛਲੇ ਸਾਲਾਂ ਨਾਲੋਂ ਤਿੰਨ ਫੀਸਦੀ ਤਕ ਦਾ ਘਾਟਾ ਪਿਆ ਸੀ। ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਰਗੇ ਉੱਤਰੀ ਰਾਜਾਂ ਦੀਆਂ ਰਵਾਇਤੀ ਅਨਾਜ ਪੱਟੀਆਂ ਵਿਚ ਕਣਕ ਦਾ ਖੇਤਰ ਅਤੇ ਇਸ ਦੀ ਪੈਦਾਵਾਰ ਲਗਭਗ ਸਿਖਰਲੇ ਬਿੰਦੂ ਤਕ ਪੁੱਜ ਚੁੱਕੀ ਹੈ। ਇਸ ਲਈ ਹੋਰ ਵਧੇਰੇ ਜਨਤਕ ਨਿਵੇਸ਼ ਅਤੇ ਬਾਕੀ ਸੂਬਿਆਂ ਵਿਚ ਕਣਕ ਦੀ ਪੈਦਾਵਾਰ ਵਧਾਉਣ ਤੋਂ ਬਿਨਾਂ ਭਾਰਤ ਲਈ ਕਣਕ ਦੀ ਦਰਾਮਦ ਕਰਨਾ ਤਾਂ ਦੂਰ ਖੁਦ ਆਪਣੀਆਂ ਖਾਧ ਲੋੜਾਂ ਦੀ ਪੂਰਤੀ ਕਰਨ ਵਿਚ ਵੀ ਮੁਸ਼ਕਲ ਆ ਸਕਦੀ ਹੈ।

ਇਸ ਤੱਥ ਦੇ ਬਾਵਜੂਦ ਕਿ ਵੱਡੀ ਗਿਣਤੀ ਵਿਚ ਪਹਿਲਾਂ ਰੁਜ਼ਗਾਰ ਪ੍ਰਾਪਤ ਲੋਕ ਸੰਕਟ ਕਾਰਨ ਆਪਣੀਆਂ ਨੌਕਰੀਆਂ ਗੁਆ ਚੁੱਕੇ ਸਨ ਅਤੇ ਭੋਜਨ ਦੀ ਅਸੁਰੱਖਿਅਤਾ ਦਾ ਸਾਹਮਣਾ ਕਰ ਰਹੇ ਸਨ, ਫੇਰ ਵੀ ਸਰਕਾਰੀ ਤੰਤਰ ਪ੍ਰਧਾਨ ਮੰਤਰੀ ਯੋਜਨਾ ਅਤੇ ਕੌਮੀ ਅੰਨ ਸੁਰੱਖਿਆ ਤਹਿਤ ਨਵੇਂ ਪਰਿਵਾਰਾਂ ਨੂੰ ਸ਼ਾਮਲ ਨਾ ਕਰਨ ਦੀ ਜ਼ਿਦ ਫੜੀ ਬੈਠਾ ਹੈ। ਇਸ ਦੇ ਉਲਟ ਬਣਦਾ ਤਾਂ ਇਹ ਸੀ ਕਿ ਕੋਵਿਡ ਮਹਾਂਮਾਰੀ ਦੇ ਦੌਰਾਨ ਹੋਏ ਨੁਕਸਾਨ ਦੀ ਪੂਰਤੀ ਲਈ ਜਨਤਕ ਵੰਡ ਪ੍ਰਣਾਲੀ ਦਾ ਵਿਸਥਾਰ ਕੀਤਾ ਗਿਆ ਹੁੰਦਾ। ਭੁੱਖਮਰੀ ਅਤੇ ਭੋਜਨ ਦੀ ਅਸੁਰੱਖਿਆ ਵਿਰੁੱਧ ਲੜਾਈ ਲੜਨ ਤੋਂ ਇਲਾਵਾ, ਸਰਕਾਰ ਨੂੰ ਵਿਵਸਥਾ ਦੀਆਂ ਕਮੀਆਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

ਭਾਰਤ ਦੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਇਹ ਚੀਨ ਨੂੰ ਪਛਾੜ ਕੇ ਅਬਾਦੀ ਪੱਖੋਂ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਬਣ ਚੁੱਕਿਆ ਹੈ। ਕਿਸੇ ਦੇਸ਼ ਦੀ ਵਧਦੀ ਆਬਾਦੀ ਦਾ ਢਾਂਚਾ ਹੌਲੀ-ਹੌਲੀ ਭੋਜਨ ਦੀ ਸਪਲਾਈ ਨੂੰ ਸੀਮਤ ਕਰਦਾ ਹੋਇਆ ਕਿਰਤ ਸ਼ਕਤੀ ਵਿਚ ਗਿਰਾਵਟ ਦਾ ਕਾਰਨ ਬਣ ਜਾਂਦਾ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਪਹਿਲਾਂ ਤੋਂ ਭੁੱਖਮਰੀ ਦਾ ਸਾਹਮਣਾ ਕਰ ਰਹੇ ਲੋਕਾਂ ਦਾ ਅਨੁਪਾਤ 2018-20 ਵਿਚ 14.6% ਤੋਂ ਵਧ ਕੇ 2019-21 ਵਿਚ 16.3% ਹੋ ਗਿਆ ਹੈ। ਭਾਰਤ ਨੂੰ ਇਕ ਵਾਰ ਫਿਰ ਵਿਸ਼ਵ ਵਿਚ ਸਭ ਤੋਂ ਵੱਧ 2019-21 ਵਿਚ 22 ਕਰੋੜ ਭੁੱਖੇ ਲੋਕਾਂ ਦੀ ਗਿਣਤੀ ਨਾਲ, ਭੁੱਖਮਰੀ ਦਾ ਸ਼ਿਕਾਰ ਹੋਣ ਵਾਲਾ ਦੇਸ਼ ਮੰਨਿਆ ਗਿਆ ਹੈ। ਇਹ ਅੰਦਾਜ਼ੇ ਦਰਸਾਉਂਦੇ ਹਨ ਕਿ ਸਾਡੇ ਦੇਸ਼ ਵਿਚ ਦਰਮਿਆਨੇ ਜਾਂ ਗੰਭੀਰ ਦਰਜੇ ਦੀ ਭੋਜਨ ਅਸੁਰੱਖਿਆ ਦਾ ਬੋਲਬਾਲਾ ਰਿਹਾ ਹੈ ਅਤੇ ਇਹ 2014-16 ਵਿਚ 27.7% ਤੋਂ ਵਧ ਕੇ 2019-21 ਵਿਚ 40% ਤੋਂ ਵੱਧ ਹੋ ਗਿਆ ਹੈ। 2018-20 ਅਤੇ 2019-21 ਦੇ ਆਖਰੀ ਦੋ ਅੰਕੜੇ ਦਰਸਾਉਂਦੇ ਹਨ ਕਿ ਕੋਵਿਡ ਮਹਾਂਮਾਰੀ ਦੇ ਪਹਿਲੇ ਸਾਲ ਵਿਚ 4 ਕਰੋੜ ਤੋਂ ਵੱਧ ਵਾਧੂ ਲੋਕਾਂ ਨੂੰ ਦਰਮਿਆਨੇ ਤੋਂ ਉਚੇ ਦਰਜੇ ਦੀ ਭੋਜਨ ਅਸੁਰੱਖਿਆ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਤੋਂ ਇਲਾਵਾ ਗੰਭੀਰ ਕਿਸਮ ਦੀ ਭੁੱਖਮਰੀ ਦਾ ਸਾਹਮਣਾ ਕਰਨ ਵਾਲਿਆਂ ਦੀ ਗਿਣਤੀ 2.4 ਕਰੋੜ ਸੀ। ਭਾਰਤ ਵਿਚ ਗੰਭੀਰ ਭੋਜਨ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਗਿਣਤੀ ਵਿਚ ਲਗਭਗ 11% ਦਾ ਵਾਧਾ ਦਰਜ ਕੀਤਾ ਗਿਆ ਹੈ।

ਨਵੀਂ ਜਨਗਣਨਾ ਨਾ ਹੋਣ ਕਰਕੇ 2021 ਦੀ ਪੁਰਾਣੀ ਜਨਗਣਨਾ ਨਾਲ ਮੇਲ ਕਰ ਕੇ ਜਨਤਕ ਵੰਡ ਪ੍ਰਣਾਲੀ ਅਧੀਨ ਵਿਅਕਤੀਆਂ ਦੀ ਗਿਣਤੀ ਲਗਾਤਾਰ ਘਟਾਈ ਜਾ ਰਹੀ ਹੈ। ਪੂਰੇ ਦੇਸ਼ ਵਿਚ ਇਹ ਗਿਣਤੀ 9.5 ਕਰੋੜ ਤੋਂ ਘਟ ਕੇ 6.6 ਕਰੋੜ ਤਕ ਹੇਠਾਂ ਆ ਗਈ ਹੈ। ਜੇਕਰ ਪਿਛਲੇ ਦਸ ਸਾਲਾਂ ਵਿਚ ਜਨਸੰਖਿਆ ਵਿਚ ਹੋਏ ਵਾਧੇ ਮੁਤਾਬਕ ਦੇਖਿਆ ਜਾਵੇ ਤਾਂ ਦੇਸ਼ ਵਿਚ 10 ਕਰੋੜ ਤੋਂ ਵੱਧ ਲੋਕ ਜਨਤਕ ਵੰਡ ਪ੍ਰਣਾਲੀ ਦੇ ਘੇਰੇ ਤੋਂ ਬਾਹਰ ਰਹਿ ਗਏ ਹਨ। ਦੂਜਾ, 2014 ਤੋਂ ਲੈ ਕੇ ਹੁਣ ਤਕ 4.4 ਕਰੋੜ ਤੋਂ ਵੱਧ ਰਾਸ਼ਨ ਕਾਰਡ ਰੱਦ ਕੀਤੇ ਜਾ ਚੁੱਕੇ ਹਨ। ਹਾਲਾਂਕਿ ਕੌਮੀ ਅੰਨ ਸੁਰੱਖਿਆ ਕਾਨੂੰਨ ਤਹਿਤ ਲਾਭਪਾਤਰੀਆਂ ਦੀ ਅਸਲ ਪਛਾਣ ਇਕ ਰਾਸ਼ਟਰੀ ਸਮਾਜਿਕ-ਆਰਥਿਕ ਜਨਗਣਨਾ ਦੁਆਰਾ ਕੀਤੀ ਗਈ ਸੀ, ਪਰੰਤੂ ਇਨ੍ਹਾਂ ਕਾਰਡਾਂ ਨੂੰ ਬਿਨਾਂ ਕਿਸੇ ਵਿਸ਼ੇਸ਼ ਮਾਪਦੰਡ ਦੇ ਰੱਦ ਕਰਨਾ ਆਪਹੁਦਰੀ ਪ੍ਰਕਿਰਿਆ ਹੈ।

ਵਧ ਰਹੀ ਖੁਰਾਕੀ ਮਹਿੰਗਾਈ ਨੂੰ ਰੋਕਣ ਲਈ ਸਰਕਾਰ ਨੂੰ ਅਗਸਤ ਵਿਚ ਕਣਕ ਅਤੇ ਕਣਕ ਆਧਾਰਤ ਵਸਤੂਆਂ ਦੇ ਨਿਰਯਾਤ 'ਤੇ ਪਾਬੰਦੀ ਲਗਾਉਣੀ ਪਈ ਸੀ। ਭਾਰਤੀ ਕਣਕ ਦੀ ਬਰਾਮਦ 'ਤੇ ਪਾਬੰਦੀ ਤੋਂ ਬਾਅਦ ਅੰਤਰਰਾਸ਼ਟਰੀ ਬਾਜ਼ਾਰ 'ਚ ਕਣਕ ਦੇ ਆਟੇ ਦੀ ਮੰਗ ਵਿਚ ਤੇਜ਼ੀ ਆਈ ਹੈ ਅਗਸਤ 2022 ਤਕ ਕਣਕ ਦੀ ਘਰੇਲੂ ਪ੍ਰਚੂਨ ਕੀਮਤ ਵਿਚ ਪਿਛਲੇ ਸਾਲ ਦੇ ਮੁਕਾਬਲੇ 22 ਪ੍ਰਤੀਸ਼ਤ ਅਤੇ ਕਣਕ ਦੇ ਆਟੇ ਵਿਚ 17 ਪ੍ਰਤੀਸ਼ਤ ਦਾ ਵਾਧਾ ਹੋ ਚੁੱਕਿਆ ਸੀ ਘਰੇਲੂ ਕਣਕ ਦੀਆਂ ਕੀਮਤਾਂ 2022 ਵਿਚ ਹੁਣ ਤਕ ਦੇ ਵੱਡੇ ਰਿਕਾਰਡ ਵਾਧੇ ਨਾਲ 33% ਵਧ ਕੇ 2900 ਰੁਪਏ ਪ੍ਰਤੀ ਕੁਇੰਟਲ ਹੋ ਗਈਆਂ ਹਨ, ਜੋ ਕਿ ਸਰਕਾਰ ਵਲੋਂ 2023-24 ਦੇ ਨਿਰਧਾਰਤ ਸਮਰਥਨ ਮੁੱਲ 2125 ਰੁਪਏ ਤੋਂ ਕਿਤੇ ਜ਼ਿਆਦਾ ਹੈ।

ਖੁਰਾਕੀ ਮਹਿੰਗਾਈ ਦਰ ਭਾਰਤੀ ਰਿਜ਼ਰਵ ਬੈਂਕ ਵਲੋਂ ਨਿਰਧਾਰਤ ਮਾਪਦੰਡਾਂ ਦੇ ਮੁਕਾਬਲੇ ਚਿੰਤਾਜਨਕ ਪੱਧਰਾਂ 'ਤੇ ਪਹੁੰਚੀ ਹੋਈ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਪਿਛਲੇ ਸਾਲ ਮਾਨਸੂਨ ਦੀ ਘਾਟ ਕਾਰਨ ਝੋਨੇ ਦੀ ਪੈਦਾਵਾਰ ਵਿਚ ਖਾਸੀ ਕਮੀ ਆਈ ਸੀ ਅਤੇ ਝੋਨੇ ਹੇਠਲਾ ਰਕਬਾ 5.51 ਪ੍ਰਤੀਸ਼ਤ ਘਟ ਗਿਆ ਸੀ। ਜਿਸ ਦੇ ਨਤੀਜੇ ਵਜੋਂ ਚੌਲਾਂ ਦੇ ਉਤਪਾਦਨ ਵਿਚ 6 ਪ੍ਰਤੀਸ਼ਤ ਦੀ ਕਮੀ ਦਰਜ ਕੀਤੀ ਗਈ। ਇਨ੍ਹਾਂ ਦੋ ਵਸਤੂਆਂ ਦੀਆਂ ਕੀਮਤਾਂ ਵਿਚ ਵਾਧਾ ਹੋਣ ਨਾਲ ਗਰੀਬਾਂ ਨੂੰ ਸਭ ਤੋਂ ਵੱਧ ਔਖੇ ਹੋਣਾ ਪਵੇਗਾ। ਜਦੋਂ ਦੁਨੀਆ ਵੱਖ-ਵੱਖ ਕਾਰਨਾਂ ਕਰਕੇ ਅਨਾਜ ਦੀ ਅਸੁਰੱਖਿਆ ਦੇ ਪ੍ਰਭਾਵਾਂ ਨਾਲ ਜੂਝ ਰਹੀ ਹੈ, ਤਾਂ ਇਹ ਰਾਹਤ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਗਰੀਬ ਲੋਕਾਂ ਲਈ ਅੰਨ ਉਪਲੱਬਧਤਾ ਨੂੰ ਰਿਆਇਤੀ ਦਰਾਂ 'ਤੇ ਪ੍ਰਦਾਨ ਕਰਨ ਲਈ ਜ਼ਰੂਰੀ ਕਦਮ ਚੁੱਕ ਰਹੀ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਦੇ ਛੇਵੇਂ ਪੜਾਅ ਤਕ ਸਰਕਾਰ ਲਈ ਵਿੱਤੀ ਬੋਝ ਲਗਭਗ 3.45 ਲੱਖ ਕਰੋੜ ਰੁਪਏ ਰਿਹਾ ਹੈ। ਇਸ ਯੋਜਨਾ ਦੇ ਸੱਤਵੇਂ ਪੜਾਅ ਲਈ 44,762 ਕਰੋੜ ਰੁਪਏ ਦੇ ਵਾਧੂ ਖਰਚੇ ਨਾਲ ਇਸ ਯੋਜਨਾ ਦਾ ਸਮੁੱਚਾ ਖਰਚ ਸਾਰੇ ਪੜਾਵਾਂ ਲਈ ਲਗਭਗ 3.91 ਲੱਖ ਕਰੋੜ ਰੁਪਏ ਹੋਵੇਗਾ। ਮੋਟੇ ਤੌਰ 'ਤੇ ਇਸਨੇ ਲਾਭ ਉਠਾਉਣ ਵਾਲੇ ਵਿਅਕਤੀਆਂ ਦੀ ਗਿਣਤੀ ਦੁੱਗਣੀ ਕਰ ਦਿੱਤੀ ਹੈ।

ਇਸਦੇ ਬਾਵਜੂਦ ਦੇਸ਼ ਵਿਚ ਭੋਜਨ ਅਸੁਰੱਖਿਆ ਦਾ ਵਧੇਰੇ ਸਾਹਮਣਾ ਕਰਨ ਵਾਲੇ ਲੋਕਾਂ ਦੀ ਸੰਖਿਆ 2018-20 ਵਿਚ 20.3 ਪ੍ਰਤੀਸ਼ਤ ਤੋਂ ਵਧ ਕੇ 2019-21 ਵਿਚ 22.3 ਪ੍ਰਤੀਸ਼ਤ ਹੋ ਗਈ ਸੀ। ਪੂਰੀ ਦੁਨੀਆ ਅੰਦਰ ਭੁੱਖਮਰੀ ਨਾਲ ਜੂਝ ਰਹੇ ਲੋਕਾਂ ਵਿਚੋਂ ਲਗਭਗ 37 ਪ੍ਰਤੀਸ਼ਤ ਇਕੱਲੇ ਭਾਰਤ ਵਿਚ ਰਹਿੰਦੇ ਹਨ। ਇਸ ਰੁਝਾਨ ਨੂੰ ਰੋਕਣ ਲਈ, ਭਾਰਤ ਸਰਕਾਰ ਨੂੰ ਕੁਪੋਸ਼ਣ ਅਤੇ ਅਕਾਲ ਦੇ ਖਾਤਮੇ ਵਿਚ ਤੇਜ਼ੀ ਲਿਆਉਣ ਲਈ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਸਮੇਤ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਲਈ ਖੁਰਾਕ ਸੰਕਟ ਨਾਲ ਨਜਿੱਠਣ ਲਈ ਆਪਣੇ ਕਿਸਾਨਾਂ ਲਈ ਢੁਕਵੀਂ ਆਮਦਨ ਅਤੇ ਘੱਟੋ ਘੱਟ ਸਹਾਇਕ ਮੁੱਲ ਦੀ ਕਾਨੂੰਨੀ ਜ਼ਾਮਨੀ ਦੇਣੀ ਚਾਹੀਦੀ ਹੈ।

---

## *ਮਨੀਪੁਰ: ਅਤੀਤ ਤੇ ਵਰਤਮਾਨ – ਕਵਿਤਾ ਦੀ ਆਵਾਜ਼*

*(ਪਿਛਲੇ ਸਫੇ ਦਾ ਬਾਕੀ)*

ਦਿਨ ਦੀ ਰੋਸ਼ਨੀ ਮੇਰੇ ਦਿਲ ਵਿਚ ਹੈ
ਹਨੇਰਾ 15ਵੀਂ ਸਦੀ
ਮੈਂ ਕਿਸ ਦੇਸ਼ ਵਿਚ ਹਾਂ
ਮੇਰਾ ਮਨੀਪੁਰ ਮੇਰੀ ਧਰਤੀ
ਮੈਨੂੰ ਹਨੇਰੇ ਤੋਂ ਸੂਰਜ ਵੱਲ ਲੈ ਜਾ''
ਸਾਨੂੰ ਚੱਲਣਾ ਚਾਹੀਦਾ ਹੈ
ਸੂਰਜ ਪੂਰਬ ਵਿਚ ਚੜ੍ਹਦਾ ਹੈ
ਇਹ ਪੁਰਾਣੀ ਕਹਾਵਤ ਸੀ
ਕੀ ਇਨ੍ਹਾਂ ਦਿਨਾਂ ਵਿਚ ਸੂਰਜ ਪੂਰਬ ਤੋਂ ਚੜ੍ਹਦਾ ਹੈ
ਉਸ ਸ਼ਰਮ ਵਿਚ ਡੁੱਬ ਜਾਵੇਗਾ
ਸ਼ਰਮ ਦੀ ਗੱਲ ਹੈ ਕਿ ਅਸੀਂ ਇਨ੍ਹਾਂ ਦਿਨਾਂ 'ਚ ਰਹਿੰਦੇ ਹਾਂ।

ਮਨੀਪੁਰ ਵਿਚ ਮੇਰੇ ਕਿਆਮ ਦੌਰਾਨ ਨਾਟਕਾਂ ਦਾ ਪਿਆਰ ਅਤੇ ਆਪਣੀ ਪਛਾਣ, ਸਾਹਿਤ, ਭਾਸ਼ਾ ਦੀ ਲੜਾਈ ਲੜਦਿਆਂ ਮੈਂ ਜਿਨ੍ਹਾਂ ਦੋਸਤਾਂ-ਮਿੱਤਰਾਂ ਨਾਲ ਗੱਲਬਾਤ ਕੀਤੀ, ਉਹ ਅੱਜ ਵੀ ਮੇਰੀ ਯਾਦ ਵਿਚ ਤਾਜ਼ਾ ਹਨ ਪਰ ਲੱਗਦਾ ਹੈ ਕਿ ਮਨੀਪੁਰ ਨੂੰ ਕਿਸੇ ਨੇ ਇਸ ਤਰ੍ਹਾਂ ਦੇਖਿਆ ਨਹੀਂ ਹੈ। ਕੀ ਉਹ ਦੋਵੇਂ ਭਾਈਚਾਰੇ ਜਿਨ੍ਹਾਂ ਦੇ ਕਦੇ ਬਹੁਤ ਸਾਰੇ ਸਬੰਧ ਸਨ, ਅੱਜ ਵੀ ਮੌਜੂਦ ਹਨ। ਕੀ ਵਿਗੜੀ ਮਾਨਸਿਕਤਾ ਦਾ ਇਹ ਦੌਰ ਇਸੇ ਤਰ੍ਹਾਂ ਜਾਰੀ ਰਹੇਗਾ? ਅਜੇ ਵੀ ਸਮਾਂ ਹੈ ਮਨੀਪੁਰ ਲਈ ਆਵਾਜ਼ ਉਠਾਉਣ ਅਤੇ ਕੁਝ ਸੋਚਣ ਦਾ। ਸਾਡਾ ਸਭਿਅਕ ਸਮਾਜ, ਕੀ ਸਾਡਾ ਆਧੁਨਿਕ ਸਮਾਜ ਸਿਰਫ ਟੀਵੀ 'ਤੇ ਅਜਿਹੀਆਂ ਖ਼ਬਰਾਂ ਹੀ ਦੇਖੇਗਾ ਜਿਨ੍ਹਾਂ 'ਤੇ 99% ਝੂਠ ਅਤੇ ਬੇਈਮਾਨੀ ਨਾਲ ਭਰੇ ਸੰਵਾਦ ਅਤੇ ਬਹਿਸਾਂ ਤੁਹਾਡਾ ਸਮਾਂ ਬਰਬਾਦ ਕਰਦੀਆਂ ਹਨ।

ਸਾਡੇ ਕੋਲ ਮਨੀਪੁਰ ਨੂੰ ਸਮਝਣ ਲਈ ਅਜੇ ਵੀ ਸਮਾਂ ਹੈ। ਸੁੰਦਰ ਮਨੀਪੁਰ ਦੇਖੋ। ਕਾਫ਼ੀ ਸਮੇਂ ਬਾਅਦ ਮੈਨੂੰ ਆਪਣੀ ਡਾਇਰੀ ਵਿਚੋਂ ਦਹਾਕਾ ਪਹਿਲਾਂ ਲਿਖੀ ਕਵਿਤਾ ਦੀਆਂ ਲਾਈਨਾਂ ਯਾਦ ਆਈਆਂ ਹਨ, ਤੁਹਾਡੇ ਨਾਲ ਵੀ ਸਾਂਝੀਆਂ ਕਰਦਾ ਹਾਂ:

ਜਦੋਂ ਸੂਰਜ ਚੜ੍ਹਦਾ ਹੈ
ਇੰਫਲ ਦੇ ਬਾਹਰ ਤੁਹਾਡੇ ਪਹਾੜਾਂ ਵਿਚ
ਮੋਰੇਹ ਤੋਂ ਅੱਗੇ ਬਰਮਾ ਤੱਕ ਫੈਲਿਆ ਹੋਇਆ ਹੈ
ਉਨ੍ਹਾਂ ਰੁੱਖਾਂ ਅਤੇ ਪਹਾੜਾਂ ਦੀ ਗੋਦ ਵਿਚ
ਮੋਰਾਂਗ ਦੇ ਹਰੇ ਮੈਦਾਨ
ਅਤੇ ਪਾਣੀ ਭਰੇ ਖੇਤ
ਮੈਨੂੰ ਤੇਰੀ ਬਹੁਤ ਯਾਦ ਆ ਰਹੀ ਹੈ
ਮਨੀਪੁਰ
ਤੁਹਾਡੀਆਂ ਝੀਲਾਂ ਖਿੜਦੀਆਂ ਹਨ
ਕਮਲ ਦਾ ਫੁੱਲ
ਆਜ਼ਾਦੀ ਲਈ ਸਦੀਆਂ ਤੋਂ ਚੱਲੀ ਬਗਾਵਤ
ਅਜੇ ਵੀ ਸਾਰੀ ਦੁਨੀਆ ਨੂੰ ਹਿਲਾਉਣ ਦੀ ਸ਼ਕਤੀ ਹੈ
ਤੁਹਾਡੇ ਵਿਚ ਹੈ
ਵਿਸ਼ਵ ਚੈਂਪੀਅਨ ਬਣਨ ਦੀ ਸ਼ਕਤੀ
ਜਾਗੋ ਇੰਫਾਲ ਤੋਂ ਆ ਰਹੀਆਂ ਹਵਾਵਾਂ ਨੂੰ ਦੇਖੋ
ਰਾਤ ਨੂੰ ਤਾਪਮਾਨ ਬਹੁਤ ਗਰਮ ਸੀ ਜਦਿਵੇਂ ਖੰਡ ਘੱਟ ਸੀ
ਸਵੇਰੇ ਸਾੜੀ ਮਿਰਚ
ਇਸ ਦਿੱਖ ਨੂੰ ਪ੍ਰਾਰਥਨਾ ਵਾਂਗ ਬੰਦ ਕਰੋ
ਜਾਗੋ ਮਨੀਪੁਰ, ਦੇਸ਼ ਤੁਹਾਡੇ ਨਾਲ ਖੜ੍ਹਾ ਹੈ
ਸਾਰੀਆਂ ਮਾਵਾਂ ਨੂੰ ਹੈਲੋ
ਕੌਣ ਇਸ ਝੋਨੇ ਦੇ ਖੇਤ ਵਿਚ
ਮਾਤ ਭੂਮੀ ਮਨੀਪੁਰ ਦੇ ਗੀਤਾਂ ਲਈ ਬਰਫ਼
ਮੋਰਾਂਗ ਦੇ ਗੀਤ ਗਾਉਂਦਾ ਹੈ
ਮੈਅਤੀ ਅਤੇ ਕੂਕੀ ਗਾਇਨ
ਜਿਸ ਵਿਚ ਮਾਤ ਭੂਮੀ ਮਨੀਪੁਰ ਦਾ ਜ਼ਿਕਰ ਹੈ
ਜਾਗੋ ਕੱਲ੍ਹ ਤੁਹਾਡਾ ਹੋਵੇਗਾ
ਭੁੱਲ ਜਾਓ ਕਿ ਇਹ ਤੁਹਾਡਾ ਤੋਹਫ਼ਾ ਹੈ
ਤੇ ਅਸੀਂ ਤੁਹਾਡੇ ਨਾਲ ਹਾਂ
ਸੂਰਜ ਨੂੰ ਦੇਖ ਰਿਹਾ ਹੈ
ਆਪਣੀ ਰਾਤ ਨੂੰ ਵੇਖੋ
ਹਨੇਰੇ ਤੋਂ ਬਾਅਦ ਸੋਚਣਾ
ਸੂਰਜ ਜਲਦੀ ਚੜ੍ਹਦਾ ਹੈ
ਬਹੁਤ ਸਮਾਂ ਪਹਿਲਾਂ ਅੱਖਾਂ ਵਿਚ ਸੂਰਜ
ਗਰਭ ਅਵਸਥਾ ਦੌਰਾਨ ਵਾਪਰਦਾ ਹੈ
ਤੂੰ ਉਹੀ ਹੈ
ਮਨੀਪੁਰ ਮੇਰਾ ਆਪਣਾ।

# ਜ਼ਿੰਦਗੀ ਦੇ ਰੰਗ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਜ਼ਿੰਦਗੀ ਵੱਖ-ਵੱਖ ਰੰਗਾਂ ਦਾ ਗੁਲਦਸਤਾ। ਕੁਝ ਸੂਹੇ, ਕੁਝ ਗੰਧਮੀ, ਕੁਝ ਕਾਲੇ, ਕੁਝ ਚਿੱਟੇ, ਕੁਝ ਪੀਲੇ, ਕੁਝ ਨੀਲੇ, ਕੁਝ ਸੰਦਲੀ, ਕੁਝ ਗੁਲਾਨਾਰੀ ਅਤੇ ਕੁਝ ਗੁਲਾਬੀ ਹੁੰਦੇ। ਇਨ੍ਹਾਂ ਰੰਗਾਂ ਵਿਚੋਂ ਹੀ ਅਸੀਂ ਜੀਵਨ ਦੀਆਂ ਵੱਖ-ਵੱਖ ਪਰਤਾਂ ਨੂੰ ਜਿਉਂਦੇ। ਇਨ੍ਹਾਂ ਵਿਚੋਂ ਹੀ ਨਜ਼ਰ ਆਉਂਦਾ ਕਿ ਵਿਅਕਤੀ ਕੇਹੇ ਰੰਗਾਂ ਦੀ ਰੰਗਸ਼ਾਲਾ ਬਣ ਕੇ ਜ਼ਿੰਦਗੀ ਦੀ ਨਿਸ਼ਾਨਦੇਹੀ ਕਰ ਰਿਹਾ।

ਜ਼ਿੰਦਗੀ ਦੇ ਰੰਗ ਕਈ ਵਾਰ ਗੂੜ੍ਹੇ ਅਤੇ ਕਈ ਵਾਰ ਫਿੱਕੇ। ਕਈ ਵਾਰ ਲਿਸ਼ਕਵੇਂ ਅਤੇ ਕਈ ਵਾਰ ਧੁੰਧਲੇ। ਕਈ ਵਾਰ ਇਹ ਰੰਗ ਉਡ ਹੀ ਜਾਂਦੇ ਪਰ ਕਈ ਵਾਰ ਇਹ ਰੰਗ ਮਜੀਠ।

ਜ਼ਿੰਦਗੀ ਦੇ ਰੰਗਾਂ ਦੀ ਤਾਸੀਰ ਮਨੁੱਖੀ ਵਿਅਕਤੀਤਵ ਦਾ ਝਲਕਾਰਾ। ਮਨ ਦੀਆਂ ਰੁੱਤਾਂ ਦੀ ਨਿਸ਼ਾਨਦੇਹੀ। ਚੌਗਿਰਦੇ ਦੇ ਪ੍ਰਭਾਵਾਂ ਦਾ ਅਸਰ। ਸੋਚਾਂ ਵਿਚ ਚੱਲ ਰਹੀਆਂ ਖਿੱਚੋਤਾਣਾਂ। ਮਸਤਕ ਵਿਚ ਨਿਖਰਦੇ ਖ਼ਿਆਲਾਂ ਦਾ ਪ੍ਰਗਟਾਅ। ਇਹ ਰੰਗ ਸੂਹੇ ਹੋ ਰਹੇ ਜਾਂ ਪਲਿੱਤਣਾਂ ਵਿਚ ਰੰਗੇ ਜਾ ਰਹੇ, ਇਹ ਵੀ ਜੀਵਨ-ਰੰਗਾਂ ਦੀ ਨਿਰਭਰਤਾ ਨੂੰ ਕਿਆਸਦੇ।

ਜ਼ਿੰਦਗੀ ਦੇ ਰੰਗ ਕਦੇ ਵੀ ਸਥਿਰ ਜਾਂ ਸਾਵੇਂ ਨਹੀਂ ਰਹਿੰਦੇ। ਇਹ ਪਲ ਪਲ ਬਦਲਦੇ। ਕੱਲ੍ਹ ਹੋਰ ਅਤੇ ਅੱਜ ਹੋਰ ਅਤੇ ਭਲਕ ਨੂੰ ਅੱਜ ਅਤੇ ਕੱਲ੍ਹ ਨਾਲੋਂ ਵੀ ਵਿਭਿੰਨ ਹੋਣਗੇ।

ਜੀਵਨ ਦੇ ਰੰਗ ਰੁੱਸਦੇ ਤਾਂ ਜੀਵਨ ਦੀ ਕੈਨਵਸ ਬਹੁਤ ਉਦਾਸ ਹੋ ਜਾਂਦੀ। ਕਿਵੇਂ ਭਰੇ ਉਹ ਆਪਣਾ ਖ਼ਾਲੀਪਣ। ਇਸ 'ਤੇ ਉਕਰੇ ਜਾਣ ਵਾਲੇ ਨਕਸ਼ਾਂ ਦਾ ਦੂਰ ਚਲੇ ਜਾਣਾ ਬਹੁਤ ਨਿਰਾਸ਼ ਕਰਦਾ ਏ ਕੈਨਵਸ ਨੂੰ। ਇਸਦੇ ਫਰੇਮ ਦੀਆਂ ਹਿਚਕੀਆਂ ਵਿਚ ਖੁਰ ਜਾਂਦੀ ਕੈਨਵਸ ਦੀ ਕਾਇਆ। ਇਸ ਕੈਨਵਸ ਨੇ ਜਿਹੜੀ ਕੰਧ 'ਤੇ ਆਪਣਾ ਆਲ੍ਹਣਾ ਪਾਉਣਾ ਸੀ, ਉਸਦੀ ਵੀਰਾਨਗੀ ਅਤੇ ਖਾਲੀਪਣ ਵਿਚ ਕੈਨਵਸ ਆਪਣੀ ਖਾਲੀਪਣ ਹੀ ਅਰਪਿਤ ਕਰ ਸਕਦੀ ਏ। ਭਲਾ ਖਾਲ਼ੀਪਣ ਵਿਚ ਬੰਦਾ ਜਦ ਆਪਣੀ ਮਰਜ਼ੀ ਦੇ ਅਰਥ ਭਾਲਣ ਲੱਗ ਪਵੇ ਤਾਂ ਇਨ੍ਹਾਂ ਅਰਥਾਂ ਵਿਚ ਕੁਝ ਅਜੇਹਾ ਵੀ ਆ ਜਾਂਦਾ ਜਿਹੜਾ ਮਨੁੱਖ ਦੀ ਕਲਪਨਾ ਤੋਂ ਵੀ ਪਾਰ ਹੁੰਦਾ। ਰੰਗਹੀਣ ਅਤੇ ਚਿੱਤਰਹੀਣ ਹੋਈ ਕੈਨਵਸ ਨੂੰ ਜ਼ਿੰਦਗੀ ਦਾ ਨਾਮ ਕਿਵੇਂ ਦਿੱਤਾ ਜਾ ਸਕਦਾ?

ਜ਼ਿੰਦਗੀ ਦੇ ਰੰਗ ਗਵਾਚਦੇ ਤਾਂ ਘਰ ਦੀਆਂ ਕੰਧਾਂ ਉਦਾਸ ਹੋ ਜਾਂਦੀਆਂ। ਦਰਵਾਜ਼ੇ ਅਤੇ ਬੂਹੇ ਬਾਰੀਆਂ ਘਰ ਦੇ ਗੱਲ ਲੱਗ ਕੇ ਰੋਂਦੇ। ਘਰ ਆਪਣੇ ਗੁਆਚੇ ਹੋਏ ਰੰਗਾਂ ਦੀ ਭਾਲ ਵਿਚ ਦਰ-ਬ-ਦਰ ਫਿਰਦਾ। ਇਨ੍ਹਾਂ ਰੰਗਾਂ ਦੀ ਤਲਾਸ਼ ਹੀ ਬੰਦੇ ਨੂੰ ਉਸਦੇ ਅੰਤਰੀਵ ਵਿਚਲੇ ਉਨ੍ਹਾਂ ਰੰਗਾਂ ਦੀ ਨਿਸ਼ਾਨਦੇਹੀ ਕਰਨ ਵਿਚ ਸਫ਼ਲ ਹੁੰਦੀ ਜਿਸ ਤੋਂ ਬੰਦਾ ਖੁਦ ਵੀ ਅਵੇਸਲਾ ਹੁੰਦਾ। ਜਦ ਬੰਦਾ ਆਪਣੇ ਅੰਦਰਲੇ ਰੰਗਾਂ ਵਿਚ ਘਰ ਨੂੰ ਰੰਗ ਕੇ ਇਸਦੀ ਰੰਗਰੇਜ਼ਤਾ ਨੂੰ ਭਾਗ ਲਾਉਂਦਾ ਤਾਂ ਘਰ ਖੁਸ਼ੀ ਵਿਚ ਬੌਰਾ ਹੋ ਜਾਂਦਾ।

ਕੁਦਰਤ ਦੀ ਹਰ ਕਿਰਤ ਹੀ ਰੰਗਾਂ ਦੀ ਤਲਾਸ਼ ਵਿਚ ਭਟਕਣਾ ਦਾ ਸ਼ਿਕਾਰ। ਦਰਅਸਲ ਇਹ ਰੰਗਾਂ ਦੀ ਖੋਜ ਹੀ ਹੁੰਦੀ ਜਿਹੜੀ ਹਰੇਕ ਨੂੰ ਯਾਤਰਾ 'ਤੇ ਤੋਰੀ ਰੱਖਦੀ। ਦਰਿਆ ਦੇ ਰੰਗ ਰੁੱਸਦੇ ਤਾਂ ਉਹ ਬਰੇਤਾ ਬਣ ਜਾਂਦਾ। ਬਿਰਖ਼ ਤੋਂ ਰੰਗ ਰੁੱਸਦੇ ਤਾਂ ਉਹ ਪੱਤਝੜ ਦੇ ਰੰਗਾਂ ਵਿਚ ਉਦਾਸੀਨਤਾ 'ਚ ਰੰਗਿਆ ਜਾਂਦਾ। ਪਰ ਬਿਰਖ਼ ਪੱਤਹੀਣ ਹੋਇਆ ਵੀ ਆਸ ਨਹੀਂ ਛੱਡਦਾ। ਤਾਂ ਹੀ ਆਖਰ ਨੂੰ ਬਹਾਰ ਰੰਗਾਂ ਦਾ ਸੰਧਾਰਾ ਲੈ ਕੇ ਇਸਦੇ ਦਰਾਂ 'ਤੇ ਦਸਤਕ ਦਿੰਦੀ ਅਤੇ ਰੰਗਾਂ ਨਾਲ ਓਤਪੋਤ ਕਰਦੀ। ਇਹ ਰੰਗਾਂ ਦੀ ਕਰਾਮਾਤ ਹੁੰਦੀ ਕਿ ਕਪਾਹ ਦੀਆਂ ਫੁੱਟੀਆਂ ਵਰਗੀਆਂ ਤਿੱਤਰ ਖੰਭੀਆਂ ਪਲਾਂ ਵਿਚ ਕਾਲੀ ਛਾਹ ਘਟਾਅ ਦਾ ਰੂਪ ਧਾਰਦੀਆਂ ਤਾਂ ਰੱਕੜਾਂ ਨੂੰ ਭਾਗ ਲੱਗ ਜਾਂਦੇ। ਕਦੇ ਧਰਤੀ ਵਿਚੋਂ ਉਗਦੇ ਰੰਗਾਂ ਅਤੇ ਕਲਾਕਰੀ ਨੂੰ ਨਿਹਾਰਨਾ ਜਦ ਫ਼ਸਲਾਂ ਹਰਿਆਲੀ ਦਾ ਲਿਬਾਸ ਪਾਉਂਦੀਆਂ। ਜੰਗਲੀ ਫੁੱਲਾਂ ਦਾ ਖਿੜਨਾ, ਵੈਰਾਨ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਝੀਲਾਂ ਜਾਂ ਛੱਪੜਾਂ ਦੇ ਕੰਢਿਆਂ ਨੂੰ ਸਿੰਘਾਰਨਾ। ਭਾਵੇਂ ਅੱਕ ਦੇ ਫੁੱਲ ਹੋਣ ਜਾਂ ਮਾਰੂਥਲ ਦਾ ਕੈਕਟਸ ਦੇ ਫੁੱਲ ਵਲੋਂ ਸੁੰਦਰ ਬਣਾਉਣਾ ਹੋਵੇ।

ਅਸੀਂ ਸਾਰੇ ਫਿੱਕੜੇ ਜਹੇ ਰੰਗਾਂ ਵਿਚ ਲਿਪਟੇ ਨਿਰਾਸ਼ ਸਮਿਆਂ ਦੀ ਵਸੀਅਤ ਬਣ ਕੇ ਰਹਿ ਗਏ ਹਾਂ। ਨਕਾਰਾਤਮਿਕਤਾ ਨੇ ਸਾਡੇ ਮਨਾਂ ਨੂੰ ਗ੍ਰਹਿਣਿਆ ਹੋਇਆ ਅਤੇ ਰਸਾਤਲ ਵੰਨੀਂ ਜਾਂਦੀਆਂ ਸੋਚਾਂ ਨੇ ਮੱਥਿਆਂ ਨੂੰ ਤਿਊੜੀਆਂ ਨਾਲ ਗੁੰਦਿਆ ਹੋਇਆ। ਸਾਡੇ ਪੈਰਾਂ ਵਿਚ ਉਗੇ ਸਫ਼ਰ ਨੂੰ ਸਾਡੀ ਮਾਯੂਸੀ ਨੇ ਧੁਆਂਖਿਆ ਹੋਇਆ ਅਤੇ ਸਾਡੀਆਂ ਮੰਜ਼ਲਾਂ, ਸੁਪਨਿਆਂ ਦੇ ਧੁੰਧਲਕੇ ਵਿਚ ਗਵਾਚੀਆਂ ਹੋਈਆਂ। ਸਾਡੇ ਚਿੰਤਨ ਵਿਚ ਹਮੇਸ਼ਾ ਸ਼ਾਮ ਹੀ ਤਾਰੀ। ਕਦੇ ਸਰਘੀ ਨੂੰ ਆਪਣੀ ਸੰਵੇਦਨਾ ਦਾ ਹਿੱਸਾ ਬਣਾਉਣਾ, ਤੁਹਾਡਾ ਨਜ਼ਰੀਆ ਬਦਲ ਜਾਵੇਗਾ। ਅਤੇ ਜਦ ਨਜ਼ਰੀਆ ਬਦਲਦਾ ਤਾਂ ਕਿਰਤ ਸਾਧਨਾ ਵਿਚੋਂ ਕਰਾਮਾਤਾਂ ਜਨਮਦੀਆਂ।

ਮਨੁੱਖ ਕਿਹੜਾ ਰੰਗ ਪਹਿਨਦਾ, ਕਿਹੜੇ ਰੰਗਾਂ ਤੋਂ ਉਸਨੂੰ ਕੋਫ਼ਤ ਹੈ, ਕਿਹੜੇ ਰੰਗ ਉਸਦੀ ਤਰਜੀਹ ਅਤੇ ਕਿਹੜੇ ਰੰਗ ਉਸਦੀ ਨਾਪਸੰਦੀ ਹਨ? ਕਿਹੜੇ ਮੌਕੇ 'ਤੇ ਕਿਹੜੇ ਰੰਗ ਸਮਾਜ ਨੂੰ ਚੰਗੇ ਲੱਗਦੇ, ਕਿਹੜੇ ਰੰਗਾਂ ਵਿਚੋਂ ਮਨੁੱਖ ਦੀ ਨਫ਼ੀਸੀ ਪ੍ਰਗਟਦੀ ਅਤੇ ਕਿਹੜੇ ਰੰਗਾਂ ਵਿਚੋਂ ਉਸਦੀ ਮਰਨਾਊ ਮਾਨਸਿਕਤਾ ਨਜ਼ਰ ਆਉਂਦੀ, ਇਹ ਸਭ ਕੁਝ ਤੁਸੀਂ ਮਨੁੱਖ ਵਲੋਂ ਪਹਿਨੇ ਕਪੜਿਆਂ ਤੋਂ ਭਲੀ ਭਾਂਤ ਸਮਝ ਸਕਦੇ ਹੋ।

ਰੰਗ ਬਹੁਤ ਕੁਝ ਬਿਆਨਦੇ। ਦਰਅਸਲ ਇਹ ਮਨੁੱਖ ਦਾ ਸੁਭਾਵਕ ਬਿੰਬ ਹੁੰਦੇ ਅਤੇ ਇਨ੍ਹਾਂ ਵਿਚੋਂ ਹੀ ਕਿਸੇ ਦੀ ਤਦਬੀਰ, ਤਕਦੀਰ ਅਤੇ ਤਰਜੀਹ ਨੂੰ ਸਮਝ ਸਕਦੇ ਹਾਂ। ਸੂਹੇ ਰੰਗ, ਸੂਹੀ ਫੁਲਕਾਰੀ ਅਤੇ ਸੂਹੀ ਰਾਗ ਵਿਚ ਪੜ੍ਹੀਆਂ ਚਾਰ ਲਾਵਾਂ ਖੁਸ਼ੀ ਅਤੇ ਹੁਲਾਸ ਦਾ ਪ੍ਰਤੀਕ। ਚਾਵਾਂ ਦਾ ਨਿਉਂਦਾ। ਆਸ਼ਾਵਾਂ ਅਤੇ ਸੱਧਰਾਂ ਦੇ ਦਰਾਂ 'ਤੇ ਦਸਤਕ। ਇਹ ਦਸਤਕ ਹੀ ਹੁੰਦੀ ਜੋ ਕੰਧਾਂ ਨੂੰ ਕਮਰੇ ਅਤੇ ਕਮਰਿਆਂ ਨੂੰ ਘਰ ਬਣਾਉਂਦੀ। ਸੂਹੇ ਰੰਗਾਂ ਤੋਂ ਬਗੈਰ ਘਰ ਅਰਥਹੀਣ। ਆਪੋ-ਆਪਣੇ ਤਹਿਖਾਨੇ ਵਿਚ ਸਜ਼ਾ ਭੁਗਤ ਰਹੇ ਕੈਦੀ। ਮਰਨ-ਮਿੱਟੀ ਢੋ ਰਹੇ ਘਰ ਦੇ ਬਾਸ਼ਿੰਦੇ। ਇਕ ਦੂਜੇ ਦੀਆਂ ਭਾਵਨਾਵਾਂ ਤੋਂ ਕੋਰੇ ਅਤੇ ਅਹਿਸਾਸਾਂ ਤੋਂ ਅਭਿੱਜ। ਮਕਾਨ ਘਰ ਬਣਿਆ ਰਹੇ ਤਾਂ ਸੂਹਾ ਵੇਸ ਘਰ ਨੂੰ ਭਾਗ ਲਾਉਂਦਾ। ਇਹ ਰੰਗਾਂ ਦੀ ਕਰਤਾਰੀ ਸ਼ਕਤੀ ਦਾ ਕਮਾਲ ਅਤੇ ਮਨੁੱਖੀ ਮਾਨਸਿਕਤਾ ਦਾ ਸਭ ਤੋਂ ਵੱਡਾ ਪੈਮਾਨਾ ਬਣਦਾ ਜਦ ਸਖੀਆਂ-ਸਹੇਲੀਆਂ ਚਾਦਰਾਂ ਤੇ ਦਰੀਆਂ 'ਤੇ ਮੋਰ-ਘੁੱਗੀਆਂ ਪਾਉਂਦੀਆਂ। ਓਟਿਆਂ 'ਤੇ ਚਿੜੀਆਂ ਅਤੇ ਵੇਲਾਂ ਦੇ ਨਕਸ਼ ਚਿੱਤਰਦੀਆਂ। ਇਹ ਉਨ੍ਹਾਂ ਦੇ ਅੰਦਰ ਵੱਸਦੇ ਰੰਗਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਸੁੰਦਰ ਸਬੱਬ। ਇਸ ਰਾਹੀਂ ਉਹ ਆਪਣੀਆਂ ਸੱਧਰਾਂ ਨੂੰ ਪਰ ਅਤੇ ਪਰਵਾਜ਼ ਦਿੰਦੀਆਂ।

ਅੰਬਰ ਗਹਿਰਾ ਹੋ ਜਾਵੇ ਤਾਂ ਸ਼ਾਮ ਉਤਰਦੀ। ਸਰਘੀ ਦੀ ਆਮਦ ਧੁਆਂਖੀ ਜਾਵੇ ਤਾਂ ਕਹਿਰ ਵਰਤਦਾ। ਸੂਰਜ ਚੜ੍ਹਦਾ ਤਾਂ ਸੂਹਾ ਹੁੰਦਾ, ਡੁੱਬਦਾ ਤਾਂ ਗਹਿਰੀ ਜਹੀ ਲਾਲ ਭਾਅ ਮਾਰਦਾ। ਪਰ ਜਦ ਸਿਰ 'ਤੇ ਹੁੰਦਾ ਤਾਂ ਸੁਨਹਿਰੀ ਰੰਗ ਵਿਚ ਰੰਗਿਆ ਮਨੁੱਖੀ ਸੋਚਾਂ ਨੂੰ ਵੀ ਸੋਨੇ ਰੰਗੀ ਪਰਤ ਚਾੜ੍ਹਦਾ। ਇਹ ਰੰਗ ਹੀ ਹੁੰਦੇ ਜੋ ਸੱਤਰੰਗੀ ਬਣ ਕੇ ਅੰਬਰ ਦੇ ਵਿਹੜੇ ਪੀਂਘ ਪਾਉਂਦੇ;

ਰੰਗਾਂ ਵਿਚੋਂ ਰੰਗ ਉਘੜਦੇ ਤੇ ਰੰਗਾਂ ਵਿਚੋਂ ਹੀ ਰਾਹ
ਰੰਗਾਂ ਵਿਚੋਂ ਚਾਅ ਪ੍ਰਗਟਦੇ ਤੇ ਮੁੱਖ 'ਤੇ ਸੂਹੀ ਭਾਅ
ਰੰਗ ਰੂਹਾਂ ਦੀ ਰੰਗ-ਸ਼ਾਲਾ ਤੇ ਰੰਗਰੇਜ਼ਤਾ ਦਾ ਮਾਣ।
ਰੰਗ ਕਦੇ ਪਛਾਣੇ ਲੱਗਦੇ ਪਰ ਕਦੇ ਹੁੰਦੇ ਅਣਜਾਣ।
ਕਦੇ ਰੰਗਾਂ ਦਾ ਦਰਿਆ ਬਣ ਕੇ ਤੁਰਦੇ ਆਪਣੀ ਤੋਰ
ਤੇ ਕਦੇ ਰੰਗਾਂ ਦੀ ਗਾਗਰ ਬਣ ਕੇ ਮਾਨਣ ਆਪਣੀ ਲੋਰ।
ਰੰਗਾਂ ਦੀ ਨਗਰੀ ਵਿਚ ਜਾ ਕੇ ਖੁਦ ਨੂੰ ਪਵੇ ਗਵਾਉਣਾ
ਤਾਂ ਹੀ ਮਨ ਚਾਹੇ ਰੰਗਾਂ ਨੂੰ ਚੰਗੀ ਨੀਅਤ ਨਾਲ ਪਾਉਣਾ।
ਕਾਲੇ ਅੱਖਰੀਂ ਕੁਲਹਿਣਾ ਵਕਤ ਜੋ ਸਫ਼ੇ 'ਤੇ ਉਕਰੇ
ਉਹ ਆਪਣੀ ਸ਼ਬਦ-ਮਾਲਾ ਦੇ ਹੱਥੀਂ ਪਰਾਂ ਨੂੰ ਕੁਤਰੇ
ਰੰਗਾਂ ਦੇ ਮੰਦਰ ਵਿਚ ਜਾ ਕੇ ਕਰਨ ਜੋ ਅਰਦਾਸ।
ਉਨ੍ਹਾਂ ਦੀ ਝੋਲੀ ਵਿਚ ਪੈਂਦੀ ਹਰ ਅਪੂਰਨ ਆਸ।
ਰੰਗੋ ਵੇ ਮੇਰੀ ਗਲੀਏ ਆਵੋ।
'ਕੇਰਾਂ ਬੰਦ ਦਰ ਖੜਕਾਵੋ।
ਪਾਣੀ ਡੋਲੋ ਤੇ ਤੇਲ ਵੀ ਚੋਵੋ।
ਫਿੱਕੜੇ ਰੰਗ ਸੂਹੀਂ ਲਕੋਵੋ।
ਘਰ ਦੇ ਖੂੰਝੇ 'ਚ ਲੁਕੀਆਂ ਸੂਹਾਂ
ਬਣਾ ਦਿਓ ਹੁਣ ਸੰਦਲੀ ਜੂਹਾਂ
ਮਨ 'ਚ ਜਿਹੜਾ ਸੋਗ ਦਾ ਪਹਿਰਾ
ਆ ਕੇ ਜ਼ਰਾ ਛੁਡਾਓ ਖਹਿੜਾ।
ਰੰਗਾਂ 'ਚ ਰੰਗੀ ਜਿਸ ਸੂਹੀ ਕਾਇਆ
ਉਸਦਾ ਜੀਵਨ ਸਕਾਰਥ ਆਇਆ
ਐ ਖੁਦਾ!
ਘਰਾਂ-ਦਰਾਂ ਨੂੰ ਬਖਸ਼ੀਂ ਰੰਗ
ਹਰਫਾਂ ਦੀ ਤਾਂ ਇਹੀ ਮੰਗ।
ਮੰਨ ਨਾ ਕੋਈ ਖ਼ੌਫ ਹੰਢਾਵੇ,
ਹਰ ਸਾਹ ਸੁਰ-ਸੰਗੀਤ 'ਚ ਗਾਵੇ।
ਕਿਰਤ ਕਰਮ ਦੇ ਰੰਗ ਉਘਾੜੇ
ਜ਼ਿੰਦਗੀ ਦੇ ਕਾਲੇ ਵਰਕੇ ਪਾੜੇ।

ਅੱਖਰਾਂ ਦੇ ਰੰਗ ਸਿਰਫ਼ ਸਿਆਹੀ ਦੇ ਹੀ ਨਹੀਂ ਹੁੰਦੇ, ਇਹ ਰੰਗ ਹਰਫ਼ਾਂ ਦੀ ਤਾਸੀਰ ਅਤੇ ਇਨ੍ਹਾਂ ਦੀ ਹਿੱਕ ਵਿਚ ਸਮਾਏ ਅਰਥਾਂ ਦੇ ਵੀ ਹੁੰਦੇ। ਇਨ੍ਹਾਂ ਰੰਗਾਂ ਨੇ ਕਿਸ ਕਿਸਮ ਦੀ ਇਬਾਰਤ ਲਿਖਣੀ ਅਤੇ ਕਿਸ ਕਿਸਮ ਦੀ ਕਿਰਤ ਨੂੰ ਪਾਠਕਾਂ ਦੇ ਹਵਾਲੇ ਕਰਨਾ, ਇਹ ਰੰਗਾਂ ਦੀ ਅਹਿਮੀਅਤ 'ਤੇ ਨਿਰਭਰ। ਲਿਖਤ ਵਿਚ ਉਗਦੇ ਸੂਰਜ ਵਰਗੇ ਰੰਗਾਂ ਦੀ ਚਿੱਤਰਕਾਰੀ ਹੋਵੇ ਤਾਂ ਅਸੀਂ ਜ਼ਿੰਦਗੀ ਨੂੰ ਸੁੱਚੇ ਸੁਪਨਿਆਂ ਦਾ ਨਜ਼ਰਾਨਾ ਦਿੰਦੇ ਵਰਨਾ ਅਸੀਂ ਜ਼ਿੰਦਗੀ ਦੀ ਝੋਲੀ ਵਿਚ ਹੰਝੂ ਹੀ ਧਰਨ ਜੋਗੇ ਰਹਿ ਜਾਂਦੇ।

ਜਦ ਰੰਗ ਖੁਰਦੇ ਤਾਂ ਬਹੁਤ ਕੁਝ ਸਪੱਸ਼ਟ ਹੋ ਜਾਂਦਾ। ਭਾਵੇਂ ਇਹ ਰਿਸ਼ਤਿਆਂ ਦੇ ਪਾਖੰਡ ਦਾ ਜ਼ਾਹਰ ਹੋਣਾ ਹੋਵੇ, ਯਾਰੀ ਦੇ ਨਾਮ 'ਤੇ ਹੋ ਰਹੀ ਦਿਲ-ਫਰੇਬੀ ਹੋਵੇ, ਆਪਣਿਆਂ ਦੇ ਨਾਮ 'ਤੇ ਬਿਗਾਨਗੀ ਨੂੰ ਹੰਢਾਉਣਾ ਹੋਵੇ, ਭੋਲੇਪਣ ਦੇ ਨਾਮ 'ਤੇ ਧੋਖਾ ਖਾਣਾ ਹੋਵੇ ਜਾਂ ਭਲਾਈ ਕਰਦਿਆਂ, ਬੇਈਮਾਨੀ ਦਾ ਸ਼ਿਕਾਰ ਹੋਣਾ ਹੋਵੇ। ਖੁਰਨਸ਼ੀਲ ਰੰਗਾਂ ਦਾ ਕੌਣ ਇਤਬਾਰ ਕਰੇ, ਕੌਣ ਇਸਦੀ ਹਾਮੀ ਭਰੇ, ਕੌਣ ਇਸਦੀ ਕਸਮ ਖਾਵੇ ਅਤੇ ਕੌਣ ਇਸਨੂੰ ਆਪਣਾ ਬਣਾਵੇ ਕਿਉਂਕਿ ਅਜੇਹੇ ਰੰਗ ਬੇਇਤਬਾਰੇ, ਬੇਤਰਤੀਬੇ ਅਤੇ ਬੇਗਾਨੇ ਹੁੰਦੇ।

ਕੁਝ ਰੰਗ ਜੀਵਨੀ ਧੁੱਪਾਂ ਵਿਚ ਫਿੱਕੇ ਪੈ ਜਾਂਦੇ ਜਾਂ ਗ਼ਮਾਂ ਦੀ ਬਾਰਸ਼ ਵਿਚ ਖੁਰ ਜਾਂਦੇ। ਸਿਰਫ਼ ਕੁਝ ਕੁ ਰੰਗ ਹੀ ਬਚਦੇ ਜਿਹੜੇ ਹਰ ਰੁੱਤ ਵਿਚ ਬਰਕਰਾਰ। ਇਨ੍ਹਾਂ ਦੀ ਰੰਗਤ ਕਦੇ ਵੀ ਫਿੱਕੀ ਨਹੀਂ ਪੈਂਦੀ ਅਤੇ ਨਾ ਹੀ ਖੁਰਦੇ ਅਤੇ ਨਾ ਹੀ ਇਨ੍ਹਾਂ ਦੀ ਲਿਸ਼ਕੋਰ ਵਿਚ ਕੋਈ ਕਮੀ ਹੁੰਦੀ। ਇਹ ਰੰਗ ਆਪਣੇ ਜਲੌਅ ਨੂੰ ਹਰ ਪਹਿਰ 'ਤੇ ਕਹਿਰ ਵਿਚ, ਹਰ ਦੁੱਖ ਤੇ ਸੁੱਖ ਵਿਚ, ਗ਼ਮ ਤੇ ਖੁਸ਼ੀ ਵਿਚ, ਜਿੱਤਾਂ ਤੇ ਹਾਰਾਂ ਵਿਚ, ਸੁਪਨਿਆਂ ਦੀ ਤਿੜਕਣ ਤੇ ਸੁਪਨਿਆਂ ਦੇ ਜੁੜਨ ਅਤੇ ਹਰ ਪਰਵਾਜ਼ ਤੇ ਅੰਦਾਜ਼ ਵਿਚ ਬਰਕਰਾਰ ਰੱਖਦੇ।

ਜ਼ਿੰਦਗੀ ਬਹੁਤ ਰੰਗ ਦਿਖਾਉਂਦੀ। ਕਦੇ ਹਸਾਉਂਦੀ ਤੇ ਕਦੇ ਰੁਆਉਂਦੀ। ਕਦੇ ਰੁੱਸਦੀ ਤੇ ਕਦੇ ਮਨਾਉਂਦੀ। ਕਦੇ ਖੁਦ ਬੋਲਦੀ ਤੇ ਕਦੇ ਬੁਲਾਉਂਦੀ। ਕਦੇ ਜ਼ਖ਼ਮ ਦਿੰਦੀ ਤੇ ਕਦੇ ਮਰ੍ਹਮ ਲਾਉਂਦੀ। ਕਦੇ ਪਿਆਰ ਕਰਦੀ ਅਤੇ ਕਦੇ ਦੁਸ਼ਮਣੀ ਪੁਗਾਉਂਦੀ। ਕਦੇ ਚੁੱਪ ਹੁੰਦੀ ਅਤੇ ਕਦੇ ਹੋਠਾਂ 'ਤੇ ਚੁੱਪ ਉਕਰਾ ਕੇ ਵੀ ਗੁਣਗੁਣਾਉਂਦੀ। ਜਨਾਬ ਇਹੀ ਸਾਰੇ ਰੰਗ ਹੀ ਤਾਂ ਜੀਵਨ ਦੀ ਪਰਿਭਾਸ਼ਾ। ਕਦੇ ਇੰਝ ਵੀ ਹੁੰਦਾ ਕਿ ਸਾਰੀ ਉਮਰ ਫਿੱਕੜੇ ਜਹੇ ਰੰਗਾਂ ਵਿਚ ਜੀਣ ਵਾਲਾ ਸੋਚਦਾ ਹੀ ਰਿਹਾ ਕਿ ਉਸਦੇ ਹਿੱਸੇ ਸੂਹੇ ਰੰਗ ਕਿਵੇਂ ਆ ਗਏ? ਉਸਨੂੰ ਪਤਾ ਹੀ ਨਾ ਲੱਗਾ ਕਿ ਕਦ ਕੋਈ ਰੰਗੀਲਾ ਮਿਹਰਬਾਨ ਕੋਲ ਦੀ ਚੁੱਪ-ਚੁਪੀਤੇ ਲੰਘ ਗਿਆ ਤੇ ਮਹਿਕਾਂ ਦਾ ਟੋਕਰਾ ਦਰੀਂ ਟੰਗ ਗਿਆ।

ਜ਼ਿੰਦਗੀ ਦੇ ਤਿੰਨ ਰੰਗ ਮਰਜ਼, ਕਰਜ਼ ਤੇ ਫਰਜ਼ ਬੰਦੇ ਨੂੰ ਪਰਖਦੇ। ਤਿੰਨ ਰੰਗ ਮਿੱਤਰ, ਚਰਿੱਤਰ ਅਤੇ ਚਿੱਤਰ ਆਪਣੀ ਪਛਾਣ ਆਪ ਬਣਦੇ। ਪਰ ਤਿੰਨ ਰੰਗ ਕਦੇ ਵੀ ਦੁਬਾਰਾ ਨਹੀਂ ਲੱਭਦੇ, ਹੁਸਨ, ਜਵਾਨੀ ਅਤੇ ਮਾਪੇ।

ਇਹ ਰੰਗਾਂ ਦੀ ਕੇਹੀ ਰਾਸਲੀਲਾ ਕਿ ਰੰਗਾਂ ਦੇ ਅਰਥ ਹੀ ਬਦਲ ਗਏ। ਇਹ ਰੰਗ ਕਦੇ ਸਾਹਾਂ 'ਚ ਸੇਕ, ਕਦੇ ਹਿੱਕ 'ਚ ਜਵਾਰ ਭਾਟਾ ਅਤੇ ਕਦੇ ਨੈਣਾਂ ਵਿਚ ਸੁਪਨਿਆਂ ਦੀ ਲਾਲੀ ਬਣਦੇ। ਕਦੇ ਹੋਠਾਂ ਤੇ ਗੁਣਗੁਣਾਂਦੇ ਤਰਾਨੇ। ਰੰਗ ਹੀ ਰੰਗਾਂ 'ਚੋਂ ਹੋਰ ਨਵੇਂ ਰੰਗ ਨਿਹਾਰਦੇ ਅਤੇ ਖੁਦ ਇਨ੍ਹਾਂ 'ਚ ਰੰਗਿਆ ਜਾਣਾ ਇਕ ਇਨਾਇਤ।

ਜਦ ਕਰਮ ਧਰਮ ਬਣਦਾ ਤਾਂ ਜ਼ਿੰਦਗੀ ਰੰਗਸ਼ਾਲਾ ਹੁੰਦੀ। ਸੁਰਖ ਰੰਗ ਜੀਵਨ ਦਾ ਆਗਾਜ਼। ਰੰਗ ਜਦ ਪਿਘਲਦੇ ਤਾਂ ਰੂਹ ਤੋਂ ਰੂਹ ਤੀਕ ਦਾ ਸਫ਼ਰ ਆਸਾਨ ਹੁੰਦਾ। ਮਨ ਤੋਂ ਮਨ ਤੀਕ ਦੀ ਯਾਤਰਾ ਸੌਖਾਲੀ। ਸੁਖਨ-ਸਰਵਰ ਵਿਚ ਡੁੱਬਕੀਆਂ ਲਾਉਣਾ, ਸੁਖਦ ਦਾ ਸਿਰਨਾਵਾਂ। ਰੰਗ ਸਿਰਫ਼ ਦੁਨਿਆਵੀ ਜਾਂ ਸੰਸਾਰਕ ਹੀ ਨਹੀਂ ਹੁੰਦੇ। ਇਹ ਰੰਗ ਰੂਹਾਂ ਦੇ, ਮਨ ਦੀਆਂ ਜੂਹਾਂ ਦੇ, ਸੱਜਣਾਂ ਦੀਆਂ ਸੂਹਾਂ ਦੇ ਅਤੇ ਮਿੱਤਰ ਦੀਆਂ ਬਰੂਹਾਂ ਦੇ ਵੀ ਹੁੰਦੇ। ਰੰਗ ਰਾਹਾਂ ਦੇ, ਥਾਵਾਂ ਦੇ, ਭਾਵਾਂ ਦੇ, ਚਾਵਾਂ ਦੇ,ਦੁਆਵਾਂ ਦੇ ਅਤੇ ਸੋਚ-ਧਾਰਾਵਾਂ ਦੇ ਵੀ। ਰੰਗਾਂ ਵਿਚ ਰੰਗੇ ਜਾਣਾ ਹੀ ਮਨੁੱਖੀ ਫਿਤਰਤ। ਰੰਗ ਤਾਂ ਸਾਡੀ ਨਜ਼ਰ ਦੇ, ਤਸਵੀਰ ਵਿਚਲੇ ਨਕਸ਼ਾਂ ਅਤੇ ਮਨ ਵਿਚ ਪੈਦਾ ਹੋਣ ਵਾਲੇ ਅਹਿਸਾਸਾਂ ਦੇ ਵੀ ਹੁੰਦੇ।

ਕੁਝ ਰੰਗ ਹਰ ਵਿਅਕਤੀ ਹੰਢਾਉਂਦਾ। ਕੁਝ ਰੰਗ ਕੁਝ ਕੁ ਲੋਕ ਮਾਣਦੇ। ਕੁਝ ਰੰਗ ਕਿਸੇ ਦੇ ਵੀ ਹਿੱਸੇ ਨਹੀਂ ਆਉਂਦੇ। ਪਰ ਕੁਝ ਮਜੀਠ ਰੰਗ ਸਿਰਫ਼ ਕੁਝ ਕੁ ਵਿਰਲਿਆਂ ਦੇ ਹਿੱਸੇ ਆਉਂਦੇ ਜਿਨ੍ਹਾਂ ਵਿਚ ਰੰਗੇ ਜਾਣਾ ਕੁਦਰਤ ਦੀ ਸਭ ਤੋਂ ਵੱਡੀ ਨਿਆਮਤ। ਇਹ ਰੰਗ ਸੰਧੂਰੀ, ਸੂਹੇ, ਗੁਲਾਬੀ ਅਤੇ ਗੂੜ੍ਹੇ ਹੁੰਦੇ ਅਤੇ ਇਨ੍ਹਾਂ ਰੰਗਾਂ ਵਿਚੋਂ ਮੋਹ-ਮੁਹੱਬਤ ਦਾ ਝਲਕਾਰਾ ਪੈਂਦਾ। ਇਨ੍ਹਾਂ ਰੰਗਾਂ ਦੇ ਸੰਗਮ ਵਿਚੋਂ ਹੀ ਇਕ ਨਵਾਂ ਰੰਗ ਰੂਹ ਦੇ ਨਾਵੇਂ ਹੁੰਦਾ। ਦੋਸਤੋ! ਇਨ੍ਹਾਂ ਰੰਗਾਂ ਵਿਚ ਰੰਗੇ ਜਾਣ ਲਈ ਖੁਦ ਨੂੰ ਤਿਆਰ ਕਰੋ ਅਤੇ ਮਾਣੋ। ਹਜ਼ੂਰ! ਇਹੀ ਤਾਂ ਜ਼ਿੰਦਗੀ ਦੀ ਦੁਆ, ਦਵਾ ਅਤੇ ਦਸਤੂਰ ਹੈ। ਇਹ ਰੰਗ ਤੁਹਾਡੇ ਹਿੱਸੇ ਦੇ ਰੰਗ ਨੇ। ਆਪਣੇ ਹਿੱਸੇ ਦੇ ਰੰਗਾਂ ਨੂੰ ਮਾਣੋ, ਜ਼ਿੰਦਗੀ ਬਹੁਤ ਹੀ ਖੂਬਸੂਰਤ, ਸੁੰਦਰ ਤੇ ਸੀਰਤ ਹੋ ਜਾਵੇਗੀ।

ਇਹ ਰੰਗ ਕਦੇ ਪੋਟਿਆਂ ਦੀ ਛੋਹ ਵਿਚੋਂ, ਕਦੇ ਆਪਣਿਆਂ ਦੇ ਮੋਹ ਵਿਚੋਂ, ਕਦੇ ਚਿੱਤ 'ਚ ਪੈਂਦੀ ਖੋਹ ਵਿਚੋਂ ਅਤੇ ਕਦੇ ਰੋਹ ਵਿਚੋਂ ਵੀ ਪੈਦਾ ਹੁੰਦੇ। ਰੰਗ ਤਾਂ ਰੰਗ ਹੁੰਦੇ ਯਾਰੋ। ਰੰਗਾਂ ਨੂੰ ਰੰਗਾਂ ਵਾਂਗ ਮਾਣੋ ਅਤੇ ਜੀਵਨ ਦੇ ਹਰ ਪਲ ਨੂੰ ਯਾਦਗਾਰੀ ਬਣਾਓ। ਰੰਗਾਂ ਦੀ ਕੇਹੀ ਅਨਾਇਤ ਕਿ ਕਦੇ ਸਮੁੰਦਰ ਨੀਲੇ, ਕਾਲੇ ਤੇ ਕਦੇ ਲਾਲ ਵੀ ਹੋ ਜਾਂਦੇ। ਪਰ ਇਸਦੀ ਤਾਸੀਰ ਵਿਚ ਕੋਈ ਅੰਤਰ ਨਹੀਂ ਕਿਉਂਕਿ ਸਮੁੰਦਰ ਨੇ ਸਦਾ ਸਮੁੰਦਰ ਹੀ ਰਹਿਣਾ। ਇਸ ਵਿਚ ਸਮਾਏ ਸਾਰੇ ਹੀ ਰੰਗ ਆਪਣੀ ਸਦੀਵਤਾ ਨੂੰ ਬਰਕਰਾਰ ਰੱਖਦੇ।

ਰੰਗਾਂ ਦਾ ਸਭ ਤੋਂ ਖੂਬਸੂਰਤ ਅੰਦਾਜ਼ ਧੁੱਪ ਵਿਚੋਂ ਉਦੈਮਾਨ ਹੁੰਦੇ ਕਿਉਂਕਿ ਧੁੱਪ ਆਪਣੇ ਵਿਚ ਸੱਤਾਂ ਰੰਗਾਂ ਨੂੰ ਸਮੋਈ ਹਮੇਸ਼ਾ ਚਿੱਟਾ ਬਾਣਾ ਹੀ ਪਹਿਨਦੀ। ਸਾਰੇ ਰੰਗ ਘੁਲ ਕੇ ਨਿੱਜੀ ਹੋਂਦ ਤੇ ਹਸਤੀ ਗਵਾ ਲੈਂਦੇ ਅਤੇ ਫਿਰ ਇਕ ਚਿੱਟਾ ਰੰਗ ਹੀ ਇਸਦੀ ਪਛਾਣ ਬਣਦਾ। ਇਹੀ ਧੁੱਪ ਸਾਡੇ ਅੰਦਰ ਹੀ ਵੱਸਦੀ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਰ ਅਸੀਂ ਕਦੇ ਆਪਣੇ ਆਪ ਨੂੰ ਇਸ ਧੁੱਪ ਦੇ ਰੂਬਰੂ ਨਹੀਂ ਕੀਤਾ ਵਰਨਾ ਸਾਨੂੰ ਅੰਦਰ ਦੇ ਸਾਰੇ ਰੰਗਾਂ ਦੀ ਸੋਝੀ ਹੋ ਜਾਵੇਗੀ। ਸਾਨੂੰ ਇਹ ਵੀ ਅਹਿਸਾਸ ਹੋ ਜਾਵੇਗਾ ਕਿ ਰੰਗਾਂ ਵਿਚੋਂ ਅਸੀਂ ਸਿਰਫ਼ ਚਿੱਟੇ ਰੰਗ ਨੂੰ ਕਿਵੇਂ ਪ੍ਰਗਟ ਕਰਨਾ ਹੈ ਕਿਉਂਕਿ ਇਹ ਰੰਗ ਹੀ ਸ਼ੁਧਤਾ ਅਤੇ ਸਮਰਪਿਤਾ ਦਾ ਪ੍ਰਚਮ ਹੁੰਦਾ।

'ਕਾਇਆ ਦੀ ਕੈਨਵਸ' ਵਿਚ ਰੰਗ ਭਰਦਿਆਂ ਮੈਂ ਆਪਣੇ ਆਪ ਦੇ ਬਹੁਤ ਕੋਲ ਦੀ ਹੋ ਕੇ ਗੁਜ਼ਰਿਆ। ਆਪਣੇ ਆਪ ਨੂੰ ਨੇੜਿਓਂ ਮਿਲਿਆ। ਇਸਨੂੰ ਮਿਲਣਾ ਹੀ ਮੇਰੇ ਲਈ ਵੱਖ ਵੱਖ ਰੰਗਾਂ ਵਿਚੋਂ ਕਾਇਆ ਨੂੰ ਚਿੱਤਰਨਾ ਅਤੇ ਇਸਦੀ ਮਾਹੀਨ ਕਲਾਕਾਰੀ ਵਿਚੋਂ ਅਰੂਪਾਂ ਦੀ ਨਿਸ਼ਾਨਦੇਹੀ ਕਰਨੀ ਸੀ। ਇਨ੍ਹਾਂ ਵਿਚੋਂ ਆਪਣੀ ਕੈਨਵਸ ਦੇ ਕੋਰੇਪਣ ਨੂੰ ਦੂਰ ਕਰਨਾ ਸੀ। ਸਭ ਤੋਂ ਅਜ਼ੀਮ ਰੰਗ ਹੁੰਦੇ ਨੇ ਰੂਹਾਂ ਦੇ। ਇਹ ਮਜੀਠੀ ਰੰਗ ਸੁੱਚਮ, ਸਾਦਗੀ, ਸੁੰਦਰਤਾ ਅਤੇ ਸੁਖਨਤਾ ਦਾ ਸੰਦੇਸ਼, ਅੰਤਰੀਵ ਵਿਚ ਵੱਸਦੀ ਸਰਬ-ਸੁਖਨਤਾ, ਭਟਕਣਾ ਤੋਂ ਨਿਰਲੇਪੀ, ਆਪਣੇ ਆਪ ਨੂੰ ਜਵਾਬਦੇਹੀ। ਇਹੀ ਸਭ ਤੋਂ ਖੂਬਸੂਰਤੀ ਦਾ ਰੰਗ ਹੁੰਦਾ ਕਿਉਂਕਿ ਖੁਦ ਦੀ ਜਵਾਬਦੇਹੀ ਵਿਚੋਂ ਮਨੁੱਖ ਇਨਸਾਨੀਅਤ ਦਾ ਮਾਰਗੀ ਬਣਦਾ। ਅੰਦਰਲਾ ਕੱਚਰਾ, ਕੂੜ, ਕੁਸੱਤ ਜਾਂ ਕੁਬਾੜਾ ਬਾਹਰ ਕੱਢ ਕੇ ਇਸਨੂੰ ਪਾਕੀਜ਼ਗੀ ਵਿਚ ਰੰਗਦੇ ਤਾਂ ਅੰਦਰਲੀ ਖੂਬਸੂਰਤੀ ਬਾਹਰਲੇ ਸਫ਼ਰ 'ਤੇ ਨਿਕਲਦੀ ਹੈ।

### *ਹਥਿਆਰ*

ਹਥਿਆਰ ਦਾ ਸਫ਼ਰ ਵੀ, ਕੇਹਾ ਅਜੀਬ ਸਫ਼ਰ ਏ
ਕਦੇ ਸਮੇਂ ਸੀ
ਤਰਕ ਹੀ ਸੱਭ ਤੋਂ ਵੱਡਾ ਹਥਿਆਰ ਹੁੰਦਾ ਸੀ।
ਇਹ ਭਾਵੇਂ ਬਾਬੇ ਨਾਨਕ ਦਾ ਸਿੱਧ ਗੋਸ਼ਟਿ ਹੋਵੇ
ਜਾਂ ਵੱਖ ਵੱਖ ਫਿਰਕਿਆਂ ਦੇ ਰਿਸ਼ੀਆਂ-ਮੁਨੀਆਂ 'ਚ
ਸੰਵਾਦ ਰਚਾਉਣ ਦੀ ਪ੍ਰੰਪਰਾ ਹੋਵੇ।
ਸਮਾਂ ਬਦਲਿਆ
ਬੰਦੇ ਨੇ ਖੁਦ ਨੂੰ ਸਹੀ ਸਾਬਤ ਕਰਨ ਲਈ
ਕਿਰਪਾਨਾਂ, ਤ੍ਰਿਸ਼ੂਲਾਂ ਤੇ ਗੰਡਾਸਿਆਂ ਨੂੰ
ਹਥਿਆਰ ਬਣਾ ਲਿਆ
ਤੇ ਮਰਨ ਮਾਰਨ 'ਤੇ ਉਤਾਰੂ ਹੋ ਗਿਆ।

ਤੇ ਸਮਾਂ ਹੋਰ ਬਦਲਿਆ
ਬੰਦੇ ਨੇ ਖੁਦ ਨੂੰ ਸੱਚਾ ਸਿੱਧ ਕਰਨ
ਅਤੇ ਵਿਰੋਧੀਆਂ ਨੂੰ ਲਤਾੜਨ ਲਈ
ਐਟਮ ਬੰਬ ਵਰਗੇ ਹਥਿਆਰ ਵਰਤੇ।
ਹਥਿਆਰਾਂ ਦਾ ਸਫ਼ਰ ਇੱਥੇ ਹੀ ਨਾ ਰੁਕਿਆ
ਸਗੋਂ ਬੰਦੇ ਦੀ ਬਿਮਾਰ ਮਾਨਸਿਕਤਾ ਦਾ ਕੇਹਾ ਆਲਮ
ਔਰਤ ਨੂੰ ਇਕ ਹਥਿਆਰ ਵਜੋਂ ਵਰਤਿਆ ਜਾਣ ਲੱਗਾ
ਭਾਵੇਂ ਰਾਵਣ ਵਲੋਂ ਸੀਤਾ ਦਾ ਹਰਣ ਹੋਵੇ
ਜਾਂ ਫਿਰੌਤੀ ਲਈ ਔਰਤ ਨੂੰ ਅਗਵਾ ਕਰਨਾ ਹੋਵੇ।
ਪਰ
ਹਥਿਆਰ ਦਾ ਸਫ਼ਰ ਇਥੇ ਵੀ ਖ਼ਤਮ ਨਾ ਹੋਇਆ
ਸਗੋਂ ਅੱਜ-ਕੱਲ੍ਹ ਤਾਂ
ਫਿਰਕਿਆਂ ਦੇ ਆਪਸੀ ਕਲੇਸ਼ 'ਚ
ਔਰਤ ਨੂੰ ਅਗਵਾ ਕਰਨਾ
ਨਿਰਵਸਤਰ ਕਰਨਾ
ਤੇ ਫਿਰ ਰੇਪ ਕਰਨਾ ਵੀ
ਹਥਿਆਰ ਵਜੋਂ ਵਰਤਿਆ ਜਾਣ ਲੱਗ ਪਿਆ ਹੈ
ਭਾਵੇਂ ਇਹ ਕਸ਼ਮੀਰ ਹੋਵੇ, ਮਨੀਪੁਰ ਹੋਵੇ
ਫਲਸਤੀਨ ਜਾਂ ਕੋਈ ਅਫਰੀਕਨ ਦੇਸ਼ ਹੋਵੇ।

ਔਰਤ ਦੀ ਬੇਪੱਤੀ ਨੂੰ ਹਥਿਆਰ ਬਣਾਉਣ ਵਾਲਿਓ
ਜ਼ਰਾ ਦੱਸਿਓ!
ਤੁਸੀਂ ਆਪਣੇ ਮਾਂ, ਧੀ ਤੇ ਭੈਣ ਨੂੰ
ਕਿਸ ਨਜ਼ਰ ਨਾ ਤੱਕੋਗੇ?
ਤੇ ਕਿਸ ਬਹਾਦਰੀ ਦੀ ਡੀਂਗ ਮਾਰੋਗੇ?
ਸਗੋਂ ਚੁੱਲੀ ਭਰ ਪਾਣੀ 'ਚ ਡੁੱਬ ਮਰੋਗੇ।

ਸੱਚੀਂ!
ਅਸਾਂ ਕਿੰਨੀ ਤਰੱਕੀ ਕਰ ਲਈ ਹੈ
ਅਸੀਂ ਤਾਂ ਤਰਕ ਦੇ ਹਥਿਆਰ ਤੋਂ
ਰੇਪ-ਰੂਪੀ ਹਥਿਆਰ ਤੀਕ ਦਾ ਸਫ਼ਰ
ਤੈਅ ਕਰ ਲਿਆ ਹੈ!

***-ਡਾ. ਗੁਰਬਖਸ਼ ਸਿੰਘ ਭੰਡਾਲ***

# ਮਨੀਪੁਰ ਦਾ ਦੁਖਾਂਤ ਅਤੇ ਸਰਕਾਰ

"ਇਥੇ ਅਜਿਹੀਆਂ ਸੌ ਐੱਫ.ਆਈ.ਆਰ. ਹਨ। ਅਸੀਂ ਕੋਈ ਇਲਜ਼ਾਮ ਸੁਣਨਾ ਨਹੀਂ ਚਾਹੁੰਦੇ। ਇਸ ਤਰ੍ਹਾਂ ਦੇ ਸੈਂਕੜੇ ਮਾਮਲੇ ਸਾਹਮਣੇ ਆਏ ਹਨ, ਇਸੇ ਲਈ ਅਸੀਂ ਇੰਟਰਨੈੱਟ 'ਤੇ ਪਾਬੰਦੀ ਲਗਾਈ ਹੋਈ ਹੈ।" ਮਨੀਪੁਰ ਦੇ ਮੁੱਖ ਮੰਤਰੀ ਬੀਰੇਨ ਸਿੰਘ ਨੇ ਕੁਕੀ ਔਰਤਾਂ ਨੂੰ ਨਿਰਵਸਤਰ ਕਰ ਕੇ ਘਸੀਟਣ ਦੀ ਵੀਡੀਓ ਟੀ.ਵੀ. ਚੈਨਲਾਂ 'ਤੇ ਆਉਣ ਦੇ ਜਵਾਬ ਵਿਚ ਇਹ ਸ਼ਬਦ ਕਹੇ। ਇਹ ਘਟਨਾ 4 ਮਈ 2023 ਨੂੰ ਮਨੀਪੁਰ ਵਿਚ ਹੋਈ। ਇਨ੍ਹਾਂ ਔਰਤਾਂ ਵਿਚੋਂ ਸਭ ਤੋਂ ਛੋਟੀ 21 ਸਾਲਾ ਔਰਤ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ। ਉਸ ਦੇ ਪਿਤਾ ਅਤੇ 19 ਸਾਲਾ ਭਰਾ ਦੀ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਕੰਗਪੋਕਪੀ ਜ਼ਿਲ੍ਹੇ ਵਿਚ ਵਾਪਰੀ ਜਦੋਂ ਇਹ ਕੁਕੀ ਘੱਟਗਿਣਤੀ ਫ਼ਿਰਕੇ ਦੇ ਲੋਕ ਭੀੜ ਤੋਂ ਬਚਣ ਲਈ ਪੁਲਿਸ ਦੀ ਹਾਜ਼ਰੀ ਵਿਚ ਸੁਰੱਖਿਅਤ ਥਾਂ 'ਤੇ ਜਾਣ ਦੀ ਕੋਸ਼ਿਸ਼ ਕਰ ਰਹੇ ਸਨ।



**ਨਵਸ਼ਰਨ ਕੌਰ**

ਇਸ ਵੀਡੀਓ ਦੇ ਆਉਣ ਤੋਂ ਬਾਅਦ ਔਰਤਾਂ ਨਾਲ ਜਿਨਸੀ ਸ਼ੋਸ਼ਣ ਦੀਆਂ ਹੋਰ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਕੁਝ ਸੰਵੇਦਨਸ਼ੀਲ ਪੱਤਰਕਾਰਾਂ ਨੇ ਮਨੀਪੁਰ ਜਾ ਕੇ ਪੀੜਤ ਔਰਤਾਂ ਨਾਲ ਮੁਲਾਕਾਤਾਂ ਕੀਤੀਆਂ। ਵਾਇਰਲ ਹੋਈ ਵੀਡੀਓ ਵਿਚ ਮਰਦ ਔਰਤਾਂ ਨੂੰ ਘੇਰਦੇ ਹੋਏ ਦਿਖਾਈ ਦਿੱਤੇ ਅਤੇ ਉਨ੍ਹਾਂ ਦੇ ਆਲੇ-ਦੁਆਲੇ ਕੁਝ ਰਾਹਗੀਰ ਵੀ ਭੀੜ ਦਾ ਹਿੱਸਾ ਸਨ। ਪੀੜਤ ਔਰਤਾਂ ਨਾਲ ਗੱਲਬਾਤ 'ਤੇ ਆਧਾਰਿਤ ਨਵੀਆਂ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਹਿੰਸਕ ਭੀੜ ਵਿਚ ਦੂਸਰੇ ਫ਼ਿਰਕੇ ਦੀਆਂ ਔਰਤਾਂ ਵੀ ਸ਼ਾਮਿਲ ਸਨ। ਰਾਜ ਦੀ ਪੁਲਿਸ ਇਸ ਜਿਨਸੀ ਹਿੰਸਾ ਨੂੰ ਅੰਜਾਮ ਦੇਣ ਵਾਲੀ ਸਿਰਫ਼ ਭੀੜ ਦੇ ਨਾਲ ਨਾਲ ਸੀ। ਵਾਇਰਲ ਵੀਡੀਓ ਵਿਚਲੀਆਂ ਪੀੜਤ ਔਰਤਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਭੀੜ ਨੇ ਜ਼ਬਰਦਸਤੀ ਨਹੀਂ ਖੋਹਿਆ ਸੀ ਜਿਵੇਂ ਕੁਝ ਲੋਕ ਦਾਅਵਾ ਕਰ ਰਹੇ ਹਨ ਸਗੋਂ ਪੁਲਿਸ ਨੇ ਔਰਤਾਂ ਨੂੰ ਭੀੜ ਦੇ ਹਵਾਲੇ ਕੀਤਾ।

ਖੁਲਾਸਿਆਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜਬਰ ਜਨਾਹ ਦੀਆਂ ਪੀੜਤ ਔਰਤਾਂ ਹਸਪਤਾਲਾਂ ਵਿਚ ਇਲਾਜ ਲਈ ਵੀ ਗਈਆਂ ਅਤੇ ਉਨ੍ਹਾਂ ਦੀਆਂ ਮੈਡੀਕਲ ਰਿਪੋਰਟਾਂ ਮੌਜੂਦ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੁਲਿਸ, ਸੂਬਾ ਅਤੇ ਕੇਂਦਰ ਸਰਕਾਰ ਤੇ ਪ੍ਰਸ਼ਾਸਨ ਨੂੰ ਪੂਰੀ ਜਾਣਕਾਰੀ ਸੀ ਕਿ ਪਿਛਲੇ ਦੋ ਮਹੀਨਿਆਂ ਵਿਚ ਬਹੁਤ ਸਾਰੀਆਂ ਔਰਤਾਂ ਨਾਲ ਜਿਨਸੀ ਸ਼ੋਸ਼ਣ ਤੇ ਜਬਰ ਜਨਾਹ ਹੋਇਆ ਹੈ। ਇਸ ਤੋਂ ਇਲਾਵਾ ਜੂਨ 2023 ਦੇ ਅੱਧ ਵਿਚ ਮਨੀਪੁਰ ਦੇ 550 ਚਿੰਤਤ ਨਾਗਰਿਕਾਂ ਨੇ ਬਿਆਨ ਜਾਰੀ ਕਰ ਕੇ ਜਿਨਸੀ ਹਿੰਸਾ ਦੀਆਂ ਵਾਰਦਾਤਾਂ ਦੀ ਜਾਂਚ ਕਰਨ ਲਈ ਕਿਹਾ ਸੀ। ਦਿੱਲੀ ਤੋਂ ਔਰਤਾਂ ਦੀ ਤੱਥ-ਖੋਜ ਟੀਮ ਨੇ ਜੂਨ 2023 ਦੇ ਅੰਤ ਵਿਚ ਮਨੀਪੁਰ ਦਾ ਦੌਰਾ ਕੀਤਾ ਅਤੇ ਹਿੰਸਾ ਬਾਰੇ ਜਾਣਕਾਰੀ ਦਿੱਤੀ। ਅਪਰਾਧਾਂ ਦੇ ਦੋਸ਼ੀਆਂ ਦੀ ਜਾਂਚ ਕਰਨ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਇ ਮਨੀਪੁਰ ਪੁਲਿਸ ਨੇ ਔਰਤਾਂ ਦੀ ਉਸ ਟੀਮ ਦੇ ਖਿਲਾਫ਼ ਹੀ ਐੱਫ.ਆਈ.ਆਰ. ਦਰਜ ਕਰ ਦਿੱਤੀ ਅਤੇ ਦੋਸ਼ ਲਾਇਆ ਕਿ ਇਹ ਰਾਜ ਤੇ ਰਾਸ਼ਟਰ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਹੀ ਹੈ।

3 ਮਈ ਤੋਂ ਸ਼ੁਰੂ ਹੋਈ ਹਿੰਸਾ ਦੇ 80 ਦਿਨਾਂ ਦੇ ਹਾਲਾਤ ਦੌਰਾਨ ਸਰਕਾਰ ਨੇ ਪੂਰੀ ਬੇਰੁਖੀ ਦਿਖਾਈ। ਮਨੀਪੁਰ ਭਾਂਬੜ ਬਣ ਕੇ ਬਲ ਰਿਹਾ ਸੀ ਪਰ ਪ੍ਰਧਾਨ ਮੰਤਰੀ ਨੇ 80 ਦਿਨਾਂ ਤੱਕ ਇਕ ਸ਼ਬਦ ਵੀ ਨਾ ਬੋਲਿਆ। ਗ੍ਰਹਿ ਮੰਤਰੀ ਨੇ ਮਨੀਪੁਰ ਜਾ ਕੇ ਅਮਨ ਕਾਇਮ ਕਰਨ ਅਤੇ ਵਾਪਸ ਪਰਤਣ ਦਾ ਵਾਅਦਾ ਕੀਤਾ। ਮਨੀਪੁਰ ਵਿਚ ਨਾ ਅਮਨ ਪਰਤਿਆ ਅਤੇ ਨਾ ਹੀ ਗ੍ਰਹਿ ਮੰਤਰੀ। ਸੁਪਰੀਮ ਕੋਰਟ ਨੇ ਮਨੀਪੁਰ ਟਰਾਈਬਲ ਫੋਰਮ ਦੀ ਪਟੀਸ਼ਨ ਜਿਸ ਵਿਚ ਮਨੀਪੁਰ ਆਦਿਵਾਸੀਆਂ ਦੀ ਰੱਖਿਆ ਲਈ ਨਿਰਦੇਸ਼ ਮੰਗੇ ਗਏ ਸਨ, ਨੂੰ ਤੁਰੰਤ ਸੂਚੀਬੱਧ ਕਰਨ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ ਇਹ ਅਮਨ-ਕਾਨੂੰਨ ਦੀ ਸਥਿਤੀ ਹੈ ਅਤੇ ਅਦਾਲਤ ਨੂੰ ਫ਼ੌਜ ਦੇ ਦਖ਼ਲ ਲਈ ਹੁਕਮ ਦੇਣ ਦੀ ਲੋੜ ਨਹੀਂ ਹੈ। ਸਥਾਨਕ ਔਰਤਾਂ ਦੇ ਸਮੂਹਾਂ ਨੇ ਕੌਮੀ ਮਹਿਲਾ ਕਮਿਸ਼ਨ ਨੂੰ ਕਈ ਦਰਖਾਸਤਾਂ ਦਿੱਤੀਆਂ ਪਰ ਕੋਈ ਜਵਾਬ ਨਾ ਮਿਲਿਆ। ਇੰਟਰਨੈੱਟ ਪਾਬੰਦੀ ਕਾਰਨ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਦੱਬੀਆਂ ਰਹੀਆਂ ਤੇ 'ਸਥਿਤੀ ਕਾਬੂ ਵਿਚ ਹੈ' ਦਾ ਬਿਰਤਾਂਤ ਚੱਲਦਾ ਰਿਹਾ।

4 ਮਈ ਨੂੰ ਵਾਪਰੀ ਘਟਨਾ ਦਾ ਵੀਡੀਓ 19 ਜੁਲਾਈ ਨੂੰ ਸਾਹਮਣੇ ਆਇਆ ਤੇ ਦੇਖਦੇ ਹੀ ਦੇਖਦੇ ਦੇਸ ਪਰਦੇਸ ਵਿਚ ਫ਼ੈਲ ਗਿਆ। ਔਰਤਾਂ 'ਤੇ ਅਵਿਸ਼ਵਾਸਯੋਗ ਬੇਰਹਿਮੀ ਅਤੇ ਖੁੱਲ੍ਹੇਆਮ ਤਸ਼ੱਦਦ ਦੀ ਗਵਾਹੀ ਨੇ ਲੋਕਾਂ ਦੀ ਸਮੂਹਿਕ ਜ਼ਮੀਰ ਨੂੰ ਵਲੂੰਧਰ ਦਿੱਤਾ। ਇਹ ਸਿਰਫ਼ ਦੋ ਔਰਤਾਂ 'ਤੇ ਹੋਇਆ ਤਸ਼ੱਦਦ ਨਹੀਂ, ਮਨੁੱਖਤਾ 'ਤੇ ਵਾਰ ਸੀ। ਜਿਨਸੀ ਹਿੰਸਾ ਦਾ ਇਹ ਰੂਪ ਨਫ਼ਰਤ ਵਿਚ ਪਰੁੱਚੇ ਸਾਰੇ ਸਮਾਜ ਦਾ ਅਕਸ ਹੈ ਜਿੱਥੇ ਔਰਤਾਂ ਦੇ ਸਰੀਰਾਂ ਨੂੰ ਜੰਗ ਦਾ ਮੈਦਾਨ ਬਣਾ ਕੇ ਸਮਾਜਿਕ ਅਤੇ ਸਿਆਸੀ ਪ੍ਰਭੂਸੱਤਾ ਦੀ ਇਬਾਰਤ ਲਿਖੀ ਜਾ ਰਹੀ ਸੀ। ਅਪਰਾਧੀਆਂ ਨੇ ਸਾਰੀ ਘਟਨਾ ਨੂੰ ਫਿਲਮਾਇਆ ਅਤੇ ਆਪਣੇ ਜੁਰਮ ਨੂੰ ਟਰਾਫੀ ਦੇ ਰੂਪ ਵਿਚ ਪ੍ਰਦਰਸ਼ਤ ਕੀਤਾ। ਵੀਡੀਓ ਦੇਖ ਕੇ ਭਾਰਤ ਦੇ ਚੀਫ ਜਸਟਿਸ, ਪ੍ਰਧਾਨ ਮੰਤਰੀ, ਰਾਸ਼ਟਰੀ ਮਹਿਲਾ ਕਮਿਸ਼ਨ, ਮੁੱਖ ਮੰਤਰੀ ਅਤੇ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ, ਹਰ ਕੋਈ ਬੋਲ ਉਠਿਆ ਕਿ ਮਨੁੱਖਤਾ ਸ਼ਰਮਸਾਰ ਹੋਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮਨੀਪੁਰ 'ਚ ਔਰਤਾਂ ਦੀ ਨੰਗੀ ਪਰੇਡ ਦੀ ਘਟਨਾ ਨੇ 140 ਕਰੋੜ ਭਾਰਤੀਆਂ ਨੂੰ ਸ਼ਰਮਿੰਦਾ ਕੀਤਾ ਹੈ: "ਮੇਰਾ ਦਿਲ ਦਰਦ ਅਤੇ ਗੁੱਸੇ ਨਾਲ ਭਰਿਆ ਹੋਇਆ ਹੈ। ਮੈਂ ਦੇਸ਼ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਮਨੀਪੁਰ ਦੀਆਂ ਧੀਆਂ ਨਾਲ ਜੋ ਹੋਇਆ, ਉਸ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ।"




ਠੀਕ ਉਸੇ ਹੀ ਦਿਨ ਦਿੱਲੀ ਦੀ ਇਕ ਅਦਾਲਤ ਨੇ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਜ਼ਮਾਨਤ ਦੇ ਦਿੱਤੀ। ਇਹ ਮਾਮਲਾ ਦੇਸ ਦੀਆਂ ਚੋਟੀ ਦੀਆਂ ਪਹਿਲਵਾਨ ਧੀਆਂ ਨੇ ਦਾਇਰ ਕੀਤਾ ਸੀ। ਪਹਿਲਵਾਨ ਧੀਆਂ ਹਫ਼ਤਿਆਂ ਬੱਧੀ ਸੜਕਾਂ 'ਤੇ ਰੁਲੀਆਂ ਸਨ, ਇਹ ਕਹਿੰਦੇ ਹੋਏ ਕਿ ਨਿਆਂ ਦਿਓ। ਉਸੇ ਹੀ ਦਿਨ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਜੋ ਡੇਰੇ ਦੀਆਂ ਦੋ ਔਰਤਾਂ ਨਾਲ ਜਬਰ ਜਨਾਹ ਦੇ ਦੋਸ਼ ਵਿਚ 20 ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ, ਇਸ ਸਾਲ ਦੂਜੀ ਵਾਰ, 30 ਦਿਨਾਂ ਦੀ ਪੈਰੋਲ 'ਤੇ ਬਾਹਰ ਆਇਆ। ਇਸੇ ਹੀ ਦਿਨ ਸੁਪਰੀਮ ਕੋਰਟ ਨੇ ਬਿਲਕੀਸ ਬਾਨੋ ਦੀ ਅਪੀਲ ਜੋ ਉਸ ਨਾਲ ਹੋਏ ਜਬਰ ਜਨਾਹ ਤੇ ਉਸ ਦੀ ਧੀ ਤੇ ਪਰਿਵਾਰ ਦੇ ਜੀਆਂ ਦੇ ਕਤਲ ਦੇ 11 ਦੋਸ਼ੀਆਂ ਨੂੰ ਸਜ਼ਾ ਪੂਰੀ ਕੀਤੇ ਬਿਨਾਂ ਰਿਹਾਅ ਕੀਤੇ ਜਾਣ ਨੂੰ ਚੁਣੌਤੀ ਦਿੰਦੀ ਸੀ, ਨੂੰ ਹੋਰ ਅੱਗੇ ਪਾ ਦਿੱਤਾ।

ਮਨੀਪੁਰ ਵਿਚ ਸਮੂਹਿਕ ਹਿੰਸਾ ਹੋ ਰਹੀ ਹੈ। ਅਜਿਹੀ ਹਿੰਸਾ ਵਿਚ ਨਿਆਂ ਦੇ ਕੀ ਅਰਥ ਹਨ? ਮਨੀਪੁਰ ਅਤੇ ਉੱਤਰ-ਪੂਰਬ ਦੇ ਕਈ ਦੂਜੇ ਸੂਬੇ ਇਕ ਖ਼ਾਸ ਤਰ੍ਹਾਂ ਦੇ ਹਾਲਾਤ ਹਨ ਜਿਨ੍ਹਾਂ ਦੇ ਅੰਦਰਲੇ ਟਕਰਾਅ ਨੂੰ ਸਰਕਾਰਾਂ ਨੇ ਵਰਤਿਆ ਹੈ ਪਰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਖੇਤਰ ਦਾ ਫ਼ੌਜੀਕਰਨ ਕੀਤਾ ਗਿਆ ਹੈ। ਮਨੀਪੁਰ ਦਾ ਪੂਰਾ ਰਾਜ ਲੰਮੇ ਸਮੇਂ ਤੋਂ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਦੇ ਅਧੀਨ ਸੀ। ਪਿਛਲੇ ਸਾਲ ਕੇਂਦਰ ਸਰਕਾਰ ਨੇ 'ਸੁਰੱਖਿਆ ਸਥਿਤੀ ਵਿਚ ਸੁਧਾਰ' ਦਾ ਦਾਅਵਾ ਕਰਦੇ ਹੋਏ ਹਥਿਆਰਬੰਦ ਬਲਾਂ ਦੇ ਵਿਸ਼ੇਸ਼ ਅਧਿਕਾਰ ਐਕਟ ਦੇ ਤਹਿਤ 'ਅਸ਼ਾਂਤ ਖੇਤਰ' ਦਾ ਦਰਜਾ ਇੰਫ਼ਾਲ ਦੇ ਛੇ ਜ਼ਿਲ੍ਹਿਆਂ ਦੇ 15 ਥਾਣਿਆਂ ਤੋਂ ਵਾਪਸ ਲੈ ਲਿਆ ਸੀ। ਜ਼ਿਕਰਯੋਗ ਹੈ ਕਿ ਜਿਨ੍ਹਾਂ ਥਾਣਿਆਂ ਤੋਂ ਅਫਸਪਾ ਵਾਪਸ ਲਿਆ ਗਿਆ ਸੀ, ਉਹ ਸਾਰੇ ਥਾਣੇ ਘਾਟੀ ਵਿਚ ਸਥਿਤ ਹਨ ਜਿੱਥੇ ਪ੍ਰਮੁੱਖ ਬਹੁਗਿਣਤੀ ਮੈਤੇਈ ਆਬਾਦੀ ਰਹਿੰਦੀ ਹੈ।

ਮਨੀਪੁਰ ਦਾ ਮੌਜੂਦਾ ਟਕਰਾਅ ਜ਼ਮੀਨ ਦੇ ਸਵਾਲ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਸਾਲ ਦੇ ਸ਼ੁਰੂ ਵਿਚ ਸਰਕਾਰ ਵਲੋਂ ਕਈ ਪਹਾੜੀ ਖੇਤਰਾਂ ਨੂੰ 'ਰਾਖਵੇਂ ਜੰਗਲ', 'ਸੁਰੱਖਿਅਤ ਜੰਗਲ' ਐਲਾਨ ਦਿੱਤਾ ਗਿਆ। ਸੈਂਕੜੇ ਕੁਕੀ ਆਦਿਵਾਸੀਆਂ ਨੂੰ ਉਨ੍ਹਾਂ ਦੀ ਵਸੋਂ ਵਾਲੀ ਰਵਾਇਤ ਭੋਇੰ-ਟੋਟਿਆਂ ਤੋਂ ਹਟਾਉਣ ਦੇ ਖ਼ਦਸ਼ੇ ਪੈਦਾ ਹੋਏ। ਸਰਕਾਰ ਨੇ ਕਈ ਹੋਰ ਆਦੇਸ਼ ਦਿੱਤੇ ਜਿਨ੍ਹਾਂ ਦਾ ਸਾਫ਼ ਮਕਸਦ ਕੁਕੀ ਆਦਿਵਾਸੀਆਂ ਦਾ ਉਨ੍ਹਾਂ ਦੀ ਜ਼ਮੀਨ 'ਤੇ ਹੱਕ ਘਟਾਉਣਾ ਸੀ। ਕੁਕੀ ਲੋਕ ਜ਼ਿਆਦਾਤਰ ਪਹਾੜੀਆਂ ਵਿਚ ਰਹਿੰਦੇ ਹਨ। ਇਨ੍ਹਾਂ ਪਹਾੜੀਆਂ ਤੇ ਜੰਗਲਾਂ ਨੂੰ ਕਬਾਇਲੀ ਲੋਕਾਂ (ਮਨੀਪੁਰ ਵਿਚ ਕੁਕੀ ਤੇ ਨਾਗਾ) ਦੀਆਂ ਸਮੂਹਿਕ-ਸਮਾਜਿਕ ਜ਼ਮੀਨਾਂ ਮੰਨਿਆ ਜਾਂਦਾ ਹੈ ਜਿਹੜੀਆਂ ਸਰਕਾਰ ਦੇ ਅਧਿਕਾਰ ਖੇਤਰ ਵਿਚ ਵੀ ਨਹੀਂ ਹਨ। ਸਰਕਾਰ ਨੇ 'ਰਾਖਵੇਂ ਜੰਗਲ' ਖੇਤਰਾਂ ਦੇ ਮਨਮਰਜ਼ੀ ਦੇ ਐਲਾਨਾਂ ਅਤੇ ਮੈਤੇਈ ਭਾਈਚਾਰੇ ਨੂੰ ਆਦਿਵਾਸੀ ਦਰਜਾ ਦੇਣ ਦੀ ਪੇਸ਼ਬੰਦੀ ਨਾਲ ਕੁਕੀ/ਆਦਿਵਾਸੀਆਂ ਵਿਚ ਬੇਚੈਨੀ ਵਧੀ। ਅਪਰੈਲ ਤੇ ਮਈ ਦੇ ਸ਼ੁਰੂਆਤੀ ਦਿਨਾਂ ਵਿਚ ਉਨ੍ਹਾਂ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤੇ ਅਤੇ ਕਈ ਥਾਵਾਂ 'ਤੇ ਇਨ੍ਹਾਂ ਤਰਕੀਬਾਂ ਦਾ ਵਿਰੋਧ ਕੀਤਾ।

ਬਹੁਗਿਣਤੀਵਾਦ ਦਾ ਏਜੰਡਾ ਇੱਥੇ ਵੀ ਵਰਤਿਆ ਗਿਆ ਹੈ। ਅਸਾਮ ਵਿਚ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਘੁਸਪੈਠ ਦੇ ਨਾਂ ਥੱਲੇ ਮੁਸਲਿਮ ਘੱਟਗਿਣਤੀ ਫ਼ਿਰਕੇ ਵਿਰੁੱਧ ਨਫਰਤੀ ਪ੍ਰਚਾਰ ਹੋਇਆ ਹੈ, ਉਸੇ ਤਰ੍ਹਾਂ ਕੁਕੀ ਲੋਕਾਂ ਨੂੰ ਬਰਮੀ ਘੁਸਪੈਠੀਏ ਅਤੇ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਕਰਨ ਵਾਲੇ ਐਲਾਨ ਕੇ ਵੱਡੇ ਪੱਧਰ 'ਤੇ ਭੰਡੀ ਪ੍ਰਚਾਰ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿਚ ਹਿੰਸਕ ਬਹੁਗਿਣਤੀਵਾਦੀ ਭੀੜਾਂ ਦਾ ਵਰਤਾਰਾ ਉਭਰਿਆ ਹੈ। ਇਹ ਭੀੜ ਕਿਸੇ ਅਪਰਾਧ, ਅਪਰਾਧੀ ਅਤੇ ਸਜ਼ਾ ਨੂੰ ਪਰਿਭਾਸ਼ਿਤ ਕਰਨ ਲਈ ਪੂਰੀ ਤਰ੍ਹਾਂ ਸੁਤੰਤਰ ਹੈ। ਇਸ ਹਿੰਸਕ ਭੀੜ ਵਿਚ ਹੁਣ ਮਰਦ ਹੀ ਨਹੀਂ, ਔਰਤਾਂ ਵੀ ਸ਼ਾਮਿਲ ਹਨ। ਇਹੀ ਉਹ ਭੀੜ ਹੈ ਜਿਸ ਨੇ ਮਨੀਪੁਰੀ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਤੇ ਤਸੀਹੇ ਦਿੱਤੇ। ਜੇ ਅਸੀਂ ਆਪਣੀ ਮਨੁੱਖਤਾ ਨੂੰ ਜਿਊਂਦਿਆਂ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਸਵਾਲ ਪੁੱਛਣੇ ਚਾਹੀਦੇ ਹਨ, ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕਰਨੀ ਚਾਹੀਦੀ ਹੈ ਅਤੇ ਨਫ਼ਰਤੀ ਹਿੰਸਾ ਦਾ ਮੁਕਾਬਲਾ ਕਰਨ ਲਈ ਬਹੁਗਿਣਤੀਵਾਦ ਦੇ ਏਜੰਡੇ ਨੂੰ ਸਮਝਣਾ ਪਵੇਗਾ। ਜੇ ਅਸੀਂ ਵਿਰੋਧ ਨਾ ਕੀਤਾ ਤਾਂ

ਨਫ਼ਰਤੀ ਭੀੜ ਦੀ ਅੱਗ ਘੱਟਗਿਣਤੀ ਫ਼ਿਰਕਿਆਂ, ਆਦਿਵਾਸੀਆਂ ਜਾਂ ਦਲਿਤ ਔਰਤਾਂ ਤਕ ਹੀ ਸੀਮਤ ਨਹੀਂ ਰਹੇਗੀ, ਇਹ ਸਾਡੇ ਸਮਾਜ ਦਾ ਉਹ ਸਭ ਕੁਝ ਖੋਹ ਲਵੇਗੀ ਜਿਸ ਨੂੰ ਅਸੀਂ ਪਿਆਰ ਕਰਦੇ ਹਾਂ।

---

# ਜਬਰ ਜਨਾਹ ਦਾ ਹਥਿਆਰ

ਮਨੀਪੁਰ ਵਿਚ ਕੁਕੀ-ਜ਼ੋਮੀ ਭਾਈਚਾਰੇ ਦੀਆਂ ਦੋ ਔਰਤਾਂ ਨੂੰ ਬੁਰਛਾਗਰਦਾਂ ਦੇ ਝੁੰਡ ਵਲੋਂ ਨਿਰਵਸਤਰ ਕਰ ਕੇ ਘੁਮਾਉਣ ਦੀ ਘਟਨਾ ਦੀ ਪ੍ਰੇਸ਼ਾਨਕੁਨ ਵੀਡਿਓ ਜਦੋਂ ਨਸ਼ਰ ਹੋਈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੂਬੇ ਅੰਦਰ ਚੱਲ ਰਹੀ ਨਸਲੀ ਹਿੰਸਾ ਬਾਰੇ ਆਪਣੀ ਚੁੱਪ ਤੋੜਨ ਲਈ ਮਜਬੂਰ ਹੋ ਗਏ। ਚਾਰ ਮਈ ਨੂੰ ਵਾਪਰੀ ਇਸ ਘਿਨਾਉਣੀ ਘਟਨਾ ਦੀ ਵੀਡਿਓ 19 ਜੁਲਾਈ ਨੂੰ ਵਾਇਰਲ ਹੋਈ ਸੀ।

ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਕਿਸੇ ਟਕਰਾਅ ਵਿਚ ਬਲਾਤਕਾਰ ਨੂੰ ਹਥਿਆਰ ਦੇ

**ਖਾਮ ਖ਼ਾਨ ਸੂਨ ਹੋਸਿੰਗ**

ਰੂਪ ਵਿਚ ਵਰਤ ਕੇ ਨਾ ਕੇਵਲ ਔਰਤਾਂ ਦੀ ਬੇਹੁਰਮਤੀ ਕੀਤੀ ਗਈ ਅਤੇ ਵਡੇਰੇ ਰੂਪ ਵਿਚ ਕੁਕੀ-ਜ਼ੋਮੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਸਗੋਂ ਇਸ ਨੇ ਭਾਰਤੀ ਨਾਗਰਿਕਾਂ ਦੀ ਸਮੂਹਿਕ ਜ਼ਮੀਰ ਨੂੰ ਵੀ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਰਕਾਰੀ ਕੰਟਰੋਲ ਵਾਲਾ ਕੰਟਰੋਲ ਹੇਠਲਾ ਮੀਡੀਆ ਜਾਂ ਦਮਨਕਾਰੀ ਸਰਕਾਰਾਂ ਭਾਵੇਂ ਬਲਾਤਕਾਰ ਨੂੰ ਹਥਿਆਰ ਦੇ ਰੂਪ ਵਿਚ ਵਰਤਣ ਤੇ ਕਿਸੇ ਸਮੂਹ ਦੇ ਦਮਨ ਸਮੇਤ ਅਜਿਹੇ ਹਿਕਾਰਤੀ ਕਾਰਿਆਂ ਦੀ ਪਰਦਾਪੋਸ਼ੀ ਕਰਨ ਜਾਂ ਰਫ਼ਾ ਦਫ਼ਾ ਕਰਨ ਦੀਆਂ ਕਿੰਨੀਆਂ ਵੀ ਕੋਸ਼ਿਸ਼ਾਂ ਕਰੇ, ਫਿਰ ਵੀ ਸਚਾਈ ਨੂੰ ਦਬਾਉਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਕਿਤੇ ਨਾ ਕਿਤੇ ਨਕਾਰਾ ਸਿੱਧ ਹੋ ਜਾਂਦੀਆਂ ਹਨ। ਇਸ ਦੇ ਨਾਲ ਹੀ ਇਹ ਸਰਬਵਿਆਪੀ ਹਕੀਕਤ ਵੀ ਜੱਗ ਜ਼ਾਹਿਰ ਹੁੰਦੀ ਹੈ ਕਿ ਔਰਤਾਂ ਦੇ ਸਰੀਰਾਂ ਨਾਲ ਖਿਲਵਾੜ ਦਾ ਕੋਈ ਵੀ ਕਾਰਾ ਭਾਵੇਂ ਉਸ ਦਾ ਆਧਾਰ/ਬਹਾਨਾ ਜਾਂ ਪ੍ਰਸੰਗ ਕੁਝ ਵੀ ਹੋਵੇ, ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਸ ਸਰਬਵਿਆਪੀ ਹਕੀਕਤ ਦੇ ਪ੍ਰਗਟ ਹੋਣ ਦਾ ਢੰਗ ਵੀ ਨਿਰਾਲਾ ਹੈ ਜਦਕਿ ਇਸ ਕਿਸਮ ਦੀ ਘਟਨਾ ਤੋਂ ਉਪਜੀ ਪੀੜ ਅਤੇ ਰੋਹ ਸਾਰੇ ਨਸਲੀ ਤੇ ਖੇਤਰੀ ਹੱਦ-ਬੰਨੇ ਪਾਰ ਕਰ ਜਾਂਦੀ ਹੈ।

ਕਿਸੇ ਨੇ ਇਸ ਘਿਨਾਉਣੇ ਅਪਰਾਧ ਤੋਂ ਉਪਜੀ ਬੇਵਸੀ, ਪੀੜ ਅਤੇ ਸਮੂਹਿਕ ਸ਼ਰਮਿੰਦਗੀ ਦਾ ਬਹੁਤ ਹੀ ਮਾਰਮਿਕ ਢੰਗ ਨਾਲ ਚਿੱਤਰ ਵਾਹਿਆ ਹੈ ਜਿਸ ਵਿਚ ਜਬਰ ਜਨਾਹ ਦਾ ਸ਼ਿਕਾਰ ਹੋਈ ਔਰਤ ਨੂੰ ਦੋ ਬੰਦੇ ਬਚਾ ਕੇ ਲਿਜਾਂਦੇ ਦਿਖਾਈ ਦਿੰਦੇ ਹਨ। ਤਿਰੰਗੇ ਵਿਚ ਲਿਪਟੀ ਖ਼ੂਨ ਨਾਲ ਲਥਪਥ ਉਸ ਔਰਤ ਦੇ ਪਿਛਾਂਹ ਖ਼ੂਨ ਦੇ ਨਿਸ਼ਾਨ ਪੈ ਰਹੇ ਹਨ। ਇਹ ਘਟਨਾ ਫਿਰਕੂ ਦੰਗਿਆਂ ਦੌਰਾਨ 'ਪਰਵਿਰਤਨ ਮਾਹਿਰਾਂ' ਦੀ ਤਾਕਤ ਦਾ ਵਿਖਾਲਾ ਵੀ ਕਰਦੀ ਹੈ; ਉਹ ਰਾਜਕੀ ਛਤਰ ਛਾਇਆ ਹੇਠ ਇਕ ਭਾਈਚਾਰੇ ਖਿਲਾਫ਼ ਹਿੰਸਾ ਫੈਲਾਉਣ ਲਈ ਹਜੂਮ ਨੂੰ ਲਾਮਬੰਦ ਕਰਨ ਲਈ ਝੂਠੀ ਖ਼ਬਰ ਦਾ ਕਾਰਗਰ ਅਤੇ ਬੱਝਵੇਂ ਢੰਗ ਨਾਲ ਇਸਤੇਮਾਲ ਕਰਦੇ ਹਨ ਅਤੇ ਕੂੜ ਪ੍ਰਚਾਰ ਕਰਦੇ ਹਨ। ਤਿੰਨ ਅਤੇ ਚਾਰ ਮਈ ਦੀ ਰਾਤ ਨੂੰ ਇਹ ਝੂਠੀ ਖ਼ਬਰ ਵੱਡੇ ਪੱਧਰ 'ਤੇ ਫੈਲਾਈ ਗਈ ਸੀ ਕਿ ਚੂਰਾਚਾਂਦਪੁਰ ਮੈਡੀਕਲ ਕਾਲਜ ਵਿਚ ਕੁਕੀ-ਜ਼ੋਮੀ ਹਜੂਮ ਨੇ ਇਕ ਮੈਤੇਈ ਨਰਸਿੰਗ ਵਿਦਿਆਰਥਣ ਨਾਲ ਜਬਰ ਜਨਾਹ ਕੀਤਾ ਅਤੇ ਜਬਰ ਜਨਾਹ ਪੀੜਤ ਮੈਤੇਈ ਔਰਤਾਂ ਦੀਆਂ ਲਾਸ਼ਾਂ ਸ਼ਿਜਾ ਹਸਪਤਾਲ ਦੇ ਮੁਰਦਾਘਰ ਵਿਚ ਰੱਖੀਆਂ ਹੋਈਆਂ ਹਨ। ਹਾਲਾਂਕਿ ਉਸ ਨਰਸ ਦੇ ਪਿਤਾ ਅਤੇ ਇੰਫਾਲ ਵਿਚਲੇ ਸ਼ਿਜਾ ਹਸਪਤਾਲ ਦੇ ਅਧਿਕਾਰੀਆਂ ਨੇ ਇਨ੍ਹਾਂ ਦੋਵੇਂ ਘਟਨਾਵਾਂ ਦਾ ਖੰਡਨ ਕਰ ਦਿੱਤਾ ਸੀ ਪਰ ਮੈਤੇਈ ਹਜੂਮੀ ਗਰੁਪਾਂ ਨੇ ਇਨ੍ਹਾਂ ਅਫ਼ਵਾਹਾਂ 'ਤੇ ਯਕੀਨ ਬਣਾਈ ਰੱਖਿਆ ਜੋ ਅਜਿਹੇ ਕੁਪ੍ਰਚਾਰ ਨੂੰ ਗੈਂਗਰੇਪ ਦੇ ਬਹਾਨੇ ਵਜੋਂ ਵਰਤਦੇ ਹਨ ਅਤੇ ਇਨ੍ਹਾਂ ਨੂੰ ਕੁਕੀ-ਜ਼ੋਮੀ ਔਰਤਾਂ ਖਿਲਾਫ਼ ਬਦਲੇ ਦੀ ਕਾਰਵਾਈ ਦੇ ਰੂਪ ਵਿਚ ਸਹੀ ਠਹਿਰਾਉਂਦੇ ਸਨ।

ਜ਼ੋਮੀ ਸਟੂਡੈਂਟਸ ਫੈਡਰੇਸ਼ਨ ਵਲੋਂ ਸੋਸ਼ਲ ਮੀਡੀਆ 'ਤੇ ਪਾਈ ਇਕ ਸਟੋਰੀ ਤੋਂ ਵੀ ਇਹ ਗੱਲ ਜ਼ਾਹਿਰ ਹੁੰਦੀ ਹੈ। ਨਿਰਵਸਤਰ ਕਰ ਕੇ ਘੁਮਾਈਆਂ ਦੋ ਪੀੜਤ ਔਰਤਾਂ 'ਚੋਂ ਇਕ ਔਰਤ ਦੱਸਦੀ ਹੈ ਕਿ ਕਿਵੇਂ ਹਜੂਮ ਨੇ ਝੂਠੀ ਖ਼ਬਰ ਦੀ ਵਰਤੋਂ ਕਰ ਕੇ ਬੀ ਫੈਨੋਮ ਪਿੰਡ ਵਿਚ 4 ਮਈ ਨੂੰ 21 ਸਾਲ ਦੀ ਔਰਤ ਨਾਲ ਜਬਰ ਜਨਾਹ ਦੇ ਘਿਨਾਉਣੇ ਕਾਰੇ ਨੂੰ ਸਹੀ ਠਹਿਰਾਇਆ ਸੀ। ਉਸੇ ਦਿਨ ਇੰਫਾਲ ਦੇ ਪੋਰੋਮਪਟ ਵਿਖੇ ਨਾਈਟਿੰਗੇਲ ਨਰਸਿੰਗ ਇੰਸਟੀਚਿਊਟ ਦੀਆਂ ਦੋ ਵਿਦਿਆਰਥਣਾਂ ਨਾਲ ਬਦਸਲੂਕੀ ਕੀਤੀ ਸੀ ਜਿਸ ਕਰ ਕੇ ਉਹ ਬੇਹੋਸ਼ ਹੋ ਗਈਆਂ ਸਨ। ਅਗਲੇ ਦਿਨ ਕੰਗਪੋਕਪੀ ਜ਼ਿਲ੍ਹੇ ਦੇ ਪਿੰਡ ਖੋਪੀਬੁੰਗ ਦੀ ਕਾਰ ਵਾਸ਼ ਸ਼ੌਪ 'ਚ ਕੰਮ ਕਰਨ ਵਾਲੀਆਂ ਦੋ ਔਰਤਾਂ ਨੂੰ ਔਰਤਾਂ ਦੇ ਸਮੂਹ ਵਲੋਂ ਕਾਬੂ ਕਰ ਕੇ ਸ਼ਰਾਰਤੀ ਅਨਸਰਾਂ ਦੇ ਸਪੁਰਦ ਕਰ ਦਿੱਤਾ ਅਤੇ ਉਨ੍ਹਾਂ ਅਨਸਰਾਂ ਨੇ ਕਮਰੇ ਵਿਚ ਲਿਜਾ ਕੇ ਉਨ੍ਹਾਂ ਨਾਲ ਜਬਰ ਜਨਾਹ ਕੀਤਾ ਸੀ। ਬਦਲੇ ਦੀ ਕਾਰਵਾਈ ਦੇ ਆਧਾਰ 'ਤੇ ਦੋ ਘੰਟੇ ਉਨ੍ਹਾਂ ਨੂੰ ਗੁੰਡਿਆਂ ਦੀ ਵਹਿਸ਼ਤ ਦਾ ਸਾਹਮਣਾ ਕਰਨਾ ਪਿਆ ਅਤੇ ਅੰਤ ਨੂੰ ਉਹ ਦਮ ਤੋੜ ਗਈਆਂ ਸਨ।


ਇਨ੍ਹਾਂ ਵਧੀਕੀਆਂ ਦੀ ਸਾਂਝੀ ਤੰਦ ਇਹ ਹੈ ਕਿ ਹਿੰਸਾ ਵਿਚ ਮੈਤੇਈ ਔਰਤਾਂ ਦੇ ਗਰੁਪਾਂ ਅਤੇ ਮਨੀਪੁਰ ਪੁਲਿਸ ਦੀ ਇਨ੍ਹਾਂ ਵਿਚ ਪੂਰੀ ਮਿਲੀਭਗਤ ਸੀ। ਪਿੰਡ ਦੇ ਮੁਖੀ ਨੇ 18 ਮਈ ਨੂੰ ਦਰਜ ਕਰਵਾਈ ਜ਼ੀਰੋ ਐੱਫ.ਆਈ.ਆਰ. ਵਿਚ ਦੋਸ਼ ਲਾਇਆ ਸੀ ਕਿ ਚਾਰ ਮਈ ਨੂੰ ਲਗਭਗ ਇਕ ਹਜ਼ਾਰ ਲੋਕਾਂ ਦੀ ਮੈਤੇਈ ਭੀੜ ਨੇ ਨਾ ਕੇਵਲ ਸੂਬਾਈ ਪੁਲਿਸ ਦੀ ਦੇਖ ਰੇਖ ਹੇਠ ਉਨ੍ਹਾਂ ਦੇ ਪਿੰਡਾਂ ਨੂੰ ਲੁੱਟ-ਮਾਰ ਅਤੇ ਭੰਨ-ਤੋੜ ਕੀਤੀ ਸਗੋਂ ਗੈਂਗਰੇਪ ਜਿਹੇ ਘਿਨਾਉਣੇ ਕਾਰੇ ਵੀ ਕੀਤੇ। ਸੂਬਾਈ ਪੁਲਿਸ ਦੇ ਕਰਮੀ ਜਾਂ ਤਾਂ ਹਜੂਮ ਨੂੰ ਕਾਬੂ ਕਰਨ ਤੋਂ ਲਾਚਾਰ ਦਿਖਾਈ ਦਿੱਤੇ ਜਾਂ ਮਿਲੀਭਗਤ ਹੋਣ ਕਰ ਕੇ ਤਮਾਸ਼ਬੀਨ ਬਣੇ ਰਹੇ।

ਦਿਲਚਸਪ ਗੱਲ ਇਹ ਹੈ ਕਿ ਕਿਵੇਂ 21 ਸਾਲ ਦੀ ਔਰਤ ਨਾਲ ਜਬਰ ਜਨਾਹ ਕਰਨ ਵਾਲੇ ਮੁੱਖ ਮੁਲਜ਼ਮ ਨੂੰ ਘਟਨਾ ਤੋਂ 76 ਦਿਨਾ ਬਾਅਦ ਵੀਡਿਓ ਵਾਇਰਲ ਹੋਣ ਮਗਰੋਂ ਝਟਪਟ ਕਾਬੂ ਕਰ ਲਿਆ ਗਿਆ ਜਦਕਿ ਲਗਾਤਾਰ ਦੋ ਮਹੀਨੇ ਪੁਲਿਸ ਕਾਰਵਾਈ ਕਰਨ ਤੋਂ ਟਾਲਮਟੋਲ ਕਰਦੀ ਰਹੀ। ਦੇਰ ਨਾਲ ਹੋਈ ਪੁਲਿਸ ਦੀ ਇਹ ਕਾਰਵਾਈ ਕਈ ਸਵਾਲ ਖੜ੍ਹੇ ਕਰਦੀ ਹੈ; ਹਾਲਾਂਕਿ ਸਬੰਧਿਤ ਪਿੰਡ ਕੰਗਪੋਕਪੀ ਮਾਲ ਜ਼ਿਲੇ ਵਿਚ ਸਥਿਤ ਹੈ ਅਤੇ ਇਹ ਥੋਬਲ ਪੁਲਿਸ ਸਟੇਸ਼ਨ ਅਧੀਨ ਆਉਂਦਾ ਹੈ। ਇਹ ਪੁਲਿਸ ਸਟੇਸ਼ਨ ਮੈਤੇਈ ਬਹੁਗਿਣਤੀ ਜ਼ਿਲੇ ਵਿਚ ਸਥਿਤ ਹੋਣ ਕਰ ਕੇ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਕਿਸੇ ਵੀ ਕੁਕੀ-ਜ਼ੋਮੀ ਗਰੁਪ ਲਈ ਇੱਥੋਂ ਤੱਕ ਅੱਪੜਨਾ ਲਗਭਗ ਅਸੰਭਵ ਹੋ ਗਿਆ ਸੀ। ਪੁਲਿਸ ਦੀ ਵਿਆਪਕ ਮਿਲੀਭਗਤ ਦੇ ਦੋਸ਼ਾਂ ਨੂੰ ਜੇ ਕੁਝ ਸਮੇਂ ਲਈ ਲਾਂਭੇ ਰੱਖ ਵੀ ਦਿੱਤਾ ਜਾਵੇ ਤਾਂ ਵੀ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਦੇ ਅਧਿਕਾਰ ਖੇਤਰਾਂ ਦੇ ਵਖਰੇਵਿਆਂ ਅਤੇ ਉਲਝਣਾਂ ਕਰ ਕੇ ਹਿੰਸਾ 'ਤੇ ਕਾਬੂ ਪਾਉਣ ਦਾ ਅਮਲ ਬਹੁਤ ਜ਼ਿਆਦਾ ਪ੍ਰਭਾਵਿਤ ਰਿਹਾ ਹੈ। ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹ ਉਨ੍ਹਾਂ ਹਜੂਮਾਂ 'ਤੇ ਕਾਬੂ ਪਾਉਣ ਵਿਚ ਨਾਕਾਮ ਸਾਬਿਤ ਹੋਏ ਜਿਨ੍ਹਾਂ ਨੇ ਚੂਰਾਚਾਂਦਪੁਰ ਅਤੇ ਕੰਗਪੋਕਪੀ ਜ਼ਿਲਿਆਂ ਦੀਆਂ ਪਹਾੜੀ ਢਲਾਣਾਂ 'ਤੇ ਵਸੇ ਬਹੁਤ ਸਾਰੇ ਕੁਕੀ-ਜ਼ੋਮੀ ਪਿੰਡਾਂ 'ਤੇ ਹਮਲੇ ਕਰ ਕੇ ਲੋਕਾਂ ਦੇ ਘਰ-ਬਾਰ ਸਾੜ ਦਿੱਤੇ ਸਨ।

ਜਬਰ ਜਨਾਹ ਦੀ ਇਹ ਘਟਨਾ ਭਾਵੇਂ ਬਹੁਤ ਘਿਨਾਉਣੀ ਹੈ ਪਰ ਇਸ ਨਾਲ ਸਾਡਾ ਧਿਆਨ ਸਿਰਫ਼ ਕਬਾਇਲੀ ਔਰਤਾਂ ਖਿਲਾਫ਼ ਹੋਏ ਅਪਰਾਧਾਂ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਇਸ ਤੋਂ ਸਾਨੂੰ ਝੂਠੀਆਂ ਖਬਰਾਂ ਅਤੇ ਕੁਪ੍ਰਚਾਰ ਮੁਹਿੰਮਾਂ ਬਾਰੇ ਵੀ ਚੌਕਸ ਹੋਣਾ ਚਾਹੀਦਾ ਹੈ ਜਿਨ੍ਹਾਂ ਰਾਹੀਂ ਕੁਕੀ-ਜ਼ੋਮੀ ਭਾਈਚਾਰੇ ਨੂੰ ਬਦਨਾਮ ਕੀਤਾ ਗਿਆ ਅਤੇ ਉਸ ਪ੍ਰਤੀ ਦਵੈਸ਼ ਭਾਵਨਾ ਭੜਕਾਈ ਗਈ। ਜਿੰਨੀ ਦੇਰ ਤੱਕ ਇਸ ਢਾਂਚਾਗਤ ਹਿੰਸਾ ਦੇ ਸਰੋਤ ਦੇ ਸਾਰੇ ਪੱਖਾਂ ਨੂੰ ਮੁਖ਼ਾਤਬ ਨਹੀਂ ਹੋਇਆ ਜਾਂਦਾ ਅਤੇ ਕੁਕੀ-ਜ਼ੋਮੀ ਭਾਈਚਾਰੇ ਖਿਲਾਫ਼ ਕੁਪ੍ਰਚਾਰ ਬੰਦ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪ੍ਰਧਾਨ ਮੰਤਰੀ ਦੀ ਚੁੱਪ ਤੋੜਨ ਅਤੇ ਮੁੱਖ ਮੰਤਰੀ ਬੀਰੇਨ ਸਿੰਘ ਵਲੋਂ ਮੁਲਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੇ ਭਰੋਸੇ ਦਾ ਕਬਾਇਲੀ ਔਰਤਾਂ ਖਿਲਾਫ਼ ਭਵਿੱਖ ਵਿਚ ਹੋਣ ਵਾਲੇ ਘਿਨਾਉਣੇ ਅਪਰਾਧਾਂ ਦੀ ਰੋਕਥਾਮ ਲਈ ਕੋਈ ਖ਼ਾਸ ਅਸਰ ਨਹੀਂ ਪਵੇਗਾ। ਇਸ ਦੌਰਾਨ ਗੈਂਗਰੇਪ ਦਾ ਸ਼ਿਕਾਰ ਬਣੀ ਕੁਕੀ-ਜ਼ੋਮੀ ਭਾਈਚਾਰੇ ਦੀ ਔਰਤ ਦਾ ਭਾਰਤ ਦੇ ਝੰਡੇ ਨਾਲ ਤਨ ਢਕਣ ਦਾ ਉਹ ਸਕੈੱਚ ਉਸ ਗਹਿਰੇ ਜ਼ਖ਼ਮ ਦਾ ਸ਼ਕਤੀਸ਼ਾਲੀ ਪ੍ਰਤੀਕ ਅਤੇ ਸੂਚਕ ਬਣਿਆ ਰਹੇਗਾ ਕਿ ਇਹੋ ਜਿਹੀ ਹਿੰਸਾ ਨਾਲ ਨਾ ਕੇਵਲ ਕਬਾਇਲੀ ਔਰਤਾਂ ਦੇ ਜਿਸਮ ਸਗੋਂ ਦੇਸ਼ ਦੀ ਸਮੂਹਿਕ ਜ਼ਮੀਰ ਵੀ ਛਲਣੀ ਹੋ ਗਏ ਹਨ।

# ਹਨੇਰੇ ਰਾਹ

**ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਤਿੰਨ

### ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਗੁਰਸੀਰ

"ਅਮ੍ਰਿਤ, ਹੁਣੇ ਮਾਲਕ ਦਾ ਫੋਨ ਆ ਕੇ ਹਟਿਐ। ਅੱਜ ਪਹਿਲੀ ਪੇਅ ਚੈੱਕ ਮਿਲਣੀ ਐ। ਸ਼ਾਮ ਨੂੰ ਹੀ ਟਿਕਟ ਭੇਜ ਦੇਣੀ ਆ ਤੇਰੀ। ਤਿਆਰੀ ਕਰ ਲੈ।" ਗੁਰਸੀਰ ਨੇ ਫੋਨ ਮਿਲਦਿਆਂ ਹੀ ਕਿਹਾ।

"ਸੱਚੀਂ? ਸਹੁੰ ਖਾਓ ਮੇਰੀ।" ਅਮ੍ਰਿਤ ਦੇ ਬੋਲਾਂ ਦੀ ਖੁਸ਼ੀ ਮਹਿਸੂਸ ਕਰਦਿਆਂ ਗੁਰਸੀਰ ਹੱਸ ਪਿਆ। ਅਮ੍ਰਿਤ ਫਿਰ ਬੋਲੀ, "ਮੇਰੇ ਅਟੈਚੀ ਤਾਂ ਓਦਣ ਦੇ ਹੀ ਬੰਨ੍ਹੇ ਪਏ ਐ, ਜਿੱਦਣ ਵੀਜ਼ਾ ਮਿਲ ਗਿਆ ਸੀ। ਥੋਡੇ ਵੱਲੋਂ ਹੀ ਦੇਰ ਐ।"



**ਹਰਪ੍ਰੀਤ ਸੇਖਾ**
**ਫੋਨ: +1-778-231-1189**

"ਮੇਰੇ ਵੱਲੋਂ ਨੀ ਦੇਰ ਕੋਈ। ਮੈਂ ਤਾਂ ਕਹਿਨੈ ਤੂੰ ਹੁਣੇ ਹੋਵੇਂ ਏਥੇ। ਬੱਸ ਆਹ ਚੈੱਕ ਹੀ ਉਡੀਕਦਾ ਸੀ। ਭੈਣ ਤੋਂ ਮੰਗਣ ਨੂੰ ਜੀਅ ਨੀ ਕੀਤਾ। ਅੱਗੇ ਉਸ ਦੇ ਬਥੇਰੇ ਦੇਣੇ ਆ।"
ਗੁਰਸੀਰ ਦੀ ਢੈਲੀ ਹੋਈ ਆਵਾਜ਼ ਸੁਣ ਕੇ ਅਮ੍ਰਿਤ ਬੋਲੀ, "ਸੱਚ ਮੈਂ ਪੁੱਛਣ ਪੁੱਛਣ ਕਰਦੀ ਹਰ ਵਾਰੀ ਭੁੱਲ ਜਾਨੀ ਆਂ। ਜਦੋਂ ਮੈਂ ਆ ਗੀ, ਮੇਰੀ ਨੌਕਰੀ ਦੇ ਵੀ ਪੈਸੇ ਦੇਣੇ ਪੈਣਗੇ?"

"ਨਹੀਂ, ਤੇਰੀ ਜੌਬ ਲਈ ਨਹੀਂ ਦੇਣੇ ਪੈਣੇ। ਜੇ ਘਰਵਾਲ਼ੇ ਜਾਂ ਘਰਵਾਲ਼ੀ ਕੋਲ ਸੌਂਡਿਡ ਵਰਕ ਪਰਮਿਟ ਹੋਵੇ, ਦੂਜੇ ਨੂੰ ਓਪਨ ਵਰਕ ਪਰਮਿਟ ਮਿਲ ਜਾਂਦੈ। ਤੂੰ ਕਿਤੇ ਮਰਜ਼ੀ ਕੰਮ ਕਰ ਸਕਦੀ ਐਂ। ਮੇਰੇ ਵਾਂਗੂ ਇਕ ਥਾਂ ਨੀ ਬੱਝੀ ਹੋਣਾ।"

"ਮੇਰੇ ਵਾਸਤੇ ਤਾਂ ਫਿਰ ਹੁਣੇ ਹੀ ਲੱਭ ਕੇ ਰੱਖਲੋ ਨੌਕਰੀ।"

"ਤੂੰ ਤਾਂ ਕਹਿੰਦੀ ਸੀ ਪਹਿਲਾ ਮਹੀਨਾ ਹਨੀਮੂਨ ਮਨਾਉਣੈ।"

"ਉਹ ਤਾਂ ਐਵੇਂ ਕਦੇ ਕਦੇ ਰੀਝ ਜਿਹੀ ਉੱਠ ਖੜ੍ਹਦੀ ਹੈ। ਆਪਾਂ ਗਿਣਤੀ ਦੇ ਦਿਨ ਤਾਂ ਰਹੇ ਹਾਂ 'ਕੱਠੇ।"

"ਪੱਕੇ ਹੋ ਲੀਏ ਏਥੇ, ਫੇਰ ਕਰਾਂਗੇ ਰੀਝਾਂ ਪੂਰੀਆਂ। ਉਦੋਂ ਤਾਂ ਹਾਲਾਤ ਹੀ ਐਹੋ ਜੇ ਬਣਗੇ ਸੀ।"

ਅਮ੍ਰਿਤ ਨਾਲ ਗੱਲਾਂ ਕਰ ਕੇ ਗੁਰਸੀਰ ਜਲਦੀ ਨਾਲ ਬਿਸਤਰੇ ਵਿਚੋਂ ਨਿਕਲਿਆ ਅਤੇ ਤਿਆਰ ਹੋਣ ਲੱਗ ਪਿਆ। ਉਹ ਰਾਤ ਟਰੱਕ ਦਾ ਗੇੜਾ ਲਾ ਕੇ ਮੁੜਿਆ ਸੀ ਤੇ ਹਾਲੇ ਬਿਸਤਰੇ ਵਿਚ ਹੀ ਸੀ, ਜਦੋਂ ਸ਼ਮਿੰਦਰ ਦਾ ਫੋਨ ਆ ਗਿਆ। ਸ਼ਮਿੰਦਰ ਨੇ ਕਿਹਾ ਸੀ, "ਆ ਜਾ, ਐਥੇ ਆਫਿਸ ਦੇ ਫਰਨੀਚਰ ਦੀ ਅਦਲਾ ਬਦਲੀ ਕਰਨੀ ਐ। ਤੂੰ ਹੱਥ ਪਵਾ ਦੇਈਂ, ਨਾਲੇ ਤੇਰਾ ਹਿਸਾਬ ਕਰ ਦਿਆਂਗੇ।" ਗੁਰਸੀਰ ਨੂੰ ਛੁੱਟੀ ਸੀ। ਉਸ ਨੇ ਰੱਜ ਕੇ ਸੌਣਾ ਸੀ ਤੇ ਫਿਰ ਸੌਦਾ-ਪੱਤਾ ਖਰੀਦਣ ਤੇ ਕੱਪੜੇ ਧੋਣ ਲਾਂਡਰੀ ਜਾਣਾ ਸੀ। ਰਾਤ ਨੂੰ ਹਫ਼ਤੇ ਭਰ ਲਈ ਦਾਲਾਂ-ਸਬਜ਼ੀਆਂ ਪਕਾਉਣੀਆਂ ਸਨ। ਕੱਲ੍ਹ ਨੂੰ ਫਿਰ ਉਸਤਾਦ ਨੇ ਸਾਰਾ ਦਿਨ ਉਸ ਨੂੰ ਕੁੱਤੇ-ਝਾਕ ਵਿਚ ਰੱਖਣਾ ਸੀ; ਨਾ ਸੌਣ ਦੇਣਾ ਸੀ ਤੇ ਨਾ ਹੀ ਦੱਸੇ ਟਾਈਮ ਨਾਲ ਲੈਣ ਆਉਣਾ ਸੀ। ਇਸ ਦਾ ਗੁਰਸੀਰ ਨੂੰ ਪਤਾ ਸੀ। ਤੇ ਗੁਰਸੀਰ ਨੂੰ ਇਹ ਵੀ ਪਤਾ ਸੀ ਕਿ ਅੱਜ ਉਸ ਦੀ ਸਾਰੀ ਦਿਹਾੜੀ ਦਫ਼ਤਰ ਵਿਚ ਹੱਥ ਪਵਾਉਣ ਵਿਚ ਹੀ ਲੰਘ ਜਾਣੀ ਸੀ।

ਤਿਆਰ ਹੋ ਕੇ ਗੁਰਸੀਰ ਟਰੱਕ ਯਾਰਡ ਜਾਣ ਲਈ ਚੁੱਕਵੇਂ ਪੈਰੀਂ ਬੱਸ ਸਟਾਪ ਵੱਲ ਤੁਰ ਪਿਆ। ਦਫ਼ਤਰ ਦੇ ਮੇਜ਼-ਕੁਰਸੀਆਂ ਇਕ ਕਮਰੇ 'ਚੋਂ ਦੂਜੇ ਵਿਚ ਕਰਦਿਆਂ ਤਿੰਨ ਵੱਜ ਗਏ। ਉਸ ਤੋਂ ਬਾਅਦ ਸ਼ਮਿੰਦਰ ਨੇ ਗੁਰਸੀਰ ਨੂੰ ਦੋ ਚੈੱਕਾਂ ਦਿੱਤੀਆਂ ਤੇ ਬੋਲਿਆ, "ਆਹ ਲੈ ਜਾ, ਇਕ ਚੈੱਕ 'ਤੇ ਪਿਛਲੇ ਮਹੀਨੇ ਦੀ ਤਰੀਕ ਇਆ ਤੇ ਇਕ 'ਤੇ ਇਸ ਮਹੀਨੇ ਦੀ। ਕੈਸ਼ ਕਰਵਾ ਲਿਆ।" ਗੁਰਸੀਰ ਨੇ ਚੈੱਕਾਂ ਫੜੀਆਂ। ਉਨ੍ਹਾਂ ਵੱਲ ਦੇਖਦਾ ਰਿਹਾ। ਫਿਰ ਚੁੱਕਵੇਂ ਪੈਰੀਂ ਬੈਂਕ ਵੱਲ ਤੁਰ ਪਿਆ। ਗੁਰਸੀਰ ਨੂੰ ਉਸ ਦੇ ਇਮੀਗ੍ਰੇਸ਼ਨ ਸਲਾਹਕਾਰ ਨੇ ਦੱਸ ਦਿੱਤਾ ਸੀ ਕਿ ਸ਼ਮਿੰਦਰ ਉਸ ਨੂੰ ਮਹੀਨੇ ਬਾਅਦ ਚਾਲੀ ਘੰਟੇ ਪ੍ਰਤੀ ਹਫ਼ਤਾ ਦੇ ਹਿਸਾਬ ਨਾਲ ਚੈੱਕ ਦਿਆ ਕਰੇਗਾ। ਉਹ ਗੁਰਸੀਰ ਨੂੰ ਆਪਣੇ ਬੈਂਕ ਖਾਤੇ ਵਿਚ ਜਮ੍ਹਾ ਕਰਵਾਉਣੀ ਪਵੇਗੀ ਤੇ ਫਿਰ ਬੈਂਕ ਵਿਚੋਂ ਨਕਦੀ ਕਢਵਾ ਕੇ ਸ਼ਮਿੰਦਰ ਨੂੰ ਮੋੜਨੀ ਪਵੇਗੀ। ਉਸ ਨਕਦੀ ਵਿਚੋਂ ਹੀ ਸ਼ਮਿੰਦਰ ਮੀਲਾਂ ਦੇ ਹਿਸਾਬ ਨਾਲ ਗੁਰਸੀਰ ਦੀ ਬਣਦੀ ਕਮਾਈ ਦਿਆ ਕਰੇਗਾ। ਗੁਰਸੀਰ ਨੂੰ ਇਨ੍ਹਾਂ ਦੋ ਮਹੀਨਿਆਂ ਵਿਚ ਪਤਾ ਲੱਗ ਗਿਆ ਸੀ ਕਿ ਉਸ ਦੀ ਕੰਪਨੀ ਡਰਾਈਵਰਾਂ ਨੂੰ ਵੈਨਕੂਵਰ ਤੋਂ ਟਰਾਂਟੋ ਦੇ ਆਉਣ-ਜਾਣ ਦੇ ਗੇੜੇ ਦੀਆਂ ਚਰਵੰਜਾ ਸੌ ਮੀਲਾਂ ਦੇ ਹਿਸਾਬ ਨਾਲ ਡਾਲਰ ਦਿੰਦੀ ਸੀ ਤੇ ਮਾਂਟਰੀਅਲ ਦੀਆਂ ਅੱਠਵੰਜਾ ਸੌ ਮੀਲਾਂ। ਬੈਂਕ ਵੱਲ ਜਾਂਦਾ ਗੁਰਸੀਰ ਉਸ ਹਿਸਾਬ ਨਾਲ ਮਿਲਣ ਵਾਲੇ ਡਾਲਰਾਂ ਦਾ ਅੰਦਾਜ਼ਾ ਲਾਉਣ ਲੱਗਾ। 'ਦੋ ਮਹੀਨਿਆਂ ਦਾ ਬੇਸਮੈਂਟ ਦਾ ਕਿਰਾਇਆ ਦੇ ਕੇ ਅਮ੍ਰਿਤ ਦੀ ਟਿਕਟ ਲਈ ਬਚ ਜਾਣਗੇ?' ਗੁਰਸੀਰ ਦੇ ਅੰਦਰ ਪ੍ਰਸ਼ਨ ਉੱਠਿਆ। 'ਬਚ ਹੀ ਜਾਣਗੇ ਰੱਬ ਸੁੱਖ ਰੱਖੇ। ਇਕ ਮਹੀਨਾ ਹੋਰ ਘੁੱਟ-ਵੱਟ ਕੇ ਸਾਰ ਲਵਾਂਗਾ', ਸੋਚਦਿਆਂ ਗੁਰਸੀਰ ਦੀ ਚਾਲ ਹੋਰ ਤੇਜ਼ ਹੋ ਗਈ। 'ਏਦੂੰ ਬਾਅਦ ਸਿੱਧਾ ਟ੍ਰੈਵਲ ਏਜੰਟ ਕੋਲ ਜਾਊਂ, ਕਿਤੇ ਬੰਦ ਨਾ ਹੋ ਜਾਣ? ਚੱਲ ਟੈਕਸੀ ਲੈ ਕੇ ਚਲਿਆ ਜਾਊਂ", ਇਹ ਵਿਉਂਤਾਂ ਬਣਾਉਂਦੇ ਗੁਰਸੀਰ ਨੇ ਬੈਂਕ ਵਿਚੋਂ ਚੈੱਕਾਂ ਕੈਸ਼ ਕਰਵਾਈਆਂ ਅਤੇ ਸ਼ਮਿੰਦਰ ਕੋਲ ਪਹੁੰਚ ਗਿਆ। ਸ਼ਮਿੰਦਰ ਆਪਣੇ ਦਫ਼ਤਰ ਵਿਚ ਬੈਠਾ ਸੀ। ਗੁਰਸੀਰ ਉਸ ਦੇ ਸਾਹਮਣੇ ਮੇਜ਼ ਦੇ ਦੂਜੇ ਪਾਸੇ ਬੈਠ ਗਿਆ। ਸ਼ਮਿੰਦਰ ਨੇ ਇਕ ਵਾਰ ਨਿਗ੍ਹਾ ਉੱਪਰ ਕਰ ਕੇ ਉਸ ਵੱਲ ਦੇਖਿਆ ਅਤੇ ਮੁੜ ਆਪਣੀ ਨਿਗ੍ਹਾ ਮੂਹਰੇ ਪਈ ਫ਼ਾਈਲ 'ਤੇ ਟਿਕਾਅ ਲਈ। ਗੁਰਸੀਰ ਨੇ ਕੈਸ਼ ਵਾਲੇ ਲਿਫ਼ਾਫ਼ੇ ਵਾਲਾ ਹੱਥ ਮੇਜ਼ ਉੱਪਰ ਰੱਖ ਲਿਆ। ਸ਼ਮਿੰਦਰ ਨੂੰ ਆਪਣੇ ਕੰਮ ਵਿਚ ਰੁੱਝਿਆ ਦੇਖ ਕੇ ਗੁਰਸੀਰ ਬੋਲਿਆ, "ਭਾਅ ਜੀ, ਕਰਿਓ ਹਿਸਾਬ, ਮੈਂ ਘਰਵਾਲੀ ਦੀ ਟਿਕਟ ਬੁੱਕ ਕਰਵਾਉਣ ਟ੍ਰੈਵਲ ਏਜੰਟ ਕੋਲ ਜਾਣਾ, ਕਿਤੇ ਉਹ ਬੰਦ ਨਾ ਹੋ ਜਾਣ।" ਸ਼ਮਿੰਦਰ ਨੇ ਗੁਰਸੀਰ ਦੇ ਨੋਟਾਂ ਵਾਲੇ ਲਿਫ਼ਾਫ਼ੇ ਵੱਲ ਇਸ਼ਾਰਾ ਕਰ ਕੇ ਕਿਹਾ, "ਲਿਆ ਫੜਾ ਕਰੀਏ ਹਿਸਾਬ।" ਗੁਰਸੀਰ ਨੇ ਲਿਫ਼ਾਫ਼ਾ ਮੇਜ਼ ਦੇ ਵਿਚਕਾਰ ਜਿਹੇ ਸ਼ਮਿੰਦਰ ਵੱਲ ਸਰਕਾ ਦਿੱਤਾ। ਉਸ ਨੂੰ ਲਗਦਾ ਸੀ ਕਿ ਇਹ ਉਸ ਵੱਲ ਮੁੜ ਆਵੇਗਾ। ਸ਼ਮਿੰਦਰ ਨੇ ਹੱਥ ਵਧਾ ਕੇ ਲਿਫ਼ਾਫ਼ਾ ਚੁੱਕਿਆ ਅਤੇ ਮੇਜ਼ ਦੇ ਦਰਾਜ਼ ਵਿਚ ਰੱਖ ਦਿੱਤਾ। ਇਕ ਪੇਪਰ ਤੇ ਪੈਂਸਲ ਗੁਰਸੀਰ ਵੱਲ ਵਧਾ ਕੇ ਬੋਲਿਆ, "ਤੂੰ ਆਪ ਹੀ ਕਰ 'ਸਾਬ। ਮੈਂ ਤੈਨੂੰ ਲਿਖਾਈ ਜਾਣਾ ਇਆਂ।" ਸ਼ਮਿੰਦਰ ਨੇ ਆਪਣੀ ਜੇਬ ਵਿਚੋਂ ਕਾਗਜ਼ ਕੱਢਿਆ ਅਤੇ ਬੋਲਿਆ, "ਤੇਰੀਆਂ ਦੋ ਮਹੀਨਿਆਂ ਦੀਆਂ ਇੱਕੀ ਹਜ਼ਾਰ ਛੇ ਸੌ ਮੀਲਾਂ ਬਣਦੀਆਂ ਇਆਂ।"

"ਭਾਅ ਜੀ, ਥੋਨੂੰ ਕਿਤੇ ਭੁਲੇਖਾ ਲੱਗਾ। ਚੌਵੀ ਹਜ਼ਾਰ ਪੰਜ ਸੌ ਬਣਦੀਐਂ। ਮੈਂ ਉਸਤਾਦ ਨਾਲ ਚੈੱਕ ਕੀਤੀ ਐ। ਅਸੀਂ ਸਾਰੇ ਗੇੜਿਆਂ 'ਤੇ 'ਕੱਠੇ ਹੀ ਗਏ ਆਂ।"

"ਪਹਿਲਾ ਮਾਂਟਰੀਅਲ ਦਾ ਗੇੜਾ ਤਾਂ ਤੇਰੀ ਟ੍ਰੇਨਿੰਗ ਦਾ ਸੀ। ਟ੍ਰੇਨਿੰਗ ਦੇ ਮੈਂ ਥੋੜ੍ਹੋ ਪੇਅ ਕਰੂੰਗਾ।"

'ਪਰ ਮੈਂ ਟਰੱਕ ਵੀ ਚਲਾਇਐ। ਤੇ ਉੱਤੋਂ ਨਜਾਇਜ਼ ਜੁਰਮਾਨਾ ਵੀ ਭਰਿਐ।' ਗੁਰਸੀਰ ਦੇ ਚਿੱਤ 'ਚ ਆਈ ਪਰ ਉਹ ਬੋਲਿਆ ਨਾ।

"ਤੂੰ ਏਦਾਂ ਕਰ, ਐਧਰ ਆ ਜਾ। ਮੈਂ ਤੈਨੂੰ ਇਸ ਪੇਪਰ ਤੋਂ ਹੀ ਦਿਖਾ ਦਿੰਨਾ ਇਆਂ।" ਸ਼ਮਿੰਦਰ ਨੇ ਆਪਣੇ ਹੱਥ ਵਿਚ ਫੜੇ ਕਾਗਜ਼ ਵੱਲ ਇਸ਼ਾਰਾ ਕਰਦੇ ਨੇ ਕਿਹਾ। ਫਿਰ ਬੋਲਿਆ, "ਜੇ ਤੂੰ ਨੋਟ ਕਰਨੇ ਹੋਏ ਤਾਂ ਆਪਣੇ ਪੇਪਰ 'ਤੇ ਬਾਅਦ 'ਚ ਨੋਟ ਕਰ ਲਵੀਂ।" ਗੁਰਸੀਰ ਉੱਠ ਕੇ ਸ਼ਮਿੰਦਰ ਦੇ ਪਿੱਛੇ ਜਾ ਖੜ੍ਹਾ। ਸ਼ਮਿੰਦਰ ਆਪਣੇ ਪਰਚੇ 'ਤੇ ਉਂਗਲ ਟਿਕਾਈ ਬੋਲਿਆ, "ਪੇਪਰਾਂ ਵਿਚ ਤੇਰੀ ਕਮਾਈ ਆਹ ਬਣਦੀ ਇਆ। ਇਸ ਸਾਰੀ ਰਕਮ ਉੱਤੇ ਸਾਰੇ ਟੈਕਸ ਤੂੰ ਦੇਣੇ ਇਆ। ਆਹ ਤੇਰਾ ਟੈਕਸ ਬਣਦਾ ਇਆ। ਆਹ ਚਾਰ ਹਜ਼ਾਰ, ਐੱਲ ਐੱਮ ਆਈ ਏ ਲਈ ਇਮੀਗ੍ਰੇਸ਼ਨ ਕਨਸਲਟੈਂਟ ਦੀ ਫ਼ੀਸ। ਆਹ ਹਜ਼ਾਰ ਡਾਲਰ, ਜਿਹੜਾ ਤੁਸੀਂ ਟਰਾਲੇ ਦਾ ਨੁਕਸਾਨ ਕਰ ਕੇ ਆਏ ਸੀ...।"

"ਭਾਅ ਜੀ, ਟਰਾਲੇ ਦਾ ਤਾਂ ਮੈਂ ਕੋਈ ਨੁਕਸਾਨ ਨੀ ਕੀਤਾ। ਇਹ ਤਾਂ---।"

ਸ਼ਮਿੰਦਰ ਨੇ ਦਰਾਜ਼ ਵਿਚੋਂ ਫ਼ਾਈਲ ਕੱਢੀ ਅਤੇ ਗੁਰਸੀਰ ਦੇ ਦਸਤਖ਼ਤਾਂ ਵਾਲਾ ਪੇਪਰ ਮੂਹਰੇ ਕਰਦਿਆਂ ਬੋਲਿਆ, "ਆਹ ਦੇਖ।"

ਇਸ ਬਾਰੇ ਤਾਂ ਗੁਰਸੀਰ ਨੇ ਸੋਚਿਆ ਹੀ ਨਹੀਂ ਸੀ। ਦਸਤਖ਼ਤ ਕਰਨ ਲੱਗਿਆਂ ਉਸ ਨੇ ਸੋਚਿਆ ਸੀ ਕਿ ਉਹ ਵਾਰਨਿੰਗ ਦੇ ਪੇਪਰਾਂ ਉੱਪਰ ਦਸਤਖ਼ਤ ਕਰ ਰਿਹਾ ਸੀ। ਉਸ ਨੇ ਉਸਤਾਦ ਦੀ ਦੇਖਾ-ਦੇਖੀ ਹੀ ਇਹ ਦਸਤਖ਼ਤ ਕਰ ਦਿੱਤੇ ਸਨ। ਪਹਿਲੇ ਗੇੜੇ ਉਨ੍ਹਾਂ ਨੇ ਦੋ-ਤਿੰਨ ਥਾਈਂ ਟਰਾਲੇ ਬਦਲੇ ਸਨ। ਗੇੜੇ ਦੇ ਆਖ਼ੀਰ'ਚ ਉਨ੍ਹਾਂ ਨੇ ਐਡਮਿੰਟਨ ਤੋਂ ਸਰੀ ਤਕ ਫਲੈਟ ਡੈੱਕ ਟਰੇਲਰ ਲਿਆਂਦਾ ਸੀ। ਅਗਲੇ ਦਿਨ ਹੀ ਸ਼ਮਿੰਦਰ ਦਾ ਫੋਨ ਆ ਗਿਆ ਸੀ। ਕਹਿੰਦਾ, "ਟਰੇਲਰ ਕਿੱਥੇ ਲਾ ਕੇ ਆਏ ਇਆਂ?" ਗੁਰਸੀਰ ਤੋਂ ਟਰੱਕ ਦਾ ਕੋਈ ਵੀ




ਨੁਕਸਾਨ ਨਹੀਂ ਸੀ ਹੋਇਆ। ਸੁਣ ਕੇ ਉਹ ਭਵੰਤਰ ਗਿਆ ਸੀ। ਬੋਲਿਆ, "ਭਾਅ ਜੀ, ਮੈਥੋਂ ਤਾਂ ਨੀ ਕਿਤੇ ਲੱਗਾ।"

"ਐਡਮਿੰਟਨ ਤੋਂ ਆਖਰੀ ਡਰਾਈਵ ਤੇਰੀ ਸੀ।"

"ਹਾਂ ਜੀ ਪਰ ਮੈਥੋਂ ਤਾਂ ਕਿਤੇ ਵੀ ਟਰੱਕ ਜਾਂ ਟਰੇਲਰ ਨਹੀਂ ਲੱਗਿਆ।"

"ਤੂੰ ਪੀ ਟੀ ਆਈ (ਪ੍ਰੀ ਟ੍ਰਿੱਪ ਇਨਸਪੈਕਸ਼ਨ) ਨਹੀਂ ਸੀ ਕੀਤੀ?"

"ਓਹ ਹਰ ਵਾਰ ਕਰੀਦੀ ਐ? ਮੈਨੂੰ ਤਾਂ ਕਿਸੇ ਨੇ ਦੱਸਿਆ ਨਹੀਂ।"

"ਏਦਾਂ ਕਰੋ ਹੁਣੇ ਆਓ ਲਾਟ 'ਤੇ। ਟਰੇਲਰ ਦੀਆਂ ਫੈਂਸਾਂ ਮਿਸਿੰਗ ਹਨ। ਦੂਜਾ ਕਹਿੰਦਾ ਓਹਤੋਂ ਨੀ ਲੱਗਾ। ਤੂੰ ਕਹਿਨੈ, ਤੂੰ ਨੀ ਲਾਇਆ। ਫੈਂਸਾਂ ਉਡਗੀਆਂ ਕਿੱਤੇ?" ਤੇ ਫੇਰ ਉਸਤਾਦ ਡਰਾਈਵਰ ਗੁਰਸੀਰ ਕੋਲ ਆਇਆ ਸੀ। ਆਉਂਦਾ ਹੀ ਬੋਲਿਆ, "ਆਪਾਂ ਸ਼ਮਿੰਦਰ ਨਾਲ ਆਰਗੂਮੈਂਟ ਨਈਓਂ ਕਰਨੀ। ਸੌਰੀ ਮੰਗਲਾਂਗੇ।" ਗੁਰਸੀਰ ਕਹਿਣਾ ਚਾਹੁੰਦਾ ਸੀ, 'ਭਾਅ, ਮੈਂ ਕਿਹੜੇ ਕਸੂਰ ਦੀ ਮਾਫ਼ੀ ਮੰਗਾਂ' ਪਰ ਉਸ ਨੇ ਕਿਹਾ ਨਹੀਂ ਸੀ ਤੇ ਚੁੱਪ ਕਰ ਕੇ ਉਸਤਾਦ ਦੇ ਮਗਰ ਹੀ ਕੀਤੇ ਨੁਕਸਾਨ ਵਾਲੇ ਕਾਗਜ਼ 'ਤੇ ਦਸਤਖ਼ਤ ਕਰ ਦਿੱਤੇ ਸਨ। ਉਸ ਨੇ ਸੋਚਿਆ ਹੀ ਨਹੀਂ ਸੀ ਕਿ ਉਹ ਦਸਤਖ਼ਤ ਉਸ ਨੂੰ ਹਜ਼ਾਰ ਡਾਲਰ ਵਿਚ ਪੈਣਗੇ।

ਗੁਰਸੀਰ ਕੁਝ ਪਲ ਉਸ ਪੇਪਰ ਵੱਲ ਦੇਖਦਾ ਰਿਹਾ ਜਿਸ 'ਤੇ ਉਸ ਨੇ ਦਸਤਖ਼ਤ ਕੀਤੇ ਸਨ। ਉਸ ਨੂੰ ਲੱਗਾ ਜਿਵੇਂ ਉਸ ਨਾਲ ਠੱਗੀ ਵੱਜੀ ਹੋਵੇ।

ਸ਼ਮਿੰਦਰ ਬੋਲਿਆ, "ਹਾਲੇ ਤੇਰੇ ਵੱਲ ਹਜ਼ਾਰ ਡਾਲਰ ਵਧਦਾ ਇਆ ਮੇਰਾ। ਏਸੇ ਕਰ ਕੇ ਮੈਂ ਪਿਛਲੇ ਮਹੀਨੇ 'ਸਾਬ ਨੀ ਸੀ ਕੀਤਾ ਪਰ ਤੈਨੂੰ ਕਾਹਲੀ ਸੀ।"

ਗੁਰਸੀਰ ਕੁਝ ਪਲ ਉਸੇ ਤਰ੍ਹਾਂ ਹੀ ਅਵਾਕ ਖੜ੍ਹਾ ਰਿਹਾ। ਉਸ ਦੀਆਂ ਅੱਖਾਂ ਭਰ ਆਈਆਂ। ਸਾਹਮਣੇ ਪਏ ਕਾਗਜ਼ ਉਸ ਨੂੰ ਧੁੰਦਲੇ ਨਜ਼ਰ ਆਉਣ ਲੱਗੇ। ਉਹ ਬੋਲਿਆ, "ਭਾਅ ਜੀ, ਮੇਰੇ ਲਈ ਬੇਸਮੈਂਟ ਦੇ ਕਿਰਾਏ ਜੋਗੇ ਤਾਂ ਛੱਡ ਦਿੰਦੇ। ਇਮੀਗ੍ਰੇਸ਼ਨ ਆਲੇ ਦੇ ਅਗਲੀ ਵਾਰ ਕੱਟ ਲਿਓ।"

"ਉਹਦੇ ਮੈਂ ਉਦੋਂ ਤੇਰੇ 'ਤੇ ਤਰਸ ਕਰ ਕੇ ਆਪਣੀ ਜੇਬ 'ਚੋਂ ਦਿੱਤੇ ਸੀ।"

"ਚੱਲ ਫਿਰ ਭਾਅ ਜੀ ਹੋਰ ਤਰਸ ਕਰ ਲਓ ਤੇ ਹਧਾਰੇ ਹੀ ਦੇ ਦਿਓ। ਮੈਂ ਤਾਂ ਘਰਵਾਲੀ ਨੂੰ ਟਿਕਟ ਵੀ ਭੇਜਣੀ ਆ। ਦੋ ਮਹੀਨਿਆਂ ਤੋਂ ਬੇਸਮੈਂਟ ਦਾ ਕਿਰਾਇਆ ਨੀ ਦਿੱਤਾ, "ਇਹ ਕਹਿੰਦਿਆਂ ਗੁਰਸੀਰ ਦੇ ਬੋਲ ਕੰਬ ਗਏ। ਸ਼ਮਿੰਦਰ ਨੇ ਨਿਗ੍ਹਾ ਉਤਾਂਹ ਚੁੱਕ ਕੇ ਗੁਰਸੀਰ ਵੱਲ ਦੇਖਿਆ ਤੇ ਬੋਲਿਆ, "ਚੱਲ ਠੀਕ ਇਆ, ਆਹ ਲੈ ਪੰਦਰਾਂ ਸੌ।"

ਪੰਦਰਾਂ ਸੌ ਡਾਲਰ ਜੇਬ ਵਿਚ ਪਾ ਕੇ ਗੁਰਸੀਰ ਟਰੈਵਲ ਏਜੰਟ ਵੱਲ ਜਾਣ ਦੀ ਥਾਂ ਗਰੋਸਰੀ ਸਟੋਰ ਵੱਲ ਤੁਰ ਪਿਆ।

---

ਟਰੱਕ ਵਿਚ ਬੈਠਦਿਆਂ ਹੀ ਗੁਰਸੀਰ ਦੀਆਂ ਸੋਚਾਂ ਦੀ ਸੂਈ ਮੁੜ ਪਹਿਲਾਂ ਵਾਲੀ ਥਾਂ ਆ ਟਿਕੀ। ਉਸਤਾਦ ਉਸ ਨੂੰ ਸਵੇਰੇ ਦਸ ਵਜੇ ਤਿਆਰ ਰਹਿਣ ਦਾ ਆਖ ਕੇ ਸ਼ਾਮ ਦੇ ਤਿੰਨ ਵਜੇ ਪਹੁੰਚਿਆ। ਟਰੱਕ ਯਾਰਡ ਵਿਚ ਪਹੁੰਚ ਕੇ ਉਸਤਾਦ ਨੇ ਟਰੱਕ ਦਾ ਸਟੇਰਿੰਗ ਸੰਭਾਲ ਲਿਆ। ਟਰਾਲਾ ਉਨ੍ਹਾਂ ਨੇ ਲੈਂਗਲੀ ਸ਼ਹਿਰ ਦੇ ਇਕ ਵੇਅਰਹਾਊਸ ਤੋਂ ਜੋੜਨਾ ਸੀ। ਗੁਰਸੀਰ ਮੁੜ ਅਮ੍ਰਿਤ ਦੀ ਟਿਕਟ ਦੇ ਪ੍ਰਬੰਧ ਦੀਆਂ ਵਿਉਂਤਾਂ ਬਣਾਉਣ ਲੱਗਾ। ਮੁੜ ਘੁੜ ਉਸ ਦੀ ਸੋਚ ਭੈਣ ਤੋਂ ਹੋਰ ਉਧਾਰ ਲੈਣ 'ਤੇ ਆਣ ਟਿਕਦੀ ਪਰ ਇਸ ਲਈ ਉਸ ਦਾ ਮਨ ਨਹੀਂ ਸੀ ਮੰਨਦਾ। ਉਸ ਨੇ ਜੱਕਾਂ-ਤੱਕਾਂ ਵਿਚ ਭੈਣ ਨੂੰ ਫੋਨ ਵੀ ਮਿਲਾ ਲਿਆ ਪਰ ਫੋਨ ਦੀ ਘੰਟੀ ਵੱਜਣ ਤਕ ਆਪਣਾ ਮਨ ਬਦਲ ਲਿਆ ਕਿ ਭੈਣ ਨੂੰ ਇਹ ਸਵਾਲ ਨਹੀਂ ਪਾਵੇਗਾ। ਅਗਿਉਂ ਭੈਣ ਨੇ ਵੀ ਫੋਨ ਨਾ ਚੁੱਕਿਆ। ਗੁਰਸੀਰ ਨੇ ਮਨ ਹੀ ਮਨ ਸ਼ੁਕਰ ਕੀਤਾ ਕਿ ਚੰਗਾ ਹੀ ਹੋਇਆ ਕਿ ਅਗਿਉਂ ਭੈਣ ਨਹੀਂ ਸੀ ਮਿਲੀ। ਫਿਰ ਗੁਰਸੀਰ ਨੇ ਸੋਚਿਆ ਕਿ ਆਪਣੇ ਵੱਡੇ ਭਰਾ ਬਲਵੀਰ ਨੂੰ ਪੁੱਛ ਲਵੇ। ਉਸ ਦੇ ਦਿਮਾਗ ਵਿਚ ਬਲਵੀਰ ਦਾ ਵੱਟਿਆ ਮੂੰਹ ਆ ਗਿਆ। ਉਹ ਤਾਂ ਦੂਜੀ ਵਾਰ ਗੁਰਸੀਰ ਨੂੰ ਦਿੱਲੀ ਹਵਾਈ ਅੱਡੇ 'ਤੇ ਚੜ੍ਹਾਉਣ ਵੀ ਨਹੀਂ ਸੀ ਆਇਆ।

ਕੈਨੇਡਾ ਆਉਣ ਖ਼ਾਤਰ ਦੋਹਾਂ ਭਰਾਵਾਂ ਵਿਚ ਮਨ-ਮੁਟਾਵ ਹੋ ਗਿਆ ਸੀ। ਬਲਵੀਰ ਕੈਨੇਡਾ ਦਾ ਵੀਜ਼ਾ ਲਵਾਉਣਾ ਚਾਹੁੰਦਾ ਸੀ। ਗੁਰਸੀਰ ਨੇ ਕਿਹਾ ਸੀ, "ਦੇਖ ਬਲਵੀਰ, ਮੈਂ ਸਾਰਾ ਪ੍ਰਬੰਧ ਕਰ ਬੈਠਾਂ। ਏਜੰਟ ਨੂੰ ਵੀ ਪੈਸੇ ਦੇਈ ਬੈਠਾਂ। ਓਹਨੇ ਹੀ ਮੇਰੇ ਵਾਸਤੇ ਕੰਮ ਲੱਭਿਐ ਓਥੇ। ਮੈਨੂੰ ਜਦੋਂ ਵਰਕ ਪਰਮਿਟ ਮਿਲ ਗਿਆ, ਫੇਰ ਤੂੰ ਏਸੇ ਤਰੀਕੇ ਆ ਜਾਈਂ।"

ਸਸਕਾਰ 'ਤੇ ਵਿਨੀਪੈਗ ਆਏ ਗੁਰਸੀਰ ਨੇ ਟਰੱਕ ਦਾ ਲਾਈਸੰਸ ਲੈ ਲਿਆ ਸੀ। ਗੁਰਸੀਰ ਕੋਲ ਦੁਬਈ 'ਚ ਦੋ ਸਾਲ ਟਰੱਕ ਚਲਾਉਣ ਦਾ ਤਜਰਬਾ ਸੀ। ਇਸ ਲਈ ਉਸ ਨੂੰ ਆਸਾਨੀ ਨਾਲ ਹੀ ਲਾਈਸੰਸ ਮਿਲ ਗਿਆ ਸੀ। ਦੁਬਈ ਤੋਂ ਇੰਡੀਆ ਉਹ ਵਿਆਹ ਕਰਵਾਉਣ ਹੀ ਗਿਆ ਸੀ, ਜਦੋਂ ਉਸ ਦੇ ਜੀਜੇ ਦੀ ਮੌਤ ਦੀ ਖ਼ਬਰ ਪਹੁੰਚ ਗਈ ਸੀ। ਸਸਕਾਰ 'ਤੇ ਵਿਨੀਪੈਗ ਆਏ ਨੂੰ ਐੱਲ ਐੱਮ ਆਈ ਏ ਨਹੀਂ ਮਿਲੀ ਤਾਂ ਇੰਡੀਆ ਮੁੜ ਗਿਆ ਸੀ। ਕੈਨੇਡਾ'ਚ ਪੱਕੇ ਹੋਣ ਦਾ ਰਾਹ ਦਿਸਦਾ ਹੋਣ ਕਰ ਕੇ ਉਸ ਨੇ ਦੁਬਈ ਨਾ ਮੁੜਨ ਦਾ ਫੈਸਲਾ ਕਰ ਲਿਆ। ਉਸ ਦੇ ਇਮੀਗ੍ਰੇਸ਼ਨ ਸਲਾਹਕਾਰ ਨੇ ਕਿਹਾ ਸੀ, "ਐਸ ਵਕਤ ਮੇਰੇ ਹੱਥ ਕੋਈ ਐੱਲ ਐੱਮ ਆਈ ਏ ਨਹੀਂ ਹੈ। ਤੁਹਾਨੂੰ ਵੀ ਛੇ ਮਹੀਨੇ ਹੋਣ ਵਾਲੇ ਐ ਕੈਨੇਡਾ ਆਇਆਂ। ਇਉਂ ਕਰੋ ਇੰਡੀਆ ਵਾਪਸ ਚਲੇ ਜਾਓ। ਜਿਉਂ ਹੀ ਮੈਨੂੰ ਕੋਈ ਐੱਲ ਐੱਮ ਆਈ ਏ ਲੱਭੀ, ਮੈਂ ਤੁਹਾਨੂੰ ਫੋਨ ਕਰ ਦੇਵਾਂਗਾ। ਤੁਸੀਂ ਮੁੜ ਆਇਓ ਨਾਲੇ ਇੰਡੀਆ ਜਾ ਕੇ ਪੈਸੇ ਦਾ ਪ੍ਰਬੰਧ ਕਰ ਲਿਓ।"

"ਮੁੜ ਕੇ ਮੈਨੂੰ ਆਉਣ ਦੇ ਦੇਣਗੇ?" ਗੁਰਸੀਰ ਨੇ ਪੁੱਛਿਆ ਸੀ।

"ਓਹ ਤੁਸੀਂ ਮੇਰੇ 'ਤੇ ਛੱਡ ਦਿਓ।"

ਗੁਰਸੀਰ ਇੰਡੀਆ ਮੁੜ ਗਿਆ ਸੀ। ਮਹੀਨੇ ਬਾਅਦ ਹੀ ਇਮੀਗ੍ਰੇਸ਼ਨ ਸਲਾਹਕਾਰ ਦਾ ਫੋਨ ਪਹੁੰਚ ਗਿਆ ਸੀ। ਉਹ ਬੋਲਿਆ, "ਐੱਲ ਐੱਮ ਆਈ ਏ ਮਿਲ ਗਈ ਆਪਾਂ ਨੂੰ। ਸਾਡਾ ਇਮੀਗ੍ਰੇਸ਼ਨ ਕਨਸਲਟੈਂਟਾਂ ਦਾ ਗਰੁੱਪ ਬਣਿਆ ਹੋਇਐ। ਮੈਂ ਉਸ ਵਿਚ ਰਿਕੁਐਸਟ ਪਾਈ ਸੀ। ਵੈਨਕੂਵਰ ਦੇ ਮੇਰੇ ਇਕ ਕਨਸਲਟੈਂਟ ਦੋਸਤ ਕੋਲ ਪਈ ਹੈ। ਖ਼ਰਚਾ ਥੋੜ੍ਹਾ ਜਿਹਾ ਜ਼ਿਆਦਾ ਆਊ ਪਰ ਕੰਮ ਬਣ ਗਿਐ। ਏਦਾਂ ਕਰੋ ਆਪਣੀ ਭੈਣ ਨੂੰ ਆਖੋ ਕਿ ਆਪਣੇ ਡਾਕਟਰ ਤੋਂ ਨੋਟ ਲਿਖਵਾ ਕੇ ਤੁਹਾਨੂੰ ਭੇਜ ਦੇਣ ਕਿ ਘਰਵਾਲੇ ਦੀ ਮੌਤ ਤੋਂ ਬਾਅਦ ਉਸ ਨੂੰ ਡਿਪਰੈਸ਼ਨ ਹੋ ਗਈ ਹੈ। ਉਸ ਨੂੰ ਸਹਾਰਾ ਦੇਣ ਵਾਲੇ ਪਰਿਵਾਰਕ ਮੈਂਬਰ ਦੀ ਲੋੜ ਹੈ।"

ਤੇ ਇਹ ਸਹਾਰਾ ਬਲਵੀਰ ਵੀ ਦੇਣਾ ਚਾਹੁੰਦਾ ਸੀ।

ਗੁਰਸੀਰ ਇਹ ਸੋਚ ਹੀ ਰਿਹਾ ਸੀ ਕਿ ਉਹ ਬਲਵੀਰ ਨੂੰ ਅਮ੍ਰਿਤ ਦੀ ਟਿਕਟ ਦਾ ਇੰਤਜ਼ਾਮ ਕਰਨ ਲਈ ਆਖੇ ਜਾਂ ਨਾ ਕਿ ਉਸ ਦੇ ਫੋਨ ਦੀ ਘੰਟੀ ਖੜਕ ਪਈ। ਉਸ ਦੀ ਭੈਣ ਦਾ ਫੋਨ ਸੀ। ਗੁਰਸੀਰ ਨੇ ਡਰਾਈਵਰ ਸੀਟ 'ਤੇ ਬੈਠੇ ਉਸਤਾਦ ਵੱਲ ਦੇਖਿਆ ਤੇ ਫੋਨ ਕੰਨ ਨੂੰ ਲਾ ਲਿਆ। "ਭੈਣੇ, ਕੱਲ੍ਹ ਪਹਿਲੀ ਪੇਅ ਮਿਲੀ ਸੀ। ਤੈਨੂੰ ਦੱਸਣਾ ਈ ਸੀ ਕਿ ਇਸ ਮਹੀਨੇ ਅਮ੍ਰਿਤ ਦੀ ਟਿਕਟ ਨੀ ਭੇਜ ਹੋਣੀ। ਦੋ ਮਹੀਨੇ ਡਟ ਕੇ ਲਾਏ ਸੀ, ਹਾਲੇ ਵੀ ਕੰਮ ਵਾਲਿਆਂ ਦੇ ਮੇਰੇ ਵੱਲ ਨਿਕਲਦੇ ਆ।" ਗੁਰਸੀਰ ਨੇ ਦੱਸਿਆ।

"ਕੋਈ ਨੀ ਚਿੰਤਾ ਨਾ ਕਰ। ਟਿਕਟ ਮੈਂ ਲੈ ਦਿੰਨੀ ਆਂ।"

"ਨਹੀਂ ਭੈਣੇ, ਤੇਰੇ ਅੱਗੇ ਹੀ ਦੇਣ ਵਾਲੇ ਆ। ਕਹਿੰਦੀ ਹੋਵੇਂਗੀ ਕਿ ਆਇਆ ਤਾਂ ਸਹਾਰਾ ਦੇਣ ਦੇ ਬਹਾਨੇ ਐਂ, ਬਣੀ ਬੋਝ ਜਾਂਦੈ।" ਇਹ ਆਖਦਿਆਂ ਗੁਰਸੀਰ ਦੀ ਆਵਾਜ਼ ਕੰਬ ਗਈ। ਗੁਰਸੀਰ ਨੇ ਆਵਾਜ਼ ਨੂੰ ਭਾਵੇਂ ਕਰੜੀ ਕਰਨ ਦੀ ਕੋਸ਼ਿਸ਼ ਕੀਤੀ ਪਰ ਭੈਣ ਤਕ ਉਸ ਦਾ ਦਰਦ ਪਹੁੰਚ ਗਿਆ ਸੀ।

ਉਹ ਬੋਲੀ, "ਲੈ ਬੋਝ ਨੂੰ ਕੀ ਐ? ਤੂੰ ਮੋੜ ਈ ਦੇਣੇ ਆ।"

"ਨਹੀਂ ਨਹੀਂ ਭੈਣੇ, ਤੇਰੇ ਸੱਸ-ਸਹੁਰੇ ਨੂੰ ਪਤਾ ਲੱਗ ਗਿਆ ਤਾਂ ਉਨ੍ਹਾਂ ਨੇ ਕਲੇਸ਼ ਕਰਨੈ।"

"ਹਾਂ, ਉਨ੍ਹਾਂ ਦਾ ਈ ਐ, ਨਹੀਂ ਤਾਂ ਐਨੀ ਕੁ ਹੈਲਪ ਤਾਂ ਕਰ ਹੀ ਸਕਦੀ ਆਂ।"

"ਫ਼ਿਕਰ ਨਾ ਕਰੀਂ ਮੈਂ ਆਪੇ ਕਰ ਲਊਂ ਕੋਈ ਪ੍ਰਬੰਧ।" ਆਖ ਕੇ ਗੁਰਸੀਰ ਨੇ ਫੋਨ ਬੰਦ ਕਰ ਦਿੱਤਾ ਤੇ ਹਉਕੇ ਵਰਗਾ ਸਾਹ ਲਿਆ। ਉਸਤਾਦ ਨੇ ਗੁਰਸੀਰ ਵੱਲ ਦੇਖਿਆ ਫਿਰ ਬੋਲਿਆ, "ਮੁੰਡਿਆ, ਠੀਕ ਏ ਸਭ ਕੁਝ?"

"ਠੀਕ ਈ ਐ ਭਾਅ। ਦੋ ਮਹੀਨੇ ਡਟ ਕੇ ਲਾਏ ਸੀ। ਹੱਥ ਕੁਛ ਵੀ ਨੀ ਆਇਆ। ਹਾਲੇ ਵੀ ਮੇਰੇ ਵੱਲ ਨਿਕਲਦੇ ਐ ਸ਼ਮਿੰਦਰ ਦੇ। ਰੈਂਟ ਦੇਣ ਵਾਲਾ ਪਿਐ। ਲੈਂਡਲਾਰਡ ਤੋਂ ਅੱਖ ਬਚਾ ਕੇ ਨਿਕਲਿਆਂ ਅੱਜ ਵੀ।"

"ਮੈਨੂੰ ਤੇ ਲਗਦਾ ਸੀ ਤੂੰ ਦੁਬਈ ਤੋਂ ਆਇਐਂ, ਹੱਥ ਸੁਖਾਲਾ ਹੋਏਗਾ ਤੇਰਾ।"

"ਹੱਥ ਸੁਖਾਲਾ ਹੁੰਦਾ ਤਾਂ ਐਥੇ ਕਿਉਂ ਆਉਂਦਾ, ਭਰਾ? ਦੁਬਈ 'ਚ ਵੀ ਕੱਚਾ ਈ ਸੀ ਕੰਮ। ਜਿਹੜੇ ਓਥੇ ਕਮਾਏ ਸੀ, ਉਹ ਵਿਆਹ 'ਤੇ ਖ਼ਰਚ'ਤੇ। ਸਹੁਰਿਆਂ ਦਾ ਕੰਮ ਵੀ ਪਤਲਾ ਈ ਐ। ਕਰਜ਼ਾ ਚੁੱਕ ਕੇ ਐੱਲ ਐੱਮ ਆਈ ਏ ਲਈ ਸੀ। ਕੁਛ ਭੈਣ ਤੋਂ ਫੜੇ। ਉਹਦੇ ਸਹੁਰੇ ਨੀ ਪਸੰਦ ਕਰਦੇ ਇਹ। ਉਹਨਾਂ ਨੂੰ ਲਗਦੈ ਬਈ ਸਾਨੂੰ ਪ੍ਰਾਹੁਣੇ ਦੀ ਮੌਤ ਦਾ ਕੋਈ ਦੁੱਖ ਈ ਨੀ।" ਆਖਦੇ ਗੁਰਸੀਰ ਦੀਆਂ ਅੱਖਾਂ ਤਰਲ ਹੋ ਗਈਆਂ।

ਲੈਂਗਲੀ ਤੋਂ ਟਰਾਲਾ ਜੋੜ ਕੇ ਉਸਤਾਦ ਟਰੱਕ ਆਪ ਚਲਾਉਣ ਲੱਗਾ। ਬੀ ਸੀ ਦੀ ਹੱਦ ਅੰਦਰ

**(ਬਾਕੀ ਅਗਲੇ ਸਫ਼ੇ 'ਤੇ)**

# ਅਮਰੀਕਾ-ਭਾਰਤ ਭਾਈਵਾਲੀ ਦਾ ਭਰਮ

***ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਾਲੀਆ ਅਮਰੀਕਾ ਦੌਰੇ ਬਾਰੇ ਉਘੀ ਲੇਖਕ, ਸਮਾਜਿਕ ਕਾਰਕੁਨ ਅਤੇ ਲੋਕ ਪੱਖੀ ਮਾਮਲਿਆਂ ਬਾਰੇ ਆਵਾਜ਼ ਬੁਲੰਦ ਕਰਨ ਵਾਲੀ ਅਰੁੰਧਤੀ ਰਾਏ ਨੇ ਖਾਸ ਟਿੱਪਣੀ ਕੀਤੀ ਹੈ ਜੋ 13 ਜੁਲਾਈ 2023 ਨੂੰ 'ਨਿਊ ਯਾਰਕ ਟਾਈਮਜ਼' ਵਿਚ ਛਪੀ ਹੈ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਚੇਚਾ ਕੀਤਾ ਹੈ।***






*ਨਰਿੰਦਰ ਮੋਦੀ-ਜੋਅ ਬਾਇਡਨ ਮੁਲਾਕਾਤ ਦੀ ਝਲਕ ਅਤੇ (ਸੱਜੇ) ਮੋਦੀ ਖਿਲਾਫ ਵਿਖਾਵੇ ਦਾ ਦ੍ਰਿਸ਼।*

**ਅਰੁੰਧਤੀ ਰਾਏ**
**ਅਨੁਵਾਦ:ਬੂਟਾ ਸਿੰਘ ਮਹਿਮਦੂਪੁਰ**



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਾਸ਼ਿੰਗਟਨ ਦੌਰੇ ਨੂੰ ਦੁਨੀਆ ਦੇ ਦੋ ਮਹਾਨ ਲੋਕਤੰਤਰਾਂ ਦੀ ਮਿਲਣੀ ਦੇ ਰੂਪ ਵਿਚ ਪ੍ਰਚਾਰਿਆ ਗਿਆ ਅਤੇ ਇਨ੍ਹਾਂ ਮੁਲਕਾਂ ਨੇ ਆਪਣੇ ਆਪ ਨੂੰ 'ਦੁਨੀਆ ਦੇ ਸਭ ਤੋਂ ਨਜ਼ਦੀਕੀ ਭਾਈਵਾਲਾਂ ਵਿਚੋਂ ਇਕ' ਵੀ ਐਲਾਨਿਆ ਪਰ ਉਹ ਕਿਸ ਕਿਸਮ ਦੇ ਭਾਈਵਾਲ ਹੋਣਗੇ? ਉਹ ਕਿਸ ਕਿਸਮ ਦੇ ਭਾਈਵਾਲ ਹੋ ਸਕਦੇ ਹਨ?

ਰਾਸ਼ਟਰਪਤੀ ਬਾਇਡਨ ਦਾ ਦਾਅਵਾ ਹੈ ਕਿ 'ਲੋਕਤੰਤਰ ਦੀ ਰੱਖਿਆ' ਉਸ ਦੇ ਪ੍ਰਸ਼ਾਸਨ ਦਾ ਕੇਂਦਰੀ ਸਿਧਾਂਤ ਹੈ। ਇਹ ਗੱਲ ਸ਼ਲਾਘਾਯੋਗ ਹੈ ਪਰ ਵਾਸ਼ਿੰਗਟਨ ਵਿਚ ਜੋ ਹੋਇਆ, ਉਹ ਐਨ ਉਲਟ ਸੀ। ਜਿਸ ਸ਼ਖ਼ਸ ਨੂੰ ਅਮਰੀਕਨਾਂ ਨੇ ਖੁੱਲ੍ਹੇਆਮ ਵਡਿਆਇਆ, ਉਸ ਨੇ ਯੋਜਨਾਬਧ ਤਰੀਕੇ ਨਾਲ ਭਾਰਤ ਦੇ ਲੋਕਤੰਤਰ ਨੂੰ ਖ਼ੋਰਾ ਲਾਇਆ ਹੈ।

ਸਾਨੂੰ ਅਮਰੀਕਾ ਦੀ ਦੋਸਤਾਂ ਦੀ ਚੋਣ ਤੋਂ ਹੈਰਾਨ ਹੋਣ ਦੀ ਜ਼ਰੂਰਤ ਨਹੀਂ। ਅਮਰੀਕੀ ਸਰਕਾਰ ਨੇ ਜਿਨ੍ਹਾਂ ਨੂੰ ਭਾਈਵਾਲਾਂ ਵਜੋਂ ਪੈਦਾ ਕੀਤਾ, ਉਨ੍ਹਾਂ ਵਿਚ ਇਰਾਨ ਦਾ ਸ਼ਾਹ, ਪਾਕਿਸਤਾਨ ਦਾ ਜਨਰਲ ਮੁਹੰਮਦ ਜ਼ਿਆ ਉਲ-ਹੱਕ, ਅਫ਼ਗਾਨ ਮੁਜਾਹਿਦੀਨ, ਇਰਾਕ ਦਾ ਸੱਦਾਮ ਹੁਸੈਨ, ਦੱਖਣੀ ਵੀਅਤਨਾਮ ਦੇ ਘਟੀਆ ਤਾਨਾਸ਼ਾਹ ਅਤੇ ਚਿੱਲੀ ਦਾ ਜਨਰਲ ਆਗਸਤੋ ਪਿਨੋਚੇ ਸ਼ਾਮਲ ਹਨ। ਅਮਰੀਕਾ ਦੀ ਵਿਦੇਸ਼ ਨੀਤੀ ਦਾ ਕੇਂਦਰੀ ਸਿਧਾਂਤ ਅਕਸਰ ਹੀ ਇਹ ਹੈ: ਅਮਰੀਕਾ ਲਈ ਲੋਕਤੰਤਰ, ਇਸ ਦੇ (ਗੈਰ-ਗੋਰੇ) ਮਿੱਤਰਾਂ ਲਈ ਤਾਨਾਸ਼ਾਹੀ।

ਮੋਦੀ ਯਕੀਨਨ ਬਦਮਾਸ਼ਾਂ ਦੀ ਉਸ ਗੈਲਰੀ ਵਿਚ ਨਹੀਂ ਹੈ। ਭਾਰਤ ਉਸ ਤੋਂ ਕਿਤੇ ਵੱਡਾ ਹੈ। ਇਹ ਉਸ ਨੂੰ ਚਲਦਾ ਕਰੇਗਾ। ਸਵਾਲ ਇਹ ਹੈ: ਕਦੋਂ? ਤੇ ਕਿਸ ਕੀਮਤ 'ਤੇ?

ਭਾਰਤ ਤਾਨਾਸ਼ਾਹੀ ਨਹੀਂ ਪਰ ਨਾ ਹੀ ਇਹ ਹੁਣ ਲੋਕਤੰਤਰ ਹੈ। ਮੋਦੀ ਬਹੁਗਿਣਤੀਵਾਦੀ, ਹਿੰਦੂ-ਸਰਬੋਤਮਵਾਦੀ, ਚੁਣਾਵੀ ਤਾਨਾਸ਼ਾਹੀ ਦਾ ਮੁਖੀ ਹੈ ਜੋ ਦੁਨੀਆ ਦੇ ਸਭ ਤੋਂ ਵੱਧ ਵੰਨ-ਸਵੰਨਤਾ ਵਾਲੇ ਮੁਲਕਾਂ ਵਿਚੋਂ ਇਕ ਉੱਪਰ ਆਪਣਾ ਜੱਫਾ ਮਜ਼ਬੂਤ ਕਰ ਰਿਹਾ ਹੈ। ਇਹ ਗੱਲ ਚੋਣਾਂ ਦੀ ਰੁੱਤ ਨੂੰ ਸਾਡਾ ਸਭ ਤੋਂ ਖ਼ਤਰਨਾਕ ਸਮਾਂ ਬਣਾ ਦਿੰਦੀ ਹੈ, ਇਹ ਰੁੱਤ ਹੁਣ ਫਿਰ ਆਉਣ ਵਾਲੀ ਹੈ। ਇਹ ਕਤਲ ਦੀ ਰੁੱਤ, ਹਜੂਮੀ ਕਤਲਾਂ ਦੀ ਰੁੱਤ, ਇਹ ਗੁਪਤ ਬੋਲੀ ਬੋਲ ਕੇ ਚੋਣ ਹਮਾਇਤ ਜੁਟਾਉਣ ਦੀ ਰੁੱਤ ਹੈ। ਅਮਰੀਕੀ ਸਰਕਾਰ ਜਿਸ ਭਾਈਵਾਲ ਨੂੰ ਪੈਦਾ ਕਰ ਕੇ ਉਸ ਨੂੰ ਤਾਕਤਵਰ ਬਣਾ ਰਹੀ ਹੈ, ਉਹ ਦੁਨੀਆ ਦੇ ਸਭ ਤੋਂ ਖ਼ਤਰਨਾਕ ਲੋਕਾਂ ਵਿਚੋਂ ਇਕ ਹੈ - ਵਿਅਕਤੀ ਦੇ ਤੌਰ 'ਤੇ ਹੀ ਖ਼ਤਰਨਾਕ ਨਹੀਂ ਸਗੋਂ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਮੁਲਕ ਨੂੰ ਖ਼ਤਰਨਾਕ ਭੜਕਾਊ ਹਾਲਾਤ ਵਾਲਾ ਬਣਾਉਣ ਵਾਲੇ ਸ਼ਖ਼ਸ ਵਜੋਂ।

ਇਹ ਕਿਸ ਤਰ੍ਹਾਂ ਦਾ ਲੋਕਤੰਤਰੀ ਪ੍ਰਧਾਨ ਮੰਤਰੀ ਹੈ ਜੋ ਤਕਰੀਬਨ ਕਦੇ ਵੀ ਪ੍ਰੈੱਸ ਕਾਨਫਰੰਸ ਨਹੀਂ ਕਰਦਾ? ਮੋਦੀ ਨੂੰ ਇਹ ਮਨਾਉਣ ਲਈ ਪ੍ਰੇਰਨ ਵਾਸਤੇ ਅਮਰੀਕੀ ਸਰਕਾਰ ਨੂੰ ਆਪਣੀਆਂ ਸਾਰੀਆਂ ਤਾਕਤਾਂ (ਜਿਸ ਤਰ੍ਹਾਂ ਦੀਆਂ ਤਾਕਤਾਂ ਉਹ ਹਨ) ਲਾਉਣੀਆਂ ਪਈਆਂ ਕਿ ਵਾਸ਼ਿੰਗਟਨ 'ਚ ਉਹ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਤਾਂ ਕਰ ਦੇਵੇ! ਉਹ ਪੱਤਰਕਾਰਾਂ ਦੇ ਸਿਰਫ਼ ਦੋ ਸਵਾਲ ਲੈਣ ਲਈ ਸਹਿਮਤ ਹੋਇਆ, ਉਨ੍ਹਾਂ ਵਿਚੋਂ ਸਿਰਫ਼ ਇਕ ਸਵਾਲ ਅਮਰੀਕੀ ਪੱਤਰਕਾਰ ਤੋਂ ਲਿਆ ਜਾਣਾ ਸੀ। ਵਾਲ ਸਟਰੀਟ ਜਰਨਲ ਦੀ ਵ੍ਹਾਈਟ ਹਾਊਸ ਦੀ ਰਿਪੋਰਟਰ ਸਬਰੀਨਾ ਸਿਦੀਕੀ ਉਸ ਨੂੰ ਇਹ ਸਵਾਲ ਪੁੱਛਣ ਲਈ ਉੱਠੀ ਕਿ ਉਸ ਦੀ ਸਰਕਾਰ ਘੱਟ ਗਿਣਤੀਆਂ, ਖ਼ਾਸ ਕਰ ਕੇ ਮੁਸਲਮਾਨਾਂ ਨਾਲ ਵਿਤਕਰਾ ਰੋਕਣ ਲਈ ਕੀ ਕਰ ਰਹੀ ਹੈ। ਮੁਲਕ ਵਿਚ ਮੁਸਲਮਾਨਾਂ ਅਤੇ ਈਸਾਈਆਂ ਨਾਲ ਜੋ ਬਦਤਰ ਬਦਸਲੂਕੀ ਕੀਤੀ ਜਾ ਰਹੀ ਹੈ, ਉਸ ਦੇ ਮੱਦੇਨਜਰ ਇਹ ਅਜਿਹਾ ਸਵਾਲ ਹੈ ਜੋ ਦਰਅਸਲ ਵ੍ਹਾਈਟ ਹਾਊਸ ਨੂੰ ਉਠਾਉਣਾ ਚਾਹੀਦਾ ਸੀ ਪਰ ਬਾਇਡਨ ਪ੍ਰਸ਼ਾਸਨ ਨੇ ਇਹ ਸਵਾਲ ਅੱਗੇ ਇਕ ਪੱਤਰਕਾਰ ਨੂੰ ਦੇ ਦਿੱਤਾ। ਭਾਰਤ ਵਿਚ ਅਸੀਂ ਇਸ ਦਾ ਜਵਾਬ ਸੁਣਨ ਲਈ ਸਾਹ ਰੋਕ ਲਏ।

ਮੋਦੀ ਨੇ ਹੈਰਾਨੀ ਜ਼ਾਹਿਰ ਕੀਤੀ ਕਿ ਅਜਿਹਾ ਸਵਾਲ ਪੁੱਛਣ ਦੀ ਕੋਈ ਤੁਕ ਬਣਦੀ ਹੈ। ਫਿਰ ਉਸ ਨੇ ਅਸਲ ਸਵਾਲ ਤੋਂ ਧਿਆਨ ਹਟਾ ਕੇ ਪੋਚਾ ਮਾਰਨ ਲਈ ਉਹ ਸਾਰੇ ਬ੍ਰਹਮ-ਅਸਤਰ ਵਰਤਣੇ ਸ਼ੁਰੂ ਕਰ ਦਿੱਤੇ ਜੋ ਉਹ ਅਜਿਹੇ ਮੌਕੇ ਲਈ ਆਪਣੇ ਨਾਲ ਲੈ ਕੇ ਗਿਆ ਸੀ: "ਲੋਕਤੰਤਰ ਸਾਡੀ ਆਤਮਾ ਹੈ। ਲੋਕਤੰਤਰ ਸਾਡੀਆਂ ਰਗਾਂ ਵਿਚ ਦੌੜਦਾ ਹੈ। ਅਸੀਂ ਤਾਂ ਲੋਕਤੰਤਰ ਵਿਚ ਰਹਿੰਦੇ ਹਾਂ।" ਉਸ ਨੇ ਇਹ ਵੀ ਕਿਹਾ, "ਉੱਥੇ ਬਿਲਕੁਲ ਕੋਈ ਵਿਤਕਰਾ ਨਹੀਂ ਹੈ।" ਵਗੈਰਾ-ਵਗੈਰਾ।

ਭਾਰਤ ਵਿਚ ਮੁੱਖ ਧਾਰਾ ਮੀਡੀਆ ਅਤੇ ਮੋਦੀ ਦੇ ਵਿਸ਼ਾਲ ਪ੍ਰਸ਼ੰਸਕ ਘੇਰੇ ਨੇ ਇਸ ਉੱਪਰ ਇਸ ਤਰ੍ਹਾਂ ਪ੍ਰਤੀਕਰਮ ਦਿਖਾਇਆ ਜਿਵੇਂ ਉਸ ਨੇ ਮਾਅਰਕਾ ਮਾਰਿਆ ਹੋਵੇ। ਵਿਰੋਧ ਕਰਨ ਵਾਲਿਆਂ ਨੂੰ ਇਸ ਤਰ੍ਹਾਂ ਦਬਾ ਦਿੱਤਾ ਗਿਆ ਤਾਂ ਜੋ ਵਿਰੋਧ ਦੀ ਮਾਮੂਲੀ ਭਿਣਕ ਵੀ ਨਾ ਪਵੇ ("ਤੁਸੀਂ ਬਾਇਡਨ ਦੀ ਬੌਡੀ ਲੈਂਗੂਏਜ ਦੇਖੀ ਹੈ? ਪੂਰੀ ਤਰ੍ਹਾਂ ਦੁਸ਼ਮਣੀ ਵਾਲੀ।" ਤੇ ਇਸ ਤਰ੍ਹਾਂ ਦਾ ਕਈ ਕੁਝ ਹੋਰ)।

ਟਵਿੱਟਰ ਉੱਪਰ ਹੁਕਮਰਾਨ ਭਾਰਤੀ ਜਨਤਾ ਪਾਰਟੀ ਦੇ ਮੋਦੀ ਭਗਤਾਂ ਅਤੇ ਹੋਰ ਹਿੰਦੂ ਰਾਸ਼ਟਰਵਾਦੀਆਂ ਨੇ ਹਮਲਾ ਵਿੱਢ ਦਿੱਤਾ। ਪੱਤਰਕਾਰ ਸਿਦੀਕੀ ਉੱਪਰ ਭਾਰਤ ਵਿਰੋਧੀ ਏਜੰਡੇ ਵਾਲੀ ਇਸਲਾਮੀ ਨਫ਼ਰਤ ਫੈਲਾਉਣ ਵਾਲੀ ਪੱਖਪਾਤੀ ਪਾਕਿਸਤਾਨੀ ਹੋਣ ਦੇ ਇਲਜ਼ਾਮ ਲਗਾਏ ਗਏ। ਇਹ ਦਰਅਸਲ ਬਹੁਤ ਹੀ ਨਿਮਰ ਟਿੱਪਣੀਆਂ ਸਨ।

ਆਖ਼ਰਕਾਰ ਵ੍ਹਾਈਟ ਹਾਊਸ ਨੂੰ ਪੱਤਰਕਾਰ ਨੂੰ ਪ੍ਰੇਸ਼ਾਨ ਕਰਨ ਦੀ ਇਹ ਕਹਿ ਕੇ ਨਿੰਦਾ ਕਰਨੀ ਪਈ ਕਿ ਇਹ "ਲੋਕਤੰਤਰ ਦੇ ਸਿਧਾਂਤਾਂ ਦੇ ਵਿਰੁੱਧ" ਹੈ। ਇੰਝ ਮਹਿਸੂਸ ਹੋਇਆ ਕਿ ਜਿਸ ਸਭ ਕਾਸੇ ਨੂੰ ਵ੍ਹਾਈਟ ਹਾਊਸ ਨੇ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਹ ਤਾਂ ਪ੍ਰੇਸ਼ਾਨ ਕਰਨ ਵਾਲੇ ਰੂਪ 'ਚ ਉੱਘੜ ਕੇ ਸਾਹਮਣੇ ਆ ਗਿਆ।

ਪੱਤਰਕਾਰ ਸਿਦੀਕੀ ਨੂੰ ਸ਼ਾਇਦ ਅੰਦਾਜ਼ਾ ਨਹੀਂ ਹੋਵੇਗਾ ਕਿ ਉਸ ਨੇ ਕੀ ਮੁਸੀਬਤ ਸਹੇੜ ਲਈ ਸੀ ਪਰ ਵਿਦੇਸ਼ ਵਿਭਾਗ ਅਤੇ ਵ੍ਹਾਈਟ ਹਾਊਸ ਬਾਰੇ ਤਾਂ ਇਹ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਨੂੰ ਤਾਂ ਉਸ ਸ਼ਖ਼ਸ ਬਾਰੇ ਬਹੁਤ ਕੁਝ ਪਤਾ ਹੋਵੇਗਾ ਜਿਸ ਦੇ ਸਵਾਗਤ ਲਈ ਉਹ ਲਾਲ ਗਲੀਚੇ ਵਿਛਾ ਰਹੇ ਸਨ।

ਉਨ੍ਹਾਂ ਨੂੰ ਉਸ ਭੂਮਿਕਾ ਬਾਰੇ ਪਤਾ ਹੋਵੇਗਾ ਕਿ ਮੋਦੀ ਉੱਪਰ ਗੁਜਰਾਤ 'ਚ 2002 'ਚ ਮੁਸਲਿਮ ਵਿਰੋਧੀ ਕਤਲੇਆਮ 'ਚ ਭੂਮਿਕਾ ਨਿਭਾਉਣ ਦਾ ਦੋਸ਼ ਹੈ ਜਿਸ 'ਚ 1000 ਤੋਂ ਵੱਧ ਮੁਸਲਮਾਨ ਮਾਰੇ ਗਏ ਸਨ। ਉਨ੍ਹਾਂ ਨੂੰ ਜੋ ਇੱਥੇ ਘਿਨਾਉਣੇ ਰੂਪ 'ਚ ਬਕਾਇਦਗੀ ਨਾਲ ਹੋ ਰਿਹਾ, ਉਸ ਸਭ ਕਾਸੇ ਦਾ ਪਤਾ ਹੋਵੇਗਾ ਜਿਵੇਂ ਮੁਸਲਮਾਨਾਂ ਦੇ ਹਜੂਮੀ ਕਤਲ ਅਤੇ ਉਨ੍ਹਾਂ ਦੀ ਸ਼ਰੇਆਮ ਕੁੱਟਮਾਰ ਦਾ ਸਿਲਸਿਲਾ, ਮੋਦੀ ਦੇ ਮੰਤਰੀ ਮੰਡਲ ਦੇ ਮੈਂਬਰ ਵੱਲੋਂ ਹਜੂਮੀ ਕਤਲ ਕਰਨ ਵਾਲਿਆਂ ਦਾ ਹਾਰ ਪਾ ਕੇ ਸਵਾਗਤ ਕਰਨਾ ਅਤੇ ਮੁਸਲਮਾਨਾਂ ਦੇ ਅਲੱਗ-ਥਲੱਗ ਹੁੰਦੇ ਜਾਣ ਜਾਣ ਤੇ ਗ਼ਰੀਬ ਬਸਤੀਆਂ 'ਚ ਸਿਮਟਦੇ ਜਾਣ ਦਾ ਅਮਲ।

ਉਹ ਜਾਣਦੇ ਹੀ ਹੋਣਗੇ ਕਿ ਸਿਆਸਤਦਾਨਾਂ, ਵਿਦਿਆਰਥੀਆਂ, ਮਨੁੱਖੀ ਹੱਕਾਂ ਦੇ ਕਾਰਕੁਨਾਂ, ਵਕੀਲਾਂ ਅਤੇ ਪੱਤਰਕਾਰਾਂ ਦਾ ਸ਼ਿਕਾਰ ਪਿੱਛਾ ਕੀਤੇ ਜਾਣ ਬਾਰੇ, ਜਿਨ੍ਹਾਂ ਵਿਚੋਂ ਕੁਝ ਨੂੰ ਲੰਮੀਆਂ ਸਜ਼ਾਵਾਂ ਦੇ ਕੇ ਜੇਲ੍ਹਾਂ 'ਚ ਸੁੱਟਿਆ ਹੋਇਆ ਹੈ; ਪੁਲਿਸ ਅਤੇ ਹਿੰਦੂ ਰਾਸ਼ਟਰਵਾਦੀ ਮੰਨੇ ਜਾਂਦੇ ਅਨਸਰਾਂ ਵੱਲੋਂ ਯੂਨੀਵਰਸਿਟੀਆਂ ਉੱਪਰ ਕੀਤੇ ਜਾ ਰਹੇ ਹਮਲਿਆਂ ਬਾਰੇ; ਇਤਿਹਾਸ ਦੀਆਂ ਪਾਠ-ਪੁਸਤਕਾਂ ਨੂੰ ਮੁੜ ਲਿਖਣ ਬਾਰੇ; ਫਿਲਮਾਂ ਉੱਪਰ ਪਾਬੰਦੀ ਲਗਾਏ ਜਾਣ ਬਾਰੇ; ਭਾਰਤ ਵਿਚ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੂੰ ਠੱਪ ਕਰਨ ਬਾਰੇ; ਬੀ.ਬੀ.ਸੀ. ਦੇ ਭਾਰਤ ਵਿਚਲੇ ਦਫ਼ਤਰਾਂ ਉੱਪਰ ਮਾਰੇ ਛਾਪਿਆ ਬਾਰੇ; ਕਾਰਕੁਨਾਂ, ਪੱਤਰਕਾਰਾਂ ਅਤੇ ਸਰਕਾਰ ਦੇ ਆਲੋਚਕਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਦੀਆਂ ਗੁਪਤ (ਨੋ-ਫਲਾਈ) ਸੂਚੀਆਂ ਵਿਚ ਰੱਖੇ ਜਾਣ ਬਾਰੇ; ਅਤੇ ਭਾਰਤੀ ਤੇ ਵਿਦੇਸ਼ੀ ਵਿਦਵਾਨਾਂ/ਅਕਾਦਮਿਕਾਂ ਉੱਪਰ ਪੈ ਰਹੇ ਦਬਾਅ ਬਾਰੇ।

ਇਹ ਤਾਂ ਹੋ ਨਹੀਂ ਸਕਦਾ ਕਿ ਉਨ੍ਹਾਂ ਨੂੰ ਪਤਾ ਨਾ ਹੋਵੇ ਕਿ ਭਾਰਤ ਹੁਣ ਆਲਮੀ ਪ੍ਰੈੱਸ ਫਰੀਡਮ ਸੂਚਕ-ਅੰਕ ਵਿਚ 180 ਮੁਲਕਾਂ ਵਿਚੋਂ 161ਵੇਂ ਸਥਾਨ 'ਤੇ ਹੈ, ਕਿ ਬਹੁਤ ਸਾਰੇ ਵਧੀਆ ਭਾਰਤੀ ਪੱਤਰਕਾਰਾਂ ਨੂੰ ਮੁੱਖ ਧਾਰਾ ਮੀਡੀਆ ਤੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਛੇਤੀ ਹੀ ਪੱਤਰਕਾਰਾਂ ਨੂੰ ਸੈਂਸਰ ਕਰਨ ਵਾਲੀ ਵਿਵਸਥਾ ਦੇ ਅਧੀਨ ਕੀਤਾ ਜਾਣ ਵਾਲਾ ਹੈ ਜਿਸ ਵਿਚ ਸਰਕਾਰ ਦੁਆਰਾ ਨਿਯੁਕਤ ਸੰਸਥਾ ਨੂੰ ਇਹ ਫ਼ੈਸਲਾ ਕਰਨ ਦਾ ਅਧਿਕਾਰ ਹੋਵੇਗਾ ਕਿ ਸਰਕਾਰ ਬਾਰੇ ਮੀਡੀਆ ਰਿਪੋਰਟਾਂ ਅਤੇ ਟਿੱਪਣੀਆਂ ਜਾਅਲੀ ਜਾਂ ਗੁਮਰਾਹਕੁਨ ਹਨ।

ਉਨ੍ਹਾਂ ਨੂੰ ਕਸ਼ਮੀਰ ਦੀ ਹਾਲਤ ਬਾਰੇ ਪਤਾ ਹੋਵੇਗਾ ਜਿੱਥੇ 2019 ਤੋਂ ਸ਼ੁਰੂ ਹੋ ਕੇ ਕਈ ਮਹੀਨਿਆਂ ਤੱਕ ਸੂਚਨਾ ਬਲੈਕਆਊਟ ਰੱਖਿਆ ਗਿਆ - ਜੋ ਲੋਕਤੰਤਰ ਵਿਚ ਸਭ ਤੋਂ ਲੰਮੀ ਇੰਟਰਨੈੱਟ ਬੰਦੀ ਸੀ - ਤੇ ਜਿੱਥੇ ਪੱਤਰਕਾਰਾਂ ਨੂੰ ਪੁਲਿਸ ਤੇ ਫ਼ੌਜ ਵੱਲੋਂ ਤੰਗ-ਪਰੇਸ਼ਾਨ ਕੀਤੇ ਜਾਣ, ਗ੍ਰਿਫ਼ਤਾਰੀਆਂ ਅਤੇ ਪੁੱਛਗਿੱਛ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੀ ਸੰਘੀ ਪੁਲਿਸ-ਫ਼ੌਜ ਦੇ ਬੂਟਾਂ ਨੇ ਨੱਪੀ ਹੋਈ ਹੈ।

ਉਨ੍ਹਾਂ ਨੂੰ 2019 ਵਿਚ ਪਾਸ ਹੋਏ ਨਾਗਰਿਕਤਾ ਸੋਧ ਕਾਨੂੰਨ ਬਾਰੇ ਪਤਾ ਹੋਵੇਗਾ ਜੋ ਮੁਸਲਮਾਨਾਂ ਨਾਲ ਸ਼ਰੇਆਮ ਵਿਤਕਰਾ ਕਰਦਾ ਹੈ; ਇਸ ਨਾਲ ਕਿਸ ਤਰ੍ਹਾਂ ਦੇ ਵਿਆਪਕ ਵਿਰੋਧ ਪ੍ਰਦਰਸ਼ਨ ਹੋਏ; ਤੇ ਕਿਵੇਂ ਇਹ ਵਿਰੋਧ ਪ੍ਰਦਰਸ਼ਨ ਅਗਲੇ ਸਾਲ ਦਿੱਲੀ ਵਿਚ ਹਿੰਦੂ ਹਜੂਮਾਂ ਵੱਲੋਂ ਦਰਜਨਾਂ ਮੁਸਲਮਾਨਾਂ ਨੂੰ ਮਾਰ ਦਿੱਤੇ ਜਾਣ ਤੋਂ ਬਾਅਦ ਹੀ ਖ਼ਤਮ ਕੀਤੇ ਜਾ ਸਕੇ (ਜੋ ਇਤਫ਼ਾਕ ਨਾਲ ਉਸ ਸਮੇਂ ਹੋਇਆ ਜਦੋਂ ਸਰਕਾਰੀ ਦੌਰੇ 'ਤੇ ਆਇਆ ਤਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਸ਼ਹਿਰ ਵਿਚ ਮੌਜੂਦ ਸੀ ਅਤੇ ਇਸ ਬਾਰੇ ਉਸ ਨੇ ਇਕ ਸ਼ਬਦ ਵੀ ਨਹੀਂ ਬੋਲਿਆ)।

ਉਨ੍ਹਾਂ ਨੂੰ ਸ਼ਾਇਦ ਇਹ ਵੀ ਪਤਾ ਹੋਵੇ ਕਿ ਜਦੋਂ ਉਹ ਮੋਦੀ ਦਾ ਸ਼ਾਹੀ ਮਾਣ-ਸਨਮਾਨ ਕਰ ਰਹੇ ਸਨ, ਐਨ ਉਸੇ ਸਮੇਂ ਉੱਤਰੀ ਭਾਰਤ ਦੇ ਛੋਟੇ ਜਿਹੇ ਕਸਬੇ ਦੇ ਮੁਸਲਮਾਨ ਘਰ-ਬਾਰ ਛੱਡ ਕੇ ਭੱਜ ਰਹੇ ਸਨ ਕਿਉਂਕਿ ਰਿਪੋਰਟਾਂ ਅਨੁਸਾਰ ਹੁਕਮਰਾਨ ਪਾਰਟੀ ਨਾਲ ਸਬੰਧਿਤ ਹਿੰਦੂ ਕੱਟੜਪੰਥੀਆਂ ਨੇ ਉਨ੍ਹਾਂ ਦੇ ਘਰਾਂ ਦੇ ਦਰਵਾਜ਼ਿਆਂ ਉੱਪਰ ਐਕਸ ਦੇ ਨਿਸ਼ਾਨ ਲਗਾ ਦਿੱਤੇ ਸਨ ਅਤੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਲਈ ਕਿਹਾ ਸੀ।

ਸਮਾਂ ਆ ਗਿਆ ਹੈ ਕਿ ਅਸੀਂ ਸੱਤਾ ਨੂੰ ਸੱਚ ਸੁਣਾਉਣ ਦੀ ਉਸ ਮੂਰਖ਼ ਕਹਾਵਤ ਨੂੰ ਛੱਡ ਦੇਈਏ। ਸੱਤਾ ਸਚਾਈ ਨੂੰ ਸਾਡੇ ਨਾਲੋਂ ਕਿਤੇ ਬਿਹਤਰ ਜਾਣਦੀ ਹੈ।

ਬਾਇਡਨ ਪ੍ਰਸ਼ਾਸਨ ਨੂੰ ਇਹ ਵੀ ਪਤਾ ਹੋਵੇਗਾ ਕਿ ਇਸ ਸ਼ਾਨਦਾਰ ਸਵਾਗਤ ਦਾ ਮੋਦੀ ਦੀ 2024 ਦੀ ਚੋਣ ਮੁਹਿੰਮ ਲਈ ਬਾਖ਼ੂਬੀ ਲਾਹਾ ਲਿਆ ਜਾਵੇਗਾ। ਵਿਡੰਬਨਾ ਇਹ ਹੈ ਕਿ ਮੋਦੀ ਨੇ 2019 ਵਿਚ ਟਰੰਪ ਦੀ ਹਾਜ਼ਰੀ 'ਚ ਟੈਕਸਸ ਦੇ ਇਕ ਸਟੇਡੀਅਮ ਵਿਚ ਪਰਵਾਸੀ ਭਾਰਤੀਆਂ ਦੇ ਵਿਸ਼ਾਲ ਇਕੱਠ ਵਿਚ ਟਰੰਪ ਦੇ ਹੱਕ 'ਚ ਖੁੱਲ੍ਹ ਕੇ ਪ੍ਰਚਾਰ ਕੀਤਾ ਸੀ। ਮੋਦੀ ਨੇ 'ਅਬ ਕੀ ਬਾਰ ਟਰੰਪ ਸਰਕਾਰ!' ਦਾ ਨਾਅਰਾ ਲਾ ਕੇ ਹਜੂਮ ਨੂੰ ਇਹ ਨਾਅਰਾ ਲਾਉਣ ਲਈ ਉਕਸਾਇਆ ਸੀ।

ਇਸ ਦੇ ਬਾਵਜੂਦ ਬਾਇਡਨ ਨੇ ਆਧੁਨਿਕ ਭਾਰਤੀ ਸਿਆਸਤ ਦੇ ਇਤਿਹਾਸ ਦੀ ਇਸ ਸਭ ਤੋਂ ਵੱਧ ਪਾਲਾਬੰਦੀ ਕਰਨ ਵਾਲੇ ਸ਼ਖ਼ਸ ਨੂੰ ਚਮਕਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਕਿਉਂ?

ਮੋਦੀ ਦੇ ਸਰਕਾਰੀ ਦੌਰੇ ਦੌਰਾਨ ਸੀ.ਐੱਨ.ਐੱਨ. ਉੱਪਰ ਪ੍ਰਸਾਰਿਤ ਹੋਈ ਕ੍ਰਿਸਟੀਏਨ ਅਮਾਨਪੋਰ ਨਾਲ ਇੰਟਰਵਿਊ ਵਿਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਦੱਸਿਆ, ਇਹ ਕਿਉਂ ਕੀਤਾ ਗਿਆ। ਇਸ ਤੋਂ ਇਹ ਯਕੀਨ ਹੁੰਦਾ ਹੈ ਕਿ ਇਹ ਇੰਟਰਵਿਊ ਵੀ ਵ੍ਹਾਈਟ ਹਾਊਸ ਦੀ ਕੀਤੀ ਆਊਟਸੋਰਸਿੰਗ ਦਾ ਹਿੱਸਾ ਸੀ। ਓਬਾਮਾ ਨੂੰ ਪੁੱਛਿਆ ਗਿਆ ਕਿ ਅਮਰੀਕੀ ਰਾਸ਼ਟਰਪਤੀ ਨੂੰ ਮੋਦੀ ਵਰਗੇ ਆਗੂਆਂ ਨਾਲ ਕਿਵੇਂ ਪੇਸ਼ ਆਉਣਾ ਚਾਹੀਦਾ ਹੈ ਜਿਨ੍ਹਾਂ ਨੂੰ ਵਿਆਪਕ ਤੌਰ 'ਤੇ ਤਾਨਾਸ਼ਾਹ ਅਤੇ ਗ਼ੈਰ-ਉਦਾਰ ਮੰਨਿਆ ਜਾਂਦਾ ਹੈ।

"ਇਹ ਗੁੰਝਲਦਾਰ ਮਾਮਲਾ ਹੈ।" ਉਸ ਨੇ ਉਨ੍ਹਾਂ ਵਿਤੀ, ਭੂ-ਰਾਜਨੀਤਕ ਅਤੇ ਸੁਰੱਖਿਆ ਸਰੋਕਾਰਾਂ ਦਾ ਜ਼ਿਕਰ ਕਰਦਿਆਂ ਕਿਹਾ ਜੋ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਲਈ ਵਿਚਾਰਨੇ ਜ਼ਰੂਰੀ ਹੁੰਦੇ ਹਨ। ਸਾਡੇ ਵਿਚੋਂ ਜਿਹੜੇ ਭਾਰਤ ਵਿਚ ਉਸ ਨੂੰ ਸੁਣ ਰਹੇ ਸਨ, ਉਨ੍ਹਾਂ ਨੂੰ ਬਸ ਇਹ ਸਮਝ ਪੈ ਰਿਹਾ ਸੀ, "ਇਹ ਚੀਨ ਹੈ, ਮੂਰਖ!"

ਓਬਾਮਾ ਨੇ ਕਿਹਾ ਕਿ ਜੇ ਘੱਟ ਗਿਣਤੀਆਂ ਦੀ ਸੁਰੱਖਿਆ ਨਹੀਂ ਕੀਤੀ ਜਾਂਦੀ ਤਾਂ ਭਾਰਤ "ਕਿਸੇ ਸਮੇਂ 'ਤੇ ਟੁੱਟਣਾ ਸ਼ੁਰੂ ਹੋ ਸਕਦਾ ਹੈ।" ਭਾਰਤ ਵਿਚ ਟ੍ਰੋਲਾਂ ਨੇ ਤੁਰੰਤ ਉਸ ਉੱਪਰ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਪਰ ਇਹ ਸ਼ਬਦ ਭਾਰਤ ਵਿਚ ਬਹੁਤ ਸਾਰੇ ਲੋਕਾਂ ਲਈ ਮੱਲ੍ਹਮ ਵਰਗੇ ਸਨ ਜੋ ਹਿੰਦੂ ਰਾਸ਼ਟਰਵਾਦ ਵਿਰੁੱਧ ਖੜ੍ਹੇ ਹੋਣ ਦਾ ਭਾਰੀ ਮੁੱਲ ਚੁਕਾ ਰਹੇ ਹਨ ਅਤੇ ਜੋ ਇਹ ਦੇਖ ਕੇ ਹੈਰਾਨ-ਪ੍ਰੇਸ਼ਾਨ ਹਨ ਕਿ ਕਿਵੇਂ ਬਾਇਡਨ ਮੋਦੀ ਦੇ ਹੱਥ ਮਜ਼ਬੂਤ ਕਰਨ ਲਈ ਅੱਗੇ ਆਇਆ ਹੈ।

ਉਂਝ, ਜੇ ਅਮਰੀਕੀ ਰਾਸ਼ਟਰਪਤੀ ਨੂੰ ਦੂਜੇ ਮੁਲਕਾਂ ਨਾਲ ਆਪਣੀ ਸੌਦੇਬਾਜ਼ੀ ਵਿਚ ਰਾਸ਼ਟਰੀ ਸਵੈ-ਹਿਤ ਨੂੰ ਵਿਚਾਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਇਸ ਸ਼ਿਸ਼ਟਾਚਾਰ ਨੂੰ ਦੂਜੇ ਮੁਲਕਾਂ ਤੱਕ ਵੀ ਵਧਾਇਆ ਜਾਣਾ ਚਾਹੀਦਾ ਹੈ। ਇਸ ਲਈ ਭਾਰਤ ਅਮਰੀਕਾ ਦਾ ਕਿਹੋ ਜਿਹਾ ਸਹਿਯੋਗੀ ਹੋ ਸਕਦਾ ਹੈ? ਪੂਰਬੀ ਏਸ਼ੀਆ ਲਈ ਵਾਸ਼ਿੰਗਟਨ ਦੇ ਚੋਟੀ ਦੇ ਰਾਜਦੂਤ ਨੇ ਕਿਹਾ ਹੈ ਕਿ ਅਮਰੀਕੀ ਫ਼ੌਜ ਨੂੰ ਉਮੀਦ ਹੈ ਕਿ ਭਾਰਤ ਦੱਖਣੀ ਚੀਨ ਸਾਗਰ ਵਿਚ ਗਸ਼ਤ ਕਰਨ ਵਿਚ ਮਦਦ ਕਰੇਗਾ ਜਿੱਥੇ ਚੀਨ ਦੇ ਖੇਤਰੀ ਦਾਅਵਿਆਂ ਨੂੰ ਲੈ ਕੇ ਮਾਹੌਲ ਤਣਾਅਪੂਰਨ ਹੋ ਗਿਆ ਹੈ। ਹੁਣ ਤਕ ਤਾਂ ਭਾਰਤ ਸਾਥ ਦੇ ਰਿਹਾ ਹੈ ਪਰ ਕੀ ਇਹ ਇਸ ਖੇਡ ਵਿਚ ਵੀ ਸੱਚਮੁੱਚ ਸ਼ਾਮਿਲ ਹੋਣ ਦਾ ਜੋਖਮ ਲਵੇਗਾ?

ਰੂਸ ਅਤੇ ਚੀਨ ਨਾਲ ਭਾਰਤ ਦੇ ਸਬੰਧ ਡੂੰਘੇ, ਮੋਕਲੇ ਅਤੇ ਪੁਰਾਣੇ ਹਨ। ਅੰਦਾਜ਼ਨ ਭਾਰਤ ਦੇ ਫ਼ੌਜੀ ਸਾਜ਼ੋ-ਸਾਮਾਨ ਦਾ 90 ਫ਼ੀਸਦੀ ਅਤੇ ਲੜਾਕੂ ਜਹਾਜ਼ਾਂ ਸਮੇਤ ਇਸ ਦੀ ਹਵਾਈ ਸੈਨਾ ਦਾ ਤਕਰੀਬਨ 70 ਫ਼ੀਸਦੀ ਸਾਜ਼ੋ-ਸਮਾਨ ਰੂਸੀ ਮੂਲ ਦਾ ਹੈ। ਜੂਨ ਵਿਚ 22 ਲੱਖ ਬੈਰਲ ਰੋਜ਼ਾਨਾ ਕੱਚਾ ਤੇਲ ਬਰਾਮਦ ਕਰ ਕੇ ਅਤੇ ਰੂਸ ਉੱਪਰ ਅਮਰੀਕਾ ਦੀ ਅਗਵਾਈ ਹੇਠ ਲਗਾਈਆਂ ਪਾਬੰਦੀਆਂ ਦੀ ਖੁੱਲ੍ਹੇਆਮ ਉਲੰਘਣਾ ਕਰ ਕੇ ਭਾਰਤ ਰੂਸ ਦੇ ਕੱਚੇ ਤੇਲ ਦੇ ਸਭ ਤੋਂ ਵੱਡੇ ਦਰਾਮਦਕਾਰਾਂ ਵਿਚੋਂ ਇਕ ਬਣ ਗਿਆ ਹੈ ਜਿਸ ਵਿਚੋਂ ਕੁਝ ਤੇਲ ਨੂੰ ਸੋਧ ਕੇ ਇਹ ਯੂਰਪ ਅਤੇ ਅਮਰੀਕਾ ਸਮੇਤ ਵਿਦੇਸ਼ਾਂ ਨੂੰ ਵੇਚਦਾ ਹੈ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਯੂਕਰੇਨ ਉੱਪਰ ਰੂਸ ਦੇ ਹਮਲੇ ਦੇ ਸਵਾਲ ਉੱਪਰ ਮੋਦੀ ਨੇ ਭਾਰਤ ਨੂੰ ਨਿਰਪੱਖ ਰੱਖਿਆ ਹੈ।

ਨਾ ਹੀ ਉਹ ਸੱਚਮੁੱਚ ਚੀਨ ਜੋ ਭਾਰਤ ਦਾ ਦਰਾਮਦ ਦਾ ਸਭ ਤੋਂ ਵੱਡਾ ਸਰੋਤ ਹੈ, ਦਾ ਸਾਹਮਣਾ ਕਰ ਸਕਦਾ ਹੈ। ਭਾਰਤ ਦਾ ਚੀਨ ਨਾਲ ਕੋਈ ਮੁਕਾਬਲਾ ਨਹੀਂ ਹੈ - ਨਾ ਆਰਥਿਕ ਤੌਰ 'ਤੇ, ਨਾ ਫ਼ੌਜੀ ਤੌਰ 'ਤੇ। ਸਾਲਾਂ ਤੋਂ ਚੀਨ ਨੇ ਹਿਮਾਲਿਆ ਖੇਤਰ ਅੰਦਰ ਲੱਦਾਖ਼ ਵਿਚ ਹਜ਼ਾਰਾਂ ਵਰਗ ਮੀਲ ਜ਼ਮੀਨ ਉੱਪਰ ਕਬਜ਼ਾ ਕੀਤਾ ਹੋਇਆ ਹੈ ਜਿਸ ਨੂੰ ਭਾਰਤ ਆਪਣਾ ਪ੍ਰਭੂਸੱਤਾ ਖੇਤਰ ਮੰਨਦਾ ਹੈ। ਚੀਨੀ ਫ਼ੌਜਾਂ ਨੇ ਉਸ ਜ਼ਮੀਨ 'ਤੇ ਡੇਰਾ ਲਾਇਆ ਹੋਇਆ ਹੈ। ਇਸ ਖੇਤਰ ਨੂੰ ਚੀਨ ਨਾਲ ਜੋੜਨ ਲਈ ਪੁਲ, ਸੜਕਾਂ ਤੇ ਹੋਰ ਬੁਨਿਆਦੀ ਢਾਂਚਾ ਬਣਾਇਆ ਜਾ ਰਿਹਾ ਹੈ। ਟਿਕਟੌਕ 'ਤੇ ਪਾਬੰਦੀ ਤੋਂ ਸਿਵਾਇ ਮੋਦੀ ਸਰਕਾਰ ਨੇ ਬੁਜ਼ਦਿਲੀ ਹੀ ਦਿਖਾਈ ਹੈ ਅਤੇ ਸਰਕਾਰ ਇਸ ਕਬਜ਼ੇ ਤੋਂ ਮੁੱਕਰ ਰਹੀ ਹੈ।

ਚੀਨ ਨਾਲ ਟਕਰਾਅ ਦੀ ਹਾਲਤ ਵਿਚ ਅਮਰੀਕਾ ਭਾਰਤ ਦਾ ਕਿਹੋ ਜਿਹਾ ਸੰਗੀ-ਸਾਥੀ ਹੋਵੇਗਾ? ਅਮਰੀਕਾ ਸੰਭਾਵੀ ਲੜਾਈ ਦੇ ਮੈਦਾਨ ਤੋਂ ਬਹੁਤ ਦੂਰ ਹੈ। ਹਾਲਾਤ ਵਿਗੜਦੇ ਹਨ ਤਾਂ ਯੁੱਧ ਖੇਤਰ 'ਚੋਂ ਇਸ ਨੂੰ ਉੱਥੋਂ ਨਿਕਲ ਜਾਣ ਅਤੇ ਹੈਲੀਕਾਪਟਰ ਦੀ ਆਖ਼ਰੀ ਉਡਾਣ ਭਰਨ ਦਾ ਮੁੱਲ ਹੀ ਚੁਕਾਉਣਾ ਪੈ ਸਕਦਾ ਹੈ। ਸਾਨੂੰ ਆਪਣੇ ਆਂਢ-ਗੁਆਂਢ 'ਚ ਅਮਰੀਕਾ ਦੇ ਪੁਰਾਣੇ ਮਿੱਤਰਾਂ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਸ਼ਰ 'ਤੇ ਝਾਤ ਮਾਰ ਲੈਣੀ ਚਾਹੀਦੀ ਹੈ।

ਦੱਖਣੀ ਚੀਨ ਸਾਗਰ ਵਿਚ ਮਨਹੂਸ ਚੰਨ ਚੜ੍ਹ ਰਿਹਾ ਹੈ ਪਰ ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇਸ ਦੇ ਮਿੱਤਰ ਤੇ ਦੁਸ਼ਮਣ, ਸਾਰੇ ਇੱਕੋ ਹਾਲਤ ਦੀ ਲਪੇਟ ਵਿਚ ਹਨ। ਸਾਨੂੰ ਬਹੁਤ ਜ਼ਿਆਦਾ ਚੁਕੰਨੇ ਰਹਿਣਾ ਚਾਹੀਦਾ ਹੈ।

---

# ਹਨੇਰੇ ਰਾਹ

***(ਪਿਛਲੇ ਸਫੇ ਦੀ ਬਾਕੀ)***

ਹੁਣ ਉਹੀ ਚਲਾਉਂਦਾ ਸੀ। ਹਾਈਵੇ 'ਤੇ ਟਰੱਕ ਪਾ ਕੇ ਉਹ ਬੋਲਿਆ, "ਮੁੰਡਿਆ, ਮੈਂ ਤੇਰੇ ਨਾ.ਲ ਜੇ। ਪਹਿਲਾਂ ਮੈਨੂੰ ਝਾਕ ਸੀ ਪਈ ਮੈਨੂੰ ਗਿਆਨੀ ਪਾਰਟਨਰ ਮਿਲ ਜਾਏਗਾ ਪਰ ਸ਼ਮਿੰਦਰ ਨੇ ਦਿੱਤਾ ਨਈਓਂ।"

"ਤਾਂ ਹੀ ਮੈਨੂੰ ਤੰਗ ਕਰਦਾ ਰਿਹੈਂ? ਭਾਅ, ਕੰਮ ਮੈਥੋਂ ਜਿੰਨਾ ਮਰਜੀ ਲੈ ਲੀਂ। ਕੰਮ ਤੋਂ ਨੀ ਮੈਂ ਭੱਜਦਾ।"

"ਕੰਮ ਦੀ ਗੱਲ ਨਈਓਂ। ਹਾਅ ਗੱਲ ਸਗੋਂ ਮੈਂ ਗਿਆਨੀ ਨੂੰ ਆਪ ਕਈ ਵਾਰੀ ਆਖੀ ਏ ਪਈ ਆਪਣੇ ਨਾ.ਲ ਰ.ਲਾ ਲਵੇ।"

"ਉਹਦੇ 'ਚ ਕੀ ਖ਼ਾਸ ਐ ਭਾਅ?"

"ਉਹ ਪੁਰਾਣਾ ਡਰੈਵਰ ਜੇ। ਪੀ ਆਰ। ਉਹਨੂੰ ਪੱਕਾ ਰੂਟ ਮਿਲਦਾ ਜੇ। ਪੁਆਇੰਟ ਟੂ ਪੁਆਇੰਟ। ਸ਼ਮਿੰਦਰ ਓਹਨੂੰ ਕੋਈ ਵੇਟ ਨਹੀਂ ਕਰਵਾਂਦਾ। ਜੇ ਉਹਨੂੰ ਏਤਰਾਂ ਕਰਵਾਏਗਾ ਤਾਂ ਉਹਦੇ ਉਹਨੂੰ ਪੇਅ ਕਰਨੇ ਪੈਣਗੇ। ਆਪਾਂ ਵਰਕ ਪਰਮਿਟ ਵਾਲਿਆਂ ਨੂੰ ਤਾਂ ਰਹਿੰਦ ਖੂੰਹਦ, ਭੁਜੀਆ ਹੀ ਮਿਲਦਾ ਜੇ। ਮੈਨੂੰ ਲਗਦਾ ਸੀ ਪਈ ਉਹਦੇ ਨਾ.ਲ ਏਤਰਾਂ ਮੈਨੂੰ ਵੀ ਚੰਗੇ ਰੂਟ ਮਿਲ ਜਾਇਆ ਕਰਨਗੇ।"

"ਅੱਛਾ, ਮੈਨੂੰ ਨੀ ਸੀ ਪਤਾ ਇਸ ਗੱਲ ਦਾ। ਹੁਣ ਕਿਹੜਾ ਮਿਲਿਆ ਗਿਆਨੀ ਨੂੰ ਪਾਰਟਨਰ?"

"ਕੋਈ ਪੀ ਆਰ ਈ ਲਾਇਆ ਜੇ। ਆਪਾਂ ਨੂੰ ਤਾਂ ਮੁੰਡਿਆ ਸੀਲ ਬ.ਲਦ ਬਣ ਕੇ ਈ ਕੰਮ ਕਰਨਾ ਪੈਣਾ, ਜਿੰਨਾ ਚਿਰ ਪੀ ਆਰ ਨਈਓਂ ਹੁੰਦੇ ਜਾਂ ਓਪਨ ਵਰਕ ਪਰਮਿਟ ਨਈਓਂ ਮਿਲਦਾ।" ***(ਚੱਲਦਾ)***

# ਸਮੁੰਦਰ ਦਾ ਗੁਆਂਢੀ

## ਉਘੇ ਲਿਖਾਰੀ ਸੁਖਬੀਰ ਬਾਰੇ ਗੱਲਾਂ



ਮੁੰਬਈ ਦੀ ਵਰਸੋਵਾ ਬੀਚ ਜਿਸ ਦੇ ਐਨ ਨੇੜੇ ਸੁਖਬੀਰ ਵੱਸਦਾ ਸੀ।

ਇਹ ਗੱਲ ਵੀਹ ਬਾਈ ਸਾਲ ਪਹਿਲਾਂ ਦੀ ਹੈ। ਜੂਨ ਦਾ ਮਹੀਨਾ। ਸਮੁੰਦਰ ਆਪਣੀ ਲੋਰ 'ਚ ਸੀ। ਦੇਵਨੀਤ ਤੇ ਮੈਂ ਰੂਬੀ ਦੇ ਦਾਖਲੇ ਲਈ ਬੰਬੇ ਗਏ ਹੋਏ ਸਾਂ। ਕੰਮ ਨਿਬੇੜ ਕੇ ਅਸੀਂ ਸੁਖਬੀਰ ਹੁਰਾਂ ਨੂੰ ਫੋਨ ਮਿਲਾਇਆ, "ਅੱਜ ਦੇਖਦੇ ਹਾਂ ਥੋਡੇ ਘਰ ਦਾ ਬੂਹਾ ਖੁੱਲ੍ਹਾ ਮਿਲਦੈ ਕਿ ਬੰਦ?" ਅੱਗਿਉਂ ਉਹ ਬੜੇ ਮੋਹ ਨਾਲ ਬੋਲੇ, "ਜੀ ਆਇਆਂ ਨੂੰ, ਬੂਹੇ ਦੇ ਨਾਲ-ਨਾਲ ਮੇਰਾ ਦਿਲ ਵੀ ਖੁੱਲ੍ਹਾ ਮਿਲੇਗਾ।"



ਗੁਰਪ੍ਰੀਤ
ਫੋਨ: +91-98723-75898

ਸੁਖਬੀਰ ਭਾਵੇਂ ਮਸ਼ਹੂਰ ਨਹੀਂ ਪਰ ਵੱਖਰੀ ਸ਼ੈਲੀ ਦੇ ਲੇਖਕਾਂ ਦੀ ਢਾਣੀ ਦਾ ਮੋਢੀ ਤੇ ਬਹੁ-ਵਿਧਾਵੀ ਲੇਖਕ ਰਹੇ ਹਨ। ਮੌਲਿਕ ਬਾਈ ਕਿਤਾਬਾਂ ਤੋਂ ਇਲਾਵਾ ਉਨ੍ਹਾਂ ਨੇ ਲਿਓ ਤਾਲਸਤਾਏ ਦੇ ਸੰਸਾਰ ਪ੍ਰਸਿੱਧ ਵੱਡ-ਆਕਾਰੀ ਨਾਵਲ 'ਜੰਗ ਤੇ ਅਮਨ' ਦਾ ਅਨੁਵਾਦ ਕੀਤਾ। ਮੈਕਸਿਮ ਗੋਰਕੀ, ਸ਼ੋਲੋਖੋਵ, ਪਸਤੋਵਸਕੀ ਤੇ ਹੋਰ ਅਨੇਕਾਂ ਲੇਖਕਾਂ ਨੂੰ ਪੰਜਾਬੀਆਂ ਲਈ ਉਲਥਾਇਆ ਹੈ। ਸੁਖਬੀਰ ਨੂੰ ਪੜ੍ਹਦਿਆਂ ਅਸੀਂ ਜਾਣ ਸਕਦੇ ਹਾਂ ਕਿ ਲਿਖਣਾ ਲੰਮੀ ਘਾਲਣਾ ਹੈ। ਉਹ ਤਾਂ ਜਦੋਂ ਦੋਸਤ ਨੂੰ ਖ਼ਤ ਵੀ ਲਿਖਦੇ ਸਨ ਤਾਂ ਪਹਿਲਾਂ ਰਫ ਲਿਖ ਕੇ, ਉਹਦੇ ਇੱਕ-ਇੱਕ ਸ਼ਬਦ ਨੂੰ ਘੋਖਦੇ ਪਰਖਦੇ ਸਨ। ਅਸੀਂ ਖ਼ੁਦ ਅੰਦਾਜ਼ਾ ਲਾ ਸਕਦੇ ਹਾਂ ਕਿ ਸਾਹਿਤ ਰਚਦਿਆਂ ਉਹ ਇੱਕ-ਇੱਕ ਰਚਨਾ ਲਿਖਣ ਲਈ ਕਿੰਨੀ-ਕਿੰਨੀ ਵਾਰ ਲਿਖਦੇ ਮਿਟਾਉਂਦੇ ਹੋਣਗੇ।

ਅੱਧੇ ਘੰਟੇ ਦੇ ਸਫ਼ਰ ਤੋਂ ਬਾਅਦ ਅਸੀਂ 'ਸਨ ਐਂਡ ਸੀ' ਪਹੁੰਚ ਗਏ। ਲੇਖਕ-ਪਾਠਕ ਸੁਖਬੀਰ ਦੇ ਨਾਵਲਾਂ, ਕਹਾਣੀਆਂ ਤੇ ਕਵਿਤਾਵਾਂ ਦੇ ਨਾਵਾਂ ਵਾਂਗ ਇਸ ਇਮਾਰਤ ਨੂੰ ਵੀ ਜਾਣਦੇ ਹਨ। ਮੁੰਬਈ ਗਿਆ ਹਰ ਲੇਖਕ ਤਾਂ ਸੁਖਬੀਰ ਨੂੰ ਮਿਲ ਕੇ ਆਉਂਦਾ ਹੀ ਸਗੋਂ ਬਹੁਤੇ ਪਾਠਕ ਵੀ ਉਨ੍ਹਾਂ ਨੂੰ ਮਿਲਣ ਜਾਂਦੇ। ਘੰਟੀ ਦਾ ਬਟਨ ਦਬਾਉਣ ਹੀ ਲੱਗੇ ਸਾਂ ਕਿ ਉਨ੍ਹਾਂ ਸਾਨੂੰ ਗਲਵਕੜੀ ਪਾ ਲਈ। ਘਰ 'ਚ ਵੜਦਿਆਂ ਹੀ ਡਿਉਢੀ ਦੀਆਂ ਦੋਵੇਂ ਕੰਧਾਂ ਕਿਤਾਬਾਂ ਦੇ ਭਰੇ ਖਾਨਿਆਂ ਨਾਲ ਸਜੀਆਂ ਹੋਈਆਂ ਦਿਸੀਆਂ। ਇਹ ਵੀਹੀ ਸਿੱਧੀ ਬੈਠਕ ਨੂੰ ਜਾਂਦੀ ਸੀ। ਬੈਠਕ ਦੀ ਸਾਹਮਣੀ ਕੰਧ ਕੱਚ ਦੀ ਸੀ ਜਿਸ 'ਚੋਂ ਛੱਲੋ-ਛੱਲ ਹੋਇਆ ਵਿਸ਼ਾਲ ਸਮੁੰਦਰ ਨਜ਼ਰ ਆਇਆ। ਮੇਰੇ ਮੂੰਹੋਂ ਆਪਮੁਹਾਰੇ ਨਿਕਲਿਆ, "ਵੱਡੇ ਤੇ ਗਹਿਰੇ ਸਮੁੰਦਰ ਦਾ ਗੁਆਂਢੀ ਹੋਣ ਕਰ ਕੇ ਹੀ ਸੁਖਬੀਰ ਵੱਡੀ ਕੈਨਵਸ ਦਾ ਡੂੰਘਾ ਲੇਖਕ ਹੈ।"

ਸੱਤਵੀਂ 'ਚ ਪੜ੍ਹਦਿਆਂ ਹੀ ਲਿਖਣਾ ਸ਼ੁਰੂ ਕਰਨ ਵਾਲੇ ਸੁਖਬੀਰ ਨੂੰ ਚਿੱਤਰਕਲਾ ਦਾ ਵੀ ਸ਼ੌਕ ਸੀ। ਅਸਲ ਸ਼ੌਕ ਇੰਜਨੀਅਰੀ ਦਾ ਸੀ ਜੋ ਇੰਜਨੀਅਰ ਪਿਤਾ ਤੋਂ ਵਿਰਸੇ 'ਚ ਮਿਲਿਆ ਪਰ ਉਹ ਕਾਲਜ ਪ੍ਰੋਫੈਸਰ ਬਣੇ ਤੇ ਦੋ ਸਾਲਾਂ ਬਾਅਦ ਹੀ ਨੌਕਰੀ ਛੱਡ ਕੇ ਸੁਤੰਤਰ ਲੇਖਕ ਬਣ ਗਏ। ਮੈਂ ਆਪਣੀ ਹੈਰਾਨੀ ਸਾਂਝੀ ਕੀਤੀ, "ਪੰਜਾਬੀ ਹਿੰਦੀ 'ਚ ਲਿਖ ਕੇ ਹੀ ਢਿੱਡ ਕਿਵੇਂ ਭਰਦੇ ਰਹੇ?" ਉਹ ਮੁਸਕਰਾਉਂਦਿਆਂ ਦੱਸਣ ਲੱਗੇ, "ਢਿੱਡ ਭਰਨ ਦਾ ਹੀ ਤਾਂ ਸਵਾਲ ਸੀ। ਅਸਲ 'ਚ ਮੈਂ ਲੋੜ ਅਨੁਸਾਰ ਕਮਾਈ ਕੀਤੀ, ਲੋਭ ਅਨੁਸਾਰ ਨਹੀਂ। ਲੋੜ ਤਾਂ ਪੂਰੀ ਹੋ ਜਾਂਦੀ ਹੈ ਪਰ ਲੋਭ ਦਾ ਢਿੱਡ ਕਦੇ ਨਹੀਂ ਭਰਦਾ। ਜੇ ਮੈਂ ਲੋਭ ਦਾ ਸ਼ਿਕਾਰ ਹੋ ਜਾਂਦਾ ਤਾਂ ਲਿਖਣਾ ਠੱਪ ਹੋ ਜਾਂਦਾ ਅਤੇ ਪੜ੍ਹਨ ਤੇ ਅਧਿਐਨ ਦੀ ਤਾਂ ਲੋੜ ਹੀ ਨਹੀਂ ਸੀ ਪੈਣੀ।"

ਸੁਖਬੀਰ ਦੀ ਪਤਨੀ ਜਸਬੀਰ ਕੌਰ ਟਰੇਅ 'ਚ ਤਿੰਨ ਕੱਪ ਚਾਹ ਤੇ ਖ਼ੁਦ ਬਣਾਏ ਪਤੌੜ ਮੇਜ਼ 'ਤੇ ਰੱਖ ਗਏ। ਦੇਵਨੀਤ ਨੇ ਚਾਹ ਦੀ ਘੁੱਟ ਭਰਦਿਆਂ ਪੁੱਛਿਆ, "ਤੁਹਾਡੀ ਲੇਖਣੀ 'ਚ ਤੁਹਾਡੀ ਬੀਵੀ ਤੇ ਬੱਚਿਆਂ ਦਾ ਕੀ ਯੋਗਦਾਨ ਹੈ?" ਸੁਖਬੀਰ ਨੇ ਪਤੌੜਾਂ ਵਾਲੀ ਪਲੇਟ ਸਾਡੇ ਵੱਲ ਕੀਤੀ। ਮੈਂ ਸੋਚਿਆ ਦੇਵਨੀਤ ਦੀ ਇਸ ਗੱਲ ਦਾ ਅੱਧਾ ਉੱਤਰ ਤਾਂ ਇਸ ਪਲੇਟ 'ਚ ਹੀ ਪਿਆ ਹੈ। ਉਨ੍ਹਾਂ ਸਹਿਜ ਸੁਭਾਅ ਕਿਹਾ, "ਮੇਰੀ ਪਤਨੀ ਮੇਰੀਆਂ ਰਚਨਾਵਾਂ ਸ਼ੌਕ ਨਾਲ ਪੜ੍ਹਦੀ ਹੈ। ਇਸ ਦੀ ਸਾਹਿਤਕ ਸੂਝ-ਬੂਝ ਚੰਗੇ ਪਾਠਕ ਵਰਗੀ ਹੈ। ਮੇਰੇ ਤਿੰਨੇ ਬੱਚੇ ਵੀ ਮੈਨੂੰ ਸ਼ੌਕ ਨਾਲ ਪੜ੍ਹਦੇ ਹਨ। ਸ਼ੁਰੂ ਦੇ ਔਖੇ ਵਰ੍ਹਿਆਂ ਵਿਚ ਪਰਿਵਾਰ ਵੱਲੋਂ ਮੈਨੂੰ ਬਹੁਤ ਸਹਿਯੋਗ ਮਿਲਿਆ। ਉਦੋਂ ਪਰਿਵਾਰ ਦੇ ਜੀਆਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਲੇਖਕ ਵਜੋਂ ਮੇਰਾ ਕਿੰਨਾ ਕੁ ਨਾਂ ਤੇ ਕਮਾਈ ਹੋਣੀ ਹੈ। ਸਾਡੇ ਸਮਾਜ ਵਿਚ ਨਾਮ ਅਤੇ ਕਮਾਈ ਤੋਂ ਬਿਨਾਂ ਕਿਸੇ ਵੀ ਕੰਮ ਦੀ ਅਹਿਮੀਅਤ ਬਹੁਤ ਘੱਟ ਹੁੰਦੀ ਹੈ। ਉਦੋਂ ਤਾਂ ਮੈਨੂੰ ਵੀ ਆਪਣੇ ਲਿਖਣ ਅਤੇ ਲੇਖਕ ਬਣਨ ਦੀ ਅਹਿਮੀਅਤ ਦਾ ਓਨਾ ਅਹਿਸਾਸ ਨਹੀਂ ਸੀ। ਫਿਰ ਵੀ ਸ਼ੁਰੂ ਤੋਂ ਹੀ ਪਰਿਵਾਰ ਵਿਚ ਮੇਰੀ ਕਦਰ ਰਹੀ ਹੈ ਜੋ ਸਮੇਂ ਦੇ ਨਾਲ ਵਧਦੀ ਗਈ।"

"ਲੇਖਕ ਮਨੁੱਖ ਵਜੋਂ ਕਿਹੋ ਜਿਹਾ ਹੋਣਾ ਚਾਹੀਦਾ ਹੈ?" ਅਸੀਂ ਗੱਲ ਨੂੰ ਅੱਗੇ ਤੋਰਿਆ। ਉਹ ਮੁਸਕਰਾਏ, "ਕਈ ਲੇਖਕ ਖ਼ੁਦ ਨੂੰ ਜਿੱਥੇ ਆਦਰਸ਼ਵਾਦੀ ਅਤੇ ਸਮਾਜ ਤੇ ਸਾਹਿਤ ਦੇ ਸੇਵਕ ਕਹਿ ਕੇ ਵਡਿਆਉਂਦੇ ਨੇ, ਉੱਥੇ ਪਰਿਵਾਰਕ ਤੇ ਸਮਾਜਿਕ ਜ਼ਿੰਦਗੀ ਵਿਚ ਮਨੁੱਖ ਵਜੋਂ ਉਨ੍ਹਾਂ ਦਾ ਬਿੰਬ ਚੰਗਾ ਨਹੀਂ ਹੁੰਦਾ। ਆਮ ਤੌਰ 'ਤੇ ਲੋਕਾਂ ਵਿਚ ਵੀ ਲੇਖਕ ਦਾ ਬਿੰਬ ਏਨਾ ਚੰਗਾ ਨਹੀਂ ਹੈ। ਕੁਝ ਲੇਖਕ ਤਾਂ ਖ਼ੁਦ ਉਸ ਮਾੜੇ ਬਿੰਬ ਨੂੰ ਉਛਾਲਦੇ ਅਤੇ ਮੰਨਦੇ ਨੇ ਕਿ ਲੇਖਕ ਲਈ ਮੰਦਾ ਚੰਗਾ ਸਭ ਜਾਇਜ਼ ਹੈ ਤੇ ਉਹ ਆਮ ਲੋਕਾਂ ਤੋਂ ਉਪਰ ਹੈ। ਲੇਖਕ ਤੇ ਮਨੁੱਖ 'ਚ ਇਹ ਦੁਫਾੜ ਮੈਂ ਠੀਕ ਨਹੀਂ ਸਮਝਦਾ।"

ਮੈਨੂੰ ਯਾਦ ਆਇਆ, ਕਿਸੇ ਵਿਦਿਆਰਥੀ ਨੇ ਮੈਥੋਂ ਸੁਖਬੀਰ ਦਾ ਅਸਲ ਨਾਂ ਪੁੱਛਿਆ ਸੀ। ਨਾਂ ਬਦਲਣ ਦੀ ਗੱਲ ਪੁੱਛਣ 'ਤੇ ਉਹ ਦੱਸਣ ਲੱਗੇ, "ਮੇਰਾ ਨਾਂ ਬਲਬੀਰ ਸਿੰਘ ਹੈ, ਸ਼ੁਰੂ 'ਚ ਮੈਂ ਇਸੇ ਨਾਂ ਨਾਲ ਛਪਦਾ ਰਿਹਾ ਹਾਂ। ਉਦੋਂ ਇੱਕ ਹੋਰ ਲੇਖਕ ਦਾ ਵੀ ਇਹੋ ਨਾਂ ਸੀ। ਮੈਨੂੰ ਕਿਸੇ ਮਿੱਤਰ ਨੇ ਦੱਸਿਆ ਕਿ ਉਹ ਮੇਰੀਆਂ ਰਚਨਾਵਾਂ ਨੂੰ ਪਾਠਕਾਂ 'ਚ ਆਪਣੀਆਂ ਹੀ ਦੱਸਦਾ ਰਹਿੰਦਾ ਹੈ। ਫਿਰ ਪ੍ਰੀਤਲੜੀ ਦੇ ਸੰਪਾਦਕ ਨਵਤੇਜ ਸਿੰਘ ਨੇ ਮੇਰਾ ਨਾਂ ਸੁਖਬੀਰ ਧਰ ਦਿੱਤਾ।"



ਸੁਖਬੀਰ ਦੀ ਜਵਾਨੀ ਵੇਲੇ ਦੀ ਤਸਵੀਰ।

***ਸੱਤਵੀਂ 'ਚ ਪੜ੍ਹਦਿਆਂ ਹੀ ਲਿਖਣਾ ਸ਼ੁਰੂ ਕਰਨ ਵਾਲੇ ਸੁਖਬੀਰ ਨੂੰ ਚਿੱਤਰਕਲਾ ਦਾ ਵੀ ਸ਼ੌਕ ਸੀ। ਅਸਲ ਸ਼ੌਕ ਇੰਜਨੀਅਰੀ ਦਾ ਸੀ ਜੋ ਇੰਜਨੀਅਰ ਪਿਤਾ ਤੋਂ ਵਿਰਸੇ 'ਚ ਮਿਲਿਆ ਪਰ ਉਹ ਕਾਲਜ ਪ੍ਰੋਫੈਸਰ ਬਣੇ ਤੇ ਦੋ ਸਾਲਾਂ ਬਾਅਦ ਹੀ ਨੌਕਰੀ ਛੱਡ ਕੇ ਸੁਤੰਤਰ ਲੇਖਕ ਬਣ ਗਏ।... ਨੌਂ ਜੁਲਾਈ 1925 ਨੂੰ ਜਨਮੇ ਸੁਖਬੀਰ ਨੇ 87 ਸਾਲਾਂ ਦੀ ਲੰਮੀ ਉਮਰ ਸਾਦਗੀ ਤੇ ਸਹਿਜ ਨਾਲ ਗੁਜ਼ਾਰੀ। ਉਹ ਸਾਰੀ ਉਮਰ ਪੜ੍ਹਦੇ ਲਿਖਦੇ ਰਹੇ।***



ਸੁਖਬੀਰ ਦੀ ਇੱਕ ਹੋਰ ਤਸਵੀਰ।

ਸੁਖਬੀਰ ਨੇ ਇੰਜਨੀਅਰ ਤੇ ਚਿੱਤਰਕਾਰ ਨਾ ਬਣ ਸਕਣ ਦੀ ਭੁੱਖ ਦੀ ਤ੍ਰਿਪਤੀ ਕਰਨ ਲਈ ਕਿਸੇ ਹੱਦ ਤਕ ਆਰਕੀਟੈਕਚਰ ਤੇ ਖ਼ਾਸਕਰ ਚਿੱਤਰਕਲਾ ਬਾਰੇ ਬਹੁਤ ਪੜ੍ਹਿਆ। ਇਸੇ ਕਰ ਕੇ ਉਨ੍ਹਾਂ ਨੇ ਚਿੱਤਰਕਲਾ ਦੀ ਤਕਨੀਕ 'ਚ ਅਨੇਕਾਂ ਕਵਿਤਾਵਾਂ ਲਿਖੀਆਂ। ਕਾਵਿ-ਕਿਤਾਬ 'ਨੈਣ ਨਕਸ਼' ਵਿਚਲੀਆਂ ਕਵਿਤਾਵਾਂ- ਪੋਰਟ੍ਰੇਟ, ਲੈਂਡ-ਸਕੇਪ, ਸਟਿਲ ਲਾਈਫ, ਕੋਲਾਜ, ਸੈਲਫ ਪੋਰਟ੍ਰੇਟ ਆਦਿ ਅਸਲ ਵਿਚ ਚਿੱਤਰ ਹੀ ਹਨ। ਆਪਣੀ ਇਸ ਨਜ਼ਰ ਬਾਰੇ ਉਨ੍ਹਾਂ ਨੇ ਵਿਸਥਾਰ 'ਚ ਦੱਸਿਆ, "ਸ਼ਬਦਾਂ ਦੇ ਰੰਗਾਂ, ਰੂਪਾਂ, ਧੁਨੀਆਂ, ਬਿੰਬਾਂ ਨੂੰ ਸਮਝਣ 'ਚ ਚਿੱਤਰਕਲਾ ਦੇ ਸ਼ੌਕ ਨੇ ਮੇਰੀ ਬੜੀ ਮਦਦ ਕੀਤੀ।

ਸ਼ਬਦ ਮੈਨੂੰ ਚਿੱਤਰਾਂ ਦੇ ਰੂਪ ਵਿਚ ਦਿਸਦੇ ਨੇ। ਕਵਿਤਾਵਾਂ ਵਿਚ ਹੀ ਨਹੀਂ, ਕਹਾਣੀਆਂ ਤੇ ਨਾਵਲਾਂ 'ਚ ਵੀ ਮੇਰੀ ਚਿੱਤਰਕਲਾ ਦੀ ਨਜ਼ਰ ਦੇਖੀ ਜਾ ਸਕਦੀ ਹੈ- ਚੀਜ਼ਾਂ ਨੂੰ ਦੇਖਣ ਤੇ ਮਹਿਸੂਸਣ ਵਿਚ ਹੀ ਨਹੀਂ, ਉਨ੍ਹਾਂ ਦੀਆਂ ਸ਼ਕਲਾਂ ਤੇ ਡਿਜ਼ਾਈਨਾਂ ਨੂੰ ਰੂਪਮਾਨ ਕਰਨ ਵਿਚ ਵੀ। ਮੇਰੀਆਂ ਰਚਨਾਵਾਂ ਵਿਚ ਕਿਸੇ ਹਦ ਤਕ ਆਰਕੀਟੈਕਚਰ ਦਾ ਵੀ ਅਸਰ ਦੇਖਿਆ ਜਾ ਸਕਦਾ ਹੈ।"



ਸੁਖਬੀਰ ਪਤਨੀ ਜਸਬੀਰ ਨਾਲ।

ਕੱਚ ਦੀ ਬਾਰੀ ਨਾਲ ਖਹਿੰਦੀਆਂ ਸਮੁੰਦਰੀ ਛੱਲਾਂ ਸਾਡੀ ਗੱਲਬਾਤ 'ਚ ਰਲਣਾ ਚਾਹੁੰਦੀਆਂ ਸਨ, ਜਿਵੇਂ ਉਨ੍ਹਾਂ ਨੇ ਸਾਡੇ ਮਨ ਦਾ ਸਵਾਲ ਆਪ ਕਰਨਾ ਹੋਵੇ, "ਤੁਹਾਨੂੰ ਕਿਸ ਵਿਧਾ 'ਚ ਲਿਖ ਕੇ ਸਭ ਤੋਂ ਵੱਧ ਰੱਜ ਆਇਆ?"

ਸੁਖਬੀਰ ਨੇ ਆਪਣੇ ਅੰਦਰਲੇ ਸਮੁੰਦਰ ਦੀ ਛੱਲ ਉਸ ਕੱਚ ਦੀ ਬਾਰੀ ਵੱਲ ਵਗਾਹੀ, "ਮੈਂ ਖ਼ੁਦ ਨੂੰ ਬੁਨਿਆਦੀ ਤੌਰ 'ਤੇ ਕਵੀ ਸਮਝਦਾਂ ਤੇ ਕਵਿਤਾ ਲਿਖ ਕੇ ਮੈਨੂੰ ਕਲਾਤਮਿਕ ਨੁਕਤੇ ਤੋਂ ਵਧੇਰੇ ਸੰਤੁਸ਼ਟੀ ਹੋਈ ਹੈ, ਭਾਵੇਂ ਮੇਰੀ ਕਵਿਤਾ ਬਹੁਤ ਥੋੜ੍ਹੇ ਪਾਠਕਾਂ ਤਕ ਪਹੁੰਚੀ ਤੇ ਹੋਰ ਵੀ ਥੋੜ੍ਹੇ ਪਾਠਕਾਂ ਨੇ ਪਸੰਦ ਕੀਤੀ। ਮੇਰੀਆਂ ਕਹਾਣੀਆਂ ਤੇ ਨਾਵਲਾਂ ਦੀਆਂ ਕਈ ਖ਼ੂਬੀਆਂ ਮੇਰੇ ਕਵੀ ਹੋਣ ਕਰ ਕੇ ਹੀ ਨੇ ਜਾਂ ਕਹਾਂ ਕਿ ਮੈਂ ਕਵੀ ਨਾ ਹੁੰਦਾ ਤਾਂ ਮੇਰੀਆਂ ਕਹਾਣੀਆਂ ਤੇ ਨਾਵਲ ਕਲਾਤਮਿਕ ਨੁਕਤੇ ਤੋਂ ਘੱਟ ਚੰਗੇ ਹੋਣੇ ਸਨ। ਇਨ੍ਹਾਂ ਵਿਚ ਮੈਂ ਪਾਤਰਾਂ, ਜਜ਼ਬਿਆਂ, ਚੀਜ਼ਾਂ, ਜਿਣਸਾਂ ਆਦਿ ਨੂੰ ਕਾਫ਼ੀ ਹੱਦ ਤਕ ਇੱਕ ਕਵੀ ਦੀ ਨਜ਼ਰ ਤੇ ਸੰਵੇਦਨਾ ਨਾਲ ਵੇਖਿਆ ਤੇ ਚਿਤਰਿਆ ਹੈ, ਜਿਵੇਂ ਕਵਿਤਾ ਵਿਚ ਮੈਂ ਕਹਿਣ ਦੀ ਥਾਂ ਵਧੇਰੇ ਕਰ ਕੇ ਚਿਤਰਦਾ ਹਾਂ।" ਮੈਨੂੰ ਪ੍ਰਸਿੱਧ ਨਾਵਲ 'ਸੜਕਾਂ ਤੇ ਕਮਰੇ' ਯਾਦ ਆਇਆ ਜੋ ਕਾਲਜਾਂ ਯੂਨੀਵਰਸਿਟੀਆਂ 'ਚ ਬਹੁਤ ਪੜ੍ਹਾਇਆ ਗਿਆ ਤੇ ਪੜ੍ਹਾਇਆ ਜਾਂਦਾ ਰਹੇਗਾ। ਇਸ ਨਾਵਲ ਦਾ ਨਾਂ ਹੀ ਸਾਡੇ ਸਾਹਵੇਂ ਮੁੰਬਈ ਵਰਗੇ ਵੱਡੇ ਮਹਾਂਨਗਰਾਂ ਦੀ ਜ਼ਿੰਦਗੀ ਦਾ ਚਿੱਤਰ ਖਿੱਚ ਦਿੰਦਾ ਹੈ। ਕਵੀ ਦੀ ਨਜ਼ਰ ਹਰ ਵਿਧਾ ਲਈ ਉਹਦੀ ਰੂਹ ਵਜੋਂ ਕੰਮ ਕਰਦੀ ਹੈ।

"ਪੰਜਾਬੀ ਸਾਹਿਤ ਆਲੋਚਨਾ ਬਾਰੇ ਤੁਹਾਡੀ ਕੀ ਰਾਇ ਹੈ, ਕੀ ਇਹ ਸਾਹਿਤ ਦਾ ਕੁਝ ਸੰਵਾਰਦੀ ਵੀ ਹੈ?" ਦੇਵਨੀਤ ਨੇ ਚਾਰੇ ਪਾਸੇ ਕਿਤਾਬਾਂ ਨਾਲ ਭਰੀਆਂ ਅਲਮਾਰੀਆਂ ਵੱਲ ਨਿਗ੍ਹਾ ਮਾਰਦਿਆਂ ਪੁੱਛਿਆ। ਉਹ ਪਹਿਲਾਂ ਵਾਂਗ ਮਿੰਨ੍ਹਾ ਜਿਹਾ ਮੁਸਕਰਾਏ, "ਪੰਜਾਬੀ ਸਾਹਿਤ ਆਲੋਚਨਾ ਮੈਂ ਘੱਟ ਹੀ ਪੜ੍ਹਦਾ ਹਾਂ, ਜਦ ਲਿਖਣਾ ਸ਼ੁਰੂ ਕੀਤਾ ਸੀ ਤਾਂ ਬਹੁਤ ਪੜ੍ਹੀ ਸੀ। ਫੇਰ ਐਮ.ਏ. ਪੰਜਾਬੀ ਦੇ ਦਿਨਾਂ 'ਚ ਇਮਤਿਹਾਨ ਦੇ ਨੁਕਤੇ ਤੋਂ ਪੜ੍ਹਨੀ ਪਈ। ਉਂਝ ਪਿਛਲੇ ਕੁਝ ਵਰ੍ਹਿਆਂ ਤੋਂ ਉਹ ਜਿਹੋ ਜਿਹੀ ਭਾਸ਼ਾ 'ਚ ਲਿਖੀ ਜਾ ਰਹੀ, ਜ਼ਿਆਦਾਤਰ ਪੱਲੇ ਨਹੀਂ ਪੈਂਦੀ। ਹਾਂ, ਵਿਦੇਸ਼ੀ ਸਾਹਿਤਕਾਰਾਂ ਦੀ ਆਲੋਚਨਾ, ਅਸਲ 'ਚ ਮੁਲਾਂਕਣ ਮੈਂ ਬਹੁਤ ਪੜ੍ਹਦਾ ਹਾਂ। ਕਈ ਵੱਡੇ ਲੇਖਕਾਂ ਨੂੰ ਮੈਂ ਉਨ੍ਹਾਂ ਦੇ ਮੁਲਾਂਕਣ ਸਦਕਾ ਹੀ ਸਹੀ ਅਰਥਾਂ ਵਿਚ ਸਮਝ ਸਕਿਆ ਹਾਂ ਅਤੇ ਸਾਹਿਤ ਲਿਖਣ-ਕਲਾ ਸਬੰਧੀ ਬਹੁਤ ਕੁਝ ਸਿੱਖਿਆ-ਸਮਝਿਆ। ਉਸ ਨੇ ਮੇਰਾ ਸਾਹਿਤਕ ਸੁਹਜ ਸਵਾਦ ਵੀ ਵਿਕਸਿਤ ਕੀਤਾ ਤੇ ਇਸ ਸਮੁੱਚੇ ਵਿਕਾਸ ਸਦਕਾ ਮੈਂ ਸਾਹਿਤ ਦੇ ਖੇਤਰ ਵਿਚ ਵਾਦਾਂ ਦੀਆਂ ਸੌੜੀਆਂ ਵਲਗਣਾਂ 'ਚੋਂ ਕਾਫ਼ੀ ਹੱਦ ਤਕ ਨਿਕਲ ਸਕਿਆ।"

ਉਨ੍ਹਾਂ ਅਜੇ ਸਾਹ ਲਿਆ ਹੀ ਸੀ ਕਿ ਮੈਂ ਗੱਲ ਹੋਰ ਅੱਗੇ ਵਧਾਈ, "ਲੇਖਕ ਦੇ ਸਵੈ-ਆਲੋਚਕ ਹੋਣ ਬਾਰੇ ਕਿਵੇਂ ਸੋਚਦੇ ਹੋ, ਸ਼ਾਇਦ ਇਹ ਗੱਲ ਉਸ ਨੂੰ ਬਹੁਤ ਵਧੀਆ ਲਿਖਣ ਲਾ ਦਿੰਦੀ ਹੈ?"

ਸੁਖਬੀਰ ਹੁਰੀਂ ਇਕਦਮ ਬੋਲੇ, "ਬਿਲਕੁਲ! ਲੇਖਕ ਨੂੰ ਆਪਣਾ ਬਹੁਤ ਸਖ਼ਤ ਆਲੋਚਕ ਹੋਣਾ ਚਾਹੀਦਾ ਹੈ। ਅਸਲ ਵਿਚ ਮਨੁੱਖ ਨੂੰ ਹੀ ਆਪਣਾ ਸਖ਼ਤ ਆਲੋਚਕ ਹੋਣਾ ਚਾਹੀਦਾ ਹੈ ਪਰ ਇਹ ਸਭ ਤੋਂ ਔਖਾ ਕੰਮ ਹੈ। ਮੈਂ ਆਪਣੀਆਂ ਰਚਨਾਵਾਂ ਦਾ ਬਹੁਤ ਸਖ਼ਤ ਆਲੋਚਕ ਹਾਂ। ਹਰ ਰਚਨਾ ਦੂਜੀ, ਤੀਜੀ, ਚੌਥੀ ਵਾਰ ਲਿਖਦਾ ਹਾਂ। ਕੁਝ ਸਮਾਂ ਪਾ ਕੇ ਉਸ ਨੂੰ ਫੇਰ ਪੜ੍ਹਦਾ ਹਾਂ ਤੇ ਕਾਂਟ-ਤਰਾਸ਼ ਕਰਦਾ ਹਾਂ। ਕਾਹਲ ਵਿਚ ਛਪਣ ਦੀ ਭੁੱਖ 'ਤੇ ਮੇਰਾ ਸ਼ੁਰੂ ਤੋਂ ਹੀ ਕਾਬੂ ਰਿਹਾ ਹੈ। ਰਚਨਾ ਲਿਖਣ ਤੋਂ ਬਾਅਦ ਕਾਫ਼ੀ ਚਿਰ ਪਿੱਛੋਂ ਛਪਵਾਉਂਦਾ ਹਾਂ। ਮੇਰੇ ਵਿਕਾਸ 'ਚ ਸਵੈ-ਆਲੋਚਨਾ ਦਾ ਬਹੁਤ ਵੱਡਾ ਹੱਥ ਹੈ, ਵਰਨਾ ਅੱਜ ਮੈਂ ਉੱਥੇ ਹੀ ਹੁੰਦਾ ਜਿੱਥੋਂ ਸ਼ੁਰੂ ਹੋਇਆ ਸਾਂ ਤੇ ਖ਼ੁਦ ਨੂੰ ਦੁਹਰਾਉਂਦਾ ਰਹਿੰਦਾ।" ਮੈਂ ਆਪਣੇ ਸਮੇਤ ਕਿੰਨੇ ਹੀ ਪੰਜਾਬੀ ਲੇਖਕਾਂ ਨੂੰ ਯਾਦ ਕੀਤਾ ਜੋ ਲਿਖਦੇ ਪਿੱਛੋਂ ਹਨ, ਪਰ ਛਪਦੇ ਪਹਿਲਾਂ। ਮਨ ਹੀ ਮਨ ਮੈਂ ਸੁਖਬੀਰ ਦੀ ਸਾਧਨਾ ਨੂੰ ਸਲਾਮ ਕੀਤਾ। ਕਿਤੇ ਪਾਠਕਾਂ ਦੀ ਗਿਣਤੀ ਲੇਖਕਾਂ ਦੇ ਛਪਣ ਦੀ ਕਾਹਲ ਕਰਕੇ ਤਾਂ ਨਹੀਂ ਘਟ ਰਹੀ? ਇਹ ਸਵਾਲ ਮੈਂ ਆਪਣੇ ਆਪ ਨੂੰ ਵੀ ਕੀਤਾ ਤੇ ਕਿਹਾ ਕਿ ਕਿੰਨਾ ਚੰਗਾ ਹੋਵੇ ਜੇ ਸੁਖਬੀਰ ਜਿਹਾ ਠਰੰਮਾ ਸਭ ਲੇਖਕਾਂ ਕਲਾਕਾਰਾਂ 'ਚ ਆ ਜਾਵੇ।

ਉਨ੍ਹਾਂ ਨੂੰ ਆਖ਼ਰੀ ਸਵਾਲ ਕੀਤਾ, "ਕੀ ਲਿਖ ਤੇ ਕੀ ਪੜ੍ਹ ਰਹੇ ਹੋ ਅੱਜ ਕੱਲ੍ਹ?" ਉਹ ਮੱਠੀ ਆਵਾਜ਼ 'ਚ ਦੱਸਣ ਲੱਗੇ, "ਅੱਜ ਕੱਲ੍ਹ ਮੈਂ ਜ਼ਿਆਦਾਤਰ ਕਵਿਤਾਵਾਂ ਲਿਖ ਰਿਹਾ ਹਾਂ ਤੇ ਹਮੇਸ਼ਾ ਵਾਂਗ ਪੜ੍ਹ ਰਿਹਾ ਹਾਂ ਵੱਡੇ ਲੇਖਕਾਂ ਨੂੰ ਵੀ, ਚਿੰਤਕਾਂ ਨੂੰ ਵੀ। ਇਹੋ ਪੜ੍ਹਾਈ ਲਿਖਣ-ਕਲਾ ਅਤੇ ਜਿਊਣ-ਕਲਾ ਵਿਚ ਵੀ ਸਹਾਈ ਹੁੰਦੀ ਹੈ।"

ਨੌਂ ਜੁਲਾਈ 1925 ਨੂੰ ਮੁੰਬਈ ਵਿਖੇ ਰੇਲਵੇ ਇੰਜਨੀਅਰ ਮਨਸ਼ਾ ਸਿੰਘ ਅਤੇ ਮਾਤਾ ਸ਼ਿਵ ਕੌਰ ਦੇ ਘਰ ਜਨਮੇ ਸੁਖਬੀਰ ਨੇ 87 ਸਾਲਾਂ ਦੀ ਲੰਮੀ ਉਮਰ ਬਹੁਤ ਹੀ ਸਾਦਗੀ ਤੇ ਸਹਿਜ ਨਾਲ ਗੁਜ਼ਾਰੀ। ਉਹ ਸਾਰੀ ਉਮਰ ਪੜ੍ਹਦੇ ਲਿਖਦੇ ਰਹੇ। ਮੈਨੂੰ ਅੱਜ ਵੀ ਯਾਦ ਹੈ ਕਿ ਇਸ ਮਿਲਣੀ 'ਚ ਉਨ੍ਹਾਂ ਨੇ ਪੰਜਾਬੀ ਦੀ ਬਹੁਤੀ ਲੈਅ ਵਿਹੂਣੀ ਕਵਿਤਾ 'ਤੇ ਚਿੰਤਾ ਪ੍ਰਗਟਾਈ। ਲੋੜੋਂ ਵੱਧ ਲੱਫ਼ਾਜ਼ੀ ਵਾਲੀ ਤੇ ਇੱਕੋ ਟਰੈਕ 'ਤੇ ਘੁੰਮਦੀ ਕਵਿਤਾ ਉਨ੍ਹਾਂ ਨੂੰ ਪਸੰਦ ਨਹੀਂ ਸੀ। ਸੁਖਬੀਰ ਭਾਵੇਂ ਆਪਣੇ ਰਹਿਣ-ਸਹਿਣ, ਖਾਣ-ਪੀਣ, ਪਹਿਰਾਵੇ 'ਚ ਏਨੇ ਆਧੁਨਿਕ ਜਾਂ ਵਿਲੱਖਣ ਨਹੀਂ ਸਨ ਪਰ ਆਪਣੇ ਵਿਚਾਰਾਂ ਤੇ ਸਾਹਿਤ ਅਤੇ ਜ਼ਿੰਦਗੀ ਦੇ ਸੁਹਜ ਸਵਾਦ ਵਿਚ ਬਣੇ ਬਣਾਏ ਰਾਹਾਂ 'ਤੇ ਨਾ ਤੁਰ ਕੇ ਕਾਫ਼ੀ ਹੱਦ ਤਕ ਨਵੇਂ, ਆਧੁਨਿਕ ਤੇ ਪ੍ਰਯੋਗਸ਼ੀਲ ਰਹੇ ਹਨ।

ਬਾਈ ਫਰਵਰੀ 2012 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਸੁਖਬੀਰ ਆਪਣੀਆਂ ਰਚਨਾਵਾਂ ਰਾਹੀਂ ਰਹਿੰਦੀ ਦੁਨੀਆਂ ਤੱਕ ਜਿਉਂਦੇ ਰਹਿਣਗੇ।

# ਅਸੀਂ ਚੀਜ਼ਾਂ ਭੁੱਲਦੇ ਕਿਉਂ ਹਾਂ?

ਵਧਦੀ ਉਮਰ ਨਾਲ ਦਿਮਾਗ਼ ਦੇ ਸੁੰਗੜਨ ਅਤੇ ਨਵੀਆਂ ਚੀਜ਼ਾਂ ਨੂੰ ਯਾਦ ਰੱਖਣ ਵਿਚਲੀ ਦਿੱਕਤ, ਆਮ ਹੀ ਦਿਸਦੀ ਹੈ। ਪਰ ਜੇ ਇਹ ਦਿੱਕਤ ਛੋਟੀ ਉਮਰ ਵਿਚ ਦਿਸਣ ਲੱਗ ਪਵੇ ਤਾਂ ਉਸ ਦੇ ਕਾਰਨਾਂ ਬਾਰੇ ਜ਼ਰੂਰ ਪਤਾ ਹੋਣਾ ਚਾਹੀਦਾ ਹੈ।

ਇਹ ਮੰਨੀ ਪ੍ਰਮੰਨੀ ਗੱਲ ਹੈ ਕਿ 65 ਸਾਲ ਦੀ ਉਮਰ ਤੋਂ ਬਾਅਦ ਹਰ ਪੰਜ ਸਾਲਾਂ ਬਾਅਦ ਪਹਿਲਾਂ ਨਾਲੋਂ ਦੁੱਗਣੀ ਯਾਦਾਸ਼ਤ ਦੀ ਕਮੀ ਹੋਣ ਲੱਗ ਪੈਂਦੀ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਸੰਤੁਲਿਤ ਖ਼ੁਰਾਕ, ਵਧੀਆ ਦੋਸਤੀਆਂ, ਮੇਲ-ਜੋਲ, ਕਸਰਤ ਆਦਿ ਨਾਲ ਵਡੇਰੀ ਉਮਰ ਤੱਕ ਯਾਦਾਸ਼ਤ ਤੇਜ਼ ਰੱਖੀ ਜਾ ਸਕਦੀ ਹੈ।

**ਡਾ. ਹਰਸ਼ਿੰਦਰ ਕੌਰ, ਐੱਮ.ਡੀ.**
**ਫੋਨ: 0175-2216783**

ਦੂਜੇ ਪਾਸੇ ਨੌਜਵਾਨਾਂ ਦੇ ਸਰੀਰ ਵਿਚ ਪਾਣੀ ਦੀ ਕਮੀ ਦੌਰਾਨ ਪੜ੍ਹੀਆਂ ਚੀਜ਼ਾਂ ਨੂੰ ਯਾਦ ਰੱਖਣ ਵਿਚ ਵੀ ਦਿੱਕਤ ਹੋ ਜਾਂਦੀ ਹੈ। ਭਾਵ ਹਮੇਸ਼ਾ ਵੱਡੀ ਬੀਮਾਰੀ ਹੀ ਨਹੀਂ ਬਲਕਿ ਸਿਰਫ਼ ਪਾਣੀ ਦੀ ਕਮੀ ਵੀ ਭੁੱਲਣ ਦਾ ਕਾਰਨ ਬਣ ਸਕਦੀ ਹੈ। ਇੰਜ ਹੀ ਥਾਇਰਾਇਡ ਹਾਰਮੋਨਾਂ ਦੀ ਗੜਬੜੀ (ਘੱਟ ਕੰਮ ਕਰਨਾ) ਵਿਚ ਹੁੰਦਾ ਹੈ।

ਰਾਤ ਭਰ ਬਹਿ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪਤਾ ਹੈ ਕਿ ਕਿਵੇਂ ਸਵੇਰੇ ਪੇਪਰ ਤੋਂ ਪਹਿਲਾਂ ਸਾਰੀਆਂ ਪੜ੍ਹੀਆਂ ਚੀਜ਼ਾਂ ਭੁੱਲ ਜਾਂਦੀਆਂ ਹਨ। ਇਸ ਤੱਥ ਦੀ ਵਿਗਿਆਨਕ ਵਿਆਖਿਆ ਕੀਤੀ ਜਾ ਚੁੱਕੀ ਹੈ। ਦਰਅਸਲ ਸੌਣ ਦੌਰਾਨ ਪਹਿਲਾਂ ਦੀਆਂ ਪੜ੍ਹੀਆਂ ਜਾਂ ਯਾਦ ਕੀਤੀਆਂ ਚੀਜ਼ਾਂ ਨੂੰ ਪੱਕੀਆਂ ਕਰਨ ਦਾ ਕੰਮ ਦਿਮਾਗ਼ ਅੰਦਰ ਚੱਲਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਨੀਂਦਰ ਦਾ ਸਮਾਂ ਜ਼ਰੂਰ ਪੂਰਾ ਕਰਨਾ ਚਾਹੀਦਾ ਹੈ। ਅੱਠ ਘੰਟੇ ਦੀ ਨੀਂਦਰ, ਰੋਜ਼ਾਨਾ ਦੀ ਕਸਰਤ, ਸੌਣ ਸਮੇਂ ਕੌਫ਼ੀ ਜਾਂ ਸ਼ਰਾਬ ਨਾ ਪੀਣੀ, ਯਾਦ ਕੀਤੀਆਂ ਚੀਜ਼ਾਂ ਨੂੰ ਪੱਕਿਆਂ ਕਰਨ ਵਿਚ ਮਦਦ ਕਰਦੇ ਹਨ।

**ਕੁੱਝ ਹੋਰ ਚੀਜ਼ਾਂ ਦਾ ਅਸਰ:**

**1. ਦਵਾਈਆਂ :** ਨੀਂਦਰ ਵਾਲੀਆਂ ਦਵਾਈਆਂ ਯਾਦਾਸ਼ਤ ਉੱਤੇ ਮਾੜਾ ਪ੍ਰਭਾਵ ਛੱਡਦੀਆਂ ਹਨ। ਇਸ ਦੇ ਨਾਲੋ-ਨਾਲ ਜ਼ੁਕਾਮ, ਬਲੱਡ ਪ੍ਰੈੱਸ਼ਰ, ਤਣਾਓ, ਢਹਿੰਦੀ ਕਲਾ ਆਦਿ ਲਈ ਵਰਤੀਆਂ ਜਾ ਰਹੀਆਂ ਦਵਾਈਆਂ ਵੀ ਯਾਦਾਸ਼ਤ ਘਟਾ ਦਿੰਦੀਆਂ ਹਨ। ਇਹ ਅਸਰ ਹਰ ਕਿਸੇ ਉੱਤੇ ਇੱਕੋ ਜਿਹਾ ਨਹੀਂ ਹੁੰਦਾ। ਹਰ ਸਰੀਰ ਵੱਖੋ-ਵੱਖ ਤਰ੍ਹਾਂ ਦਵਾਈਆਂ ਦਾ ਅਸਰ ਅਪਣਾਉਂਦਾ ਹੈ ਇਸੇ ਲਈ ਕੁੱਝ ਜਣੇ ਜ਼ੁਕਾਮ ਦੀਆਂ ਤਿੰਨ ਗੋਲੀਆਂ ਰੋਜ਼ ਖਾਣ ਬਾਅਦ ਵੀ ਚੁਸਤ ਰਹਿੰਦੇ ਹਨ ਤੇ ਕੁੱਝ ਅੱਧੀ ਗੋਲੀ ਨਾਲ ਹੀ ਮੂਧੇ ਪੈ ਜਾਂਦੇ ਹਨ।

ਜੇ ਜ਼ਿਆਦਾ ਨਸ਼ਾ ਮਹਿਸੂਸ ਹੋ ਰਿਹਾ ਹੋਵੇ ਤਾਂ ਦਵਾਈ ਦੀ ਖ਼ੁਰਾਕ ਘਟਾ ਦੇਣੀ ਚਾਹੀਦੀ ਹੈ ਜਾਂ ਦਵਾਈ ਬਦਲ ਲੈਣੀ ਚਾਹੀਦੀ ਹੈ।

**2. ਸ਼ੱਕਰ ਰੋਗ :** ਸਰੀਰ ਅੰਦਰ ਵਧੀ ਹੋਈ ਸ਼ੱਕਰ ਲਹੂ ਦੀਆਂ ਮਹੀਨ ਨਾੜੀਆਂ ਨੂੰ ਸੁੰਗੇੜ ਦਿੰਦੀ ਹੈ ਜਿਸ ਨਾਲ ਦਿਮਾਗ਼ ਵੱਲ ਜਾਂਦਾ ਲਹੂ ਘਟ ਜਾਂਦਾ ਹੈ ਤੇ ਯਾਦਾਸ਼ਤ ਵੀ ਘੱਟ ਹੋ ਜਾਂਦੀ ਹੈ। ਇਸੇ ਤਰ੍ਹਾਂ ਇਨਸੂਲਿਨ ਦੀ ਵਾਧੂ ਮਾਤਰਾ ਵੀ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਘਟਾ ਕੇ ਦਿਮਾਗ਼ ਦੇ ਸੈੱਲਾਂ ਦਾ ਨੁਕਸਾਨ ਕਰ ਦਿੰਦੀ ਹੈ। ਇੰਜ ਡੀਮੈਂਸ਼ੀਆ ਰੋਗ (ਭੁੱਲ ਜਾਣਾ) ਹੋਣ ਦੇ ਆਸਾਰ ਵਧ ਜਾਂਦੇ ਹਨ।

ਜੇ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਸਹੀ ਰੱਖੀ ਜਾਵੇ ਅਤੇ ਸਹੀ ਖ਼ੁਰਾਕ ਖਾਧੀ ਜਾਵੇ ਤਾਂ ਯਾਦਾਸ਼ਤ ਦੇਰ ਤੱਕ ਸਹੀ ਰੱਖੀ ਜਾ ਸਕਦੀ ਹੈ। ਇਸ ਦੇ ਨਾਲ ਰੈਗੂਲਰ ਕਸਰਤ ਵੀ ਬਹੁਤ ਫ਼ਾਇਦੇਮੰਦ ਹੈ।

**3. ਜੀਨ :** ਟੱਬਰ ਦੇ ਜੀਨਾਂ ਉੱਤੇ ਬਹੁਤ ਕੁੱਝ ਆਧਾਰਿਤ ਹੁੰਦਾ ਹੈ। ਜੇ ਘਰ ਵਿਚ ਪਹਿਲਾਂ ਵੱਡਿਆਂ ਦੀ ਯਾਦਾਸ਼ਤ ਛੋਟੀ ਉਮਰ ਵਿਚ ਘੱਟ ਰਹੀ ਹੋਵੇ ਤਾਂ ਅੱਗੋਂ ਬੱਚਿਆਂ ਵਿਚ ਵੀ ਅਜਿਹਾ ਵੇਖਣ ਨੂੰ ਮਿਲ ਸਕਦਾ ਹੈ। ਕਮਾਲ ਤਾਂ ਇਹ ਹੈ ਕਿ ਕਈ ਵਾਰ ਜੌੜੇ ਜੰਮੇ ਬੱਚਿਆਂ ਵਿਚੋਂ ਇਕ ਦੀ ਯਾਦਾਸ਼ਤ ਘਟੀ ਵੇਖੀ ਗਈ ਜਦ ਕਿ ਦੂਜਾ ਠੀਕ ਠਾਕ ਰਿਹਾ। ਇਸ ਸੰਬੰਧੀ ਡਾਕਟਰੀ ਖੋਜ ਹਾਲੇ ਅਧੂਰੀ ਹੈ।

**4. ਪਾਸਾ ਮਾਰਿਆ ਜਾਣਾ :** ਦਿਮਾਗ਼ ਦੇ ਇਕ ਹਿੱਸੇ ਵਿਚ ਰੋਕੇ ਸਦਕਾ ਲਹੂ ਦਾ ਘਟਣਾ, ਦਿਲ ਦੇ ਰੋਗ, ਬਲੱਡ ਪ੍ਰੈੱਸ਼ਰ ਦਾ ਵਧਣਾ, ਸਿਗਰਟ ਪੀਣੀ ਆਦਿ ਕਾਰਨਾਂ ਨਾਲ ਜਦੋਂ ਪਾਸਾ ਮਾਰਿਆ ਜਾਵੇ ਤਾਂ ਯਾਦਾਸ਼ਤ ਉੱਤੇ ਵੀ ਕਾਫ਼ੀ ਫ਼ਰਕ ਪੈ ਜਾਂਦਾ ਹੈ।

ਮੂੰਹ ਦਾ ਵਿਗੜਨਾ, ਬਾਂਹ ਦੀ ਕਮਜ਼ੋਰੀ ਅਤੇ ਬੋਲਣ ਵਿਚ ਅੜਚਣ, ਪਾਸਾ ਮਾਰੇ ਜਾਣ ਦੇ ਮੁੱਢਲੇ ਲੱਛਣ ਹੁੰਦੇ ਹਨ।

**5. ਸਿਗਰਟਨੋਸ਼ੀ :** ਇਹ ਲਹੂ ਦੀਆਂ ਨਾੜੀਆਂ ਉੱਤੇ ਮਾੜਾ ਪ੍ਰਭਾਵ ਪਾਉਂਦੀ ਹੈ। ਇਸੇ ਲਈ ਪਾਸਾ ਮਾਰੇ ਜਾਣ ਦੇ ਨਾਲ ਯਾਦਾਸ਼ਤ ਵੀ ਘਟਾਉਂਦੀ ਹੈ।

**6. ਦਿਲ ਦੇ ਰੋਗ :** ਲਹੂ ਦੀਆਂ ਨਾੜੀਆਂ ਅੰਦਰ ਜੰਮਦੇ ਥੱਪੇ ਹਾਰਟ ਅਟੈਕ ਦਾ ਖ਼ਤਰਾ ਵੀ ਵਧਾਉਂਦੇ ਹਨ ਤੇ ਨਾਲੋ ਨਾਲ ਪਾਸਾ ਮਾਰੇ ਜਾਣ ਅਤੇ ਯਾਦਾਸ਼ਤ ਘਟਣ ਦਾ ਵੀ।

ਇਹੋ ਸਭ ਕੁੱਝ ਬਲੱਡ ਪ੍ਰੈੱਸ਼ਰ ਦੇ ਵਧੇ ਨਾਲ ਹੁੰਦਾ ਹੈ। ਇਸੇ ਲਈ ਸੰਤੁਲਿਤ ਖ਼ੁਰਾਕ, ਕਸਰਤ, ਤਣਾਓ ਘਟਾਉਣਾ, ਧਿਆਨ ਲਾਉਣਾ ਆਦਿ ਕਾਫ਼ੀ ਅਸਰਦਾਰ ਸਾਬਤ ਹੋਏ ਹਨ। ਬਲੱਡ ਪ੍ਰੈੱਸ਼ਰ ਘਟਾਉਣ ਲਈ ਦਵਾਈ ਜ਼ਰੂਰ ਲੈਣੀ ਚਾਹੀਦੀ ਹੈ।

**7. ਢਹਿੰਦੀ ਕਲਾ ਅਤੇ ਤਣਾਓ :** ਘਬਰਾਹਟ, ਤਣਾਓ ਅਤੇ ਢਹਿੰਦੀ ਕਲਾ ਦੇ ਨਾਲ ਗੁੱਸਾ ਸਿਰਫ਼ ਆਪਣੇ ਸਰੀਰ ਅਤੇ ਦਿਮਾਗ਼ ਦਾ ਹੀ ਨਾਸ ਮਾਰਦੇ ਹਨ। ਇਸੇ ਲਈ ਯਾਦਾਸ਼ਤ ਘਟਾਉਣ ਨਾਲੋਂ ਜ਼ਿੰਦਗੀ ਨੂੰ ਰੱਜ ਕੇ ਜੀਊਣ ਅਤੇ ਸਕਾਰਾਤਮਕ ਸੋਚ ਨਾਲ ਵਧੀਆ ਸਮਾਂ ਲੰਘਾਇਆ ਜਾ ਸਕਦਾ ਹੈ।

**8. ਸਿਰ ਦੀ ਸੱਟ :** ਇਕਦਮ ਵੱਜੀ ਸੱਟ ਨਾਲ ਉਸ ਸਮੇਂ ਬਾਰੇ ਕੁੱਝ ਵੀ ਚੇਤੇ ਨਹੀਂ ਰਹਿੰਦਾ। ਸੱਟ ਠੀਕ ਹੋਣ ਬਾਅਦ ਵੀ ਉਹ ਯਾਦ ਕਈ ਵਾਰ ਵਾਪਸ ਨਹੀਂ ਆਉਂਦੀ ਤੇ ਅੱਗੋਂ ਵੀ ਗੱਲਾਂ ਛੇਤੀ ਭੁੱਲਣ ਲੱਗ ਪੈਂਦੀਆਂ ਹਨ। ਪੂਰਾ ਆਰਾਮ, ਸਹੀ ਸਮੇਂ ਸਿਰ ਲਈਆਂ ਦਵਾਈਆਂ, ਪਿਆਰ-ਦੁਲਾਰ, ਹੱਲਾਸ਼ੇਰੀ ਅਤੇ ਸਹੀ ਖ਼ੁਰਾਕ ਯਾਦਾਸ਼ਤ ਵਿਚ ਵਾਧਾ ਕਰ ਸਕਦੀ ਹੈ।

ਬੌਕਸਿੰਗ ਵਰਗੀਆਂ ਖੇਡਾਂ ਵਿਚ ਲਗਾਤਾਰ ਸਿਰ ਉੱਤੇ ਵਜਦੀਆਂ ਸੱਟਾਂ ਨਾਲ ਵੀ ਵਡੇਰੀ ਉਮਰ ਤੋਂ ਪਹਿਲਾਂ ਹੀ ਯਾਦਾਸ਼ਤ ਘਟਣ ਲੱਗ ਪੈਂਦੀ ਹੈ। ਜੇ ਹਲਕੀ ਸੱਟ ਵੱਜੀ ਹੋਵੇ ਪਰ ਨਜ਼ਰ ਧੁੰਧਲੀ ਪੈਂਦੀ ਦਿਸੇ, ਚੱਕਰ, ਘਬਰਾਹਟ, ਦਿਲ ਕੱਚਾ ਅਤੇ ਕੁੱਝ ਸਮਝ ਨਾ ਪੈ ਰਹੀ ਹੋਵੇ ਤਾਂ ਤੁਰੰਤ ਡਾਕਟਰ ਕੋਲ ਜਾਣਾ ਚਾਹੀਦਾ ਹੈ।

**9. ਮੋਟਾਪਾ :** ਮੋਟਾਪੇ ਦੇ ਸ਼ਿਕਾਰ ਲੋਕਾਂ ਵਿਚ ਵੀ ਅਧੇੜ ਉਮਰ ਤੋਂ ਪਹਿਲਾਂ ਹੀ ਯਾਦਾਸ਼ਤ ਦੀ ਕਮੀ ਵੇਖਣ ਨੂੰ ਮਿਲੀ ਹੈ। ਮੋਟਾਪੇ ਵਿਚ ਦਿਲ ਦੇ ਰੋਗ ਵੀ ਜਲਦੀ ਹੁੰਦੇ ਹਨ ਜਿਹੜੇ ਦਿਮਾਗ਼ ਦੀਆਂ ਨਸਾਂ ਉੱਤੇ ਅਸਰ ਪਾ ਸਕਦੇ ਹਨ। ਇਸੇ ਲਈ ਖ਼ੁਰਾਕ ਸਹੀ ਕਰਕੇ ਰੋਜ਼ਾਨਾ ਕਸਰਤ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

**10. ਕਸਰਤ ਨਾ ਕਰਨੀ :** ਜਿਨ੍ਹਾਂ ਵਿਚ ਯਾਦਾਸ਼ਤ ਦੀ ਕਮੀ ਹੋ ਚੁੱਕੀ ਹੋਵੇ, ਉਨ੍ਹਾਂ ਨੂੰ ਵੀ ਜੇ ਰੈਗੂਲਰ ਕਸਰਤ ਕਰਵਾਈ ਜਾਵੇ ਤਾਂ ਯਾਦਾਸ਼ਤ ਵਿਚ ਫ਼ਾਇਦਾ ਹੁੰਦਾ ਵੇਖਿਆ ਗਿਆ ਹੈ। ਇਸੇ ਗੱਲ ਤੋਂ ਹੀ ਸਮਝ ਆ ਜਾਂਦੀ ਹੈ ਕਿ ਕਸਰਤ ਦੀ ਕਮੀ ਕਿਵੇਂ ਦਿਮਾਗ਼ ਨੂੰ ਸੁੰਨ ਕਰ ਦਿੰਦੀ ਹੈ। ਭਾਵੇਂ ਦੌੜਿਆ ਜਾਵੇ, ਨੱਚਿਆ ਜਾਵੇ, ਤੈਰਿਆ ਜਾਵੇ ਜਾਂ ਤੇਜ਼ ਤੁਰਿਆ ਜਾਵੇ, ਹਫ਼ਤੇ ਵਿਚ ਘੱਟੋ-ਘੱਟ ਪੰਜ ਦਿਨ 40 ਮਿੰਟ ਕਸਰਤ ਕਰਨੀ ਜ਼ਰੂਰੀ ਹੈ।

**11. ਖ਼ੁਰਾਕ :** ਜਿਹੜੀ ਖ਼ੁਰਾਕ ਦਿਲ ਲਈ ਸਿਹਤਮੰਦ ਹੋਵੇ, ਉਹੀ ਖ਼ੁਰਾਕ ਦਿਮਾਗ਼ ਨੂੰ ਵੀ ਚੁਸਤ ਦਰੁਸਤ ਰੱਖਦੀ ਹੈ। ਛਾਣਬੂਰੇ ਵਾਲਾ ਆਟਾ, ਫਲ, ਸਬਜ਼ੀਆਂ, ਮੱਛੀ, ਸੁੱਕੇ ਮੇਵੇ, ਓਲਿਵ ਤੇਲ, ਬਲੂਬੈਰੀ, ਐਵੋਕੈਡੋ, ਰਾਗੀ ਦਾ ਆਟਾ, ਕੋਧਰੇ ਦਾ ਆਟਾ, ਹਰੀਆਂ ਫਲੀਆਂ ਆਦਿ, ਵਧੀਆ ਹਨ।


ਲਾਲ ਮੀਟ ਨਾ ਬਰਾਬਰ ਹੀ ਖਾਣਾ ਚਾਹੀਦਾ ਹੈ। ਵਾਧੂ ਥਿੰਦਾ ਅਤੇ ਮਿੱਠਾ ਵੀ ਨਹੀਂ ਖਾਣਾ ਚਾਹੀਦਾ। ਇੰਜ ਹੀ ਵਾਧੂ ਲੂਣ ਵੀ ਨੁਕਸਾਨ ਕਰਦਾ ਹੈ।

**12. ਸਿਰ ਅੰਦਰ ਰਸੌਲੀ, ਕੀਟਾਣੂਆਂ ਦਾ ਹਮਲਾ**

**13. ਵਿਟਾਮਿਨ ਬੀ 12 ਦੀ ਕਮੀ :** ਦਿਮਾਗ਼ ਦੇ ਸੈੱਲ ਅਤੇ ਸਰੀਰ ਦੇ ਲਾਲ ਸੈੱਲਾਂ ਨੂੰ ਸਹੀ ਰੱਖਣ ਵਿਚ ਇਹ ਸਹਾਈ ਹੁੰਦਾ ਹੈ। ਇਸੇ ਲਈ ਇਸ ਦੀ ਕਮੀ ਨਾਲ ਯਾਦਾਸ਼ਤ ਘੱਟ ਹੋ ਸਕਦੀ ਹੈ।

ਵਿਟਾਮਿਨ ਬੀ 12 ਜ਼ਿਆਦਾਤਰ ਮਾਸਾਹਾਰੀ ਖ਼ੁਰਾਕ ਵਿਚ ਹੁੰਦਾ ਹੈ।

**14. ਸ਼ਰਾਬ :** ਸ਼ਰਾਬ ਦਿਮਾਗ਼ ਵੱਲ ਜਾਂਦੀਆਂ ਨਾੜੀਆਂ ਭੀੜੀਆਂ ਕਰ ਦਿੰਦੀ ਹੈ। ਦਿਮਾਗ਼ ਵੱਲ ਜਾਂਦੇ ਲਹੂ ਦੀ ਕਮੀ ਸਦਕਾ ਯਾਦਾਸ਼ਤ ਘੱਟ ਹੋ ਜਾਂਦੀ ਹੈ।



**15. ਕੈਨੋਲਾ ਤੇਲ, ਕੌਰਨ ਤੇਲ ਤੇ ਸੈਫਲਾਵਰ ਤੇਲ (ਸਬਜ਼ੀਆਂ ਤੋਂ ਬਣੇ ਤੇਲ)**

ਇਨ੍ਹਾਂ ਵਿਚ ਓਮੇਗਾ 6 ਫੈਟੀ ਏਸਿਡ ਵਧ ਹੁੰਦਾ ਹੈ ਜੋ ਓਮੇਗਾ ਤਿੰਨ ਫੈਟੀ ਏਸਿਡ ਦਾ (ਮੱਛੀ, ਅਖਰੋਟ) ਦਾ ਅਸਰ ਘਟਾ ਦਿੰਦਾ ਹੈ। ਇਸ ਤਰ੍ਹਾਂ ਯਾਦਾਸ਼ਤ ਘਟਣੀ ਸ਼ੁਰੂ ਹੋ ਜਾਂਦੀ ਹੈ।

**16. ਸੋਡੇ ਤੇ ਐਨਰਜੀ ਡਰਿੰਕਸ :** ਸੰਨ 2013 ਅਤੇ 2017 ਵਿਚ ਹੋਈਆਂ ਖੋਜਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮਿੱਠੇ ਠੰਡੇ ਸੋਡੇ ਦਿਮਾਗ਼ ਦੇ ਯਾਦਾਸ਼ਤ ਵਾਲੇ ਹਿੱਸੇ ਦਾ ਨਾਸ ਮਾਰ ਦਿੰਦੇ ਹਨ। ਇਨ੍ਹਾਂ ਨਾਲ ਸ਼ੱਕਰ ਰੋਗ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ।

**17. ਬਰੈੱਡ, ਪਾਸਤਾ, ਚੌਲ, ਆਲੂ :** ਇਨ੍ਹਾਂ ਦਾ ਗਲਾਈਸੀਮਿਕ ਇੰਡੈਕਸ ਵੱਧ ਹੋਣ ਸਦਕਾ ਇਨ੍ਹਾਂ ਨੂੰ ਖਾਂਦੇ ਸਾਰ ਸਰੀਰ ਅੰਦਰ ਇਨਸੂਲਿਨ ਝਟਪਟ ਵਧ ਜਾਂਦੀ ਹੈ। ਜੇ ਇਹ ਰੈਗੂਲਰ ਵਰਤੇ ਜਾਂਦੇ ਹੋਣ ਤਾਂ ਦਿਮਾਗ਼ ਦੇ ਯਾਦਾਸ਼ਤ ਦੇ ਸੈਂਟਰ ਦਾ ਨੁਕਸਾਨ ਹੋ ਸਕਦਾ ਹੈ।

**18. ਤਲੀਆਂ ਚੀਜ਼ਾਂ :** 18,080 ਲੋਕਾਂ ਉੱਤੇ ਹੋਈ ਖੋਜ ਨੇ ਸਪੱਸ਼ਟ ਕੀਤਾ ਹੈ ਕਿ ਤਲੀਆਂ ਚੀਜ਼ਾਂ ਜਿਵੇਂ ਫਰੈਂਚ ਫਰਾਈਜ਼, ਫਰਾਈਡ ਚਿਕਨ, ਡੋਨੱਟ ਆਦਿ ਵੱਧ ਖਾਂਦੇ ਰਹਿਣ ਵਾਲਿਆਂ ਵਿਚ ਯਾਦਾਸ਼ਤ ਦੀ ਕਮੀ ਛੇਤੀ ਹੋ ਜਾਂਦੀ ਹੈ।

ਇੰਜ ਹੀ ਡਾਈਟ ਸੋਡੇ ਪੀਣ ਵਾਲਿਆਂ ਵਿਚ ਵੀ ਲੱਭਿਆ ਗਿਆ।

ਪ੍ਰੋਸੈੱਸਡ ਖਾਣੇ ਵੀ ਓਨੇ ਹੀ ਹਾਨੀਕਾਰਕ ਲੱਭੇ ਗਏ।

ਕਿਹੜੇ ਖਾਣੇ ਯਾਦਾਸ਼ਤ ਸਹੀ ਰੱਖਣ ਲਈ ਫ਼ਾਇਦੇਮੰਦ ਸਾਬਤ ਹੋ ਚੁੱਕੇ ਹਨ?

1. ਮੱਛੀ :- ਸਾਰਡੀਨ, ਟਰਾਊਟ, ਟੂਨਾ ਆਦਿ ਓਮੇਗਾ ਤਿੰਨ ਫੈਟੀ ਏਸਿਡ ਭਰਪੂਰ ਹਨ। ਦਿਮਾਗ਼ ਦਾ 60 ਫੀਸਦੀ ਹਿੱਸਾ ਥਿੰਦੇ ਦਾ ਭਰਿਆ ਪਿਆ ਹੈ ਜਿਸ ਵਿਚ ਜ਼ਿਆਦਾਤਰ ਓਮੇਗਾ ਤਿੰਨ ਫੈਟੀ ਏਸਿਡ ਹੁੰਦੇ ਹਨ।

2. ਸਵੇਰ ਵੇਲੇ ਪੀਤੀ ਕੌਫ਼ੀ : ਇਸ ਵਿਚਲੀ ਕੈਫ਼ੀਨ ਅਤੇ ਐਂਟੀਆਕਸੀਡੈਂਟ ਦਿਮਾਗ਼ ਨੂੰ ਚੁਸਤ ਅਤੇ ਸਿਹਤਮੰਦ ਰੱਖਦੇ ਹਨ। ਕੌਫ਼ੀ ਡੋਪਾਮੀਨ ਵੀ ਵਧਾ ਕੇ ਚੰਗਾ ਮਹਿਸੂਸ ਕਰਵਾਉਂਦੀ ਹੈ।

ਦਿਨ ਵਿਚ ਦੋ ਵਾਰ ਪੀਤੀ ਕੌਫ਼ੀ (ਬਹੁਤ ਸਟਰੌਂਗ ਨਾ ਹੋਵੇ) ਦੇਰ ਤੱਕ ਯਾਦਾਸ਼ਤ ਸਹੀ ਰੱਖਣ ਵਿਚ ਮਦਦ ਕਰਦੀ ਹੈ। ਚੇਤੇ ਰਹੇ ਕਿ ਇਸ ਵਿਚ ਮਿੱਠਾ ਬਿਲਕੁਲ ਨਹੀਂ ਪਾਉਣਾ ਹੁੰਦਾ।

3. ਬਲੂਬੈਰੀਆਂ : ਐਂਥੋਸਾਇਆਨਿਨ ਸਦਕਾ ਇਨ੍ਹਾਂ ਨੂੰ ਖਾਣ ਨਾਲ ਦਿਮਾਗ਼ ਦੇ ਸੈੱਲਾਂ ਵਿਚਲੇ ਜੋੜ ਅਤੇ ਉਨ੍ਹਾਂ ਦਾ ਕੰਮ ਕਾਰ ਸਹੀ ਰਹਿੰਦਾ ਹੈ। ਹਫ਼ਤੇ ਵਿਚ ਘੱਟੋ-ਘੱਟ ਤਿੰਨ ਦਿਨ ਨਾਸ਼ਤੇ ਵਿਚ ਅੱਧੀ ਕੌਲੀ ਬਲੂਬੈਰੀਆਂ ਖਾ ਲੈਣੀਆਂ ਚਾਹੀਦੀਆਂ ਹਨ।

4. ਹਲਦੀ : ਇਕ ਗੱਲ ਤਾਂ ਪੱਕੀ ਹੈ ਕਿ ਹਲਦੀ ਸਿੱਧਾ ਦਿਮਾਗ਼ ਵਿਚ ਪਹੁੰਚ ਨਹੀਂ ਸਕਦੀ। ਸਦੀਆਂ ਤੋਂ ਲੋਕ ਸੋਜ਼ਿਸ਼ ਘਟਾਉਣ, ਸੱਟ ਫੇਟ ਦੀ ਪੀੜ ਘਟਾਉਣ ਲਈ ਅਤੇ ਖੰਘ ਜ਼ੁਕਾਮ ਲਈ ਹਲਦੀ ਦੀ ਵਰਤੋਂ ਕਰਦੇ ਰਹੇ ਹਨ। ਇਹ ਸਾਰੇ ਅਸਰ ਹਲਦੀ ਵਿਚਲੇ ਕੁਰਕੁਮਿਨ ਸਦਕਾ ਦਿਸਦੇ ਹਨ। ਇਹੀ ਸੋਚ ਕੇ ਘਟੀ ਯਾਦਾਸ਼ਤ ਵਾਲੇ ਮਰੀਜ਼ਾਂ ਨੂੰ ਹਲਦੀ ਖੁਆਈ ਗਈ। ਹਲਦੀ ਵਿਚਲੇ ਐਂਟੀਆਕਸੀਡੈਂਟ ਅਤੇ ਕੁਰਕੁਮਿਨ ਨੇ ਦਿਮਾਗ਼ ਅੰਦਰ ਜੰਮੇ ਐਮੀਲਾਇਡ ਥੱਦੇ ਖ਼ੋਰ ਦਿੱਤੇ ਅਤੇ ਸਿਰੋਟੋਨਿਨ ਦੇ ਨਾਲ ਡੋਪਾਮੀਨ ਦੀ ਮਾਤਰਾ ਵਧਾ ਕੇ ਢਹਿੰਦੀ ਕਲਾ ਵੀ ਕਾਫ਼ੂਰ ਕਰ ਦਿੱਤੀ। ਸਿਰਫ਼ ਏਥੇ ਹੀ ਬਸ ਨਹੀਂ ਹੋਈ ਬਲਕਿ ਦਿਮਾਗ਼ ਵਿਚ ਨਵੇਂ ਸੈੱਲ ਬਣਾਉਣ ਵਿਚ ਵੀ ਹਲਦੀ ਦਾ ਵਧੀਆ ਅਸਰ ਲੱਭਿਆ। ਇਹ ''ਨਿਊਰੋਟਰੌਪਿਕ ਫੈਕਟਰ'' ਸਦਕਾ ਹੋਇਆ। ਖੋਜ ਵਿਚ ਸਾਰੇ ਮਰੀਜ਼ਾਂ ਨੂੰ 500 ਤੋਂ 2000 ਮਿਲੀਗ੍ਰਾਮ ਕੱਚੀ ਹਲਦੀ ਵਿਚ ਰੋਜ਼ ਕਾਲੀ ਮਿਰਚ ਰਲਾ ਕੇ ਦਿੱਤੀ ਗਈ ਸੀ। ਇਹ ਤਿੰਨ ਮਹੀਨੇ ਲਗਾਤਾਰ ਖਾਧੀ ਗਈ ਸੀ।

5. ਬਰੌਕਲੀ : ਵਿਟਾਮਿਨ ਕੇ ਭਰਪੂਰ ਬਰੌਕਲੀ ਵੀ ਵਧੀਆ ਅਸਰ ਵਿਖਾਉਂਦੀ ਹੈ। ਇਕ ਕੱਪ ਰੋਜ਼ ਬਰੌਕਲੀ ਖਾਣ ਨਾਲ ਦਿਮਾਗ਼ ਵਿਚਲੇ ਸਫ਼ਿੰਗੋਲਿਪਿਡ ਵਧ ਗਏ ਲੱਭੇ ਜੋ ਦਿਮਾਗ਼ ਦੇ ਸੈੱਲਾਂ ਦੇ ਕੰਮ ਕਾਰ ਲਈ ਲੋੜੀਂਦੇ ਹਨ।

6. ਪੇਠੇ ਦੇ ਬੀਜ : ਮੈਗਨੀਸ਼ੀਅਮ, ਲੋਹ ਕਣ, ਜ਼ਿੰਕ ਅਤੇ ਕੌਪਰ ਦੇ ਨਾਲ ਢੇਰ ਸਾਰੇ ਐਂਟੀਆਕਸੀਡੈਂਟ ਦਿਮਾਗ਼ ਲਈ ਬਿਹਤਰੀਨ ਸਾਬਤ ਹੋ ਚੁੱਕੇ ਹਨ। ਰੋਜ਼ ਨਾਸ਼ਤੇ ਵਿਚ ਇਕ ਚਮਚ ਤਿੰਨ ਮਹੀਨੇ ਲਗਾਤਾਰ ਖਾ ਲੈਣੇ ਚਾਹੀਦੇ ਹਨ।

7. ਡਾਰਕ ਚਾਕਲੇਟ : ਇਸ ਕਾਲੀ ਕੌੜੀ ਚਾਕਲੇਟ ਵਿਚ ਫਲੇਵੋਨਾਇਡ, ਕੈਫ਼ੀਨ ਅਤੇ ਐਂਟੀਆਕਸੀਡੈਂਟ ਭਰੇ ਪਏ ਹਨ। ਵਧਦੀ ਉਮਰ ਨਾਲ ਸੁੰਗੜਦਾ ਦਿਮਾਗ਼ ਵੀ ਇਸ ਦੀ ਵਰਤੋਂ ਨਾਲ ਦੇਰ ਤੱਕ ਚੁਸਤ ਦਰੁਸਤ ਰਹਿ ਸਕਦਾ ਹੈ। ਇਹ ਮੂਡ ਵੀ ਵਧੀਆ ਕਰ ਦਿੰਦੀ ਹੈ।

8. ਸੁੱਕੇ ਮੇਵੇ : ਕੁੱਝ ਔਰਤਾਂ ਉੱਤੇ ਸੰਨ 2014 ਵਿਚ ਹੋਈ ਖੋਜ ਅਨੁਸਾਰ ਸੁੱਕੇ ਮੇਵੇ ਲਗਾਤਾਰ ਰੋਜ਼ ਇਕ ਮੁੱਠੀ ਖਾਣ ਵਾਲੀਆਂ ਔਰਤਾਂ ਦੀ ਯਾਦਾਸ਼ਤ ਦੂਜਿਆਂ ਨਾਲੋਂ ਵੱਧ ਤੇਜ਼ ਲੱਭੀ। ਓਮੇਗਾ ਤਿੰਨ ਫੈਟੀ ਏਸਿਡ, ਵਿਟਾਮਿਨ ਈ, ਐਂਟੀਆਕਸੀਡੈਂਟ ਸਦਕਾ ਇਹ ਅਸਰ ਲੱਭੇ।

9. ਸੰਤਰੇ : ਇਕ ਵਿਚਕਾਰਲੇ ਮੇਲ ਦਾ ਸੰਤਰਾ ਰੋਜ਼ ਖਾਣਾ ਵੀ ਲਾਹੇਵੰਦ ਹੋ ਸਕਦਾ ਹੈ। ਇਸ ਵਿਚਲੇ ਵਿਟਾਮਿਨ ਸੀ ਸਦਕਾ ਇਹ ਅਸਰ ਦਿਸਦੇ ਹਨ।

10. ਆਂਡੇ : ਵਿਟਾਮਿਨ ਬੀ 6, 12, ਫੋਲੇਟ ਅਤੇ ਕੋਲੀਨ ਜਿੱਥੇ ਯਾਦਾਸ਼ਤ ਵਧਾਉਣ ਵਿਚ ਮਦਦ ਕਰਦੇ ਹਨ, ਉੱਥੇ ਮੂਡ ਵੀ ਵਧੀਆ ਕਰ ਦਿੰਦੇ ਹਨ। ਇਕ ਆਂਡੇ ਦੇ ਪੀਲੇ ਹਿੱਸੇ ਵਿਚ 112 ਮਿਲੀਗ੍ਰਾਮ ਕੋਲੀਨ ਹੈ ਜੋ ਦਿਮਾਗ਼ ਨੂੰ ਚੁਸਤ ਦਰੁਸਤ ਰੱਖਣ ਵਿਚ ਸਹਾਈ ਸਾਬਤ ਹੋ ਚੁੱਕੀ ਹੈ।

11. ਹਰੀ ਚਾਹ :- ਇਸ ਵਿਚਲਾ ਕੈਫ਼ੀਨ, ਥੀਆਨੀਨ (ਅਮਾਇਨੋ ਏਸਿਡ) ਦਿਮਾਗ਼ ਅੰਦਰ 'ਗਾਬਾ' ਵਧਾ ਕੇ ਦਿਮਾਗ਼ ਦੀ ਤਰਥੱਲੀ ਘਟਾ ਕੇ ਜਿੱਥੇ ਆਨੰਦ ਮਹਿਸੂਸ ਕਰਵਾਉਂਦੇ ਹਨ, ਉੱਥੇ ਸੈੱਲਾਂ ਦੀ ਗਿਣਤੀ ਵੀ ਘਟਣ ਨਹੀਂ ਦਿੰਦੇ।

ਬਸ ਇਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਇਹ ਖਾਣੇ ਜਾਦੂ ਟੂਣੇ ਵਾਂਗ ਅਸਰ ਨਹੀਂ ਵਿਖਾਉਂਦੇ ਬਲਕਿ ਰੋਜ਼ ਖਾਂਦੇ ਰਹਿਣ ਨਾਲ ਹੀ ਚੰਗਾ ਅਸਰ ਛੱਡਦੇ ਹਨ।

ਸਾਰ : ਹਰ ਸਾਲ ਦੁਨੀਆ ਭਰ ਵਿਚ 3.2 ਮਿਲੀਅਨ ਲੋਕ ਕਸਰਤ ਨਾ ਕਰਨ ਸਦਕਾ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਕੁੱਝ ਮੋਟਾਪੇ ਦੇ ਸ਼ਿਕਾਰ ਹੋ ਕੇ ਅਨੇਕ ਬੀਮਾਰੀਆਂ ਸਹੇੜ ਲੈਂਦੇ ਹਨ।

ਅੱਜ ਦੇ ਦਿਨ ਪੂਰੀ ਦੁਨੀਆ ਵਿਚ 55 ਮਿਲੀਅਨ ਲੋਕ ਯਾਦਾਸ਼ਤ ਦੀ ਕਮੀ ਨਾਲ ਜੂਝ ਰਹੇ ਹਨ ਅਤੇ ਹਰ ਸਾਲ ਇਸ ਗਿਣਤੀ ਵਿਚ 10 ਮਿਲੀਅਨ ਵਾਧਾ ਹੋ ਜਾਂਦਾ ਹੈ। ਬਹੁਤਿਆਂ ਨੂੰ ਇੰਜ ਹੀ ਧੱਕੇ ਖਾਣ ਲਈ ਘਰੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਬਥੇਰੇ ਘਰਾਂ ਅੰਦਰ ਬੰਨ੍ਹ ਕੇ ਰੱਖ ਦਿੱਤੇ ਜਾਂਦੇ ਹਨ। ਬਥੇਰੇ ਗ਼ਰੀਬ ਘਰਾਂ ਵਿਚਲੇ ਇਸ ਬੀਮਾਰੀ ਨਾਲ ਜੂਝਦੇ ਇਲਾਜ ਖੁਣੋਂ ਮੌਤ ਦੇ ਮੂੰਹ ਵੱਲ ਚਲੇ ਜਾਂਦੇ ਹਨ।

ਅੱਜ ਦੇ ਦਿਨ ਦੁਨੀਆ ਵਿਚਲੇ ਸਭ ਤੋਂ ਵੱਧ ਡੀਮੈਂਸ਼ੀਆ ਦੇ ਮਰੀਜ਼ ਕਤਰ, ਦੁਬਈ, ਬਹਿਰੀਨ, ਸਾਊਦੀ ਅਰਬ, ਓਮਾਨ, ਕੁਵੈਤ ਤੇ ਇਰਾਕ ਵਿਚ ਹਨ।

ਇਸ ਸਮੇਂ ਵਿਸ਼ਵ ਪੱਧਰ ਉੱਤੇ ਇਹ ਐਲਾਨ ਕਰ ਦਿੱਤਾ ਗਿਆ ਹੈ ਕਿ ਜੇ ਵੇਲੇ ਸਿਰ ਕਦਮ ਨਾ ਪੁੱਟੇ ਗਏ ਤਾਂ ਸੰਨ 2050 ਤੱਕ ਡੀਮੈਂਸ਼ੀਆ ਦੇ ਮਰੀਜ਼ਾਂ ਦੀ ਗਿਣਤੀ ਹੁਣ ਤੋਂ ਤਿੰਨ ਗੁਣਾ (153 ਮਿਲੀਅਨ) ਵੱਧ ਹੋ ਜਾਣ ਵਾਲੀ ਹੈ ਜੋ ਬਹੁਤ ਜ਼ਿਆਦਾ ਖ਼ਤਰਨਾਕ ਸਾਬਤ ਹੋ ਸਕਦੀ ਹੈ। ਅੱਜ ਦੇ ਦਿਨ ਭਾਰਤ ਵਿਚ ਵੀ 10 ਮਿਲੀਅਨ ਤੋਂ ਵੱਧ ਮਰੀਜ਼ ਭੁੱਲ ਜਾਣ ਦੀ ਬੀਮਾਰੀ ਨਾਲ ਜੂਝ ਰਹੇ ਹਨ ਜਿਨ੍ਹਾਂ ਵਿੱਚੋਂ 60 ਸਾਲ ਦੀ ਉਮਰ ਤੋਂ ਵੱਧ 80 ਫੀਸਦੀ ਹਨ ਤੇ ਬਾਕੀ ਛੋਟੀ ਉਮਰ ਦੇ। ਇਨ੍ਹਾਂ ਅੰਕੜਿਆਂ ਤੋਂ ਸਮਝ ਆ ਜਾਂਦੀ ਹੈ ਕਿ ਮੌਜੂਦਾ ਲੇਖ ਕੀ ਅਹਿਮੀਅਤ ਰੱਖਦਾ ਹੈ।

ਕਿਵੇਂ ਪਤਾ ਲੱਗੇ ਕਿ ਭੁੱਲਣ ਦੀ ਬੀਮਾਰੀ ਸੀਰੀਅਸ ਹੋ ਰਹੀ ਹੈ?

1. ਇੱਕੋ ਸਵਾਲ ਬਾਰ ਬਾਰ ਪੁੱਛਿਆ ਜਾ ਰਿਹਾ ਹੋਵੇ
2. ਆਮ ਜਿਹੇ ਸ਼ਬਦ ਵੀ ਬੋਲਣ ਲੱਗਿਆਂ ਭੁੱਲਣ ਲੱਗ ਪੈਣ
3. ਲਫ਼ਜ਼ਾਂ ਵਿਚ ਗੜਬੜੀ ਜਿਵੇਂ ਮੇਜ਼ ਨੂੰ ਮੰਜਾ ਕਹਿ ਦੇਣਾ
4. ਕਿਸੇ ਚੀਜ਼ ਨੂੰ ਬਣਾਉਣ ਲੱਗਿਆਂ ਉਸ ਦਾ ਢੰਗ ਭੁੱਲਣ ਲੱਗ ਪਵੇ ਜੋ ਰੋਜ਼ ਬਣਾਇਆ ਜਾਂਦਾ ਹੋਵੇ ਜਿਵੇਂ ਦਹੀਂ ਜਮਾਉਣਾ, ਦਾਲ ਬਣਾਉਣੀ ਆਦਿ।
5. ਊਟ ਪਟਾਂਗ ਚੀਜ਼ਾਂ ਕਰਨੀਆਂ ਜਿਵੇਂ ਤੜਕੇ ਵਿਚ ਚਾਹ ਪੱਤੀ ਪਾਉਣੀ ਜਾਂ ਪਰਸ ਰਸੋਈ ਦੇ ਫੱਟੇ ਉੱਤੇ ਰੱਖ ਦੇਣਾ, ਚਾਬੀ ਗੁਸਲਖਾਨੇ ਵਿਚ ਰੱਖ ਦੇਣੀ ਆਦਿ।
6. ਉਸੇ ਰਾਹ ਚੱਲਦਿਆਂ ਰਸਤਾ ਭੁੱਲ ਜਾਣਾ
7. ਰੋਜ਼ ਵਾਲਾ ਆਲਾ-ਦੁਆਲਾ ਵੇਖ ਕੇ ਵੀ ਯਾਦ ਨਾ ਆਵੇ ਕਿੱਧਰ ਜਾਣਾ ਹੈ
8. ਇਕਦਮ ਭੜਕ ਜਾਣਾ ਜਾਂ ਅਜੀਬ ਵਿਹਾਰ ਕਰਨ ਲੱਗ ਜਾਣਾ ਜਿਸ ਪਿੱਛੇ ਓਨਾ ਮਾੜਾ ਕਿਹਾ ਹੀ ਨਾ ਗਿਆ ਹੋਵੇ।

ਜੇ ਅਜਿਹੇ ਲੱਛਣ ਦਿਸਣ ਤਾਂ ਬੰਦੇ ਨੂੰ ਤੁਰੰਤ ਸਿਆਣੇ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ।

# ਲੋਕ ਸੰਘਰਸ਼ ਦਾ ਜੁਝਾਰੂ ਨਾਇਕ ਪ੍ਰਤਾਪ ਸਿੰਘ ਬਾਗੀ ਜਖੇਪਲ

ਪ੍ਰਤਾਪ ਸਿੰਘ ਬਾਗੀ ਲੋਕ ਸੰਘਰਸ਼ ਦਾ ਜੁਝਾਰੂ ਨਾਇਕ ਸੀ ਜਿਸ ਨੇ ਨਿੱਜ ਤੋਂ ਉੱਪਰ ਉੱਠ ਕੇ ਆਪਣੀ ਪੂਰੀ ਜ਼ਿੰਦਗੀ ਲੋਕ ਹਿੱਤਾਂ ਦੇ ਸੰਘਰਸ਼ਾਂ ਲਈ ਲਾ ਦਿੱਤੀ। ਅੱਜ ਉਹ ਇਸ ਦੁਨੀਆਂ 'ਤੇ ਨਹੀਂ ਰਿਹਾ, ਪਰ ਸੁਤੰਤਰਤਾ ਸੰਗਰਾਮੀਆਂ ਵਿੱਚ ਅੱਜ ਵੀ ਉਸ ਦਾ ਨਾਂ ਮੂਹਰਲੀ ਕਤਾਰ ਵਿੱਚ ਬੋਲਦਾ ਹੈ। ਪ੍ਰਤਾਪ ਸਿੰਘ ਬਾਗੀ ਦਾ ਜਨਮ 29 ਮਈ 1922 ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਜਖੇਪਲ ਚੌਂਵਾਸ ਵਿਖੇ ਪਿਤਾ ਸੂਬੇਦਾਰ ਕਿਸ਼ਨ ਸਿੰਘ ਸਿੱਧੂ ਅਤੇ ਮਾਤਾ ਹਰ ਕੌਰ ਦੇ ਘਰ ਹੋਇਆ। ਉਹ ਦੋ ਭਰਾਵਾਂ ਅਤੇ ਪੰਜ ਭੈਣਾਂ ਤੋਂ

**ਸੰਪੂਰਨ ਸਿੰਘ ਛਾਜਲੀ**
**ਸੰਪਰਕ: 97793-94760**

ਛੋਟੇ ਸਨ। ਇਨ੍ਹਾਂ ਦੇ ਜਨਮ ਤੋਂ ਪੰਜ ਛੇ ਸਾਲ ਪਹਿਲਾਂ ਤੋਂ ਪੰਜਾਬ ਵਿੱਚ ਉਥਲ-ਪੁਥਲ ਵਾਲੇ ਹਾਲਾਤ ਸਨ। 1917 ਵਿੱਚ ਅੰਗਰੇਜ਼ ਸਰਕਾਰ ਵੱਲੋਂ ਬਣਾਏ ਰੌਲੈਟ ਐਕਟ ਦਾ ਸਾਰੇ ਦੇਸ਼ ਵਿੱਚ ਵਿਰੋਧ ਹੋ ਰਿਹਾ ਸੀ, ਪਰ ਪੈਪਸੂ ਪਟਿਆਲਾ ਦੀ ਮਾਲਵਾ ਪੱਟੀ ਵਿੱਚ ਇਸ ਦਾ ਤਿੱਖਾ ਵਿਰੋਧ ਸੀ। ਇਸ ਪਿੱਠਭੂਮੀ ਵਿੱਚੋਂ ਹੀ ਜਲਿਆਂਵਾਲੇ ਬਾਗ਼ ਦਾ ਸਾਕਾ ਹੋਇਆ ਸੀ। ਅਜਿਹੇ ਸੰਦਰਭ ਵਿੱਚ ਉਨ੍ਹਾਂ ਦੀ ਮਾਤਾ 'ਤੇ ਹੋਇਆ ਚੌਗਿਰਦੇ ਦਾ ਅਸਰ ਅਚੇਤ ਤੌਰ 'ਤੇ ਪ੍ਰਤਾਪ ਸਿੰਘ ਬਾਗੀ ਦੇ ਮਨ 'ਤੇ ਪੈਣਾ ਸੁਭਾਵਿਕ ਸੀ। ਪਰਵਿਾਰ ਵਿੱਚ ਸਾਰਿਆਂ ਤੋਂ ਛੋਟਾ ਹੋਣ ਕਾਰਨ ਉਹ ਮਾਪਿਆਂ ਦਾ ਸਭ ਤੋਂ ਲਾਡਲਾ ਪੁੱਤਰ ਸੀ। ਜਵਾਨੀ ਪਹਿਰੇ ਹੀ ਉਹ ਸਿਆਸੀ ਸਰਗਰਮੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲੱਗਿਆ ਸੀ। ਇਸ ਸਮੇਂ ਦੌਰਾਨ ਉਸ ਦਾ ਵਿਆਹ ਅਮਰਗੜ੍ਹ ਨੇੜਲੇ ਪਿੰਡ ਲਾਂਗੜੀਆਂ ਦੇ ਸੂਬੇਦਾਰ ਸਰਦਾਰਾ ਸਿੰਘ ਦੀ ਪੜ੍ਹੀ ਲਿਖੀ ਧੀ ਬੀਬੀ ਸਤਵੰਤ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਧੀਆਂ ਜਸਵੀਰ ਕੌਰ, ਜਤਿੰਦਰ ਕੌਰ ਅਤੇ ਇੱਕ ਪੁੱਤਰ ਪਰਮਜੀਤ ਸਿੰਘ ਸਿੱਧੂ ਉਰਫ਼ ਪੰਮੀ ਬਾਈ ਨੇ ਜਨਮ ਲਿਆ। ਪ੍ਰਤਾਪ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਤੋਂ ਪ੍ਰਾਪਤ ਕਰਨ ਉਪਰੰਤ ਦਸਵੀਂ ਸੁਨਾਮ ਦੇ ਸਰਕਾਰੀ ਸਕੂਲ ਤੋਂ ਕੀਤੀ। ਬਾਅਦ ਵਿੱਚ ਗਿਆਨੀ ਪਾਸ ਕਰਨ ਉਪਰੰਤ ਗਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਨਕਸ਼ਾਨਵੀਸੀ ਦਾ ਕੋਰਸ ਕੀਤਾ। ਇਸ ਦੌਰਾਨ ਹੀ ਬਾਗੀ 'ਤੇ ਉਸ ਸਮੇਂ ਦੇ ਹਾਲਾਤ ਦਾ ਅਸਰ ਰਿਹਾ ਤੇ ਉਸ ਨੇ ਆਪਣੇ ਜਮਾਤੀ ਕਾਮਰੇਡ ਬਚਨ ਸਿੰਘ ਉਰਫ਼ ਗੁਰਬਚਨ ਸਿੰਘ (ਜੋ ਬਾਅਦ ਵਿੱਚ 1952 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਜੇਲ੍ਹ ਵਿੱਚ ਹੁੰਦਿਆਂ ਹੀ ਚੋਣਾਂ ਜਿੱਤ ਕੇ ਵਿਧਾਇਕ ਬਣ ਗਏ ਸਨ) ਨਾਲ ਮਿਲ ਕੇ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਦਾ ਮਨ ਬਣਾਇਆ ਹੋਇਆ ਸੀ। ਦੋਵੇਂ ਇਕੱਠੇ ਬਰਤਾਨਵੀ ਹਕੂਮਤ ਦੀ ਹਿੰਦੋਸਤਾਨੀ ਫ਼ੌਜ ਵਿੱਚ ਭਰਤੀ ਹੋਣ ਲਈ ਜਲੰਧਰ ਗਏ। ਇੱਥੇ ਹੀ ਉਨ੍ਹਾਂ ਨੇ ਸਿਆਸੀ ਜਲਸੇ ਵਿੱਚ ਉੱਘੇ ਆਗੂ ਤੇਜਾ ਸਿੰਘ ਸੁਤੰਤਰ ਦੇ ਵਿਚਾਰ ਸੁਣੇ ਜਿਸ ਨੇ ਉਨ੍ਹਾਂ ਦੇ ਜੀਵਨ ਨੂੰ ਇਨਕਲਾਬੀ ਜਾਗ ਲਗਾਈ। ਗਿਆਨੀ ਬਚਨ ਸਿੰਘ ਦੇ ਦੱਸਣ ਅਨੁਸਾਰ ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਿਲ ਹੋ ਕੇ ਦੇਸ਼ ਸੇਵਾ ਕਰਨ ਦਾ ਮਨ ਬਣਾ ਲਿਆ।

ਦੇਸ਼ ਵੰਡ ਸਮੇਂ ਮਨੁੱਖਤਾ ਦਾ ਘਾਣ ਹੋਇਆ। ਉਸ ਸਮੇਂ ਪ੍ਰਤਾਪ ਸਿੰਘ ਬਾਗੀ ਅਤੇ ਬਚਨ ਸਿੰਘ ਦੇ ਉਪਰਾਲਿਆਂ ਸਦਕਾ ਪਿੰਡ ਬਖਸ਼ੀਵਾਲਾ ਅਤੇ ਜਖੇਪਲ ਵਿੱਚ ਮੁਸਲਮਾਨ ਪਰਵਿਾਰਾਂ ਦੇ ਕਿਸੇ ਵੀ ਜੀਅ ਦਾ ਨੁਕਸਾਨ ਨਹੀਂ ਹੋਇਆ। ਇਸ ਬਹਾਦਰੀ ਨਾਲ ਉਨ੍ਹਾਂ ਨੇ ਸੱਚੇ ਮਾਨਵਵਾਦੀ ਹੋਣ ਦਾ ਸਬੂਤ ਪੇਸ਼ ਕੀਤਾ। ਇਸ ਸਮੇਂ ਪੈਪਸੂ ਦੇ ਹੋਂਦ ਵਿੱਚ ਆਉਣ ਉਪਰੰਤ ਇਸ ਦਾ ਪਹਿਲਾ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਨੂੰ ਬਣਾਇਆ ਗਿਆ ਸੀ। ਪੈਪਸੂ ਦੀ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਰਾੜੇਵਾਲਾ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ। ਇਸ ਮਗਰੋਂ ਕਾਂਗਰਸੀ ਆਗੂ ਕਰਨਲ ਰਘਵੀਰ ਸਿੰਘ ਨੂੰ ਪੈਪਸੂ ਦਾ ਮੁੱਖ ਮੰਤਰੀ ਬਣਾਇਆ ਗਿਆ। 1954 ਵਿੱਚ ਕਰਨਲ ਰਘਵੀਰ ਸਿੰਘ ਦੀ ਮੌਤ ਤੋਂ ਬਾਅਦ ਹੋਈਆਂ ਜ਼ਿਮਨੀ ਚੋਣਾਂ ਵਿੱਚ ਪ੍ਰਤਾਪ ਸਿੰਘ ਬਾਗੀ ਨੂੰ ਸੁਨਾਮ ਸੀਟ ਅਤੇ ਗੁਰਬਚਨ ਸਿੰਘ ਨੂੰ ਲਹਿਰਾ ਸੀਟ 'ਤੇ ਚੋਣ ਲੜਾਈ ਗਈ। ਇਸ ਸਮੇਂ ਪ੍ਰਤਾਪ ਸਿੰਘ ਬਾਗੀ ਹਰਮਨ ਪਿਆਰਾ ਨੇਤਾ ਬਣ ਚੁੱਕਾ ਸੀ। ਦਿੜ੍ਹਬਾ ਤੇ ਭਵਾਨੀਗੜ੍ਹ ਵਿਧਾਨ ਸਭਾ ਹਲਕਾ ਸੁਨਾਮ ਦਾ ਹਿੱਸਾ ਸਨ ਅਤੇ ਪ੍ਰਤਾਪ ਸਿੰਘ ਬਾਗੀ ਇਨ੍ਹਾਂ ਇਲਾਕਿਆਂ ਵਿੱਚ ਜਾਣਿਆ-ਪਛਾਣਿਆ ਆਗੂ ਸੀ। ਉਸ ਸਮੇਂ ਲੋਕਾਂ ਨੂੰ ਵਿਸ਼ਵਾਸ ਸੀ ਕਿ ਪ੍ਰਤਾਪ ਸਿੰਘ ਬਾਗੀ ਇੱਕ ਅਜਿਹਾ ਕੱਦਾਵਰ ਨੇਤਾ ਹੈ ਜਿਹੜਾ ਸੁਨਾਮ ਅਸੈਂਬਲੀ ਦੀ ਸੀਟ ਸਹਿਜੇ ਹੀ ਜਿੱਤ ਸਕਦਾ ਹੈ ਪਰ ਸੂਬਾਈ ਪਾਰਟੀ ਦੇ ਫ਼ੈਸਲਿਆਂ ਨੂੰ ਮੁੱਖ ਰੱਖਦਿਆਂ ਦੋਵੇਂ ਸੀਟਾਂ ਹਾਰਨ ਉਪਰੰਤ ਦੋਵਾਂ ਮਿੱਤਰਾਂ ਦੇ ਸਬੰਧ ਸੁਖਾਵੇਂ ਨਾ ਰਹੇ ਅਤੇ ਬਾਅਦ ਵਿੱਚ ਇਸ ਦੇ ਮਾੜੇ ਨਤੀਜੇ ਨਿਕਲੇ। ਦਰਅਸਲ, ਪਾਰਟੀ ਅੰਦਰ ਖਿੱਚੋਤਾਣ ਨਾ ਹੁੰਦੀ ਤਾਂ ਬਾਗੀ ਨੇ ਇਹ ਸੀਟ ਜ਼ਰੂਰ ਜਿੱਤ ਲੈਣੀ ਸੀ। ਇਹ ਸੰਭਾਵਨਾ ਹੈ ਕਿ ਲਹਿਰੇ ਵਾਲੀ ਸੀਟ 'ਤੇ ਗਿਆਨੀ ਗੁਰਬਚਨ ਸਿੰਘ ਬਖਸ਼ੀਵਾਲਾ ਦੇ ਜਿੱਤਣ ਕਾਰਨ ਪਾਰਟੀ ਹੋਰ ਮਜ਼ਬੂਤ ਹੋ ਜਾਂਦੀ। ਇਸ ਚੋਣ ਮੁਹਿੰਮ ਵਿੱਚ ਖ਼ਾਸ ਤੌਰ 'ਤੇ ਮਰਹੂਮ ਕਰਨੈਲ ਸਿੰਘ ਪਾਰਸ ਅਤੇ ਅਮਰਜੀਤ ਗੁਰਦਾਸਪੁਰੀ ਦੇ ਨਾਲ ਨਾਲ ਪ੍ਰੋਫੈਸਰ ਰਮੇਸ਼ ਬਾਲੀਆ, ਦਵਿੰਦਰ ਮਾਨਖੇੜਾ




ਐਮ.ਏ, ਬਾਬਾ ਹਰਨਾਮ ਸਿੰਘ ਧਰਮਗੜ੍ਹ, ਲਹੌਰੀ ਰਾਮ ਪ੍ਰਦੇਸੀ, ਬਹਾਦਰ ਸਿੰਘ ਹਰੀਗੜ੍ਹ, ਗੁਰਬਚਨ ਸਿੰਘ ਰਾਹੀ, ਪ੍ਰੇਮ ਸਿੰਘ ਲਗਨ, ਪਿੰਡ ਛਾਜਲੀ ਤੋਂ ਬੁੱਗਰ ਸਿੰਘ, ਟੇਕ ਸਿੰਘ ਅਤੇ ਇੰਦਰ ਸਿੰਘ, ਹਰਨਾਮ ਸਿੰਘ ਛਾਹੜ ਜਿਹੇ ਪਾਰਟੀ ਆਗੂਆਂ ਨੇ ਬਾਗੀ ਦੀ ਜਿੱਤ ਲਈ ਪੂਰਾ ਤਾਣ ਲਾਇਆ। ਬਾਅਦ ਵਿੱਚ ਬਲਾਕ ਸੰਮਤੀ ਚੀਮਾ ਦੀ ਚੋਣ ਸਮੇਂ ਪਿੰਡ ਜਖੇਪਲ ਤੇ ਬਖਸ਼ੀਵਾਲਾ ਚੀਮਾ ਵਿੱਚ ਪੈਂਦੇ ਸਨ। ਉਸ ਸਮੇਂ ਵੀ ਬਲਾਕ ਸੰਮਤੀ ਦੀ ਚੇਅਰਮੈਨੀ ਨੂੰ ਲੈ ਕੇ ਦੋ ਗਰੁੱਪ ਬਣੇ ਜਿਸ ਵਿੱਚੋਂ ਇੱਕ ਦੀ ਗਿਆਨੀ ਗੁਰਬਚਨ ਸਿੰਘ ਤੇ ਦੂਜੇ ਦੀ ਪ੍ਰਤਾਪ ਸਿੰਘ ਬਾਗੀ ਅਗਵਾਈ ਕਰ ਰਹੇ ਸਨ। ਉਸ ਸਮੇਂ ਪ੍ਰਤਾਪ ਸਿੰਘ ਬਾਗੀ ਨੇ ਆਪਣੇ ਬਹੁਗਿਣਤੀ ਮੈਂਬਰ ਆਪਣੇ ਮਿੱਤਰ ਨਿਰੰਜਣ ਸਿੰਘ ਚੀਮਾ ਦੇ ਫਾਰਮ ਹਾਊਸ ਵਿੱਚ ਇਕੱਠੇ ਕਰ ਲਏ ਜਿਸ ਦਾ ਗਿਆਨੀ ਬਚਨ ਸਿੰਘ ਨੂੰ ਪਤਾ ਲੱਗ ਗਿਆ। ਇਸ 'ਤੇ ਗਿਆਨੀ ਬਚਨ ਸਿੰਘ ਨੇ ਪੰਜਾਬ ਦੇ ਉੱਘੇ ਸਿਆਸਤਦਾਨ ਗਿਆਨੀ ਕਰਤਾਰ ਸਿੰਘ ਨਾਲ ਤਾਲਮੇਲ ਕਰ ਕੇ ਉਸ ਰਾਹੀਂ ਕਈ ਬਹੁਸੰਮਤੀ ਮੈਂਬਰ ਬਾਗੀ ਦੇ ਗਰੁੱਪ ਨਾਲੋਂ ਵੱਖਰੇ ਕਰ ਲਏ। ਬਾਗੀ ਨੂੰ ਚੇਅਰਮੈਨ ਬਣਾਉਣ ਦੀ ਵਾਅਦਾਖ਼ਿਲਾਫੀ ਕਰਦਿਆਂ ਗਿਆਨੀ ਕਰਤਾਰ ਸਿੰਘ ਦਾ ਹੁਕਮ ਮੰਨ ਕੇ ਨਿਰੰਜਣ ਸਿੰਘ ਆਪ ਹੀ ਇਸ ਅਹੁਦੇ 'ਤੇ ਕਾਬਜ਼ ਹੋ ਗਏ। ਇਸ ਤਰ੍ਹਾਂ ਦੋਵਾਂ ਵਿੱਚ ਆਪਸੀ ਰੰਜ਼ਿਸ਼ ਹੋਰ ਵਧ ਗਈ ਜਿਸ ਨਾਲ ਪਾਰਟੀ ਦਾ ਪ੍ਰਭਾਵ ਪੇਤਲਾ ਹੁੰਦਾ ਗਿਆ। ਅਖੀਰ ਦੋਵਾਂ ਨੂੰ ਕਮਿਊਨਿਸਟ ਪਾਰਟੀ ਵਿੱਚ ਰਹਿ ਕੇ ਕੰਮ ਕਰਨਾ ਅਸੰਭਵ ਹੋ ਗਿਆ ਜਿਸ ਕਰਕੇ ਦੋਵੇਂ ਹੀ ਪਾਰਟੀ ਤੋਂ ਕਿਨਾਰਾ ਕਰ ਗਏ। 1956 ਵਿੱਚ ਕਮਿਊਨਿਸਟ ਪਾਰਟੀ ਦੀ ਪਾਲਘਾਟ ਵਿਖੇ ਹੋਈ ਮੀਟਿੰਗ ਸਮੇਂ ਪਾਰਟੀ ਨੇ ਆਪਣਾ ਰਾਜਨੀਤਕ ਉਦੇਸ਼ ਭਾਰਤੀ ਸੰਵਿਧਾਨ ਤਹਿਤ ਰਹਿ ਕੇ ਪੂਰਾ ਕਰਨ ਦਾ ਨਿਰਣਾ ਲਿਆ। ਉਸ ਕਾਨਫਰੰਸ ਦੌਰਾਨ ਪੰਜਾਬ ਵੱਲੋਂ ਡੈਲੀਗੇਟ ਜਗਜੀਤ ਸਿੰਘ ਆਨੰਦ ਅਤੇ ਪ੍ਰਤਾਪ ਸਿੰਘ ਬਾਗੀ ਹੋਰਾਂ ਨੇ ਹਰਕ੍ਰਿਸ਼ਨ ਸਿੰਘ ਸੁਰਜੀਤ ਹੋਰਾਂ ਦੀ ਇੱਛਾ ਅਨੁਸਾਰ ਸਟੈਂਡ ਨਾ ਲਿਆ। ਇਸ ਕਰਕੇ ਇਨ੍ਹਾਂ 'ਤੇ ਪਾਰਟੀ ਵਿਰੋਧੀ ਸਰਗਰਮੀਆਂ ਦਾ ਦੋਸ਼ ਲਾ ਕੇ ਪਾਰਟੀ 'ਚੋਂ ਬਰਖਾਸਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਫ਼ੈਸਲੇ ਖ਼ਿਲਾਫ ਬਾਗੀ ਨੇ ਪਾਰਟੀ ਦੇ ਕੇਂਦਰੀ ਕੰਟਰੋਲ ਕਮਿਸ਼ਨ ਕੋਲ ਅਪੀਲ ਕੀਤੀ ਜੋ ਮਨਜ਼ੂਰ ਹੋ ਗਈ। ਬਾਗੀ ਦੀ ਪਾਰਟੀ ਮੈਂਬਰਸ਼ਿਪ ਬਹਾਲ ਕਰਨ ਉਪਰੰਤ ਭਾਵੇਂ ਉਸ ਨੂੰ ਦੋਸ਼ ਮੁਕਤ ਕਰ ਦਿੱਤਾ ਗਿਆ, ਪਰ ਅੰਦਰੂਨੀ ਵਿਰੋਧ ਜਾਰੀ ਰਿਹਾ। ਸਿੱਟੇ ਵਜੋਂ ਸੀ.ਪੀ.ਆਈ. ਦੀ ਪਿੰਡ ਬੇਨੜਾ (ਸੰਗਰੂਰ) ਵਿਖੇ ਹੋਈ ਕਾਨਫਰੰਸ ਦੌਰਾਨ ਉਸ ਨੂੰ ਬਾਗੀ ਸੁਰ ਕਾਰਨ ਕਾਨਫਰੰਸ ਵਿੱਚੋਂ ਬਾਹਰ ਜਾਣ ਦਾ ਇਲਜ਼ਾਮ ਲਾ ਕੇ ਪਾਰਟੀ ਵਿੱਚੋਂ ਖਾਰਜ ਕਰ ਦਿੱਤਾ ਗਿਆ। ਪ੍ਰਤਾਪ ਸਿੰਘ ਬਾਗੀ ਚੇਤਨ ਅਤੇ ਸੰਵੇਦਨਸ਼ੀਲ ਹੋਣ ਕਾਰਨ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਦੇ ਪੈਰੋਕਾਰ ਬਣੇ ਸਨ, ਪਰ ਸਮੇਂ ਦੀ ਲੀਡਰਸ਼ਿਪ ਨੂੰ ਉਨ੍ਹਾਂ ਦੀ ਸ਼ਖ਼ਸੀਅਤ ਰਾਸ ਨਾ ਆਈ। ਇਸ ਕਰਕੇ ਉਨ੍ਹਾਂ ਨੂੰ ਹਾਲਾਤ ਦੇ ਮੱਦੇਨਜ਼ਰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦਾ ਸਹਿਯੋਗ ਲੈਣਾ ਪਿਆ। ਬਾਗੀ ਨੇ ਬੇਨਤੀ ਕੀਤੀ ਕਿ ਉਹ ਸੁਨਾਮ ਇਲਾਕੇ ਵਿੱਚ ਲੋਕਾਂ ਦੀ ਸੇਵਾ ਕਰਨੀ ਚਾਹੁੰਦਾ ਹੈ ਤਾਂ ਸ੍ਰੀ ਕੈਰੋਂ ਨੇ ਪ੍ਰਤਾਪ ਸਿੰਘ ਬਾਗੀ ਨੂੰ ਆਨਰੇਰੀ ਸਬ ਰਜਿਸਟਰਾਰ ਸੁਨਾਮ ਨਿਯੁਕਤ ਕੀਤਾ। ਇਸ ਅਹੁਦੇ 'ਤੇ ਰਹਿ ਕੇ ਬਾਗੀ ਨੇ ਅਨੇਕਾਂ ਲੋਕਾਂ ਦਾ ਭਲਾ ਕੀਤਾ, ਪਰ ਸ. ਕੈਰੋਂ ਦੇ ਦੇਹਾਂਤ ਮਗਰੋਂ ਉਹ ਅਹੁਦੇ ਤੋਂ ਅਸਤੀਫ਼ਾ ਦੇ ਕੇ ਸਰਗਮ ਸਿਆਸਤ ਵਿੱਚ ਮੁੜ ਕੁੱਦ ਪਿਆ।

1964 ਵਿੱਚ ਪ੍ਰਤਾਪ ਸਿੰਘ ਕੈਰੋਂ ਦੇ ਦੇਹਾਂਤ ਮਗਰੋਂ ਪ੍ਰਤਾਪ ਸਿੰਘ ਬਾਗੀ ਦੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਤੇ ਬਾਬੂ ਬ੍ਰਿਸ਼ਭਾਨ ਨਾਲ ਵੀ ਚੰਗੇ ਸਬੰਧ ਨਾ ਰਹੇ। ਦਰਅਸਲ, ਸ੍ਰੀ ਕੈਰੋਂ ਦੀ ਮੌਤ ਮਗਰੋਂ ਬਾਗੀ ਸਮੇਤ ਕੈਰੋਂ ਧੜੇ ਦੇ ਮੈਂਬਰਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਬਾਗੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੰਤ ਫਤਹਿ ਸਿੰਘ ਕੋਲ ਲੈ ਗਏ। ਉਨ੍ਹਾਂ ਨੇ ਬਾਗੀ ਨੂੰ ਆਪਣੇ ਸਿਆਸੀ ਸਕੱਤਰ ਵਜੋਂ ਅਤੇ ਨਾਲ ਹੀ ਅਕਾਲੀ ਦਲ ਨਾਲ ਸਬੰਧਿਤ ਅਖ਼ਬਾਰ 'ਕੌਮੀ ਦਰਦ' ਦੀ ਸੰਪਦਾਕੀ ਦੀ ਜ਼ਿੰਮੇਵਾਰੀ ਸੌਂਪੀ। ਇਸ ਦੌਰਾਨ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਸੰਤ ਫਤਹਿ ਸਿੰਘ ਨੇ ਮਰਨ ਵਰਤ ਰੱਖਿਆ ਤਾਂ ਬਾਗੀ ਨੇ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਵੀ ਮੋਹਰੀ ਰੋਲ ਅਦਾ ਕੀਤਾ। ਪ੍ਰਤਾਪ ਸਿੰਘ ਬਾਗੀ ਦੀ ਕਾਬਲੀਅਤ ਦੇਖ ਕੇ ਉਸ ਨੂੰ ਸੰਗਰੂਰ ਦੀ ਪਾਰਲੀਮੈਂਟ ਸੀਟ ਦੇਣ ਦਾ ਵਾਅਦਾ ਕੀਤਾ ਗਿਆ, ਪਰ 1967 ਦੀਆਂ ਲੋਕ ਸਭਾ ਚੋਣਾਂ ਆਉਣ 'ਤੇ ਨਿਰਲੇਪ ਕੌਰ ਨੂੰ ਟਿਕਟ ਦੇ ਦਿੱਤੀ ਗਈ। ਇਸ 'ਤੇ ਬਾਗੀ ਦੇ ਮਨ ਨੂੰ ਵੱਡੀ ਠੇਸ ਪੁੱਜੀ ਤਾਂ ਉਹ ਰੋਸ ਵਜੋਂ ਆਪਣੇ ਸਾਥੀ ਜ਼ਿਲ੍ਹਾ ਜਥੇਦਾਰ ਸਵਿਦਰਸ਼ਨ ਸਿੰਘ ਤੋਂ ਇਲਾਵਾ ਜ਼ਿਲ੍ਹੇ ਦੇ ਸਾਰੇ ਸੀਨੀਅਰ ਆਗੂਆਂ ਨੂੰ ਨਾਲ ਲੈ ਕੇ ਸੰਤ ਫਤਹਿ ਸਿੰਘ ਨੂੰ ਛੱਡ ਕੇ ਮਾਸਟਰ ਤਾਰਾ ਸਿੰਘ ਦੇ ਅਕਾਲੀ ਵਿੱਚ ਸ਼ਾਮਿਲ ਹੋ ਗਿਆ। ਮਾਸਟਰ ਤਾਰਾ ਸਿੰਘ ਨੇ ਸੰਗਰੂਰ ਲੋਕ ਸਭਾ ਦੀ ਟਿਕਟ ਲਈ ਬਾਗੀ ਦੇ ਨਾਂ ਦਾ ਐਲਾਨ ਕੀਤਾ। ਬਾਗੀ ਨੇ ਪੂਰੀ ਤਨਦੇਹੀ ਨਾਲ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਅਹਿਮ ਕਾਰਜ ਕਰਕੇ ਆਪਣਾ ਫ਼ਰਜ਼ ਨਿਭਾਇਆ ਅਤੇ ਆਪਣੀ ਦਸ ਏਕੜ ਜ਼ਮੀਨ ਵੀ ਇਸ ਚੋਣ ਦੇ ਲੇਖੇ ਲਾ ਦਿੱਤੀ। ਹਰੇਕ ਵਿਸ਼ੇ ਦਾ ਗਿਆਨ ਅਤੇ ਸ਼ਬਦਾਂ ਤੇ ਚੰਗੀ ਪਕੜ ਹੋਣ ਕਾਰਨ ਪ੍ਰਤਾਪ ਸਿੰਘ ਬਾਗੀ ਨੂੰ ਭਾਸ਼ਣ ਕਲਾ ਦੀ ਮੁਹਾਰਤ ਹਾਸਲ ਸੀ। ਉਸ ਦਾ ਭਾਸ਼ਣ ਹਰੇਕ ਦੇ ਦਿਲ ਵਿੱਚ ਖੁੱਭ ਜਾਂਦਾ ਸੀ। 1997 ਵਿੱਚ ਇੱਕ ਦਿਨ ਪ੍ਰਤਾਪ ਸਿੰਘ ਬਾਗੀ ਸੁਨਾਮ ਨੇੜਲੇ ਪਿੰਡ ਬਖਸ਼ੀਵਾਲਾ ਵਿਖੇ ਆਪਣੇ ਸਾਥੀ ਗਿਆਨੀ ਬਚਨ ਸਿੰਘ ਬਖਸ਼ੀਵਾਲਾ ਦੇ ਸ਼ਰਧਾਂਜਲੀ ਸਮਾਗਮ ਮੌਕੇ ਭਾਸ਼ਣ ਦੇ ਰਿਹਾ ਸੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਚਾਨਕ ਹੀ ਅਕਾਲ ਚਲਾਣਾ ਕਰ ਗਿਆ। ਉਸ ਦੀ ਮੌਤ ਕਾਰਨ ਸ਼੍ਰੋਮਣੀ ਅਕਾਲੀ ਦਲ ਅਤੇ ਪਰਵਿਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

---

# ਯਾਦ ਰੱਖਣ ਯੋਗ ਗੱਲਾਂ



**ਹਰਦੀਪ ਸਿੰਘ ਸੋਢੀ ਨਡਾਲਾ**
**ਫੋਨ: 480 794 0325**

* ਜਦੋਂ ਤੱਕ ਕੈਦੋਂ ਦਰੋਗੇ ਬਣਦੇ ਰਹਿਣਗੇ ਰਾਂਝਿਆ ਨੂੰ ਦਸ ਨੰਬਰੀਏ ਬਣਨ ਤੋਂ ਬਚਾਉਣਾ ਔਖਾ ਹੈ।

* ਜੇ ਬਾਗ ਕਿੱਕਰਾਂ ਦੇ ਲਾਵਾਂਗੇ ਤਾਂ (ਸੀਰ) ਵੀ ਕੰਡਿਆਂ ਨਾਲ ਹੀ ਪਵੇਗੀ।

* ਵਕਤ ਨੂੰ ਥੋੜ੍ਹਾ ਵਕਤ ਦਿਓ ਤਾਂ ਬੁਰਾ ਵਕਤ ਵੀ ਚੰਗਾ ਵਕਤ ਬਣ ਜਾਂਦਾ ਹੈ।

* ਖੁਦ ਨੂੰ ਗਿੱਦੜ ਨਾ ਸਮਝੋ ਸ਼ੇਰ ਇੱਥੇ ਕੋਈ ਵੀ ਨਹੀਂ ਹੈ, ਇਹ ਡਿਸਕਵਰੀ ਚੈਨਲ ਦੇ ਕੈਮਰਿਆਂ ਨੇ ਹੁਣ ਸਿੱਧ ਕੀਤਾ ਹੈ ਪਰ ਦਸਮੇਸ਼ ਪਿਤਾ ਜੀ ਨੇ ਇਹ ਪ੍ਰਮਾਣ ਸਾਢੇ ਤਿੰਨ ਸੌ ਵਰ੍ਹੇ ਪਹਿਲਾਂ ਹੀ ਦੇ ਦਿੱਤਾ ਸੀ।



* ਹਉਮੈ ਅਤੇ ਹੰਕਾਰ ਨੂੰ ਜਿੰਨਾ ਕੰਟਰੋਲ ਵਿਚ ਰੱਖ ਸਕੋ ਰੱਖੋ ਕਿਉਂਕਿ ਜਦੋਂ ਇਹ ਇਕ ਪੱਧਰ ਤੋਂ ਪਾਰ ਹੋ ਜਾਵੇ ਤਾਂ ਇਨਸਾਨ ਅਪਰਾਧ ਨੂੰ ਅਪਰਾਧ ਨਹੀਂ ਸਮਝਦਾ ਸ਼ੇਖੀ ਸਮਝਣ ਲੱਗਦਾ ਹੈ।

* ਮਾਤਾ ਪਿਤਾ ਦੀ ਜਿੰਨੀ ਸੇਵਾ ਕਰ ਸਕਦੇ ਹੋ ਕਰੋ ਕਿਉਂਕਿ ਮਾਤਾ ਪਿਤਾ ਦੀ ਸੇਵਾ ਨਾਲ ਰੱਬ ਮਿਲ ਸਕਦਾ ਮਾਤਾ ਪਿਤਾ ਚਲੇ ਜਾਣ ਤਾਂ ਰੱਬ ਦੀ ਜਿੰਨੀ ਮਰਜ਼ੀ ਸੇਵਾ ਕਰੋ ਮਾਤਾ ਪਿਤਾ ਨਹੀਂ ਮਿਲਣੇ।

* ਜਿਹੜਾ ਵਿਸ਼ਵਾਸ ਦੁਨੀਆਂ ਵਿਚ ਸਭ ਤੋਂ ਵੱਧ ਕੀਤਾ ਜਾਂਦਾ ਹੈ ਉਸ ਦਾ ਨਾਮ ਅੰਧ ਵਿਸ਼ਵਾਸ ਹੈ।

*ਅਸੀਂ ਹਮੇਸ਼ਾਂ ਦੌਲਤ ਗਿਣਦੇ ਹਾਂ ਉਦੋਂ ਕਿੰਨੀ ਸੀ ਅੱਜ ਕਿੰਨੀ ਵਧ ਗਈ, ਕਦੇ ਸਾਹ ਨਹੀਂ ਗਿਣਦੇ ਉਸ ਦਿਨ ਕਿੰਨੇ ਸਨ ਅੱਜ ਕਿੰਨੇ ਰਹਿ ਗਏ?

# ਨਾਮ-ਫੇਂਕ ਜਨਾਬੇਆਲੀ

## ਵਿਅੰਗ

ਨਾਮ-ਫੇਂਕੂ ਜਾਂ ਨਾਮ-ਸੁਟੇਰਾ ਉਸ ਸ਼ਖਸ ਨੂੰ ਕਹਿੰਦੇ ਹਨ ਜੋ ਦੂਸਰਿਆਂ 'ਤੇ ਆਪਣੇ ਆਪ ਦਾ ਟੌਹਰ-ਟੱਪਾ, ਇੱਜ਼ਤ-ਮਾਣ, ਰੌਅਬ-ਦਾਬ ਅਤੇ ਅਸਰ-ਪ੍ਰਭਾਵ ਬਣਾਉਣ ਲਈ ਰਸੂਖਦਾਰ, ਮਹੱਤਵਪੂਰਨ ਅਤੇ ਮੰਨੀਆਂ-ਪ੍ਰਮੰਨੀਆਂ ਸ਼ਖਸੀਅਤਾਂ ਦੇ ਨਾਮ ਆਪਣੀ ਆਮ ਗੱਲਬਾਤ ਵਿਚ ਇਸ ਕਦਰ ਵਾਰ ਵਾਰ ਲਵੇ/ਵਰਤੇ ਜਿਵੇਂ ਉਹ ਉਨ੍ਹਾਂ ਦਾ ਲੰਗੋਟੀਆ ਯਾਰ ਹੋਵੇ, ਭਾਵੇਂ ਉਹ ਉਨ੍ਹਾਂ ਨੂੰ ਕਦੇ ਮਿਲਿਆ ਵੀ ਨਾ ਹੋਵੇ ਤੇ ਜਾਂ ਉਨ੍ਹਾਂ ਨਾਲ ਮਾੜੀ-ਮੋਟੀ/ਸਰਸਰੀ ਜਿਹੀ ਜਾਣ-ਪਛਾਣ ਹੋਵੇ! ਅਜਿਹੇ ਨਾਮ-ਫੇਂਕ ਜਨਾਬੇਆਲੀ ਤੁਹਾਨੂੰ ਅਕਸਰ ਮਿਲ ਜਾਣਗੇ। ਇਨ੍ਹਾਂ ਬਾਰੇ ਕੁਝ ਹੋਰ 'ਚਾਨਣ' ਪਾਉਣ ਤੋਂ ਪਹਿਲਾਂ ਜ਼ਰਾ ਇਸ ਸ਼ਬਦ ਦੀ ਚਰਚਾ ਕਰ ਲਈਏ।



ਅੰਗਰੇਜ਼ੀ ਵਿਚ ਨਾਮ-ਫੇਂਕੂ ਨੂੰ 'ਨੇਮ-ਡਰੌਪਰ' ਅਤੇ ਇਸ ਵਰਤਾਰੇ ਨੂੰ 'ਨੇਮ-ਡਰੌਪਿੰਗ' ਕਹਿੰਦੇ ਹਨ।

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**


ਅਸੀਂ ਸਾਰੀ ਉਮਰ ਕਾਲਜ ਵਿਚ ਅੰਗਰੇਜ਼ੀ ਪੜ੍ਹਾਈ ਹੈ। ਪਰ ਅਸੀਂ ਆਪ ਬੜੇ ਹੈਰਾਨ ਰਹਿ ਗਏ ਕਿ ਸਾਡੇ ਸ਼ਬਦ 'ਨਾਮ' ਨੂੰ ਓਲਡ ਇੰਗਲਿਸ਼ ਵਿਚ 'ਨਾਮਾ', ਜਿਸ ਦੀਆਂ ਜੜ੍ਹਾਂ ਲਾਤੀਨੀ ਦੇ 'ਨੋਮਨ', ਯੂਨਾਨੀ ਦੇ 'ਨੋਮਾ' ਨਾਲ ਜੁੜੀਆਂ ਹਨ ਅਤੇ ਜਿਸ ਨੂੰ ਓਲਡ ਹਾਈ ਜਰਮਨ 'ਚ 'ਨਮੋ' ਜਰਮਨ 'ਚ 'ਨਮਨ' ਅਤੇ ਆਧੁਨਿਕ ਅੰਗਰੇਜ਼ੀ 'ਚ 'ਨੇਮ' ਕਹਿੰਦੇ ਹਨ! ਇਹ ਸਾਰੇ ਸ਼ਬਦ ਨਾਮ ਨਾਲ ਮਿਲਦੇ ਜੁਲਦੇ ਹਨ! ਅਸੀਂ ਇਹ ਜਾਣਕਾਰੀ 'ਕੋਲਿਨਜ਼, ਕੈਂਬਰਿਜ, ਮੈਰੀਅਮ-ਵੈਬਸਟਰ ਡਿਕਸ਼ਨਰੀਆਂ, ਔਨਲਾਈਨ ਐਨਸਾਈਕਲੋਪੀਡੀਆ ਬਰਿਟੈਨਿਕਾ ਅਤੇ ਵਿੱਕੀਪੀਡੀਆ ਸਰੋਤਾਂ ਤੋਂ ਇਕੱਤਰ ਕੀਤੀ।

ਸ਼ਬਦ 'ਨੇਮ-ਡਰੌਪਿੰਗ' (ਨਾਮ-ਫੇਂਕਣਾ) ਬਹੁਤਾ ਪੁਰਾਣਾ ਨਹੀਂ। ਕਿਹਾ ਜਾਂਦੈ ਕਿ ਇਸ ਨੂੰ 'ਸਾਂਨ ਫਰਾਂਸਿਸਕੋ ਐਗਜ਼ਾਮੀਨਰ' ਦੇ ਇਕ ਨਾਮਾਨਿਗਾਰ ਨੇ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ 1947 ਵਿਚ ਘੜਿਆ ਸੀ। ਪਰ ਉਸ ਨਾਮਾਨਿਗਾਰ ਨੇ ਆਪਣਾ ਨਾਮ ਨਹੀਂ ਨਸ਼ਰ ਕੀਤਾ ਸੀ! ਪਰ ਉਸ ਨੇ ਇਸ ਨੂੰ 'ਸਭ ਤੋਂ ਨਵੀਨ ਪ੍ਰੇਸ਼ਾਨੀ' ਗਰਦਾਨਿਆ ਸੀ। ਨਾਮ-ਫੇਂਕੂ ਭਲਾ ਇਹ ਵਰਤਾਰਾ ਕਿਉਂ ਕਰਦੇ ਹਨ? ਸਿੱਧਾ-ਸਪੱਸ਼ਟ ਜਵਾਬ ਹੈ-ਸ਼ੋ ਆਫ (ਦਿਖਾਵਾ) ਕਰਨ ਲਈ, ਆਪਣੇ ਆਪ ਨੂੰ ਫੰਨੇ-ਖਾਂ ਦੱਸਣ ਲਈ, ਆਪਣਾ ਰੁਤਬਾ ਵਧਾਉਣ ਲਈ ਤਾਂ ਕਿ ਸਮਾਜ ਵਿਚ ਉਨ੍ਹਾਂ ਦੀ ਸ੍ਰੇਸ਼ਟਤਾ/ਉਤਮਤਾ ਬਣੀ ਰਹੇ, ਵੱਡੀਆਂ ਵੱਡੀਆਂ ਰੁਤਬੇਦਾਰ ਸ਼੍ਰੇਣੀਆਂ ਜਾਂ ਉਚੇ ਸਮਾਜਿਕ ਸਰਕਲ ਵਿਚ ਸ਼ਾਮਿਲ ਹੋਣ ਦਾ ਉਪਰਾਲਾ, ਆਪ ਖਾਸਮ ਖਾਸ, ਮਹੱਤਵਪੂਰਨ ਅਤੇ ਸ਼ਕਤੀਸ਼ਾਲੀ/ਪਾਟੇ-ਖਾਂ ਬਣਨ ਦੀ ਲਾਲਸਾ ਖਾਤਰ।

ਆਓ ਜ਼ਰਾ ਇਸ ਸ਼੍ਰੇਣੀ ਦੇ ਦਰਸ਼ਨ ਕਰੀਏ। ਇਹ 'ਉਚਾ ਲੰਮਾ ਗਭਰੂ, ਬੋਝੇ ਵਿਚ ਗਾਜਰਾਂ','ਦਾਲ ਬੇਲੂਣੀ, ਕੱਪੜੇ ਸਬੂਣੀ' ਅਤੇ 'ਖਾਣਾ ਲੂਣ ਤੇ ਡਕਾਰ ਮਖਾਣਿਆਂ ਦੇ' ਵਾਲੀ ਕੈਟੇਗਰੀ ਵਿਚ ਆਉਂਦੇ ਹਨ।

ਸਾਡਾ ਇਕ ਪੁਰਾਣਾ ਜਾਣਕਾਰ ਸੀ। ਸਿਰੇ ਦਾ ਨਾਮ-ਫੇਂਕੂ! ਸੀ ਸਾਧਾਰਨ ਜਿਹਾ ਪਾਰਟੀ ਵਰਕਰ ਪਰ ਗਲ ਪ੍ਰਧਾਨ ਮੰਤਰੀ ਤੋਂ ਹੇਠਾਂ ਦੀ ਕਦੀ ਨਹੀਂ ਸੀ ਕਰਦਾ। ਅਕਸਰ ਕਹਿੰਦਾ- "ਰਾਤੀਂ ਪ੍ਰਧਾਨ ਮੰਤਰੀ ਨਾਲ ਅੱਧਾ ਘੰਟਾ ਟੈਲੀਫੋਨ 'ਤੇ ਗੱਲ ਹੋਈ। ਮੈਡਮ ਕਹਿੰਦੇ 'ਸਰਦਾਰ ਜੀ', ਜ਼ਰਾ ਯਤਨ ਕਰ ਕੇ ਪੰਜਾਬ ਸਮੱਸਿਆ ਦਾ ਕੋਈ ਹੱਲ ਈ ਘਟਵਾ ਦਿਓ, ਮੈਂ ਬੜੀ ਪ੍ਰੇਸ਼ਾਨ ਰਹਿੰਦੀ ਹਾਂ"। (ਅਸੀਂ ਪ੍ਰਧਾਨ ਮੰਤਰੀ ਦਾ ਨਾਮ ਜਾਣ ਕੇ ਨਹੀਂ ਲਿਖਿਆ ਕਿਉਂਕਿ ਸਿੱਖਾਂ ਵਿਚ ਉਹ ਬਹੁਤ ਤ੍ਰਿਸਕਾਰਿਤ ਹਨ)।

ਇਕ ਹੋਰ ਸੱਜਣ ਤਾਂ 'ਬਾਦਲ ਸਾਹਿਬ' ਨੂੰ ਧਿਆਉਂਦੇ ਈ ਰਹਿੰਦੇ ਹਨ! ਉਨ੍ਹਾਂ ਦੇ ਇਕ ਫਿਕਰੇ ਵਿਚ ਦਸ ਵਾਰ ਵੱਡੇ 'ਬਾਦਲ ਸਾਹਿਬ' ਦਾ ਜ਼ਿਕਰ ਹੋਵੇਗਾ। ਭਾਵੇਂ ਤੜਕਾ ਹੋਵੇ, ਦੁਪਹਿਰਾ, ਸ਼ਾਮ ਜਾਂ ਅੱਧੀ ਰਾਤ, ਤੁਸੀਂ ਜਦ ਵੀ ਉਨ੍ਹਾਂ ਨੂੰ ਮਿਲ ਲਓ, ਬਸ ਇਹੀ ਨਾਮ ਜਪਣਗੇ।



"ਅਜੇ ਹੁਣੇ ਈਂ ਗੱਲ ਹੋਈ ਹੈ ਬਾਦਲ ਸਾਹਿਬ ਨਾਲ, ਕਹਿੰਦੇ ਯਾਰ! ਬਰਨਾਲਾ ਜੀ ਨਾਲ ਸਮਝੌਤਾ ਹੀ ਕਰਾ ਦੇ, ਤੇਰੀ ਤਾਂ ਸਾਰੇ ਬੜੀ ਮੰਨਦੇ ਐ"। (ਉਦੋਂ ਬਾਦਲ-ਬਰਨਾਲਾ ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲੈ ਕੇ ਖਿੱਚੋ-ਤਾਣ ਸੀ। 'ਬਾਦਲ ਸਾਹਿਬ' ਓਹੀ ਹਨ ਜੋ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪਰ ਹੁਣ ਸਵਰਗ ਸਿਧਾਰ ਗਏ ਹਨ ਅਤੇ 'ਬਰਨਾਲਾ ਜੀ' ਸੁਰਜੀਤ ਸਿੰਘ ਬਰਨਾਲਾ ਹਨ ਜੋ ਵੀ ਪੰਜਾਬ ਦੇ ਮੁੱਖ ਮੰਤਰੀ ਰਹੇ ਪਰ ਹੁਣ ਉਹ ਵੀ ਚਲਾਣਾ ਕਰ ਚੁੱਕੇ ਹਨ)।

ਸਿਆਸਤ, ਕਲਾਕਾਰ, ਫਿਲਮ ਅਭਿਨੇਤਾ, ਸਰਦੇ-ਪੁੱਜਦੇ ਖੇਤਰ ਦੀਆਂ ਸ਼ਖਸੀਅਤਾਂ ਦੇ ਨਾਮ ਬਹੁਤ ਫੈਂਕੇ ਜਾਂਦੇ ਹਨ। ਇਕ ਸਾਧਾਰਨ ਵਰਕਰ, ਜਿਸ ਨੂੰ ਮੁਹੱਲੇ ਵਾਲੇ ਵੀ ਨਹੀਂ ਜਾਣਦੇ ਹੋਣਗੇ, ਕਿਸੇ ਨਾ ਕਿਸੇ ਜੁਗਾੜ-ਜੁਗਤ ਨਾਲ ਇਨ੍ਹਾਂ ਸ਼੍ਰੇਣੀਆਂ ਦੇ ਨਾਮੀ-ਕਰਾਮੀ ਸ਼ਖਸੀਅਤਾਂ ਨਾਲ ਕੋਈ ਫੋਟੋ/ਸੈਲਫੀ ਖਿਚਵਾ ਲਏਗਾ, ਤੇ ਬਸ ਫਿਰ ਆਪਣੀ ਤਾਂ ਬੱਲੇ ਬੱਲੇ, ਬਾਕੀ ਸਾਰੇ ਥੱਲੇ ਥੱਲੇ! ਫੋਟੋ ਝੱਟ-ਪਟ ਪਹਿਲਾਂ ਆਪ ਹੀ ਸੋਸ਼ਲ ਮੀਡੀਆ ਉਪਰ ਪਾ ਦਿੱਤੀ ਜਾਵੇਗੀ।

ਫਿਰ 'ਪੇਡ ਨਿਊਜ਼' ਵਾਲਾ ਮੀਡੀਆ ਤਾਂ ਹੁਣ ਇੱਟ ਚੁਕੋ ਤਾਂ ਪੰਜ ਕੁ ਉਪਰ ਅਤੇ ਦਸ ਕੁ ਹੇਠਾਂ ਮਿਲ ਜਾਣਗੇ!

ਫੋਟੋ ਵਾਲੇ ਦੀ ਧਨੰਤਰ ਸ਼ਖਸੀਅਤ ਨਾਲ ਫੋਟੋ ਛਪੇਗੀ ਅਤੇ ਨਾਲ ਖਬਰ ਹੋਵੇਗੀ-'ਫਲਾਨਾ-ਢਿਮਕਾਨਾ ਜੀ 'ਮੁੱਖ ਮੰਤਰੀ' ਨਾਲ ਪੰਜਾਬ ਦੇ ਮਸਲੇ 'ਡਿਸਕਸ' (ਚਰਚਾ) ਕਰਦੇ ਹੋਏ! ਕਈ ਵਾਰ ਤਾਂ ਮੁਹੱਲਾ-ਪੱਧਰ ਦਾ ਨੇਤਾ ਕਿਸੇ 'ਕੇਂਦਰੀ ਮੰਤਰੀ' ਨਾਲ 'ਪੰਜਾਬ ਸਮੱਸਿਆ' ਬਾਰੇ 'ਵਿਚਾਰ-ਵਟਾਂਦਰਾ' ਕਰਦਾ ਦਿਖਾਈ ਦਏਗਾ! (ਜਾਣੀ ਜਿਨ੍ਹਾਂ ਨੇ ਪੰਜਾਬ ਸਮੱਸਿਆ ਪੈਦਾ ਕੀਤੀ, ਪ੍ਰਵਾਨ ਚਾੜ੍ਹੀ, ਪ੍ਰਫੁੱਲਤ ਤੇ ਪ੍ਰਚੱਲਤ ਰੱਖੀ, ਉਨ੍ਹਾਂ ਨਾਲ ਹੀ ਇਸ ਦੇ 'ਹੱਲ' ਦੀ ਚਰਚਾ!)

ਪ੍ਰਸਿੱਧ ਕਲਾਕਾਰਾਂ ਦੇ ਨਾਮ ਫੈਂਕਣ ਦਾ ਚਲਨ ਵੀ ਬਹੁਤ ਹੈ। ਬੌਲੀਵੁੱਡ ਦੇ ਵੱਡੇ ਵੱਡੇ ਅਭਿਨੇਤਾਵਾਂ, ਪੰਜਾਬੀ ਫਿਲਮਾਂ ਦੇ ਨਾਮਵਰ ਗਾਇਕਾਂ/ਕਲਾਕਾਰਾਂ ਦੇ ਗੱਲ ਗੱਲ ਵਿਚ ਨਾਮ ਲੈਣਾ ਅਤੇ ਆਪਣੀ ਉਨ੍ਹਾਂ ਨਾਲ ਯਾਰੀ ਦੀ ਚਰਚਾ ਕਰਨਾਂ ਕਈਆਂ ਦਾ ਸ਼ੁਗਲ ਹੈ। ਭਾਵੇਂ ਫੇਂਕੂ ਉਨ੍ਹਾਂ ਨੂੰ ਮਿਲਿਆ ਈ ਨਾ ਹੋਵੇ ਤੇ ਜਾਂ ਮਾੜਾ-ਮੋਟਾ ਜਾਣਦਾ ਹੋਵੇ।

ਕਈ ਫੇਂਕੂ ਕਿਸੇ ਵਡੇ ਬੰਦੇ ਦਾ ਪਹਿਲਾ ਨਾਮ ਲੈ ਕੇ ਸੰਬੋਧਨ ਕਰਨਗੇ। ਜਿਵੇਂ ਤਤਕਾਲੀਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਸਿਰਫ ਬਰਾਕ ਕਹਿ ਕੇ ਸੰਬੋਧਨ ਕਰਨਾ, ਜਿਵੇਂ ਐਡੇ ਸ਼ਕਤੀਸ਼ਾਲੀ ਮੁਲਕ ਦਾ ਰਾਸ਼ਟਰਪਤੀ ਨਿਆਣੇ ਹੁੰਦਿਆਂ ਫੈਂਕੂ ਨਾਲ ਗੁੱਲੀ-ਡੰਡਾ (ਜਾਂ ਕੋਈ ਅਮਰੀਕਨ ਬਾਲ-ਖੇਡ) ਖੇਡਦਾ ਰਿਹਾ ਹੋਵੇ!

ਫੇਂਕੂ ਕਲਾਸ ਦਿਖਾਵੇ ਦੇ ਸਿਰ 'ਤੇ ਚਲਦੀ ਤੇ ਪਲਦੀ ਹੈ। ਪ੍ਰਸਿੱਧ ਵਿਅਕਤੀਆਂ ਨਾਲ 'ਯਾਰੀ' ਤੋਂ ਇਲਾਵਾ ਇਸ ਪ੍ਰਜਾਤੀ ਦੇ ਲੋਕ ਆਪਣੇ ਆਪ ਨੂੰ ਘਣੇ ਸਿਆਣੇ ਪ੍ਰਗਟ ਕਰਦੇ ਹਨ, ਬੇਸ਼ਕ ਉਨ੍ਹਾਂ ਨੂੰ ਇੱਲ ਦਾ ਨਾਮ ਕੋਕੋ ਨਾ ਆਉਂਦਾ ਹੋਵੇ!

ਸਾਡੀ ਇਕ ਜਾਣਕਾਰ 'ਖੜਪੰਚਣੀ' ਹੈ। ਸ਼ਾਹੀ ਅਨਪੜ੍ਹ ਅਤੇ ਅੰਗੂਠਾ-ਛਾਪ। ਪਰ ਸੁਣੂੰਗੀ ਅੰਗਰੇਜ਼ੀ ਦੀਆਂ ਖਬਰਾਂ। ਜੇਕਰ ਕੋਈ ਜਾਣਕਾਰ ਕੋਲ ਬੈਠਾ ਹੋਵੇ ਤਾਂ ਫਿਰ ਹਰ ਖਬਰ ਉਪਰ ਇਸ ਕਦਰ ਸਿਰ ਹਿਲਾਏਗੀ ਜਿਵੇਂ ਖਬਰਾਂ ਦੀ ਸਾਰੀ 'ਸਕਰਿਪਟ' ਹੀ ਉਸ ਨੇ 'ਨਿਊਜ਼ ਰੀਡਰ' (ਖਬਰਾਂ ਪੜ੍ਹਨ ਵਾਲਾ/ਵਾਲੀ) ਨੂੰ ਲਿਖ ਕੇ ਦਿੱਤੀ ਹੋਵੇ!

ਨਾਮ-ਫੈਂਕੂ ਜਨਾਬ ਚਲਾਊ ਜਿਹੀ ਅੰਗਰੇਜ਼ੀ ਵੀ ਯਾਦ ਕਰ ਲੈਂਦੇ ਹਨ। ਬਸ 8-10 ਸ਼ਬਦ ਹੀ। ਉਨ੍ਹਾਂ ਨੂੰ ਆਪਣੀ ਬੋਲੀ ਵਿਚ ਤੜਕਾ ਲਾਉਣ ਵਾਂਗ ਵਰਤਣਗੇ ਤਾਂ ਕਿ ਦੂਸਰੇ ਉਪਰ ਅਸਰ ਪੈ ਸਕੇ, ਖਾਸ ਕਰਕੇ ਅਗਲਾ ਜਦ 'ਊੜਾ-ਐੜਾ' ਵੀ ਨਾ ਜਾਣਦਾ ਹੋਵੇ। "ਯਿਆ, ਯੈ, ਹੋਲਡ ਆਨ, ਵਟਜ਼ਅਪ, ਡੌਂਟ ਟੈਲ ਮੀ, ਓਐਮਜੀ' ਵਰਗੇ ਸ਼ਬਦਾਂ ਦੀ ਵਰਤੋਂ ਕਰਨ ਤੋਂ ਇਲਾਵਾ 'ਥੈਂਕ ਯੂ, ਓ.ਕੇ., ਹਾਏ-ਬਾਏ ਬਾਏ' ਤਾਂ ਹੁਣ ਪੰਜਾਬੀ ਹੀ ਹੋ ਗਏ ਹਨ!

ਇਸ ਸ਼੍ਰੇਣੀ ਦੇ ਲੋਕ ਸਾਹਿਤ, ਸੰਗੀਤ, ਸਭਿਆਚਾਰ, ਕਲਾ ਆਦਿ ਦੇ ਰਸੀਏ ਹੋਣ ਦਾ ਵੀ ਨਾਟਕ ਕਰਨਗੇ। ਸੱਤ ਸੁਰਾਂ 'ਚੋਂ ਬੇਸ਼ਕ 'ਸਾਰੇ-ਗਾ-ਮਾ' ਦਾ 'ਸਾਰੇ' ਵੀ ਨਾਂ ਸੁਣਿਆਂ ਹੋਵੇ ਪਰ ਨਾਮ ਲਤਾ ਮੰਗੇਸ਼ਕਰ ਅਤੇ ਮੁਹੰਮਦ ਰਫੀ ਦਾ ਲੈਣਗੇ। ਲਤਾ ਨੂੰ ਤਾਂ 'ਦੀਦੀ' ਇੰਜ ਕਹਿਣਗੇ ਜਿਵੇਂ ਹਰ ਸਾਲ ਉਸ ਕੋਲੋਂ ਰਖੜੀ ਬਨਾਉਂਦੇ ਰਹੇ ਹੋਣ!ਪੁਸਤਕ ਮੇਲਿਆਂ ਵਿਚ ਵਿਲੀਅਮ ਸ਼ੇਕਸਪੀਅਰ ਦਾ 'ਨਾਵਲ' ਲੱਭਦੇ ਫਿਰਨਗੇ ਅਤੇ ਮਿਲਟਨ ਜਾਂ ਟੈਨੀਸਨ ਦੀ ਵਾਰਤਕ ਦੀ ਪੁਸਤਕ! ਕਈ ਔਰਤਾਂ ਤਾਂ ਜਿਲਦਾਂ ਦੇ ਰੰਗ ਦੇਖ ਕੇ ਕਿਤਾਬ ਖ੍ਰੀਦਣਗੀਆਂ ਤਾਂ ਕਿ ਉਨ੍ਹਾਂ ਦੇ ਘਰ ਦੇ ਪਰਦਿਆਂ ਦੇ ਰੰਗ ਨਾਲ ਮੇਲ ਖਾ ਸਕਣ!

ਸਾਨੂੰ ਇਥੇ ਬਾਬਾ ਨਜ਼ਮੀ ਦੀ ਪ੍ਰਸਿੱਧ ਗਜ਼ਲ ਦਾ ਇਕ ਸ਼ੇਅਰ ਯਾਦ ਆ ਗਿਐ-

"ਸ਼ੀਸ਼ੇ ਉਤੇ ਧੂੜਾਂ ਜੰਮੀਆਂ ਕੰਧਾਂ ਝਾੜੀ ਜਾਂਦੇ ਨੇ।
ਜਿਲਦਾਂ ਸਾਂਭ ਰਹੇ ਨੇ ਝੱਲੇ ਵਰਕੇ ਪਾੜੀ ਜਾਂਦੇ ਨੇ!

ਮੇਜ਼ਾਂ ਉਪਰ ਦਿਖਾਵੇ ਲਈ ਮਸ਼ਹੂਰ ਮੈਗਜ਼ੀਨ ਅਤੇ ਆਪਣੀ ਲਾਇਬਰੇਰੀ ਵਿਚ ਮਹਿੰਗੇ ਟਾਈਟਲ ਰਖਣ ਦੀ ਆਦਤ ਤਾਂ ਕਈਆਂ ਨੂੰ ਹੈ। ਬਸ ਇਹ ਸਭ ਕੁਝ ਦਰਸ਼ਨ ਕਰਵਾਉਣ ਲਈ ਹੁੰਦੈ, ਵਰਕੇ ਇਨ੍ਹਾਂ ਦੇ ਅਣ-ਉਲੱਦੇ ਹੀ ਰਹਿੰਦੇ ਹਨ!

ਨਾਮ-ਫੇਂਕੂ ਆਦਤ ਨਾਂਹਵਾਚੀ ਚਲਨ ਹੈ। ਇਸ ਪਿੱਛੇ ਸੁਆਰਥ ਛੁਪਿਆ ਹੁੰਦੈ। ਦੂਸਰਿਆਂ ਨੂੰ ਭਰਮ ਜਾਂ ਧੋਖੇ ਵਿਚ ਰੱਖਣ ਦੀ ਨਕਾਰਾਤਮਕ ਬਿਰਤੀ ਪ੍ਰਬਲ ਹੁੰਦੀ ਹੈ। ਭਲਿਓ, ਆਪ ਹੀ ਨਹੀਂ ਰਹਿਣਾ, ਫਿਰ ਨਾਮ-ਸੁਟੇਰੇ ਬਣ ਕੇ ਕੀ ਖੱਟੋਗੇ?

"ਨਾਮ ਧਾਰੀਕ ਝੂਠੇ ਸਭਿ ਸਾਕ"॥(ਸ੍ਰੀ ਗੁਰੂ ਗ੍ਰੰਥ ਸਾਹਿਬ-ਅੰਗ 188)

ਵੈਸੇ ਵੀ, 'ਪੱਲੇ ਨਹੀਂ ਧੇਲਾ, ਕਰਦੀ ਮੇਲਾ ਮੇਲਾ' ਵਾਲੀ ਬਿਰਤੀ ਅਤੇ ਦੂਸਰਿਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਆਦਤ ਕਿੰਨੀ ਕੁ ਵਾਜਿਬ ਹੈ?

ਕੁਝ ਹੱਥੀਂ ਕਰੋ, ਬਣੋ ਅਤੇ ਫਿਰ ਨਾਮ ਕਮਾਓ, ਫਿਰ ਤਾਂ ਕੋਈ ਗਲ ਵੀ ਬਣੇ,ਨਹੀਂ ਤਾਂ-

"ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ"॥ (ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ 1411)!

---

# ਕਾਵਿ-ਕਿਆਰੀ

### ਸੁਰਿੰਦਰ ਸ਼ਿੰਦਾ ਦੇ ਨਾਮ ਗੀਤ

ਇੱਕ ਹੁੰਦਾ ਸੀ ਸ਼ਿੰਦਾ, ਸਭ ਨੂੰ ਹੁੱਬ ਕੇ ਦੱਸਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ, ਚੇਤੇ ਰੱਖਣਗੇ।
ਸ਼ਿੰਦਿਆ ਤੂੰ ਸੀ ਸੱਚੀਂ, ਛਿੰਦਾ ਪੁੱਤ ਪੰਜਾਬੀ ਦਾ
ਕਲਾਕਾਰ ਸੀ ਚੋਟੀ ਦਾ ਤੂੰ, ਬੋਲੀ ਸਾਡੀ ਦਾ
ਤੇਰੇ ਗਾਏ ਗੀਤਾਂ ਉੱਤੇ ਸਦਾ ਹੀ ਨੱਚਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ, ਚੇਤੇ ਰੱਖਣਗੇ।

ਤੇਰੀਆਂ ਹੇਕਾਂ ਤੇਰੇ ਗਾਣੇ ਕਦੇ ਨਹੀਂ ਭੁੱਲਣੇ
ਗੀਤਾਂ ਉੱਤੇ ਭੰਗੜੇ ਪਾਣੇ ਕਦੇ ਨਹੀਂ ਭੁੱਲਣੇ
'ਪੁੱਤ ਜੱਟਾਂ ਦੇ' ਫਿਲਮ ਨੂੰ ਲੋਕੀਂ ਜਦ ਵੀ ਤੱਕਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ ਚੇਤੇ ਰੱਖਣਗੇ।

ਜਦੋਂ ਕਦੇ ਪੰਜਾਬੀ ਨਵਾਂ ਟਰੱਕ ਲਿਆਵਣਗੇ
ਗੀਤ ਟਰੱਕਾਂ ਵਾਲਾ ਤੇਰਾ ਸਦਾ ਹੀ ਲਾਵਣਗੇ
ਲੰਮਿਆਂ ਰੂਟਾਂ ਉੱਤੇ ਜਦ ਵੀ ਧੂੜਾਂ ਪੱਟਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ ਚੇਤੇ ਰੱਖਣਗੇ।

ਤੇਰਾ ਕੁੜਤਾ ਚੌੜਾ ਜੁੱਸਾ ਅੱਤ ਹੀ ਲਗਦਾ ਸੀ
ਡਾਣਸੀਵਾਲੀਆ ਧੂਵਾਂ ਚਾਦਰਾ ਵਾਹਲਾ ਫੱਬਦਾ ਸੀ
ਸਾਂਭ ਸਾਂਭ ਕੇ ਤੇਰੀ ਪੱਗ ਦੇ ਮੇਚੇ ਰੱਖਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ ਚੇਤੇ ਰੱਖਣਗੇ।

*-ਕੁਲਵੀਰ ਸਿੰਘ ਡਾਨਸੀਵਾਲ*

---

### ਪੰਜਾਬ ਅੱਖੀਂ ਰੜਕਦਾ

ਕਦੇ ਹੜ੍ਹੀਂ ਰੋੜ੍ਹਿਆ, ਕਦੇ ਨਸ਼ਿਆਂ ਨਾ ਮਾਰਿਆ।
ਪੰਜਾਬ ਅੱਖੀਂ ਰਕੜਦਾ, ਬਹਾਨਿਆਂ ਨਾ ਉਜਾੜਿਆ।
ਫਲੱਡਾਂ ਵਾਲੇ ਗੇਟ ਸਦਾ, ਪੰਜਾਬ ਵੱਲੇ ਖੋਲ੍ਹੇ ਜਾਂਦੇ।
ਨਹਿਰਾਂ ਵਾਲੇ ਪਾਣੀਆਂ ਦਾ, ਮੁੱਲ ਨਾ ਕਦੇ ਤਾਰਿਆ।

ਕਿਸਾਨੀ ਦੇ ਹੱਕਾਂ 'ਤੇ ਡਾਕੇ, ਹਕੂਮਤਾਂ ਨੇ ਮਾਰੇ ਨਿੱਤ।
ਰਾਜਨੀਤੀ ਦੀ ਅੱਗ ਵਿਚ, ਪੰਜਾਬ ਸਦਾ ਸਾੜਿਆ।

ਹੜ੍ਹਾਂ ਨਾ ਤਬਾਹੀ ਵਾਲ਼ੀ, ਕੁਦਰਤੀ ਇੱਕ ਮਾਰ ਵੀ ਹੈ।
ਹੜ੍ਹਾਂ ਤੋਂ ਬਾਅਦ ਸਰਕਾਰਾਂ ਸਦਾ, ਮੁੱਦਾ ਏਹ ਵਿਸਾਰਿਆ।

ਵਿਦੇਸ਼ਾਂ ਵੱਲੇ ਭੱਜੀ ਜਾਂਦੀ, ਆਈਲੈਟਸ ਦੀ ਦੌੜ ਲੱਗੀ।
ਜਵਾਨੀ ਏਹ ਪੰਜਾਬ ਦੀ ਨੂੰ, ਕਿਸੇ ਵੀ ਨਾ ਪੁਕਾਰਿਆ।

ਜਾਤਾਂ ਪਾਤਾਂ ਧਰਮਾਂ 'ਚ, ਵੰਡੀ ਏ ਵੋਟਾਂ ਦੀ ਖਾਤਿਰ।
ਜਨਤਾ ਏਹ ਪੰਜਾਬ ਦੀ ਨੂੰ, ਸਦਾ ਗਿਆ ਲਤਾੜਿਆ।

ਸੱਚ ਏ ਸਚਾਈਆਂ ਸਦਾ, ਚੁੱਭਦੀਆਂ ਨੇ ਝੂਠਿਆਂ ਨੂੰ।
ਬੋਦਲਾਂ ਦੇ ਸੁੱਖਵਿੰਦਰਾ ਪੰਜਾਬ, ਬਲੀ ਸਦਾ ਚਾੜ੍ਹਿਆ।

*-ਸੁੱਖਵਿੰਦਰ ਬੋਦਲਾਂਵਾਲਾ*
*ਵਾਸ਼ਿੰਗਟਨ (ਯੂ ਐਸ ਏ)*

---

### ਨੈਣ

ਨੈਣਾਂ ਨੇ ਨੈਣ ਵਿਚ ਪਾ ਕੇ, ਨੈਣ ਜਦੋਂ ਮਟਕਾਏ ਸੀ,
ਸੌਂਹ ਰੱਬ ਦੀ ਪਲ ਬੀਤੇ ਦੇ, ਯਾਦ ਬੜੇ ਹੀ ਆਏ ਸੀ।
ਅੱਡੇ ਨੈਣ ਉਡੀਕਣ ਰਾਹੇ, ਨੈਣ ਗਏ ਪਥਰਾਏ ਸੀ,
ਪਰ ਨੈਣਾਂ ਫੇਰ ਮੁੜ ਵਤਨੀਂ, ਕਦੇ ਨ ਫੇਰੇ ਪਾਏ ਸੀ।

ਨੈਣਾਂ ਦੀ ਮਾਰ ਨ ਸਹਿ ਕੇ, ਸ਼ਿਵ ਵਾਂਗ ਗੁਆਚੇ ਸੀ,
ਕਈ ਪੱਤਣਾਂ ਦੇ ਤਾਰੂ ਡੁੱਬੇ, ਆਸ਼ਕ ਮੇਰੀ ਜਾਚੇ ਸੀ।
ਕਈ ਕੱਚਿਆਂ ਉੱਤੇ ਤਰ ਕੇ, ਨੈਣਾਂ ਦੀ ਝੀਲੇ ਡੁੱਬੇ ਸੀ,
ਹੀਰ ਛੱਡ ਖੇੜੇ ਤੁਰ ਪਈ, ਰਾਂਝੇ ਬਣ ਜੋਗੀ ਹੁੱਬੇ ਸੀ।

ਨੈਣਾਂ ਨੇ ਨਜ਼ਰਾਨਾ ਕੀਤਾ, ਨੈਣਾਂ ਨੇ ਹਰਜ਼ਾਨੇ ਭਰੇ,
ਨੈਣ ਹੀ ਨੈਣੋਂ ਡਿੱਗੇ ਥੱਲੇ, ਨੈਣਾਂ ਨੇ ਇਵਜ਼ਾਨੇ ਜਰੇ।
ਨੈਣਾਂ ਕੱਸੇ ਤੀਰ ਨਿਸ਼ਾਨੇ, ਨੈਣਾਂ ਕਰ'ਤੇ ਜ਼ਖਮ ਹਰੇ,
ਨੈਣਾਂ ਨੇ ਮਸਲੇ ਉਲਝਾਏ, ਨੈਣਾਂ ਹੀ ਨੇ ਸਿਫ਼ਤ ਕਰੇ।

*-ਸੇਵਾ ਸਿੰਘ "ਨੂਰਪੁਰੀ"*

---

### ਕੰਮ ਦੀਆਂ ਗੱਲਾਂ

ਆਓ ਸਾਹਿਤਕ ਗੱਲਾਂ ਕਰੀਏ,
ਸਾਹਿਤ ਸਭਾ ਵਿਚ ਬੈਠ ਕੇ,
ਨਾ ਕੁੱਕੜਾਂ ਵਾਂਗੂੰ ਲੜੀਏ, ਸਾਹਿਤ ਸਭਾ ਵਿਚ ਬੈਠ ਕੇ।
ਦਾਰੂ ਮੁਰਗ਼ੇ ਰਿੱਝਣ ਦਿਓ ਤੁਸੀਂ ਪਾਸੇ ਹੀ,
ਨਾ ਚਿੱਤ ਕਰਾਰਾ ਕਰੀਏ ਸਾਹਿਤ ਸਭਾ ਵਿਚ ਬੈਠ ਕੇ।

ਤਾੜੀ ਮਾਰੋ, ਹੌਸਲਾ ਵਧਾਓ, ਚੰਗੇ ਵਕਤੇ ਨੂੰ,
ਨਾ ਸਾੜੇ ਅੰਦਰ ਸੜੀਏ, ਸਾਹਿਤ ਸਭਾ ਵਿਚ ਬੈਠ ਕੇ।
ਸਮਾ ਨਹੀਂ ਮਿਲਦਾ, ਤਾਂ ਪੀ ਜਾਓ ਘੁੱਟ ਭਰ ਕੇ,
ਨਾ ਦੋਸ਼ ਕਿਸੇ 'ਤੇ ਮੜ੍ਹੀਏ ਸਾਹਿਤ ਸਭਾ ਵਿਚ ਬੈਠ ਕੇ।

ਆਪਣੀ ਕਥਾ ਸੁਣਾ ਕੇ ਵਿਚੋਂ ਉੱਠ ਜਾਈਏ ਨਾ,
ਨਾ ਕੁਫ਼ਰ ਬਹਾਨੇ ਘੜੀਏ ਸਾਹਿਤ ਸਭਾ ਵਿਚ ਬੈਠ ਕੇ।
ਲਿਖਦੇ ਨੇ ਜੋ ਬੋਲਣ ਦਿਓ ਉਨ੍ਹਾਂ ਦਾਇਰੇ ਅੰਦਰ,
ਨਾ ਚੋਟ ਆਵਾਜ਼ੇ ਜੜੀਏ ਸਾਹਿਤ ਸਭਾ ਵਿਚ ਬੈਠ ਕੇ।

ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ ਜਚਦਾ ਨਹੀਂ,
ਸਰੋਤਿਆਂ ਦੀ ਨਜ਼ਰੀਂ ਚੜ੍ਹੀਏ
ਸਾਹਿਤ ਸਭਾ ਵਿਚ ਬੈਠ ਕੇ।
ਉਬਾਸੀਆਂ ਲੈ ਲੈ ਊਂਘੀ ਜਾਣਾ ਸੁੰਹਦਾ ਨਹੀਂ,
ਇੱਕ ਮਨ ਹੋ ਕੇ ਸੁਣੀਏ ਸਾਹਿਤ ਸਭਾ ਵਿਚ ਬੈਠ ਕੇ।

ਕਦਰਦਾਨ ਦੀ ਕੀਮਤ ਟੁੱਕ ਲਓ ਪਹਿਲਾਂ ਹੀ ਚੰਗਾ,
ਨਾ ਪਿੱਛੋਂ ਜੇਬ ਨੂੰ ਫੜੀਏ ਸਾਹਿਤ ਸਭਾ ਵਿਚ ਬੈਠ ਕੇ।
ਸੁੰਦਰ ਸ਼ੇਅਰ ਆਪ ਬਣਾਓ, ਆਪਣੇ ਮਨ ਅੰਤਰ 'ਚੋਂ,
ਨਾ ਚੋਰੀ ਕੀਤੇ ਪੜ੍ਹੀਏ ਸਾਹਿਤ ਸਭਾ ਵਿਚ ਬੈਠ ਕੇ।

ਸਮਾਜ ਦੇ ਸਿਰਜਣਹਾਰੇ ਹੋ,
ਸੁਹਣੇ ਉਸਾਰੂ ਸ਼ਬਦ ਉਚਾਰੋ,
ਚੰਗੀਆਂ ਪਿਰਤਾਂ ਘੜੀਏ ਸਾਹਿਤ ਸਭਾ ਵਿਚ ਬੈਠ ਕੇ।
ਮਲ੍ਹਮ ਲਗਾਓ, ਨਾ ਮਿਰਚਾਂ ਪਾਓ,
ਨਾਸੂਰ ਮੁਤਅੱਸਬ 'ਤੇ,
ਸੁਚਾਰੂ ਮੰਤਰ ਪੜ੍ਹੀਏ ਸਾਹਿਤ ਸਭਾ ਵਿਚ ਬੈਠ ਕੇ।

ਅਹੁਦੇਦਾਰੀਆਂ ਲੈ ਲਓ ਭਾਵੇਂ ਸਾਰੀਆਂ ਮਨਮਰਜ਼ੀ,
ਸਾਹਿਤਕ ਅੱਖਰ ਵੀ ਘੜੀਏ
ਸਾਹਿਤ ਸਭਾ ਵਿਚ ਬੈਠ ਕੇ।

*-ਚਰਨਜੀਤ ਸਿੰਘ ਪੰਨੂ*

# 'ਤਾਏ ਕੇ : ਚੋਰ ਉਚੱਕੇ ਨਹੀਂ' ਕਹਾਣੀ ਦੀ ਸਮੀਖਿਆ

'ਤੋਹਫ਼ਾ' ਸੁਰਿੰਦਰ ਗੀਤ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਇਸ ਪੁਸਤਕ ਨੇ ਸਾਹਿਤਕ ਹਲਕਿਆਂ ਅੰਦਰ ਜ਼ਿਕਰਯੋਗ ਚਰਚਾ ਛੇੜੀ ਹੈ। ਉੱਘੇ ਲੇਖਕ, ਆਲੋਚਕ, ਪੱਤਰਕਾਰ ਅਤੇ ਵਿਦਿਆਰਥੀ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਬਾਰੇ ਆਪੋ-ਆਪਣੀ ਸਮਝ ਅਨੁਸਾਰ ਆਲੋਚਨਾ, ਸਮੀਖਿਆ ਅਤੇ ਮੁਲਾਂਕਣ ਕਰ ਰਹੇ ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ਿਆਂ, ਤਕਨੀਕ ਅਤੇ ਕਥਾ-ਜੁਗਤ ਨੂੰ ਕਈ ਪੱਖਾਂ ਤੋਂ ਵਾਚਿਆ ਜਾ ਰਿਹਾ ਹੈ। ਅਜਿਹਾ ਹੁੰਗਾਰਾ ਕਿਸੇ ਸੰਗ੍ਰਹਿ ਲਈ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ।



ਇਸ ਸੰਗ੍ਰਹਿ ਵਿਚਲੀ ਕਹਾਣੀ 'ਤਾਏ ਕੇ ਚੋਰ ਉਚੱਕੇ ਨਹੀਂ' ਬਾਰੇ ਜੋ ਆਲੋਚਨਾਤਮਕ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਉਹ ਇਸ ਕਹਾਣੀ ਨਾਲ ਪੂਰਾ ਤੇ ਸਹੀ ਇਨਸਾਫ਼ ਨਹੀਂ ਕਰਦੀਆਂ ਜਾਪਦੀਆਂ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਅਜਿਹੇ ਆਲੋਚਕਾਂ ਨੂੰ ਕੈਨੇਡਾ ਦੇ ਉਨ੍ਹਾਂ ਮੂਲਨਿਵਾਸੀਆਂ ਦੇ ਪਿਛੋਕੜ, ਉਨ੍ਹਾਂ ਦੇ ਹਾਲਾਤ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਬਾਰੇ ਪੂਰਾ ਗਿਆਨ ਨਹੀਂ ਜਾਂ ਫਿਰ ਓਨਾ ਕੁ ਹੀ ਪਤਾ ਹੈ ਜੋ ਇਨ੍ਹਾਂ ਲੋਕਾਂ ਬਾਰੇ ਬਿਨਾ ਸਹੀ ਜਾਣਕਾਰੀ ਤੋਂ ਆਮ ਧਾਰਨਾ ਬਣਾਈ ਜਾਂਦੀ ਜਾਂ ਬਣਾਈ ਗਈ ਹੈ। ਉਦਾਹਰਨ ਵਜੋਂ ਜਿਵੇਂ ਕਿ ਇਸ ਕਹਾਣੀ ਦੇ ਸਿਰਲੇਖ ਤੋਂ ਅਨੁਮਾਨ ਲਗਦਾ ਹੈ ਕਿ (ੳ) ਇਨ੍ਹਾਂ ਨੂੰ 'ਤਾਏ ਕੇ' ਕਿਹਾ ਜਾਂਦਾ ਹੈ ਜੋ ਨਿਆਂ-ਯੁਕਤ ਨਹੀਂ, (ਅ) ਇਨ੍ਹਾਂ ਨੂੰ ਚੋਰ ਉਚੱਕੇ ਮੰਨਿਆ ਜਾਂਦਾ ਹੈ ਜੋ ਇਨ੍ਹਾਂ ਨਾਲ ਸਰਾਸਰ ਨਾ-ਇਨਸਾਫ਼ੀ ਹੈ। ਇਸ ਸਿਰਲੇਖ ਵਿਚ ਆਮ ਲੋਕਾਂ ਦੀ ਧਾਰਨਾ ਅਤੇ ਉਸ ਦਾ ਖੰਡਨ ਸਮਾਇਆ ਹੋਇਆ ਹੈ। ਇਸ ਕਹਾਣੀ ਦਾ ਸਹੀ ਮੁਲਾਂਕਣ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਕਹਾਣੀ ਅੰਦਰ ਬਿਆਨੀਆਂ ਗਈਆਂ ਪ੍ਰਸਥਿਤੀਆਂ, ਘਟਨਾਵਾਂ, ਵਾਰਤਾਵਾਂ ਅਤੇ ਹੋਰ ਸਰੋਕਾਰਾਂ ਦੇ ਪਿਛੋਕੜ ਨੂੰ ਜਾਣਿਆ ਤੇ ਸਮਝਿਆ ਜਾਵੇ, ਤਾਂ ਹੀ ਕਹਾਣੀ ਨਾਲ ਨਿਆਂ ਹੋ ਸਕੇਗਾ, ਤਾਂ ਹੀ ਇਸ ਕਹਾਣੀ ਦਾ ਮਨੋਰਥ ਸਪੱਸ਼ਟ ਹੋ ਸਕੇਗਾ ਅਤੇ ਪੰਜਾਬੀ ਸਾਹਿਤ ਜਗਤ ਵਿਚ ਇਸ ਕਹਾਣੀ ਦੀ ਸਹੀ ਥਾਂ ਨਿਰਧਾਰਿਤ ਕੀਤੀ ਜਾ ਸਕੇਗੀ।

ਜਗਦੇਵ ਸਿੰਘ ਸਿੱਧੂ
ਫੋਨ: 403 351 -1136

ਇਸ ਕਹਾਣੀ ਦਾ ਪਲਾਟ ਸਿਰਫ਼ ਇੱਕੋ ਜਗਾਹ, ਕੈਲਗਰੀ ਸਿਟੀ ਹਾਲ ਤੱਕ ਸੀਮਿਤ ਰਹਿੰਦਾ ਹੈ। ਸਿਟੀ ਹਾਲ ਦੀ ਇਮਾਰਤ ਅਤੇ ਲਵੇ-ਲੌਣੇ ਦਾ ਨਕਸ਼ਾ ਕਹਾਣੀ ਦੀ ਲੋੜ ਮੁਤਾਬਕ ਢੁਕਵਾਂ ਪੇਸ਼ ਕੀਤਾ ਹੈ। ਕਹਾਣੀਕਾਰਾ ਨੇ ਜੋ ਅੱਖੀਂ ਵੇਖਿਆ, ਉਸ ਨੂੰ ਸਚਾਈ ਨਾਲ ਬਿਆਨ ਕੀਤਾ ਹੈ, ਬੱਸ ਥੋੜ੍ਹੀ ਬਹੁਤ ਕਲਪਨਾ ਕਹਾਣੀ ਉਸਾਰਨ ਲਈ ਕੀਤੀ ਗਈ ਜਾਪਦੀ ਹੈ। ਲਗਦਾ ਹੈ ਸੁਰਿੰਦਰ ਗੀਤ ਨੇ ਦਫ਼ਤਰ ਆਉਂਦੀ-ਜਾਂਦੀ ਨੇ ਬਣੀ ਬਣਾਈ ਕਹਾਣੀ ਚੁੱਕ ਲਈ। ਅਜਿਹਾ ਤਾਂ ਕਰ ਸਕੀ ਕਿਉਂਕਿ ਉਸ ਵਿਚ ਕਾਵਿ-ਸੰਵੇਦਨਾ ਦੀ ਘਾਟ ਨਹੀਂ। ਇਹ ਸੰਵੇਦਨਾ ਹੀ ਹਰੇਕ ਦ੍ਰਿਸ਼ ਨੂੰ ਗਹਿਰੀ ਦ੍ਰਿਸ਼ਟੀ ਨਾਲ ਨਿਹਾਰਦੀ ਅਤੇ ਰਚਨਾ ਕਰਨ ਦੀ ਪ੍ਰੇਰਕ ਬਣਦੀ ਹੈ। ਕਹਾਣੀ ਦਾ ਮੁੱਖ ਪਾਤਰ ਮਾਈਕਲ ਫੌਟੇਨ ਹੈ ਜੋ ਵੱਡੀ ਉਮਰ ਦਾ ਹੈ, ਬੇ-ਘਰ ਹੈ, ਕੋਈ ਕੰਮ ਨਹੀਂ ਕਰਦਾ, ਅਪੰਗ ਵੀ ਹੈ, ਲੰਗੜਾ ਕੇ ਸੋਟੀ ਦੇ ਸਹਾਰੇ ਤੁਰਦਾ ਹੈ। ਨਾ ਲੇਖਿਕਾ ਨੂੰ ਪਤਾ ਹੈ, ਨਾ ਕਿਸੇ ਹੋਰ ਨੂੰ ਕਿ ਇਨ੍ਹਾਂ ਨੂੰ ਤਾਏ ਕੇ ਕਿਉਂ ਕਿਹਾ ਜਾਂਦਾ ਹੈ। ਮੈਨੀਟੋਬਾ ਵਿਚ ਇਨ੍ਹਾਂ ਨੂੰ ਰੈੱਡ ਇੰਡੀਅਨ ਦੀ ਬਜਾਏ 'ਲਾਲ ਭਾਰਤੀ' ਕਿਹਾ ਜਾਂਦਾ ਹੈ ਤਾਂ ਜੋ ਇਹ ਲੋਕ ਸਮਝ ਨਾ ਸਕਣ ਅਸੀਂ ਕਿਸ ਦੀ ਗੱਲ ਕਰਦੇ ਹਾਂ। ਜਿਨ੍ਹਾਂ ਨੂੰ ਤਾਏ ਕੇ ਜਾਂ ਲਾਲ ਭਾਰਤੀ ਕਹਿੰਦੇ ਹਾਂ, ਇਹ ਲੋਕ ਉੱਤਰੀ ਅਮਰੀਕਾ ਦੀ ਧਰਤੀ ਦੇ ਅਸਲ ਮਾਲਕ ਅਤੇ ਪੁਰਾਤਨ ਕਾਲ ਤੋਂ ਵਾਸ਼ਿੰਦੇ ਹਨ, ਜਿਹਾ ਕਿ ਕਹਾਣੀ ਵਿਚ ਦੱਸਿਆ ਗਿਆ ਹੈ। ਇਹ ਲੋਕ ਕੁਦਰਤ ਨੂੰ ਪਿਆਰ ਕਰਦੇ ਹਨ, ਚੰਗੀਆਂ ਸਮਾਜਿਕ ਕਦਰਾਂ-ਕੀਮਤਾਂ ਦੇ ਧਾਰਨੀ ਹਨ। ਇਨ੍ਹਾਂ ਦਾ ਵਧੀਆ ਨਰੋਆ ਸਭਿਆਚਾਰ ਹੈ, ਇਨ੍ਹਾਂ ਦੀਆਂ ਆਪਣੀਆਂ ਬੋਲੀਆਂ ਹਨ, ਆਪਣੇ ਗੀਤ, ਨਾਚ ਅਤੇ ਆਪਣੀਆਂ ਕਹਾਣੀਆਂ ਹਨ। ਜਦੋਂ 1534 ਈ. ਤੋਂ ਯੂਰਪ ਤੋਂ ਆਬਾਦਕਾਰ ਇੱਥੇ ਆਉਣੇ ਸ਼ੁਰੂ ਹੋਏ ਤਾਂ ਉਹ ਇੱਥੋਂ ਦੇ ਜਾਨਵਰਾਂ, ਖਾਸ ਕਰਕੇ ਬੀਵਰ ਦੀ ਜੱਤ, ਜੰਗਲੀ ਮੱਝਾਂ ਦੀਆਂ ਖੱਲਾਂ ਅਤੇ ਹੱਡੀਆਂ ਲਿਜਾ ਕੇ ਮਹਿੰਗੀਆਂ ਵੇਚ ਕੇ ਮੁਨਾਫ਼ਾ ਕਮਾਉਂਦੇ ਰਹੇ। ਸਿੱਟੇ ਵਜੋਂ ਇਨ੍ਹਾਂ ਲੋਕਾਂ ਦੇ ਜੀਵਨ-ਨਿਰਬਾਹ ਵਾਲੇ ਦੋਵੇਂ ਜਾਨਵਰ ਖ਼ਤਮ ਹੋ ਗਏ ਤਾਂ ਇਹ ਭੁੱਖਮਰੀ ਦਾ ਸ਼ਿਕਾਰ ਹੋਣ ਲੱਗੇ। ਯੂਰਪੀ ਵਪਾਰੀਆਂ ਨੇ ਸ਼ਰਾਬ ਲਿਆਂਦੀ ਜੋ ਇਨ੍ਹਾਂ ਨੇ ਕਦੇ ਵੇਖੀ ਵੀ ਨਹੀਂ ਸੀ। ਉਸ ਦੀ ਅੰਨ੍ਹੀਂ ਵਰਤੋਂ ਕਰਨ ਸਦਕਾ ਘਰਾਂ ਵਿਚ ਕਲੇਸ਼ ਪੈ ਗਏ। ਵਪਾਰੀ ਆਪਣੇ ਨਾਲ ਚੇਚਕ, ਮਿਆਦੀ ਬੁਖ਼ਾਰ ਤੇ ਤਪਦਿਕ ਵਰਗੀਆਂ ਨਾ-ਮੁਰਾਦ ਬੀਮਾਰੀਆਂ ਲੈ ਕੇ ਆਏ ਜਿਨ੍ਹਾਂ ਕਾਰਨ ਪਿੰਡਾਂ ਦੇ ਪਿੰਡ ਉਜੜ ਗਏ। ਗੋਰੇ ਆਬਾਦਕਾਰਾਂ ਨੇ ਇਨ੍ਹਾਂ ਨਾਲ ਚਲਾਕੀ ਤੇ ਮੱਕਾਰੀ ਵਰਤ ਕੇ ਅਖੌਤੀ ਸੰਧੀਆਂ ਕਰ ਕੇ ਸਾਰੀ ਧਰਤੀ ਹਥਿਆ ਲਈ, ਸਿਰਫ਼ ਕੁੱਝ ਬੰਜਰ, ਕੰਕਰੀਲੇ ਤੇ ਪਥਰੀਲੇ ਖਿੱਤੇ ਇਨ੍ਹਾਂ ਨੂੰ ਦੇ ਦਿੱਤੇ ਜਿਨ੍ਹਾਂ ਨੂੰ 'ਰਿਜ਼ਰਵ' ਕਹਿੰਦੇ ਹਨ। ਰਹਿੰਦੀ ਕਸਰ ਰਿਹਾਇਸ਼ੀ ਸਕੂਲਾਂ ਨੇ ਕੱਢ ਦਿੱਤੀ ਜਿੱਥੇ ਛੇ ਸਾਲ ਦੇ ਬੱਚਿਆਂ ਨੂੰ ਮਾਪਿਆਂ ਤੋਂ ਖੋਹ ਕੇ ਇਨ੍ਹਾਂ ਚਰਚ ਵਾਲੇ ਸਕੂਲਾਂ ਵਿਚ ਲਿਜਾਇਆ ਜਾਂਦਾ ਸੀ। ਓਥੇ ਉਨ੍ਹਾਂ ਨੂੰ ਮਾਂ-ਬੋਲੀ ਬੋਲਣ ਦੀ ਸਖ਼ਤ ਮਨਾਹੀ ਸੀ। ਉਨ੍ਹਾਂ ਨੂੰ ਈਸਾਈ ਬਣਾਇਆ ਜਾਂਦਾ ਸੀ। ਨਾ ਰੱਜਵੀਂ ਖ਼ੁਰਾਕ ਦਿੱਤੀ ਜਾਂਦੀ ਸੀ ਨਾ ਬੀਮਾਰ ਹੋਣ ਤੇ ਇਲਾਜ ਕੀਤਾ ਜਾਂਦਾ ਸੀ। ਕੁੱਟ-ਮਾਰ ਅਤੇ ਜਿਨਸੀ ਸ਼ੋਸ਼ਣ ਵਾਧੂ ਸੀ। ਮਰੇ ਜਾਂ ਅਧ-ਮਰਿਆਂ ਨੂੰ ਕਬਰਾਂ ਵਿਚ ਦਬਾ ਦਿੱਤਾ ਜਾਂਦਾ ਸੀ। ਇਨ੍ਹਾਂ ਚਰਚ-ਸਕੂਲਾਂ ਕੋਲ ਹਜ਼ਾਰਾਂ ਕਬਰਾਂ ਮਿਲੀਆਂ ਹਨ। ਸ਼ਰਾਬ ਅਤੇ ਰਿਹਾਇਸ਼ੀ ਸਕੂਲਾਂ ਨੇ ਮੂਲ-ਨਿਵਾਸੀਆਂ ਦਾ ਘਰੇਲੂ, ਪਰਿਵਾਰਕ, ਸਮਾਜਿਕ ਅਤੇ ਸਭਿਆਚਾਰਕ ਜੀਵਨ ਤਬਾਹ ਕਰ ਕੇ ਰੱਖ ਦਿੱਤਾ। ਸ਼ਰਾਬ, ਕਲੇਸ਼, ਘਰੇਲੂ ਝਗੜਿਆਂ ਅਤੇ ਰਿਹਾਇਸ਼ੀ ਸਕੂਲਾਂ ਦੇ ਵਤੀਰੇ ਨੇ ਬੱਚਿਆਂ ਨੂੰ ਕੁਰਾਹੇ ਪਾ ਦਿੱਤਾ। ਮੁੰਡੇ ਕੁੜੀਆਂ ਘਰੋਂ ਭੱਜ ਕੇ ਨਸ਼ਾ ਤਸਕਰਾਂ ਅਤੇ ਗੁੰਡੇ ਅਨਸਰਾਂ ਦੇ ਧੱਕੇ ਚੜ੍ਹ ਜਾਂਦੇ ਜਿੱਥੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ। ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਇਨ੍ਹਾਂ ਦੀਆਂ ਹਜ਼ਾਰਾਂ ਲੜਕੀਆਂ ਅਤੇ ਔਰਤਾਂ ਗੁੰਮਸ਼ੁਦਾ ਹਨ ਜਿਨ੍ਹਾਂ ਨੂੰ ਗੋਰੇ ਲੋਕਾਂ ਦੁਆਰਾ ਵਰਤਣ ਮਗਰੋਂ ਮਾਰ ਕੇ ਖਪਾ ਦਿੱਤਾ ਗਿਆ। ਪਰਿਵਾਰ ਖੇਰੂੰ-ਖੇਰੂੰ ਹੋ ਗਏ, ਮਾਂ ਕਿਤੇ, ਬਾਪ ਕਿਤੇ, ਭੈਣ ਕਿਤੇ, ਭਰਾ ਕਿਤੇ।

ਅਜਿਹੀ ਪਿੱਠਭੂਮੀ ਦੀ ਉਪਜ ਹੈ ਇਸ ਕਹਾਣੀ ਦਾ ਪਲਾਟ। ਮੁੱਖ ਪਾਤਰ ਮਾਈਕਲ ਰਿਹਾਇਸ਼ੀ ਸਕੂਲ ਦੇ ਦੁਰਵਿਹਾਰ ਦਾ ਸ਼ਿਕਾਰ ਵਿਅਕਤੀ ਹੈ। ਉਹ ਸਕੂਲ ਤੋਂ ਨਿਕਲਣ ਮਗਰੋਂ ਆਪਣੇ ਸਭਿਆਚਾਰ ਨਾਲੋਂ ਟੁੱਟ ਚੁੱਕਾ ਹੈ। ਉਸ ਦੀ ਭੈਣ ਰਿਹਾਇਸ਼ੀ ਸਕੂਲ ਤੋਂ ਬਾਹਰ ਆ ਕੇ ਪਤਾ ਨਹੀਂ ਕਿਨ੍ਹਾਂ ਹਾਲਤਾਂ ਵਿਚੋਂ ਗੁਜ਼ਰੀ ਹੋਵੇਗੀ। ਮਾਈਕਲ ਸਰੀਰਕ ਪੱਖੋਂ ਕੰਮ ਕਰਨ ਜੋਗਾ ਨਾ ਰਿਹਾ। ਉਸ ਦਾ ਕੋਈ ਘਰ ਪਰਿਵਾਰ ਨਾ ਰਿਹਾ। ਅਜਿਹੀ ਮੰਦਹਾਲੀ ਵਿਚ ਵੀ ਉਸ ਦਾ ਪਿਤਾ-ਪੁਰਖੀ ਵਿਰਸਾ ਉਸ ਅੰਦਰ ਜਿਉਂਦਾ ਹੈ ਜੋ ਜੀਵਨ ਦੀਆਂ ਸੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਨੂੰ ਸਾਂਭੀ ਰਖਦਾ ਹੈ। ਉਸ ਨੂੰ ਉਮੀਦ ਹੈ ਕਿ ਉਸ ਤੋਂ ਵਿੱਛੜੀ ਉਸ ਦੀ ਭੈਣ ਉਸ ਨੂੰ ਕਿਤੇ ਤਾਂ ਮਿਲੇਗੀ। ਉਸੇ ਦੀ ਭਾਲ ਵਿਚ ਮਾਈਕਲ ਵਿੰਨੀਪੈੱਗ ਲਾਗੇ ਆਪਣੇ ਰਿਜ਼ਰਵ ਤੋਂ ਗਰੀਬੀ ਦੀ ਹਾਲਤ ਵਿਚ ਥਾਂ-ਥਾਂ ਭਟਕਦਾ ਅਲਬਰਟਾ ਦੇ ਕੈਲਗਰੀ ਸ਼ਹਿਰ ਵਿਚ ਆ ਜਾਂਦਾ ਹੈ। ਮਾਈਕਲ ਦਾ ਲੰਗੜਾ ਕੇ ਤੁਰਨਾ, ਉਸ ਦੇ ਜਿਸਮ ਉਪਰ ਪਈਆਂ ਸੱਟਾਂ ਦੇ ਨਿਸ਼ਾਨ, ਉਸ ਦੀ ਭੈਣ ਦਾ ਨਿੱਖੜਨਾ, ਮਾਂ ਦਾ ਕਤਲ, ਪਿਤਾ ਦਾ ਲਾ-ਪਤਾ ਹੋਣਾ ਸਭ ਰਿਹਾਇਸ਼ੀ ਸਕੂਲ ਦੀ ਦੇਣ ਹਨ। ਇਸ ਬਾਰੇ ਮਾਈਕਲ ਆਪਣੀ ਹੱਡਬੀਤੀ ਦੱਸਣ ਵੇਲੇ ਸਹੀ ਹਾਲਤ ਬਿਆਨ ਕਰ ਦਿੰਦਾ ਹੈ, "ਉਸ ਨੇ ਮੇਰੀ ਮਾਂ ਦੇ ਗੋਲੀ ਮਾਰ ਦਿੱਤੀ... ਮਾਂ ਡਿੱਗ ਪਈ ਸੀ ਤੇ ਖ਼ੂਨ 'ਚ ਲਥਪਥ ਪਈ ਸੀ। ... ਮੇਰੇ ਪਿਓ ਨਾਲ ਕੀ ਬੀਤਿਆ, ਕੁਝ ਪਤਾ ਨਹੀਂ...।

ਓਥੇ ਸਕੂਲ ਵਿਚ ਸਾਨੂੰ ਬਹੁਤ ਕੁੱਟਿਆ ਮਾਰਿਆ ਜਾਂਦਾ ਸੀ ... ਮੇਰੀ ਇਕ ਹੱਡੀ ਵੀ ਟੁੱਟ ਗਈ ਸੀ ਪਰ ਕਿਸੇ ਨੇ ਕੋਈ ਦਵਾ ਦਾਰੂ ਨਾ ਕੀਤੀ... ਮੇਰੇ ਏਨੀ ਜ਼ੋਰ ਦੀ ਥੱਪੜ ਮਾਰਿਆ ਕਿ ਮੇਰਾ ਮੱਥਾ ਕਿਚਨ 'ਚ ਪਏ ਤਿੱਖੇ ਕੰਢੇ ਵਾਲੇ ਪਤੀਲੇ 'ਤੇ ਜਾ ਵੱਜਿਆ। ਬਹੁਤ ਲਹੂ ਨਿਕਲਿਆ ਸੀ।"

ਕੈਲਗਰੀ ਆਉਣ ਦਾ ਇਕੋ ਮਕਸਦ ਕਿਸੇ ਤੋਂ ਦੱਸ ਪੈਣ ਕਰ ਕੇ ਆਪਣੀ ਭੈਣ ਨੂੰ ਲੱਭਣਾ ਹੈ, 'ਮੈਂ ਹਰ ਔਰਤ 'ਤੇ ਨਿਗਾਹ ਰੱਖਦਾ ਹਾਂ ਕਿ ਸ਼ਾਇਦ ਇਨ੍ਹਾਂ 'ਚੋਂ ਕੋਈ ਮੇਰੀ ਭੈਣ ਹੋਵੇ।' ਮਾਈਕਲ ਦੀ ਗਰਲ ਫਰੈਂਡ ਕਿਸੇ ਪੁਲ ਹੇਠ ਸੁੱਤੀ ਪਈ ਮਰ ਗਈ ਸੀ। ਇੱਥੇ ਕਹਾਣੀਕਾਰਾ ਨੇ ਇਸ਼ਾਰਾ ਮਾਤਰ ਹਜ਼ਾਰਾਂ ਗੁੰਮ ਹੋਈਆਂ ਤੇ ਕਤਲ ਹੋਈਆਂ ਨੇਟਿਵ ਕੁੜੀਆਂ ਅਤੇ ਔਰਤਾਂ ਬਾਰੇ ਬਣੇ ਪੜਤਾਲੀਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ, ਉਨ੍ਹਾਂ ਪ੍ਰਤੀ ਸਰਕਾਰ ਦੀ ਬੇ-ਰੁਖ਼ੀ ਅਤੇ ਲਾ-ਪਰਵਾਹੀ ਦਾ ਬਣਦਾ ਜ਼ਿਕਰ ਕੀਤਾ ਹੈ।

ਮਾਈਕਲ ਲੇਖਿਕਾ ਦਾ ਡਿੱਗਿਆ ਦਸ ਡਾਲਰ ਦਾ ਨੋਟ ਮੋੜਨ ਲੱਗਿਆ ਕਹਿੰਦਾ ਹੈ, 'ਕਿਸੇ ਦਿਨ ਬਰੇਕਫਾਸਟ ਖਰੀਦ ਦੇਣਾ ਜਿਸ ਦਿਨ ਮੈਨੂੰ ਭੁੱਖ ਹੋਈ'। ਇਹ ਕਹਾਣੀ ਦਾ ਸਿਖਰ ਹੈ ਜੋ ਮੂਲ ਨਿਵਾਸੀਆਂ ਉਪਰ ਲਾਈ ਤੋਹਮਤ ਚੋਰ ਉਚੱਕੇ ਅਤੇ ਲਾਲਚੀ ਹੋਣ ਨੂੰ ਮੂਲੋਂ ਨਕਾਰਦਾ ਹੈ। ਕਹਾਣੀ ਦਾ ਅੰਤ ਦੁਖਾਂਤ ਹੋਣ ਦੇ ਬਾਵਜੂਦ ਵੀ ਪਾਠਕ ਨੂੰ ਤਸੱਲੀ ਅਤੇ ਖ਼ੁਸ਼ੀ ਭਰੀ ਹੈਰਾਨੀ ਦੇ ਜਾਂਦਾ ਹੈ ਜਦੋਂ ਪਤਾ ਲਗਦਾ ਹੈ ਕਿ ਮਾਈਕਲ ਨੂੰ ਮਰਨ ਤੋਂ ਪਹਿਲਾਂ ਉਸ ਦੀ ਭੈਣ ਮਿਲ ਗਈ ਸੀ ਤੇ ਉਸ ਦੀ ਭਟਕਣਾ ਮੁੱਕ ਗਈ ਸੀ। 'ਦੋਨੋਂ ਭੈਣ-ਭਰਾ ਬਹੁਤ ਖ਼ੁਸ਼ ਸਨ।' ਕਹਾਣੀ ਦਾ ਅੰਤ ਕਹਾਣੀਕਾਰਾ ਅਤੇ ਨੇਟਿਵ ਭਾਈਚਾਰੇ ਅੰਦਰ ਸਥਾਪਿਤ ਹੋਏ ਆਪਸੀ ਵਿਸ਼ਵਾਸ, ਸਮਝ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਅਹਿਮੀਅਤ ਨੂੰ ਉਜਾਗਰ ਕਰਦਾ ਹੈ ਜਦੋਂ ਉਹ ਮਾਈਕਲ ਦੇ ਸਾਥੀ ਨੂੰ ਉਸ ਦੀ ਭੁੱਖ ਮਿਟਾਉਣ ਲਈ ਉਸੇ ਦਸ ਡਾਲਰ ਦੇ ਨੋਟ ਨਾਲ ਬਰੇਕਫਾਸਟ ਖਰੀਦ ਕੇ ਦਿੰਦੀ ਹੈ।

ਕਹਾਣੀ ਦਾ ਪਲਾਟ ਗੁੰਦਵਾਂ ਹੈ। ਸ਼ੁਰੂ ਤੋਂ ਅਖ਼ੀਰ ਤੱਕ ਪਾਠਕ ਦੀ ਉਤਸੁਕਤਾ ਕਾਇਮ ਰਹਿੰਦੀ ਹੈ। ਕਹਾਣੀ ਦੀ ਤੋਰ ਚੁਸਤ, ਬੇ-ਰੋਕ ਅਤੇ ਸਿੱਧ-ਪੱਧਰੀ ਹੈ ਜੋ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੀ ਹੈ। ਪਾਤਰ ਉਸਾਰੀ ਲੋੜ ਮੁਤਾਬਕ ਕਹਾਣੀ ਦੀ ਮੰਗ ਪੂਰੀ ਕਰਦੀ ਹੈ। ਮਾਈਕਲ ਕੌਣ ਹੈ, ਉਸ ਦੀ ਪਛਾਣ, ਉਸ ਦਾ ਪਹਿਰਾਵਾ, ਉਸ ਦੀ ਦਿੱਖ, ਉਸ ਦੀ ਚਾਲ-ਢਾਲ, ਉਸ ਦੀ ਨੀਯਤ, ਉਸ ਦੇ ਕਿਰਦਾਰ ਅਤੇ ਸਲੀਕੇ ਨੂੰ ਬੜੇ ਮਾਰਮਿਕ ਅਤੇ ਮਨੋਵਿਗਿਆਨਕ ਤਰੀਕੇ ਨਾਲ ਦਰਸਾਇਆ ਗਿਆ ਹੈ। ਨਾਲ ਹੀ ਕਹਾਣੀਕਾਰਾ (ਜੋ ਇਕ ਪਾਤਰ ਹੈ) ਦੇ ਕੰਮ, ਉਸ ਦੇ ਕੰਮ ਦੀ ਥਾਂ, ਇਮਾਰਤ, ਉਸ ਦਾ ਰੋਜ਼ਾਨਾ ਦਾ ਰੁਝਾਨ (ਰੁਟੀਨ), ਉਸ ਦਾ ਲੋੜਵੰਦਾਂ ਪ੍ਰਤੀ ਵਤੀਰਾ ਅਤੇ ਉਸ ਦੇ ਆਲੇ-ਦੁਆਲੇ ਬਾਰੇ ਲੋੜੀਂਦਾ ਵਿਸਥਾਰ ਕੀਤਾ ਮਿਲਦਾ ਹੈ। ਦੋਹਾਂ ਪਾਤਰਾਂ ਦੀ ਮਨੋ-ਦਸ਼ਾ ਅਤੇ ਇਕ ਦੂਜੇ ਦੇ ਨੇੜੇ ਹੋਈ ਜਾਣ ਦੀ ਕੁਦਰਤੀ ਪ੍ਰਕਿਰਿਆ ਨੂੰ ਬਰੀਕੀ ਨਾਲ ਬੁਣਿਆ ਗਿਆ ਹੈ। ਕਿਤੇ ਬੇ-ਲੋੜਾ ਜਾਂ ਵਾਧੂ ਦਾ ਖਿਲਾਰਾ ਨਹੀਂ ਪਾਇਆ ਗਿਆ ਪਰ ਕੋਈ ਅਹਿਮ ਜਾਣਕਾਰੀ ਲੁਕੋਈ ਵੀ ਨਹੀਂ ਗਈ। ਕਹਾਣੀ ਵਿਚ ਮੂਲਨਿਵਾਸੀਆਂ ਦੇ ਪਿਛੋਕੜ, ਇਤਿਹਾਸ ਅਤੇ ਬਸਤੀਵਾਦੀਆਂ ਦੁਆਰਾ ਕੀਤੀਆਂ ਵਧੀਕੀਆਂ ਵੱਲ ਤਕਨੀਕੀ ਪੱਖ ਤੋਂ ਇਸ਼ਾਰੇ ਕੀਤੇ ਗਏ ਹਨ।

ਕਹਾਣੀ ਆਦਿ, ਮੱਧ, ਸਿਖਰ ਅਤੇ ਅੰਤ ਨੂੰ ਸੁਭਾਵਿਕ ਤੌਰ 'ਤੇ ਨਿਭਾਉਂਦੀ ਹੈ। ਕਹਾਣੀ ਆਪਣਾ ਉਦੇਸ਼ ਪੂਰਾ ਕਰਨ ਵਿਚ ਅਤੇ ਅਸਰਦਾਰ ਤਰੀਕੇ ਨਾਲ ਸੁਨੇਹਾ ਦੇਣ ਵਿਚ ਪੂਰੀ ਤਰ੍ਹਾਂ ਸਫਲ ਹੋਈ ਹੈ। ਸਿਰਲੇਖ ਬਿਲਕੁਲ ਢੁੱਕਵਾਂ ਹੈ ਅਤੇ ਸਾਰੀ ਕਹਾਣੀ ਵਿਚ ਇਸੇ ਦਾ ਵਿਸਥਾਰ ਹੈ। ਕਹਾਣੀਕਾਰਾ ਦੀ ਦੋਸਤ ਨੇਟਿਵ ਲੋਕਾਂ ਨੂੰ ਤਾਏ ਕੇ ਅਤੇ ਚੋਰ ਉਚੱਕੇ ਕਹਿੰਦੀ ਹੈ ਜੋ ਇਨ੍ਹਾਂ ਪ੍ਰਤੀ ਸਾਰੇ ਗ਼ੈਰਨੇਟਿਵ ਲੋਕਾਂ ਦੇ ਰਵੱਈਏ ਦਾ ਇਜ਼ਹਾਰ ਹੈ। ਉਹ ਕਹਿੰਦੀ ਹੈ, 'ਇਹ ਲੋਕ ਚੋਰ ਹੁੰਦੇ ਹਨ। ਨਸ਼ੇ ਪੱਤੇ ਕਰਦੇ ਹਨ। ਕੰਮ ਕਾਰ ਕਰਦੇ ਨਹੀਂ। ਵਿਰਲੇ ਸਰਕਾਰਾਂ 'ਤੇ ਭਾਰ ਹਨ'। ਇਸ ਗਲਤ ਧਾਰਨਾ ਦਾ ਮੂੰਹ-ਤੋੜਵਾਂ ਜਵਾਬ ਮਾਈਕਲ ਦੁਆਰਾ ਦਸ ਡਾਲਰ ਦਾ ਨੋਟ ਮੋੜਨ ਤੋਂ ਮਿਲ ਜਾਂਦਾ ਹੈ। ਤਰਾਸਦੀ ਇਹ ਹੈ ਕਿ ਜਿਨ੍ਹਾਂ ਨੇ ਨੇਟਿਵ ਲੋਕਾਂ ਦੀ ਧਰਤੀ, ਜੰਗਲ, ਦਰਿਆ, ਕੁਦਰਤੀ ਸੋਮੇ, ਇਨ੍ਹਾਂ ਦੀ ਜ਼ਬਾਨ, ਇਨ੍ਹਾਂ ਦਾ ਸਭਿਆਚਾਰ, ਇਨ੍ਹਾਂ ਦੇ ਨਾਚ-ਗਾਣੇ ਅਤੇ ਰੀਤੀ ਰਿਵਾਜ ਜਬਰੀ ਖੋਹ ਲਏ ਜਾਂ ਕਹਿ ਲਓ ਚੋਰੀ ਕਰ ਲਏ, ਉਨ੍ਹਾਂ ਨੂੰ ਕੋਈ ਚੋਰ ਨਹੀਂ ਕਹਿੰਦਾ ਪਰ ਜੋ ਸਭ ਕੁਝ ਗੁਆ ਕੇ ਬਰਬਾਦ ਹੋ ਕੇ ਰਹਿ ਗਏ ਹਨ ਉਨ੍ਹਾਂ ਨੂੰ ਉਲਟਾ ਇਹ ਸੰਗਿਆ ਦਿੱਤੀ ਜਾਂਦੀ ਹੈ। ਕਹਾਣੀ ਅੰਦਰ ਇਨ੍ਹਾਂ ਲੋਕਾਂ ਦੇ ਉੱਚੇ ਸਭਿਆਚਾਰ ਦੀ ਮਿਸਾਲ ਇੱਥੋਂ ਮਿਲਦੀ ਹੈ ਕਿ ਸੱਤ ਸਮੁੰਦਰੋਂ ਪਾਰ ਆਈ ਸੱਤਬਿਗਾਨੀ ਔਰਤ (ਲੇਖਿਕਾ) ਨੂੰ ਇੱਥੋਂ ਦਾ ਅਸਲੀ ਜੱਦੀ ਵਾਸ਼ਿੰਦਾ (ਮਾਈਕਲ) ਧੀ, ਜਾਣੀ 'ਡਾਟਰ' ਕਹਿ ਕੇ ਬੁਲਾਉਂਦਾ ਹੈ ਜਦੋਂ ਕਿ ਲੇਖਿਕਾ ਦੀ ਦੋਸਤ ਇਸ ਨੂੰ ਚੋਰ ਤੇ ਨਸ਼ਈ ਕਹਿੰਦੀ ਹੈ।

ਅੰਤ ਵਿਚ ਕਹਾਣੀ ਪਾਠਕ ਨੂੰ ਬੜਾ ਕਾਰਗਰ ਸੁਨੇਹਾ ਦੇ ਜਾਂਦੀ ਹੈ, "ਇਹ ਹਾਲਾਤ ਦੇ ਝੰਬੇ, ਮਾਰੇ ਕੁੱਟੇ, ਟੁੱਟੇ ਹੋਏ ਇਨਸਾਨ ਹਨ। ਇਹ ਸਾਡੇ ਪਿਆਰ ਅਤੇ ਹਮਦਰਦੀ ਦੇ ਪਾਤਰ ਹਨ"। ਇਸ ਤਰ੍ਹਾਂ ਮਾਨਵਤਾ ਦੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਅਤੇ ਗ਼ਲਤ ਧਾਰਨਾਵਾਂ ਨੂੰ ਨਕਾਰਨ ਵਾਲੀ ਇਹ ਕਹਾਣੀ ਹਰ ਪੱਖ ਤੋਂ ਸਫਲ ਰਹੀ ਹੈ ਜੋ ਕਹਾਣੀ ਕਹਿਣ ਦੀ ਜੁਗਤ ਵਿਚ ਨਵੀਂ ਪਿਰਤ ਪਾਉਂਦੀ ਜਾਪਦੀ ਹੈ।

# 'ਮੁਰਗੀ ਦੇ ਆਂਡੇ'

ਸਾਡੇ ਗੁਆਂਢ 'ਚ ਤਿੰਨ ਚਾਰ ਘਰ ਛੱਡ ਕੇ ਝਿਊਰਾਂ ਦਾ ਬਾਹਰਲਾ ਘਰ ਹੁੰਦਾ ਸੀ ਜਿੱਥੇ ਉਨ੍ਹਾਂ ਦਾ ਬਜ਼ੁਰਗ ਤਾਇਆ ਡੰਗਰ-ਪਸ਼ੂ ਸਾਂਭਦਾ ਹੁੰਦਾ। ਦਿਨੇ ਉਹ ਮੱਝਾਂ ਨੂੰ ਚਾਰਨ ਦੂਰ ਨੇੜੇ ਲੈ ਜਾਂਦਾ ਤੇ ਦਿਨ ਢਲੇ ਲਿਆ ਕੇ ਬੰਨ੍ਹ ਦਿੰਦਾ। ਝਿਊਰਾਂ ਦੇ ਮੁੰਡੇ ਕਬੂਤਰ, ਮੁਰਗੀਆਂ ਰੱਖਣ ਦੇ ਸ਼ੌਕੀ ਸਨ।

ਨਿੱਕੇ ਹੁੰਦਿਆਂ ਮੈਨੂੰ ਵੀ ਮੁਰਗੀਆਂ ਨਾਲ ਬੜਾ ਮੋਹ ਹੁੰਦਾ ਸੀ। ਗਰਮੀ ਦੀਆਂ ਛੁੱਟੀਆਂ 'ਚ ਜਦ ਨਾਨਕੀਂ ਜਾਣਾ ਤਾਂ ਘਰ 'ਚ ਰੱਖੀਆਂ ਮੁਰਗੀਆਂ ਤੇ ਚੂਚਿਆਂ ਨਾਲ ਖੇਡਣਾ। ਮੇਰੇ ਮਨ ਵਿਚ ਵੀ ਮੁਰਗੀਆਂ ਰੱਖਣ ਦੀ ਰੀਝ ਬਣ ਗਈ। ਬਾਪੂ ਦਾ ਸੁਭਾਅ ਤੱਤਾ ਸੀ। ਉਸ ਕੋਲੋਂ ਆਪਣੇ ਇਸ ਸ਼ੌਕ ਨੂੰ ਪੂਰਾ ਕਰਵਾਉਣਾ ਛਿੱਤਰ ਖਾਣ ਵਾਲੀ ਗੱਲ ਹੀ ਸੀ। ਇਕ ਦਿਨ ਝਿਊਰਾਂ ਦੇ ਬਾਹਰਲੇ ਘਰੋਂ 'ਤਾਏ' ਤੋਂ ਅੱਖ ਬਚਾ ਕੇ, ਮੁਰਗੀਆਂ ਦੇ ਖੁੱਡੇ 'ਚੋਂ ਦੋ ਆਂਡੇ ਕੁੜਤੇ ਦੇ ਖੀਸੇ 'ਚ ਪਾ ਦੱਬੇ ਪੈਰੀਂ ਆਪਣੇ ਘਰੇ ਆ ਵੜਿਆ। ਖੀਸੇ 'ਚ ਪਾਏ ਦੋਵੇਂ ਆਂਡੇ ਰਸੋਈ 'ਚ ਬਣੀ ਉੱਚੀ ਸੈਲਫ਼ 'ਤੇ ਪਈ ਟੋਕਰੀ ਵਿਚ ਕੱਪੜੇ ਨਾਲ ਢੱਕ ਕੇ ਲੁਕੋ ਦਿੱਤੇ। ਆਪਣੀ ਨਿਆਣੀ ਮੱਤ ਨਾਲ ਮੈਂ ਸੋਚਣ ਲੱਗਿਆ ਕਿ ਸਾਡੇ ਵੀ ਆਂਡਿਆਂ 'ਚੋਂ ਚੂਚੇ ਨਿੱਕਲ ਆਉਣਗੇ ਤੇ ਮੈਂ ਖੇਡਿਆਂ ਕਰੂੰ...।


ਦੋ ਕੁ ਦਿਨਾਂ ਬਾਅਦ ਮਾਂ ਨੇ ਕਿਸੇ ਕੰਮ ਬਾਬਤ ਜਦ ਟੋਕਰੀ ਫਰੋਲੀ ਤਾਂ ਕਾਲੇ ਕੱਪੜੇ 'ਚ ਰੱਖੇ ਆਂਡੇ ਵੇਖ ਕੇ ਘਬਰਾ ਗਈ ਤੇ ਅਵਾ-ਤਵਾ ਬੋਲਣ ਲੱਗੀ।

'ਆਹ ਕਿਹੜੀ ਭਰਾਵਾਂ ਪਿੱਟੀ ਰੱਖ ਕੇ ਗਈ ਐ..ਮਰ ਜਾਣ ਬੱਚਤੇ, ਮੈਂ ਤਾਂ ਕਹਿਨੀ ਆਂ ਜੀਹਨੇ ਕੀਤਾ, ਤਲਾ ਮੂਲ ਚੱਕਿਆ ਜਾਵੇ। ਉਹਤੇ ਈ ਪਵੇ..'

ਉਧਰੋਂ ਬਾਪੂ ਵੀ ਗੁੱਸੇ 'ਚ ਲਾਲ ਪੀਲਾ ਹੋਇਆ ਫਿਰੇ। ਜਿਸਨੂੰ ਵੇਖ ਮੈਂ ਕੁਝ ਵੀ ਨਾ ਬੋਲ ਸਕਿਆ ਤੇ ਰੌਲੇ 'ਚ ਚੁੱਪ-ਚਾਪ ਬਾਹਰ ਨੂੰ ਖਿਸਕ ਗਿਆ।

ਮੈਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਮੇਰੀ ਇਸ ਨਿੱਕੀ ਜਿਹੀ ਗ਼ਲਤੀ ਨਾਲ ਘਰ 'ਚ ਐਡਾ ਪੁਆੜਾ ਖੜ੍ਹਾ ਹੋ ਜਾਵੇਗਾ। ਵਹਿਮਾਂ-ਭਰਮਾਂ 'ਚ ਫਸੇ ਪਰਿਵਾਰ ਨੇ ਆਪੋ-ਆਪਣੇ ਲੇਪਣ ਲਾਉਣੇ ਸ਼ੁਰੂ ਕਰ ਦਿੱਤੇ। ਵਾਰ ਵਾਰ ਇੱਕੋ ਗੱਲ ਘੁੰਮਣ ਲੱਗੀ ਕਿ ਵੀਰਵਾਰ ਦਾ ਦਿਨ, ਉੱਤੋਂ ਕਾਲਾ ਕੱਪੜਾ, ਇਹ ਤਾਂ ਪੱਕਾ ਹੀ ਕਿਸੇ ਨੇ ਕਰਾਇਆ ਹੋਇਆ। ਗ਼ਲੀ ਗੁਆਂਢ 'ਚ ਜੀਹਦੇ ਨਾਲ ਮਾੜੀ ਮੋਟੀ ਅੱਖ ਮੈਲੀ ਸੀ, ਉਸੇ 'ਤੇ ਸ਼ੱਕ ਦੀ ਸੂਈ ਜਾ ਅਟਕਦੀ।

ਆਖ਼ਿਰ ਆਂਡਿਆਂ ਵਾਲੀ ਗੱਲ ਪਿੰਡ ਰਹਿੰਦੇ ਮੇਰੇ ਦੋਵੇਂ ਤਾਇਆਂ ਨੂੰ ਵੀ ਪਤਾ ਲੱਗ ਗਈ। ਇੱਕ ਦਿਨ ਉਹ ਵੀ ਆ ਗਏ। ਸਾਰਿਆਂ ਨੇ ਸੋਚ ਵਿਚਾਰ ਕੀਤੀ ਕਿ ਰਸੋਈ 'ਚ ਬਣੀ ਸੈਲਫ਼ 'ਤੇ



ਚੜ੍ਹ ਕੇ ਮੁਰਗੀ ਆਂਡਾ ਦੇ ਜਾਵੇ ਇਹ ਤਾਂ ਹੋ ਨਹੀਂ ਸਕਦਾ। ਨਾਲੇ ਫਿਰ ਉਪਰੋਂ ਕਾਲੇ ਕੱਪੜੇ ਨਾਲ ਢਕੇ ਹੋਣਾਂ..ਇਹ ਤਾਂ ਕਿਸੇ ਦੀ ਸੋਚੀ ਸਮਝੀ ਚਾਲ ਹੀ ਹੈ। ਆਪਾਂ ਆਂਢ-ਗੁਆਂਢ 'ਚ ਕਿਸੇ ਨਾਲ ਵੈਰ ਨਾ ਪਾਈਏ। ਕਿਸੇ ਸਿਆਣੇ ਕੋਲ ਜਾਂਦੇ ਆਂ, ਉਹ ਕਰੂ ਦੁੱਧੋ ਪਾਣੀ।

ਮੈਂ ਕਮਰੇ 'ਚ ਪੜ੍ਹਨ ਬਹਾਨੇ ਬੈਠਾ ਤਾਏ ਦੀਆਂ ਗੱਲਾਂ ਸੁਣ ਰਿਹਾ ਸੀ। ਸਿਆਣੇ ਕੋਲ ਜਾਣ ਦੀ ਗੱਲ ਸੁਣਦਿਆਂ ਹੀ ਮੇਰੇ ਸਾਹ ਸੂਤੇ ਗਏ। ਲੈ ਬਈ, ਹੁਣ ਸਿਆਣੇ ਨੇ ਸੱਚ ਦੱਸ ਦੇਣਾ ਤੇ ਆਉਂਦਿਆਂ ਹੀ ਬਾਪੂ ਨੇ ਮੈਨੂੰ ਢਾਹ ਲੈਣਾ। ਮੈਂ ਵੀ ਬਚਣ ਲਈ ਬਾਬੇ ਦੀਆਂ ਸੁੱਖਾਂ ਸੁੱਖਣ ਲੱਗਿਆ।

ਉਦੋਂ ਨੇੜਲੇ ਪਿੰਡ ਵਿਚ ਇਕ ਕਹਿੰਦਾ-ਕਹਾਉਂਦਾ ਸਿਆਣਾ ਸੁਣੀਂਦਾ ਸੀ, ਜਿਹੜਾ ਰੇਖ 'ਚ ਮੇਖ ਮਾਰਦਾ ਸੀ। ਲੋਕ ਬੜੀ ਦੂਰੋਂ ਦੂਰੋਂ ਉਹਦੇ ਕੋਲ ਆਉਂਦੇ ਸੀ।

ਬਾਪੂ ਹੋਰਾਂ ਦੇ ਮੁੜਨ ਦਾ ਟੈਮ ਸੀ। ਮੇਰੀ ਨਬਜ਼ ਤੇਜ਼ ਹੁੰਦੀ ਜਾ ਰਹੀ ਸੀ। ਮੇਰਾ ਜੀਅ ਕੀਤਾ ਕਿ ਮੈਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਬਾਹਰ ਕਿਤੇ ਟਲ ਜਾਵਾਂ ਪਰ ਨਾ ਤਾਂ ਘਰੋਂ ਜਾਣ ਨੂੰ ਜੀਅ ਕਰੇ .. ਤੇ ਨਾ ਹੀ ਰਹਿਣ ਨੂੰ। ਸੋਚੀ ਜਾਵਾਂ ਕਿ ਪਤਾ ਨੀਂ ਕੀ ਬਣੂੰ?

ਦਿਨ ਛਿਪਣ ਤੋਂ ਪਹਿਲਾਂ ਬਾਪੂ ਹੋਰੀਂ ਆ ਗਏ। ਮੈਂ ਪਾਣੀ ਦੇ ਗਲਾਸ ਫੜਾਉਂਦਿਆਂ ਡਰਦਿਆਂ ਡਰਦਿਆਂ ਉਨ੍ਹਾਂ ਦੇ ਮੂੰਹ ਵੱਲ ਤੱਕਿਆ। ਬਾਪੂ ਦੀਆਂ ਅੱਖਾਂ ਵਿਚ ਗੁੱਸਾ ਦਿਸਿਆ। ਮਾਂ ਚਾਹ ਬਣਾ ਕੇ ਲੈ ਆਈ। ਚਾਹ ਪੀਂਦਿਆਂ ਤਾਏ ਨੇ ਗੱਲ ਛੇੜੀ।

'ਲੈ ਭਾਈ, 'ਸਿਆਣੇ' ਨੇ ਸਾਫ਼ ਸਾਫ਼ ਦੱਸਤਾ ਕਿ ਇਹ ਆਂਡੇ ਝਿਊਰਾਂ ਦੇ ਘਰੋਂ ਆਏ ਆ। ਇਹ ਕਿਵੇਂ ਆਏ, ਕੌਣ ਲੈ ਕੇ ਆਇਆ ਇਸ ਬਾਰੇ ਆਪਾਂ ਕਿਸੇ ਨੂੰ ਪੁੱਛ ਕੇ ਕੀ ਲੈਣਾ..ਅੱਗੇ ਵਾਸਤੇ ਆਂਢ ਗੁਆਂਢ 'ਚੋਂ ਕਿਸੇ ਤੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ। ਇਕ ਆਹ ਧਾਅਲਾ ਲਾਹ ਕੇ ਦਿੱਤਾ। ਇਹਦੇ 'ਚ ਉਹ ਆਂਡੇ ਸਣੇ ਟੋਕਰੀ ਅਤੇ ਕਾਲਾ ਕੱਪੜਾ ਰੱਖ, ਸ਼ਨੀਵਾਰ ਮੂੰਹ ਨ੍ਹੇਰੇ ਵਗਦੇ ਪਾਣੀ 'ਚ ਤੇਰ ਆਉਣ ਨੂੰ ਕਿਹਾ।

ਅੱਜ ਇਸ ਗੱਲ ਨੂੰ ਚਾਲੀ ਸਾਲ ਤੋਂ ਵੱਧ ਸਮਾਂ ਹੋ ਗਿਆ। ਕਰਫਿਊ ਦੇ ਦਿਨਾਂ ਵਿਚ ਸਾਰੇ ਟੱਬਰ ਨਾਲ ਇਕੱਠੇ ਬਹਿਣ ਦਾ ਮੌਕਾ ਮਿਲਿਆ ਤਾਂ ਗੱਲਾਂ ਗੱਲਾਂ ਵਿਚ ਬਾਪੂ ਨਾਲ 'ਮੁਰਗੀ ਦੇ ਆਂਡਿਆਂ' ਵਾਲੀ ਗੱਲ ਸਾਂਝੀ ਕਰਦਿਆਂ ਅਸਲ ਸੱਚਾਈ ਦੱਸ ਬੈਠਾ। ਬਾਪੂ ਨੇ ਕੋਲੇ ਪਈ ਖੂੰਡੀ ਦੀ ਹੁੱਜ ਮੇਰੇ ਮੌਰਾਂ 'ਤੇ ਮਾਰੀ। ਮੈਨੂੰ ਇੰਝ ਲੱਗਿਆ ਜਿਵੇਂ ਉਹ ਕਹਿ ਰਿਹਾ ਹੋਵੇ ਕਿ ਤੇਰੀਆਂ ਕਰਤੂਤਾਂ ਦਾ ਪਤਾ ਲੱਗ ਗਿਆ ਸੀ।

*-ਸੁਰਜੀਤ ਜੱਸਲ*
*ਫੋਨ: 98146-07737*

# ਓਪੇਨਹਾਈਮਰ: ਪਹਿਲਾ ਪਰਮਾਣੂ ਧਮਾਕਾ ਕਰਨ ਵਾਲੇ ਦੀ ਕਥਾ

ਬੈਨ ਪਲੈਟਸ ਮਿਲਜ਼

ਉਹ 16 ਜੁਲਾਈ 1945 ਦੀ ਸਵੇਰ ਦਾ ਸਮਾਂ ਸੀ ਅਤੇ ਕੰਟਰੋਲ ਬੰਕਰ ਵਿਚ ਬੈਠੇ ਰਾਬਰਟ ਓਪੇਨਹਾਈਮਰ ਉਸ ਪਲ ਦਾ ਇੰਤਜ਼ਾਰ ਕਰ ਰਹੇ ਸਨ ਜੋ ਦੁਨੀਆ ਨੂੰ ਬਦਲਣ ਵਾਲਾ ਸੀ। ਉਸ ਬੰਕਰ ਤੋਂ ਕਰੀਬ ਛੇ ਮੀਲ ਜਾਂ ਕਹੋ ਕਿ ਕਰੀਬ 10 ਕਿਲੋਮੀਟਰ ਦੂਰ ਨਿਊ ਮੈਕਸੀਕੋ ਦੇ ਹੋਨਾਰਦਾ ਡੇਲ ਮੁਏਰਟੋ ਦੇ ਧੁੰਦਲੇ ਰੇਗਿਸਤਾਨ ਵਿਚ ਦੁਨੀਆ ਦਾ ਪਹਿਲਾ ਪਰਮਾਣੂ ਬੰਬ ਪ੍ਰੀਖਣ ਹੋ ਰਿਹਾ ਸੀ। ਇਸ ਦਾ ਕੋਡ ਨਾਂ ਸੀ ‘ਟ੍ਰਿਨਿਟੀ।’

ਓਪੇਨਹਾਈਮਰ ਥੱਕੇ ਹੋਏ ਸਨ। ਉਹ ਕੁਝ ਸੋਚ ਵਿਚਾਰ ਵਿਚ ਵੀ ਸਨ। ਉਂਝ ਤਾਂ ਉਹ ਹਮੇਸ਼ਾ ਹੀ ਛਾਂਟੇ ਹੋਏ ਸਰੀਰ ਦੇ ਰਹੇ ਸਨ ਪਰ ਤਿੰਨ ਸਾਲ ਤੱਕ ਐਟਮ ਬੰਬ ਡਿਜ਼ਾਇਨ ਕਰਨ ਵਿਚ ਲੱਗੇ ‘ਮੈਨਹਟਨ ਇੰਜੀਨੀਅਰ ਡਿਸਟ੍ਰਿਕਟ’ ਦੀ ਵਿਗਿਆਨਕ ਸ਼ਾਖਾ ‘ਪ੍ਰੋਜੈਕਟ ਵਾਈ’ ਦੇ ਨਿਰਦੇਸ਼ਕ ਵਜੋਂ ਸੇਵਾਵਾਂ ਨਿਭਾਉਣ ਵੇਲੇ ਓਪੇਨਹਾਈਮਰ ਦਾ ਵਜ਼ਨ ਹੋਰ ਘਟ ਗਿਆ ਸੀ। ਹੁਣ ਉਨ੍ਹਾਂ ਦਾ ਭਾਰ 52 ਕਿਲੋ ਰਹਿ ਗਿਆ ਸੀ। ਵਜ਼ਨ ਇੰਨਾ ਘਟਣ ਦੀ ਵਜ੍ਹਾ ਨਾਲ ਪੰਜ ਫੁੱਟ ਦਸ ਇੰਚ ਲੰਬੇ ਓਪੇਨਹਾਈਮਰ ਬਹੁਤ ਪਤਲੇ ਨਜ਼ਰ ਆ ਰਹੇ ਸਨ। ਉਸ ਰਾਤ ਉਹ ਕੇਵਲ ਚਾਰ ਘੰਟੇ ਸੌਂ ਸਕੇ। ਉਹ ਆਉਣ ਵਾਲੇ ਕੱਲ੍ਹ ਦੀ ਫਿਕਰ ਅਤੇ ਬੇਤਹਾਸ਼ਾ ਸਿਗਰਟ ਪੀਣ ਦੀ ਆਦਤ ਕਾਰਨ ਉਨ੍ਹਾਂ ਨੂੰ ਰਾਤ ਖੰਘ ਆਉਂਦੀ ਤੇ ਉਹ ਜਾਗਦੇ ਰਹਿੰਦੇ ਸਨ।


ਰਾਬਰਟ ਓਪੇਨਹਾਈਮਰ ਦੀ ਜੀਵਨੀ ਲਿਖਣ ਵਾਲੇ ਇਤਿਹਾਸਕਾਰਾਂ ਕਾਈ ਬਰਡ ਅਤੇ ਮਾਰਟਿਨ ਜੇ ਸ਼ੇਰਵਿਨ ਨੇ 1945 ਦੇ ਉਸ ਦਿਨ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਸਭ ਤੋਂ ਫ਼ੈਸਲਾਕੁਨ ਪਲਾਂ ਵਿਚੋਂ ਇੱਕ ਦੱਸਿਆ ਹੈ। ਬਰਡ ਅਤੇ ਸ਼ੇਰਵਿਨ ਨੇ ਓਪੇਨਹਾਈਮਰ ਦੀ ਜੀਵਨੀ ‘ਅਮੈਰਿਕਨ ਪ੍ਰੋਮੋਥਿਯਸ’ ਲਿਖੀ ਹੈ। ਇਸੇ ਕਿਤਾਬ ਦੇ ਆਧਾਰ ’ਤੇ ਓਪੇਨਹਾਈਮਰ ਦੀ ਜ਼ਿੰਦਗੀ ’ਤੇ ਹੁਣ ਫਿਲਮ ‘ਓਪੇਨਹਾਈਮਰ’ ਬਣਾਈ ਗਈ ਹੈ ਜੋ 21 ਜੁਲਾਈ ਨੂੰ ਅਮਰੀਕਾ ਵਿਚ ਰਿਲੀਜ਼ ਹੋਈ ਹੈ।

ਬਰਡ ਅਤੇ ਸ਼ੇਰਵਿਨ ਲਿਖਦੇ ਹਨ ਕਿ ਬੰਬ ਧਮਾਕੇ ਦੇ ਕਾਊਂਟਡਾਊਨ ਨੇ ਆਖਰੀ ਮਿੰਟਾਂ ਵਿਚ ਸੈਨਾ ਦੇ ਇੱਕ ਜਨਰਲ ਨੇ ਉਸ ਸਮੇਂ ਓਪੇਨਹਾਈਮਰ ਦੇ ਮੂਡ ਨੂੰ ਬਹੁਤ ਨੇੜਿਓਂ ਭਾਂਪਿਆ ਸੀ। ਉਸ ਜਨਰਲ ਨੇ ਦੱਸਿਆ, “ਜਿਵੇਂ-ਜਿਵੇਂ ਧਮਾਕੇ ਦਾ ਸਮਾਂ ਨੇੜੇ ਆ ਰਿਹਾ ਸੀ, ਡਾਕਟਰ ਓਪੇਨਹਾਈਮਰ ਦਾ ਤਣਾਅ ਵਧ ਰਿਹਾ ਸੀ।”

ਆਖਿਰਕਾਰ ਜਦੋਂ ਧਮਾਕਾ ਹੋਇਆ ਤਾਂ ਉਸ ਨੇ ਸੂਰਜ ਦੀ ਚਮਕ ਨੂੰ ਵੀ ਧੁੰਦਲਾ ਕਰ ਦਿੱਤਾ ਸੀ। 21 ਕਿਲੋ ਟਨ ਟੀ.ਐੱਨ.ਟੀ. ਦੀ ਤਾਕਤ ਵਾਲਾ ਇਹ ਵਿਸਫੋਟ ਇਨਸਾਨ ਦਾ ਕੀਤਾ ਉਦੋਂ ਤੱਕ ਦਾ ਸਭ ਤੋਂ ਵੱਡਾ ਧਮਾਕਾ ਸੀ। ਇਸ ਨਾਲ ਇੰਨਾ ਤੇਜ਼ ਝਟਕਾ ਪੈਦਾ ਹੋਇਆ ਜੋ 160 ਕਿਲੋਮੀਟਰ ਦੂਰ ਤੱਕ ਮਹਿਸੂਸ ਕੀਤਾ ਗਿਆ। ਜਦੋਂ ਪੂਰੇ ਮੰਜ਼ਰ ’ਤੇ ਗਰਜ ਧਮਕ ਭਾਰੂ ਹੋ ਗਈ ਅਤੇ ਵਿਸਫੋਟ ਦਾ ਗੁਬਾਰ ਆਸਮਾਨ ਵੱਲ ਵਧਿਆ ਤਾਂ ਓਪੇਨਹਾਈਮਰ ਦੇ ਚਿਹਰੇ ’ਤੇ ਪਸਰਿਆ ਹੋਇਆ ਤਣਾਅ ‘ਜ਼ਬਰਦਸਤ ਰਾਹਤ’ ਵਿਚ ਤਬਦੀਲ ਹੋ ਚੁੱਕਿਆ ਸੀ। ਓਪੇਨਹਾਈਮਰ ਦੇ ਦੋਸਤ ਅਤੇ ਨਾਲ ਕੰਮ ਕਰਨ ਵਾਲੇ ਇਸੀਡੋਰ ਰਾਬੀ ਨੇ ਉਸ ਸਮੇਂ ਥੋੜ੍ਹੀ ਦੂਰ ਤੋਂ ਉਨ੍ਹਾਂ ਨੂੰ ਦੇਖਿਆ ਸੀ। ਉਨ੍ਹਾਂ ਨੇ ਬਾਅਦ ਵਿਚ ਦੱਸਿਆ, “ਮੈਂ ਉਨ੍ਹਾਂ ਦੀ ਚਹਿਲਕਦਮੀ ਦੇ ਅੰਦਾਜ਼ ਕਦੇ ਨਹੀਂ ਭੁੱਲ ਸਕਦਾ। ਮੇਰੇ ਜ਼ਹਿਨ ਤੋਂ ਉਹ ਤਸਵੀਰ ਕਦੇ ਨਹੀਂ ਮਿਟ ਸਕਦੀ, ਜਦੋਂ ਉਹ ਕਾਰ ਤੋਂ ਉਤਰੇ ਸਨ, ਉਨ੍ਹਾਂ ਦੀ ਚਾਲ ਦੇਖ ਕੇ ਅਜਿਹਾ ਲੱਗ ਰਿਹਾ ਸੀ ਜਿਵੇਂ ਉਹ ਸੱਤਵੇਂ ਆਸਮਾਨ ’ਤੇ ਹੋਣ।”

ਓਪੇਨਹਾਈਮਰ ਮੈਨਹਟਨ ਪ੍ਰੋਜੈਕਟ ਦੇ ਜਜ਼ਬਾਤੀ ਅਤੇ ਬੌਧਿਕ ਦਿਲ ਸਨ। ਉਹ ਇਕਲੌਤੇ ਸ਼ਖ਼ਸ ਸਨ ਜਿਨ੍ਹਾਂ ਨੇ ਪਰਮਾਣੂ ਬੰਬ ਨੂੰ ਹਕੀਕਤ ਬਣਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਪਾਇਆ ਸੀ। ਵਿਸ਼ਵ ਯੁੱਧ ਦੇ ਬਾਅਦ ਓਪੇਨਹਾਈਮਰ ਨਾਲ ਕੰਮ ਕਰਨ ਵਾਲੇ ਜੇਰੇਮੀ ਬਰਨਸਟਾਈਨ ਨੂੰ ਪੂਰਾ ਯਕੀਨ ਸੀ ਕਿ ਕੋਈ ਹੋਰ ਸ਼ਖ਼ਸ ਇਹ ਕਰ ਹੀ ਨਹੀਂ ਸਕਦਾ ਸੀ। ਬਰਨਸਟਾਈਨ ਨੇ 2004 ਵਿਚ ਆਪਣੀ ਜੀਵਨ ਕਥਾ ‘ਏ ਪੋਰਟ੍ਰੇਟ ਆਫ ਐਨ ਐਨਿਗਮਾ’ ਵਿਚ ਲਿਖਿਆ ਸੀ, “ਜੇ ਓਪੇਨਹਾਈਮਰ ਲਾਸ ਅਲਾਮੋਸ ਵਿਚ ਨਿਰਦੇਸ਼ਕ ਨਹੀਂ ਹੁੰਦੇ ਤਾਂ ਮੇਰਾ ਵਿਸ਼ਵਾਸ ਹੈ ਕਿ ਨਤੀਜਾ ਚਾਹੇ ਕੁਝ ਵੀ ਹੁੰਦਾ, ਵਿਸ਼ਵ ਯੁੱਧ ਬਿਨਾਂ ਪਰਮਾਣੂ ਹਥਿਆਰਾਂ ਦੀ ਵਰਤੋਂ ਨਾਲ ਵੀ ਖ਼ਤਮ ਹੋ ਜਾਣਾ ਸੀ।” ਆਪਣੀ ਮਿਹਨਤ ਦੀ ਕਾਮਯਾਬੀ ਨੂੰ ਦੇਖਦੇ ਹੋਏ ਓਪੇਨਹਾਈਮਰ ਨੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਦਿੱਤੀਆਂ। ਜਿਸ ਰਫ਼ਤਾਰ ਨਾਲ ਉਹ ਖੁਸ਼ੀ ਦੀ ਚਰਮ ਸੀਮਾ ਤੋਂ ਉਦਾਸੀ ਦੀ ਗਹਿਰਾਈ ਤੱਕ ਝੂਲਦੇ ਨਜ਼ਰ ਆਏ, ਇਹ ਸਭ ਕਿਸੇ ਨੂੰ ਵੀ ਹੈਰਾਨ ਕਰਨ ਵਾਲਾ ਹੈ।





*ਫਿਲਮ ‘ਓਪੇਨਹਾਈਮਰ’ ਦਾ ਪੋਸਟਰ, ਰੌਬਰਟ ਓਪੇਨਹਾਈਮਰ ਅਤੇ ਫਿਲਮ ਦਾ ਡਾਇਰੈਕਟਰ ਕ੍ਰਿਸਟੋਫਰ ਨੋਲਨ।*

ਕਿਸੇ ਇੱਕ ਵਿਅਕਤੀ ਦੇ ਕਿਰਦਾਰ ਵਿਚੋਂ ਘਬਰਾਹਟ, ਸੂਖ਼ਮਤਾ, ਮਹੱਤਵ ਅਤੇ ਆਸਾਂ ਜਾਂ ਬਿਮਾਰ ਕਰ ਦੇਣ ਦੀ ਹੱਦ ਵਾਲੀ ਉਦਾਸੀ ਦਾ ਸੁਮੇਲ ਲੱਭਣਾ ਤਕਰੀਬਨ ਅਸੰਭਵ ਹੈ। ਖਾਸ ਤੌਰ ’ਤੇ ਅਜਿਹੇ ਇਨਸਾਨ ਦੇ ਅੰਦਰ ਜੋ ਕਿਸੇ ਇਸ ਤਰ੍ਹਾਂ ਦੇ ਪ੍ਰੋਜੈਕਟ ਲਈ ਜ਼ਿੰਮੇਵਾਰ ਹੋਵੇ ਜਿਸ ਦੀ ਕਾਮਯਾਬੀ ’ਤੇ ਵੱਖੋ-ਵੱਖਰੇ ਅਤੇ ਵਿਰੋਧਾਭਾਸੀ ਜਜ਼ਬਾਤ ਜ਼ਾਹਿਰ ਕੀਤੇ ਗਏ ਹੋਣ।

ਬਰਡ ਅਤੇ ਸ਼ੇਰਵਿਨ ਓਪੇਨਹਾਈਮਰ ਨੂੰ ‘ਬੁਝਾਰਤ’ ਵੀ ਕਹਿੰਦੇ ਹਨ। ਉਹ ਲਿਖਦੇ ਹਨ, “ਸਿਧਾਂਤਕ ਭੌਤਿਕ ਵਿਗਿਆਨੀ ਜਿਸ ਨੇ ਇੱਕ ਮਹਾਨ ਆਗੂ ਦੀਆਂ ਕ੍ਰਿਸ਼ਮਈ ਖ਼ੂਬੀਆਂ ਦੀ ਨੁਮਾਇਸ਼ ਕੀਤੀ ਹੋਵੇ, ਕਲਾ ਦਾ ਅਜਿਹਾ ਪਾਰਖੀ ਜਿਸ ਨੇ ਆਪਣੇ ਅੰਦਰ ਦੀਆਂ ਦੁਵਿਧਾਵਾਂ ਨੂੰ ਪਾਲਿਆ ਪੋਸਿਆ ਹੋਵੇ।” ਅਜਿਹਾ ਵਿਗਿਆਨੀ ਜਿਨ੍ਹਾਂ ਬਾਰੇ ਕਿਸੇ ਦੋਸਤ ਨੇ ਕਦੇ ਕਿਹਾ ਸੀ ਕਿ ਉਹ ‘ਕਲਪਨਾਵਾਂ ਨਾਲ ਹੇਰਾ-ਫੇਰੀ ਕਰਨ ਦੇ ਉਸਤਾਦ’ ਸਨ। ਕਾਈ ਬਰਡ ਅਤੇ ਮਾਰਟਿਨ ਸ਼ੇਰਵਿਨ ਦੇ ਬਿਆਨ ਦੇ ਮੁਤਾਬਿਕ ਓਪੇਨਹਾਈਮਰ ਦੀ ਸ਼ਖ਼ਸੀਅਤ ਦੇ ਇਹ ਵਿਰੋਧਾਭਾਸ, ਉਨ੍ਹਾਂ ਦੀਆਂ ਇਹ ਖ਼ੂਬੀਆਂ ਉਨ੍ਹਾਂ ਦੇ ਦੋਸਤਾਂ ਅਤੇ ਜੀਵਨੀ ਲਿਖਣ ਵਾਲੇ, ਦੋਵਾਂ ਨੂੰ ਹੈਰਤ ਵਿਚ ਪਾ ਦਿੰਦੀਆਂ ਸਨ। ਉਨ੍ਹਾਂ ਲਈ ਓਪੇਨਹਾਈਮਰ ਦਾ ਕਿਰਦਾਰ ਬਿਆਨ ਕਰ ਸਕਣਾ ਔਖਾ ਹੋ ਜਾਂਦਾ ਸੀ ਪਰ ਅਜਿਹਾ ਲੱਗਦਾ ਹੈ ਕਿ ਓਪੇਨਹਾਈਮਰ ਦੇ ਅੰਦਰ ਇਹ ਵਿਰੋਧਾਭਾਸ ਬਚਪਨ ਤੋਂ ਹੀ ਮੌਜੂਦ ਸੀ।

ਉਹ 1904 ਵਿਚ ਨਿਊ ਯਾਰਕ ਵਿਚ ਪੈਦਾ ਹੋਏ ਸਨ। ਉਹ ਜਰਮਨੀ ਤੋਂ ਅਮਰੀਕਾ ਆ ਕੇ ਵਸੇ ਪਹਿਲੀ ਪੀੜ੍ਹੀ ਦੇ ਯਹੂਦੀ ਪਰਵਾਸੀਆਂ ਦੇ ਪੁੱਤ ਸਨ। ਕੱਪੜਿਆਂ ਦੇ ਕਾਰੋਬਾਰ ਵਿਚ ਕਾਮਯਾਬੀ ਨੇ ਉਨ੍ਹਾਂ ਦੇ ਪਰਿਵਾਰ ਨੂੰ ਅਮੀਰ ਬਣਾ ਦਿੱਤਾ ਸੀ। ਉਨ੍ਹਾਂ ਦਾ ਪਰਿਵਾਰ ਨਿਊ ਯਾਰਕ ਦੇ ਉੱਪਰ ਵੈਸਟ ਸਾਈਡ ਵਿਚ ਵੱਡੇ ਅਪਾਰਟਮੈਂਟ ਵਿਚ ਰਹਿੰਦਾ ਸੀ। ਉਨ੍ਹਾਂ ਦੇ ਘਰ ਵਿਚ ਤਿੰਨ ਨੌਕਰਾਣੀਆਂ ਅਤੇ ਇੱਕ ਡਰਾਈਵਰ ਸੀ। ਘਰ ਦੀਆਂ ਕੰਧਾਂ ’ਤੇ ਯੂਰਪੀ ਕਲਾਕ੍ਰਿਤੀਆਂ ਟੰਗੀਆਂ ਹੁੰਦੀਆਂ ਸਨ।

ਅਮਰੀਕਾ ਪਰਤਣ ਤੋਂ ਬਾਅਦ ਓਪੇਨਹਾਈਮਰ ਨੇ ਕੁਝ ਮਹੀਨੇ ਹਾਰਵਰਡ ਵਿਚ ਬਿਤਾਏ। ਇਸ ਦੇ ਬਾਅਦ ਉਹ ਫਿਜ਼ਿਕਸ ਵਿਚ ਆਪਣਾ ਕਰੀਅਰ ਬਣਾਉਣ ਲਈ ਕੈਲੀਫੋਰਨੀਆ ਚਲੇ ਗਏ। ਉਸ ਦੌਰ ਦੇ ਉਨ੍ਹਾਂ ਦੇ ਖ਼ਤ ਪੜ੍ਹਦੇ ਹੋਏ ਪਤਾ ਲੱਗਦਾ ਹੈ ਕਿ ਉਸ ਸਮੇਂ ਓਪੇਨਹਾਈਮਰ ਜ਼ਹਿਨੀ ਤੌਰ ’ਤੇ ਸਥਿਰ ਅਤੇ ਉਦਾਰ ਸਨ। ਉਸ ਦੌਰ ਵਿਚ ਉਨ੍ਹਾਂ ਨੇ ਆਪਣੇ ਛੋਟੇ ਭਰਾ ਨੂੰ ਰੁਮਾਂਸ ਅਤੇ ਕਲਾ ਪ੍ਰਤੀ ਆਪਣੀਆਂ ਦਿਲਚਸਪੀਆਂ ਬਾਰੇ ਲਿਖਿਆ ਸੀ। ਬਰਕਲੇ ਦੀ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਓਪੇਨਹਾਈਮਰ ਨੇ ਪ੍ਰਯੋਗਵਾਦੀਆਂ ਨਾਲ ਬਹੁਤ ਨਜ਼ਦੀਕੀ ਨਾਲ ਕੰਮ ਕੀਤਾ। ਉਹ ਬ੍ਰਹਿਮੰਡ ਦੀਆਂ ਕਿਰਨਾਂ ਅਤੇ ਪਰਮਾਣੂ ਵਿਖੰਡਨ ਨੂੰ ਲੈ ਕੇ ਉਨ੍ਹਾਂ ਦੇ ਨਤੀਜਿਆਂ ਦੀ ਵਿਆਖਿਆ ਕਰਦੇ ਸਨ। ਬਾਅਦ ਵਿਚ ਓਪੇਨਹਾਈਮਰ ਨੇ ਜਿਸ ਵਿਭਾਗ ਦੀ ਸਥਾਪਨਾ ਕੀਤੀ, ਉਸ ਦੀ ਜ਼ਰੂਰਤ ਉਨ੍ਹਾਂ ਮੁਤਾਬਕ ਉਸ ਸਿਧਾਂਤ ਨੂੰ ਸਮਝਾਉਣ ਲਈ ਸੀ ਜਿਸ ਬਾਰੇ ਉਹ ਗੱਲ ਕਰਨਾ ਚਾਹੁੰਦੇ ਸਨ।



*ਫਿਲਮ ‘ਓਪੇਨਹਾਈਮਰ’ ਦਾ ਰੁਮਾਂਟਿਕ ਦ੍ਰਿਸ਼।*

1930 ਦੇ ਸ਼ੁਰੂਆਤੀ ਸਾਲਾਂ ਵਿਚ ਜਦੋਂ ਓਪੇਨਹਾਈਮਰ ਆਪਣਾ ਅਕਾਦਮਿਕ ਕਰੀਅਰ ਮਜ਼ਬੂਤ ਕਰ ਰਹੇ ਸਨ, ਉਦੋਂ ਉਹ ਹੌਲੀ-ਹੌਲੀ ਸਾਹਿਤਕ ਵਿਸ਼ਿਆਂ ਦੀ ਪੜ੍ਹਾਈ ਵੀ ਕਰ ਰਹੇ ਸਨ। ਇਹੀ ਦੌਰ ਸੀ ਜਦੋਂ ਉਨ੍ਹਾਂ ਹਿੰਦੂ ਧਰਮਸ਼ਾਸਤਰਾਂ ਬਾਰੇ ਪੜ੍ਹਨਾ ਸ਼ੁਰੂ ਕੀਤਾ। ਉਨ੍ਹਾਂ ਨੇ ਗੀਤਾ ਦੇ ਅਨੁਵਾਦ ਦੀ ਬਜਾਇ ਉਸ ਦੇ ਮੂਲ ਸਰੂਪ ਵਿਚ ਪੜ੍ਹਨ ਲਈ ਸੰਸਕ੍ਰਿਤ ਸਿੱਖੀ। ਇਹ ਉਹੀ ਕਿਤਾਬ ਸੀ ਜਿਸ ਤੋਂ ਨਕਲ ਕਰਦੇ ਹੋਏ ਉਨ੍ਹਾਂ ਨੇ ਬਾਅਦ ਵਿਚ ਆਪਣਾ ਮਸ਼ਹੂਰ ਜੁਮਲਾ, ‘ਮੈਂ ਕਾਲ ਬਣ ਗਿਆ ਹਾਂ’ ਕਿਹਾ ਸੀ। ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦੀਆਂ ਇਹ ਦਿਲਚਸਪੀਆਂ ਸਿਰਫ਼ ਬੌਧਿਕ ਨਹੀਂ ਸਨ।

ਅਸਲ ਵਿਚ ਇਹ ਕਿਤਾਬਾਂ ਤੋਂ ਆਪਣੀ ਉਲਝਣ ਦੂਰ ਕਰਨ ਵਾਲੀ ਉਹ ਥੈਰੇਪੀ ਸੀ ਜਿਸ ਦੀ ਸ਼ੁਰੂਆਤ ਉਨ੍ਹਾਂ ਨੇ 1920 ਦੇ ਦਹਾਕੇ ਵਿਚ ਪਰੂਸਟ ਨੂੰ ਪੜ੍ਹਨ ਨਾਲ ਕੀਤੀ ਸੀ। ਕੌਰਵਾਂ ਅਤੇ ਪਾਂਡਵਾਂ ਦੇ ਵਿਚਕਾਰ ਮਹਾਭਾਰਤ ਦੀ ਲੜਾਈ ਦੀ ਕਹਾਣੀ ’ਤੇ ਕੇਂਦਰਿਤ ‘ਭਗਵਦ ਗੀਤਾ’ ਨੇ ਓਪੇਨਹਾਈਮਰ ਨੂੰ ਦਾਰਸ਼ਨਿਕ ਸੋਚ ਦੀ ਬੁਨਿਆਦ ਦਿੱਤੀ। ਬਾਅਦ ਵਿਚ ਜਦੋਂ ਪ੍ਰੋਜੈਕਟ ਵਾਈ ਦੌਰਾਨ ਉਹ ਨੈਤਿਕ ਦੁਬਿਧਾ ਦੇ ਸ਼ਿਕਾਰ ਸਨ, ਉਦੋਂ ਓਪੇਨਹਾਈਮਰ ਨੇ ਉਸ ਦੁਨੀਆ ਤੋਂ ਉਭਰਨ ਲਈ ਗੀਤਾ ਦਾ ਹੀ ਸਹਾਰਾ ਲਿਆ ਸੀ। ਗੀਤਾ ਵਿਚ ਕਰਮ ਅਤੇ ਕਰਤੱਵ ’ਤੇ ਜ਼ੋਰ ਦਿੱਤਾ ਗਿਆ ਹੈ ਤੇ ਕਿਹਾ ਗਿਆ ਹੈ: ‘ਕਰਮ ਕਰਦਾ ਜਾਹ, ਫ਼ਲ ਦੀ ਚਿੰਤਾ ਨਾ ਕਰ। 1932 ਵਿਚ ਆਪਣੇ ਭਰਾ ਨੂੰ ਲਿਖੀ ਚਿੱਠੀ ਵਿਚ ਓਪੇਨਹਾਈਮਰ ਨੇ ਖਾਸ ਤੌਰ ’ਤੇ ਗੀਤਾ ਦੇ ਸੰਦੇਸ਼ਾਂ ਦਾ ਹਵਾਲਾ ਦਿੱਤਾ ਹੈ।

ਲਾਸ ਅਲਾਮੋਸ ਵਿਚ ਓਪੇਨਹਾਈਮਰ ਨੇ ਆਪਣੀ ਵਿਰੋਧਾਭਾਸੀ ਅਤੇ ਤਮਾਮ ਵਿਸ਼ਿਆਂ ਵਿਚ ਦਿਲਚਸਪੀ ਨੂੰ ਬਾਖ਼ੂਬੀ ਇਸਤੇਮਾਲ ਕੀਤਾ ਸੀ। 1979 ਵਿਚ ਆਪਣੀ ਜੀਵਨੀ ‘ਵੱਟ ਲਿਟਿਲ ਆਈ ਰਿਮੈਂਬਰ’ ਵਿਚ ਆਸਟਰੀਆ ਵਿਚ ਪੈਦਾ ਹੋਏ ਵਿਗਿਆਨਕ ਓਟੋ ਫ੍ਰਿਸਚ ਨੇ ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਹੋਏ ਲਿਖਿਆ ਸੀ, “ਓਪੇਨਹਾਈਮਰ ਨੇ ਪ੍ਰੋਜੈਕਟ ਵਾਈ ਵਿਚ ਸਿਰਫ਼ ਵਿਗਿਆਨੀਆਂ ਨੂੰ ਹੀ ਨਹੀਂ ਭਰਤੀ ਕੀਤਾ ਸੀ। ਉਨ੍ਹਾਂ ਦੀ ਟੀਮ ਵਿਚ ਪੇਂਟਰ, ਦਾਰਸ਼ਨਿਕ ਅਤੇ ਕੁਝ ਅਜਿਹੇ ਹੀ ਦੂਜੇ ਕਿਰਦਾਰ ਸਨ ਜਿਨ੍ਹਾਂ ਦੀ ਕਿਸੇ ਵਿਗਿਆਨੀ ਪ੍ਰੋਜੈਕਟ ਨਾਲ ਜੁੜਨ ਦੀ ਸੰਭਾਵਨਾ ਨਾ ਦੇ ਬਰਾਬਰ ਸੀ। ਉਹ ਇਹ ਮਹਿਸੂਸ ਕਰਦੇ ਸਨ ਕਿ ਸੱਭਿਆ ਭਾਈਚਾਰਾ ਇਨ੍ਹਾਂ ਸਭ ਤੋਂ ਬਿਨਾਂ ਅਧੂਰਾ ਸੀ।”

ਯੁੱਧ ਤੋਂ ਬਾਅਦ ਅਜਿਹਾ ਲੱਗਿਆ ਕਿ ਓਪੇਨਹਾਈਮਰ ਦਾ ਰਵੱਈਆ ਬਦਲ ਗਿਆ ਹੈ। ਉਨ੍ਹਾਂ ਪਰਮਾਣੂ ਹਥਿਆਰਾਂ ਨੂੰ ‘ਹਮਲਾਵਰ, ਹੈਰਾਨ ਕਰਨ ਅਤੇ ਦਹਿਸ਼ਤ ਫੈਲਾਉਣ’ ਦਾ ਔਜ਼ਾਰ ਦੱਸਿਆ ਅਤੇ ਉਨ੍ਹਾਂ ਨੇ ਹਥਿਆਰਾਂ ਦੇ ਉਦਯੋਗ ਨੂੰ, ‘ਸ਼ੈਤਾਨ ਦਾ ਕਾਰਨਾਮਾ’ ਕਰਾਰ ਦਿੱਤਾ।

ਇੱਕ ਮਸ਼ਹੂਰ ਕਿੱਸੇ ਮੁਤਾਬਿਕ ਅਕਤੂਬਰ 1945 ਵਿਚ ਉਨ੍ਹਾਂ ਨੇ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਹੈਰੀ ਟਰੂਮੈਨ ਨੂੰ ਕਿਹਾ ਸੀ, “ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ।” ਬਾਅਦ ਵਿਚ ਰਾਸ਼ਟਰਪਤੀ ਨੇ ਦੱਸਿਆ, “ਮੈਂ ਉਨ੍ਹਾਂ ਨੂੰ ਕਿਹਾ ਕਿ ਖ਼ੂਨ ਨਾਲ ਤਾਂ ਮੇਰੇ ਹੱਥ ਰੰਗੇ ਹਨ- ਇਸ ਲਈ ਇਸ ਦੀ ਚਿੰਤਾ ਤੁਸੀਂ ਮੈਨੂੰ ਕਰਨ ਦਿਓ।”

ਅਮਰੀਕੀ ਰਾਸ਼ਟਰਪਤੀ ਨਾਲ ਓਪੇਨਹਾਈਮਰ ਦੀ ਇਹ ਗੱਲਬਾਤ ਉਨ੍ਹਾਂ ਦੀ ਪਸੰਦੀਦਾ ਕਿਤਾਬ ‘ਭਗਵਦ ਗੀਤਾ’ ਵਿਚ ਅਰਜੁਨ ਅਤੇ ਭਗਵਾਨ ਕ੍ਰਿਸ਼ਨ ਦੀ ਗੱਲਬਾਤ ਨਾਲ ਕਾਫ਼ੀ ਮਿਲਦੀ ਜੁਲਦੀ ਹੈ। ਜਦੋਂ ਮਹਾਭਾਰਤ ਦਾ ਯੁੱਧ ਸ਼ੁਰੂ ਹੋਇਆ ਸੀ ਤਾਂ ਅਰਜੁਨ ਨੇ ਇਹ ਕਹਿੰਦੇ ਹੋਏ ਯੁੱਧ ਕਰਨ ਤੋਂ ਮਨ੍ਹਾ ਕਰ ਦਿੱਤਾ ਕਿ ਆਪਣੇ ਸਾਥੀਆਂ ਦੀ ਮੌਤ ਲਈ ਉਹੀ ਜ਼ਿੰਮੇਵਾਰ ਹੋਣਗੇ ਪਰ ਉਦੋਂ ਭਗਵਾਨ ਕ੍ਰਿਸ਼ਨ ਨੇ ਅਰਜੁਨ ਦੇ ਮਨ ਦਾ ਬੋਝ ਉਤਾਰਦੇ ਹੋਏ ਕਿਹਾ ਸੀ, “ਹੇ ਪਾਰਥ! ਇਨ੍ਹਾਂ ਸਭ ਦੀ ਮੌਤ ਲਈ ਮੈਂ ਜਵਾਬਦੇਹ ਹਾਂ। ਉੱਠੋ... ਭਾਗਾਂ ਵਾਲੇ ਯੋਧਿਆਂ ਨੂੰ ਹੀ ਅਜਿਹੀਆਂ ਜੰਗਾਂ ਦਾ ਮੌਕਾ ਮਿਲਦਾ ਹੈ।... ਮੇਰੇ ਹੱਥੋਂ ਇਨ੍ਹਾਂ ਸਭ ਦੀ ਮੌਤ ਤਾਂ ਪਹਿਲਾਂ ਤੋਂ ਹੀ ਤੈਅ ਹੈ, ਤੁਸੀਂ ਤਾਂ ਮਹਿਜ਼ ਇੱਕ ਸਾਧਨ ਹੋ।”

ਐਟਮ ਬੰਬ ਦੇ ਵਿਕਾਸ ਦੇ ਦੌਰਾਨ ਓਪੇਨਹਾਈਮਰ ਨੇ ਵੀ ਖ਼ੁਦ ਆਪਣੀ ਅਤੇ ਆਪਣੇ ਸਾਥੀਆਂ ਦੀ ਨੈਤਿਕ ਝਿਜਕ ਨੂੰ ਇਸੇ ਫਲਸਫੇ ਨਾਲ ਦੂਰ ਕੀਤਾ ਸੀ। ਉਨ੍ਹਾਂ ਆਪਣੀ ਟੀਮ ਨੂੰ ਸਮਝਾਇਆ ਸੀ ਕਿ ਇੱਕ ਵਿਗਿਆਨੀ ਵਜੋਂ ਉਹ ਇਸ ਫੈਸਲੇ ਲਈ ਜ਼ਿੰਮੇਵਾਰ ਨਹੀਂ ਹੋਣਗੇ ਕਿ ਪਰਮਾਣੂ ਹਥਿਆਰ ਦੀ ਵਰਤੋਂ ਕਿਵੇਂ ਕੀਤੀ ਜਾਣੀ ਚਾਹੀਦੀ ਹੈ। ਉਹ ਤਾਂ ਸਿਰਫ਼ ਆਪਣਾ ਕੰਮ ਕਰ ਰਹੇ ਹਨ। ਜੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਨਾਲ ਖ਼ੂਨ ਵਹਿੰਦਾ ਵੀ ਹੈ ਤਾਂ ਇਸ ਲਈ ਆਗੂ ਜ਼ਿੰਮੇਵਾਰ ਹੋਣਗੇ; ਹਾਲਾਂਕਿ ਅਜਿਹਾ ਲੱਗਦਾ ਹੈ ਕਿ ਜਦੋਂ ਪਰਮਾਣੂ ਬੰਬ ਬਣ ਗਿਆ ਤਾਂ ਇਸ ਗੱਲ ਵਿਚ ਖ਼ੁਦ ਓਪੇਨਹਾਈਮਰ ਦਾ ਯਕੀਨ ਹਿੱਲ ਗਿਆ ਸੀ।

ਜਿਵੇਂ ਬਰਡ ਅਤੇ ਸ਼ੇਰਵਿਨ ਨੇ ਲਿਖਿਆ ਹੈ ਕਿ ਵਿਸ਼ਵ ਯੁੱਧ ਤੋਂ ਬਾਅਦ ਦੇ ਦੌਰ ਵਿਚ ਓਪੇਨਹਾਈਮਰ ਨੇ ਪਰਮਾਣੂ ਊਰਜਾ ਕਮਿਸ਼ਨ ਵਿਚ ਪਰਮਾਣੂ ਹਥਿਆਰਾਂ ਦੇ ਹੋਰ ਵਿਕਾਸ ਦਾ ਵਿਰੋਧ ਕੀਤਾ ਸੀ। ਇਸ ਵਿਚ ਐਟਮ ਬੰਬ ਤੋਂ ਵੀ ਜ਼ਿਆਦਾ ਤਾਕਤਵਰ ਹਾਈਡਰੋਜਨ ਬੰਬ ਵਿਕਸਿਤ ਕਰਨ ਦਾ ਫੈਸਲਾ ਵੀ ਸ਼ਾਮਲ ਸੀ ਜਿਸ ਦੀ ਰਾਹ ਓਪੇਨਹਾਈਮਰ ਨੇ ਐਟਮ ਬੰਬ ਬਣਾ ਕੇ ਖੋਲ੍ਹੀ ਸੀ। ਇਨ੍ਹਾਂ ਕੋਸ਼ਿਸ਼ਾਂ ਦਾ ਨਤੀਜਾ ਇਹ ਹੋਇਆ ਕਿ 1954 ਵਿਚ ਅਮਰੀਕੀ ਸਰਕਾਰ ਨੇ ਉਨ੍ਹਾਂ ਦੀ ਜਾਂਚ ਕਰਾਈ ਅਤੇ ਸੁਰੱਖਿਆ ਦੇ ਮਾਮਲਿਆਂ ਵਿਚ ਉਨ੍ਹਾਂ ਨੂੰ ਮਿਲੀਆਂ ਰਿਆਇਤਾਂ ਵਾਪਸ ਲੈ ਲਈਆਂ ਗਈਆਂ। ਇਹ ਨੀਤੀਗਤ ਕੰਮਾਂ ਵਿਚ ਉਨ੍ਹਾਂ ਦੀ ਭਾਗੀਦਾਰੀ ਦਾ ਅੰਤ ਸੀ।

ਅਕਾਦਮਿਕ ਭਾਈਚਾਰੇ ਨੇ ਓਪੇਨਹਾਈਮਰ ਦਾ ਬਚਾਅ ਕੀਤਾ। ਉਂਝ, 1963 ਵਿਚ ਅਮਰੀਕੀ ਸਰਕਾਰ ਨੇ ਓਪੇਨਹਾਈਮਰ ਦੇ ਸਿਆਸੀ ਪੁਨਰਵਾਸ ਦੇ ਤੌਰ ’ਤੇ ਉਨ੍ਹਾਂ ਨੂੰ ਐਨਰਿਕੋ ਫਰਮੀ ਪੁਰਸਕਾਰ ਦਿੱਤਾ ਪਰ ਓਪੇਨਹਾਈਮਰ ਦੀ ਮੌਤ ਦੇ 55 ਸਾਲ ਬਾਅਦ, 2022 ਵਿਚ ਜਾ ਕੇ ਅਮਰੀਕੀ ਸਰਕਾਰ ਨੇ 1954 ਦਾ ਆਪਣਾ ਫੈਸਲਾ ਉਲਟਾਇਆ ਅਤੇ ਉਨ੍ਹਾਂ ਦਾ ਸਿਕਿਓਰਿਟੀ ਕਲੀਅਰੈਂਸ ਬਹਾਲ ਕੀਤਾ ਜਿਸ ਨਾਲ ਦੇਸ਼ ਪ੍ਰਤੀ ਓਪੇਨਹਾਈਮਰ ਦੀ ਵਫ਼ਾਦਾਰੀ ’ਤੇ ਮੋਹਰ ਲੱਗੀ।

## ਗੀਤਾ ਦਾ ਸ਼ਲੋਕ

1960 ਦੇ ਦਹਾਕੇ ਵਿਚ ਦਿੱਤੇ ਇੱਕ ਇੰਟਰਵਿਊ ਵਿਚ ਓਪੇਨਹਾਈਮਰ ਨੇ ਆਪਣੀ ਉਸ ਪ੍ਰਤੀਕਿਰਿਆ ’ਤੇ ਦਾਰਸ਼ਨਿਕਤਾ ਦਾ ਲਬਾਦਾ ਪਾ ਦਿੱਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਐਟਮ ਬੰਬ ਦੇ ਧਮਾਕੇ ਬਾਅਦ ਉਨ੍ਹਾਂ ਦੇ ਜ਼ਹਿਨ ਵਿਚ ਹਿੰਦੂ ਧਰਮ ਗ੍ਰੰਥ ਗੀਤਾ ਦਾ ਸ਼ਲੋਕ ਆਇਆ ਸੀ ਜਿਸ ਦਾ ਅਰਥ ਸੀ: ਮੈਂ ਹੁਣ ਕਾਲ ਹਾਂ ਜੋ ਲੋਕਾਂ (ਦੁਨੀਆ) ਦਾ ਨਾਸ਼ ਕਰ ਸਕਦਾ ਹਾਂ। ਉਹ ਗੀਤਾ ਦੇ 11ਵੇਂ ਅਧਿਆਇ ਦੇ 32ਵੇਂ ਸ਼ਲੋਕ ਦਾ ਜ਼ਿਕਰ ਕਰ ਰਹੇ ਸਨ।

ਓਪੇਨਹਾਈਮਰ ਦੇ ਦੋਸਤਾਂ ਨੇ ਦੱਸਿਆ ਕਿ ਪਰਮਾਣੂ ਪ੍ਰੀਖਣ ਦੇ ਬਾਅਦ ਦੇ ਦਿਨਾਂ ਵਿਚ ਉਹ ਬਹੁਤ ਉਦਾਸ ਰਹਿਣ ਲੱਗੇ ਸਨ। ਇੱਕ ਨੇ ਉਸ ਦੌਰ ਨੂੰ ਯਾਦ ਕਰਦੇ ਹੋਏ ਦੱਸਿਆ ਕਿ ਰਾਬਰਟ ਦਾ ‘ਜੀਵਨ ਜਿਵੇਂ ਠਹਿਰ ਗਿਆ ਸੀ।’ ਉਹ ਉਨ੍ਹਾਂ ਦੋ ਹਫ਼ਤਿਆਂ ਦੇ ਦੌਰਾਨ ਹਰ ਵਕਤ ਕਿਸੇ ਖਿਆਲ ਵਿਚ ਗੁੰਮ ਦਿਖਾਈ ਦਿੰਦੇ ਸਨ ਕਿਉਂਕਿ ਉਹ ਜਾਣਦੇ ਸਨ ਕਿ ਕੀ ਹੋਣ ਵਾਲਾ ਹੈ। ਇੱਕ ਸਵੇਰ ਤਾਂ ਉਨ੍ਹਾਂ ਨੂੰ ਜਪਾਨੀਆਂ ਦੇ ਭਵਿੱਖ ਨੂੰ ਲੈ ਕੇ ਇਸ ਤਰ੍ਹਾਂ ਅਫ਼ਸੋਸ ਪ੍ਰਗਟਾਉਂਦੇ ਹੋਏ (ਦੂਜਿਆਂ ਨੂੰ ਹੇਠਲੇ ਦਰਜੇ ਦਾ ਸਮਝਣ ਵਾਲੀ ਸੋਚ ਦੇ ਨਾਲ) ਸੁਣਿਆ ਗਿਆ ਕਿ ਉਹ ਕਹਿ ਰਹੇ ਸਨ, “ਉਹ ਵਿਚਾਰੇ ਗਰੀਬ ਛੋਟੇ ਲੋਕ, ਉਹ ਵਿਚਾਰੇ ਗਰੀਬ ਲੋਕ...।”

ਪਰਮਾਣੂ ਬੰਬ ਬਣਾਉਣ ਦੇ ਉਸ ਪ੍ਰੋਜੈਕਟ ਵਿਚ ਸੈਨਾ ਦੇ ਆਪਣੇ ਸਾਥੀਆਂ ਨਾਲ ਮੀਟਿੰਗ ਦੌਰਾਨ ਤਾਂ ਅਜਿਹਾ ਲੱਗਿਆ ਕਿ ਉਹ ਸ਼ਾਇਦ ‘ਉਨ੍ਹਾਂ ਵਿਚਾਰੇ ਗਰੀਬ ਲੋਕਾਂ’ ਨੂੰ ਪੂਰੀ ਤਰ੍ਹਾਂ ਭੁੱਲ ਚੁੱਕੇ ਸਨ। ਬਰਡ ਅਤੇ ਸ਼ੇਰਵਿਨ ਮੁਤਾਬਿਕ, ਇਸ ਦੀ ਬਜਾਇ ਉਸ ਸਮੇਂ ਓਪੇਨਹਾਈਮਰ ਦਾ ਪੂਰਾ ਧਿਆਨ ਇਸ ਗੱਲ ਵਿਚ ਲੱਗਿਆ ਹੋਇਆ ਸੀ ਕਿ ਐਟਮ ਬੰਬ ਗਿਰਾਉਣ ਲਈ ਸਟੀਕ ਹਾਲਾਤ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ। ਉਹ ਕਹਿ ਰਹੇ ਸਨ” ‘ਹਾਂ, ਉਨ੍ਹਾਂ ਨੂੰ ਬਾਰਿਸ਼ ਜਾਂ ਕੋਰੇ ਵਿਚ ਇਸ ਨੂੰ ਨਹੀਂ ਗਿਰਾਉਣਾ ਚਾਹੀਦਾ। ਉਨ੍ਹਾਂ ਨੂੰ ਜ਼ਿਆਦਾ ਉਚਾਈ ’ਤੇ ਜਾ ਕੇ ਧਮਾਕਾ ਨਾ ਕਰਨ ਦਿਓ। ਬੰਬ ਨੂੰ ਉੱਪਰ ਵੱਲ ਨਾ ਜਾਣ ਦੇਣਾ, ਨਹੀਂ ਤਾਂ ਇਸ ਨਾਲ ਜ਼ਿਆਦਾ ਨੁਕਸਾਨ ਨਹੀਂ ਹੋ ਸਕੇਗਾ।’ ਐਟਮੀ ਟੈਸਟ ਦੇ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਦੇ ਅੰਦਰ ਹੀਰੋਸ਼ੀਮਾ ’ਤੇ ਪਰਮਾਣੂ ਬੰਬ ਦਾ ਹਮਲਾ ਕਾਮਯਾਬ ਰਿਹਾ ਸੀ।

ਜਦੋਂ ਓਪੇਨਹਾਈਮਰ ਨੇ ਆਪਣੇ ਸਾਥੀਆਂ ਵਿਚਕਾਰ ਇਸ ਕਾਮਯਾਬੀ ਦਾ ਐਲਾਨ ਕੀਤਾ ਤਾਂ ਉੱਥੇ ਮੌਜੂਦ ਇੱਕ ਸ਼ਖ਼ਸ ਨੇ ਦੇਖਿਆ, “ਉਨ੍ਹਾਂ ਨੇ ਆਪਣੀ ਮੁੱਠੀ ਜ਼ੋਰ ਨਾਲ ਮੀਚ ਲਈ ਅਤੇ ਆਪਣੇ ਹੱਥ ਨੂੰ ਖੁਸ਼ੀ ਨਾਲ ਹਵਾ ਵਿਚ ਹਿਲਾਇਆ ਸੀ। ਜਿਵੇਂ ਉਹ ਅਜਿਹਾ ਲੜਕਾ ਹੋਵੇ ਜਿਸ ਨੇ ਹੁਣੇ-ਹੁਣੇ ਕੋਈ ਵੱਡਾ ਇਨਾਮ ਜਿੱਤ ਲਿਆ ਹੋਵੇ।” ਉਸ ਵਕਤ ‘ਛੱਪੜ ਪਾੜ ਤਾੜੀਆਂ ਵੱਜੀਆਂ’ ਸਨ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 728 City walk pl Unit 6 Hayward CA, 94544
2. 4294 Comet Cir Union city, CA , 94587
3. 7383 Sedgefield ave San Ramon, CA, 94583
4. 2793 San Minete Dr Livermore, CA, 94550
5. 4153 Settlers Ridge Way Roseville, CA, 95747
6. 2373 Tallahassee St Hayward, CA, 94545
7. 7045 Inclined Pl Dublin, CA, 94568
8. 48 Terra Vista Ave Apt D San Francisco CA, 94115
9. 2411 Bentley Lane Tracy CA 95376
10. 150 Yolo Ct San Bruno CA 94066
11. 5079 Brett Court CA, 94538
12. 1379 Michael Dr Tracy, CA, 95337
13. 3055 Bernard Ave San Ramon, CA, 94583
14. 380 cardona Cir Pleasanton CA 94583
15. 5788 Arlene way Livermore CA 94550
16. 2569 Bennett ct Tracy CA 95377

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095